ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ


SADE LOK

sadelok.com

3-9 ਸਤੰਬਰ 2025

ਸਾਲ 16ਵਾਂ - ਅੰਕ 36



email : info@sadelok.com

Ph. : 510-706-1300

Fax : 925-373-1300


## ਹਿੰਦੂ ਮੰਦਿਰ ਸਨੀਵੇਲ ਵਿਖੇ ਉਘੇ ਸੰਗੀਤਕਾਰ ਸ੍ਰ. ਲਖਬੀਰ ਸਿੰਘ ਲੱਖਾ ਵਲੋਂ ਵਿਸ਼ਾਲ ਅਤੇ ਯਾਦਗਾਰੀ ਜਾਗਰਣ



(ਦੇਖੋ ਸਫ਼ਾ 34-35 'ਤੇ)

# ਪੰਜਾਬੀਆਂ ਦੇ ਸੁਪਨੇ ਤੇ ਉਮੀਦਾਂ ਹੜ੍ਹਾਂ ਦੇ ਪਾਣੀ 'ਚ ਰੁੜੀਆਂ

## 4 ਲੱਖ ਏਕੜ ਫਸਲ ਤੇ ਸਾਢੇ 3 ਲੱਖ ਤੋਂ ਵੱਧ ਲੋਕ ਪ੍ਰਭਾਵਿਤ, ਅਨੇਕਾਂ ਮੌਤਾਂ

ਚੰਡੀਗੜ੍ਹ : ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਲੋਕਾਂ ਨੂੰ ਨਿਗੂਣਾ ਮੁਆਵਜ਼ਾ ਦੇਣ ਉੱਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਮੁਆਵਜ਼ੇ ਲਈ ਮਾਪਦੰਡਾਂ ਵਿੱਚ ਸੋਧ ਕੀਤੀ ਜਾਵੇ।

ਜ਼ਮੀਨੀ ਹਾਲਾਤ ਦਾ ਜਾਇਜ਼ਾ ਲੈਣ ਲਈ ਕਿਸ਼ਤੀ ਵਿੱਚ ਸਵਾਰ ਹੋ ਕੇ ਫਿਰੋਜ਼ਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਸੂਬਾਈ ਆਫ਼ਤ ਰਾਹਤ ਫੰਡ (ਐਸ.ਡੀ.ਆਰ.ਐਫ.) ਵਿੱਚ ਕਾਫ਼ੀ ਫੰਡ ਮੌਜੂਦ ਹਨ ਪਰ ਗ੍ਰਹਿ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ ਅਧੀਨ ਮੌਜੂਦਾ ਮਾਪਦੰਡ ਕਿਸਾਨਾਂ, ਪਸ਼ੂ ਪਾਲਕਾਂ ਤੇ ਹੋਰ ਵਰਗਾਂ ਨੂੰ

(ਦੇਖੋ ਸਫ਼ਾ 20-23 'ਤੇ)




## ਪੰਜਾਬ 'ਚ ਵਾਰ-ਵਾਰ ਹੜ੍ਹ ਆਉਣ ਦੇ ਕਾਰਨਾਂ ਦੀ ਕੀਤੀ ਜਾਵੇ ਜਾਂਚ, ਸੱਚ ਲਿਆਇਆ ਜਾਵੇ ਸਾਹਮਣੇ : ਜਥੇਦਾਰ ਕੁਲਦੀਪ ਸਿੰਘ ਗੜਗੱਜ



ਸ੍ਰੀ ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਪੰਜਾਬ

(ਦੇਖੋ ਸਫ਼ਾ 24 'ਤੇ)

## ਹੁਕਮਰਾਨ ਪੰਜਾਬ ਨੂੰ ਭਾਰਤ ਦਾ ਹਿੱਸਾ ਹੀ ਨਹੀਂ ਮੰਨਦੇ ਜੇਕਰ ਗੁਜਰਾਤ 'ਚ ਕੋਈ ਬਿਪਤਾ ਪਈ ਹੁੰਦੀ ਤਾਂ ਕੇਂਦਰ ਨੇ ਕਰੋੜਾਂ ਦੇ ਪੈਕੇਜ ਜਾਰੀ ਕਰ ਦੇਣੇ ਸੀ : ਗਿਆਨੀ ਰਘਬੀਰ ਸਿੰਘ



ਸ੍ਰੀ ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਪੰਜਾਬ

(ਦੇਖੋ ਸਫ਼ਾ 24 'ਤੇ)

## ਤਾਮਿਲਨਾਡੂ ਦੇ ਸਿੱਖਾਂ ਦੀ ਵੱਖਰੀ ਪਛਾਣ ਦਾ ਮਾਮਲਾ ਸਿੱਖਾਂ ਨੂੰ ਮਾਨਤਾ ਨਹੀਂ ਦੇ ਰਹੀ ਤਾਮਿਲ ਸਰਕਾਰ : ਸ੍ਰ. ਜੀਵਨ ਸਿੰਘ, ਸੰਸਥਾਪਕ ਤਾਮਿਲ ਸਿੱਖ ਸੰਗਤ



ਭਾਰਤ ਦਾ ਸੰਵਿਧਾਨ ਹਰੇਕ ਨਾਗਰਿਕ ਨੂੰ ਧਾਰਮਿਕ ਆਜ਼ਾਦੀ ਦਾ ਹੱਕ ਦਿੰਦਾ ਜਿਸ ਤਹਿਤ ਕੋਈ ਵੀ ਵਿਅਕਤੀ

(ਦੇਖੋ ਸਫ਼ਾ 5 'ਤੇ)

# ਭਾਰਤ ਦੇ ਖੇਤੀਬਾੜੀ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਕੀਤਾ ਦੌਰਾ

## ਹਰ ਸੰਭਵ ਮਦਦ ਦਾ ਦਿੱਤਾ ਭਰੋਸਾ



ਪੰਜਾਬ ਦੇ ਲੋਕਾਂ ਦਾ ਦਰਦ ਵੰਡਾਉਣ ਵਾਲੇ ਸ੍ਰ. ਕੁਲਦੀਪ ਸਿੰਘ ਧਾਲੀਵਾਲ ਕੇਂਦਰੀ ਖੇਤੀਬਾੜੀ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਹੜ੍ਹਾਂ ਸਬੰਧੀ ਗੱਲਬਾਤ ਕਰਦੇ ਹੋਏ।

ਗੁਰਦਾਸਪੁਰ : ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਹਲਕਾ ਡੇਰਾ ਬਾਬਾ ਨਾਨਕ ਅਤੇ ਦੀਨਾਨਗਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਕੇ ਨੁਕਸਾਨ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਨੇ ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਕੇਂਦਰ ਸਰਕਾਰ ਵੱਲੋਂ ਪੂਰੀ ਮਦਦ ਦਾ ਭਰੋਸਾ ਦਿੱਤਾ।

ਖਰਾਬ ਸੜਕਾਂ ਕਾਰਨ ਉਨ੍ਹਾਂ ਨੂੰ ਕਈ ਥਾਵਾਂ 'ਤੇ ਟਰੈਕਟਰ 'ਤੇ ਸਫ਼ਰ ਕਰਨਾ ਪਿਆ ਅਤੇ ਪੈਦਲ ਵੀ ਚੱਲਣਾ ਪਿਆ। ਉਹ ਸਭ ਤੋਂ ਪਹਿਲਾਂ ਬੁਰੀ ਤਰ੍ਹਾਂ ਪ੍ਰਭਾਵਿਤ ਪਿੰਡ ਧਰਮਕੋਟ ਰੰਧਾਵਾ ਪਹੁੰਚੇ ਅਤੇ ਬਾਅਦ ਵਿੱਚ ਦੀਨਾਨਗਰ ਹਲਕੇ ਦੇ ਅਧੀਨ ਆਉਂਦੇ ਮਕੋੜਾ ਪੱਤਣ ਗਏ। ਇਨ੍ਹਾਂ ਇਲਾਕਿਆਂ ਵਿੱਚ ਹੜ੍ਹ

(ਦੇਖੋ ਸਫ਼ਾ 36 'ਤੇ)


Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ





Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।





ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
BH HS
License # 24012019
Real Estate Broker
NORTHWEST REAL ESTATE
BERKSHIRE HATHAWAY
HOMESERVICES
M. 206-401-4000





Charanjit Singh Seattle
ਜੇਕਰ ਤੁਸੀਂ ਬਿਜ਼ਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com





ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111




# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

### ਅਮਰੀਕੀ ਟੈਰਿਫ ਵਿਚਾਲੇ ਪੁਤਿਨ ਨੇ ਭਾਰਤ ਨੂੰ ਦਿੱਤਾ ਤੋਹਫ਼ਾ

# ਤੇਲ ਤੇ ਹੋਰ ਜ਼ਿਆਦਾ ਰਿਆਇਤ ਤੇ ਐਸ 400 ਦੀ ਸਪਲਾਈ ਵਧਾਏਗਾ ਰੂਸ

## ਭਾਰਤ ਤੇ ਰੂਸ ਦੀ ਦੋਸਤੀ ਦੁਨੀਆ ਲਈ ਬਣੀ ਮਿਸਾਲ

ਭਾਰਤ ਨੂੰ ਜਲਦੀ ਹੀ ਰੂਸ ਤੋਂ ਖਰੀਦੇ ਜਾਣ ਵਾਲੇ ਕੱਚੇ ਤੇਲ ’ਤੇ ਹੋਰ ਛੋਟ ਮਿਲ ਸਕਦੀ ਹੈ। ਇਸ ਦੇ ਨਾਲ ਹੀ ਭਾਰਤ ਅਤੇ ਰੂਸ ਨੂੰ ਹੋਰ S-400 ਹਵਾਈ ਰੱਖਿਆ ਪ੍ਰਣਾਲੀਆਂ (ਡਿਫੈਂਸ ਸਿਸਟਮ) ਵੀ ਮਿਲ ਸਕਦੀਆਂ ਹਨ। ਮੀਡੀਆ ਰਿਪੋਰਟਾਂ ਵਿੱਚ ਇਹ ਦਾਅਵਾ ਕੀਤਾ ਗਿਆ ਹੈ। ਅਮਰੀਕਾ ਵੱਲੋਂ ਭਾਰਤ ’ਤੇ ਟੈਰਿਫ ਦਬਾਅ ਦੇ ਵਿਚਕਾਰ ਇਸਨੂੰ ਰੂਸੀ ਰਾਸ਼ਟਰਪਤੀ ਪੁਤਿਨ ਵੱਲੋਂ ਭਾਰਤ ਨੂੰ ਦਿੱਤਾ ਗਿਆ ਤੋਹਫ਼ਾ ਮੰਨਿਆ ਜਾ ਰਿਹਾ ਹੈ। ਭਾਰਤ ਪਹਿਲਾਂ ਹੀ ਰੂਸ ਤੋਂ ਛੋਟ ’ਤੇ ਤੇਲ ਖਰੀਦ ਰਿਹਾ ਹੈ ਅਤੇ ਹੁਣ ਹੋਰ ਛੋਟ ਮਿਲਣ ਨਾਲ ਭਾਰਤ ਲਈ ਬਹੁਤ ਸਾਰਾ ਪੈਸਾ ਬਚੇਗਾ।

ਜੇਕਰ ਰੂਸ ਤੋਂ ਕੱਚੇ ਤੇਲ ’ਤੇ ਹੋਰ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ, ਤਾਂ ਯਕੀਨਨ ਭਾਰਤ ’ਤੇ ਆਰਥਿਕ ਦਬਾਅ ਕੁਝ ਹੱਦ ਤੱਕ ਘੱਟ ਜਾਵੇਗਾ।

ਮੀਡੀਆ ਰਿਪੋਰਟਾਂ ਅਨੁਸਾਰ, ਸਤੰਬਰ ਮਹੀਨੇ ਵਿੱਚ ਭਾਰਤ ਦੁਆਰਾ ਖਰੀਦਿਆ ਗਿਆ ਰੂਸੀ ਕੱਚਾ ਤੇਲ ਅਗਸਤ ਦੇ ਮੁਕਾਬਲੇ 10-20 ਪ੍ਰਤੀਸ਼ਤ ਵਧਿਆ ਸੀ, ਯਾਨੀ ਭਾਰਤ ਨੇ ਰੂਸ ਤੋਂ 1.50 ਲੱਖ ਤੋਂ 3 ਲੱਖ ਬੈਰਲ ਵਾਧੂ ਖਰੀਦਿਆ ਸੀ। ਹੁਣ ਜੇਕਰ ਹੋਰ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ ਤਾਂ ਇਹ ਗਿਣਤੀ ਹੋਰ ਵੀ ਵੱਧ ਸਕਦੀ ਹੈ।




ਮੀਡੀਆ ਰਿਪੋਰਟਾਂ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਅਤੇ ਰੂਸ ਵਿਚਕਾਰ S-400 ਹਵਾਈ ਰੱਖਿਆ ਪ੍ਰਣਾਲੀ ਦੀ ਖਰੀਦ ਨੂੰ ਲੈ ਕੇ ਗੱਲਬਾਤ ਚੱਲ ਰਹੀ ਹੈ। ਸਾਲ 2018 ਵਿੱਚ ਹੀ, ਭਾਰਤ ਅਤੇ ਰੂਸ ਵਿਚਕਾਰ 5.5 ਬਿਲੀਅਨ ਡਾਲਰ ਵਿੱਚ ਪੰਜ S-400 ਰੱਖਿਆ ਪ੍ਰਣਾਲੀਆਂ ਦਾ ਸੌਦਾ ਹੋਇਆ ਸੀ, ਜਿਸ ਵਿੱਚੋਂ ਤਿੰਨ ਪ੍ਰਣਾਲੀਆਂ ਭਾਰਤ ਨੂੰ ਮਿਲ ਚੁੱਕੀਆਂ ਹਨ ਅਤੇ ਬਾਕੀ ਦੋ S-400 ਪ੍ਰਣਾਲੀਆਂ 2026 ਅਤੇ 2027 ਵਿੱਚ ਪ੍ਰਾਪਤ ਹੋਣ ਦੀ ਉਮੀਦ ਹੈ।

ਮੀਡੀਆ ਰਿਪੋਰਟਾਂ ਅਨੁਸਾਰ, ਯੂਰਲ ਕੱਚੇ ਤੇਲ ਦੀ ਕੀਮਤ ਹੁਣ ਬ੍ਰੈਂਟ ਕਰੂਡ ਨਾਲੋਂ 3-4 ਡਾਲਰ ਪ੍ਰਤੀ ਬੈਰਲ ਘੱਟ ਹੋ ਸਕਦੀ ਹੈ। ਇਹ ਛੋਟ ਸਤੰਬਰ ਦੇ ਅੰਤ ਅਤੇ ਅਕਤੂਬਰ ਦੇ ਮਹੀਨੇ ਵਿੱਚ ਪ੍ਰਾਪਤ ਕੀਤੀ ਜਾ ਸਕਦੀ ਹੈ। ਪਿਛਲੇ ਹਫ਼ਤੇ ਇਹ ਛੋਟ 2.50 ਡਾਲਰ ਪ੍ਰਤੀ ਬੈਰਲ ਸੀ ਅਤੇ ਜੁਲਾਈ ਦੇ ਮਹੀਨੇ ਵਿੱਚ ਇਹ 1 ਡਾਲਰ ਪ੍ਰਤੀ ਬੈਰਲ ਸੀ। ਪਿਛਲੇ ਮਹੀਨੇ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ’ਤੇ 50 ਪ੍ਰਤੀਸ਼ਤ ਟੈਰਿਫ ਲਗਾਇਆ ਸੀ, ਜਿਸ ਵਿੱਚੋਂ 25 ਪ੍ਰਤੀਸ਼ਤ ਟੈਰਿਫ ਰੂਸ ਤੋਂ ਕੱਚਾ ਤੇਲ ਖਰੀਦਣ ’ਤੇ ਲਗਾਇਆ ਗਿਆ ਸੀ। ਅਮਰੀਕਾ ਦਾ ਦੋਸ਼ ਹੈ ਕਿ ਭਾਰਤ ਵੱਲੋਂ ਰੂਸ ਤੋਂ ਕੱਚਾ ਤੇਲ ਖਰੀਦਣਾ ਯੂਕਰੇਨ ਯੁੱਧ ਨੂੰ ਫੰਡ ਦੇ ਰਿਹਾ ਹੈ। ਟੈਰਿਫ ਨੇ ਭਾਰਤ ’ਤੇ ਆਰਥਿਕ ਦਬਾਅ ਪਾਇਆ ਹੈ, ਪਰ ਹੁਣ ਰੂਸ ਦੀ ਫੈਡਰਲ ਸਰਵਿਸ ਫਾਰ ਮਿਲਟਰੀ ਟੈਕਨੀਕਲ ਕੋਆਪਰੇਸ਼ਨ ਦੇ ਮੁਖੀ ਦਮਿਤਰੀ ਸੁਗਾਯੇਵ ਦੇ ਹਵਾਲੇ ਨਾਲ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੋਵੇਂ ਦੇਸ਼ S-400 ’ਤੇ ਸਹਿਯੋਗ ਵਧਾਉਣ ਲਈ ਗੱਲਬਾਤ ਕਰ ਰਹੇ ਹਨ ਅਤੇ ਇਸ ਨਾਲ ਹੋਰ ਸੌਦੇ ਹੋ ਸਕਦੇ ਹਨ ਅਤੇ ਇਸ ਵੇਲੇ ਇਸ ਲਈ ਗੱਲਬਾਤ ਚੱਲ ਰਹੀ ਹੈ। S-400 ਪ੍ਰਣਾਲੀ ਨੇ ਆਪ੍ਰੇਸ਼ਨ ਸੰਧੂਰ ਦੌਰਾਨ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਭਾਰਤੀ ਹਵਾਈ ਰੱਖਿਆ ਨੂੰ ਮਜ਼ਬੂਤ ਕਰਨ ਵਿੱਚ ਵਧੀਆ ਕੰਮ ਕੀਤਾ। ਇਹੀ ਕਾਰਨ ਸੀ ਕਿ ਪਾਕਿਸਤਾਨ ਦੇ ਲੜਾਕੂ ਜਹਾਜ਼ ਭਾਰਤ ਦੇ ਵਿਰੁੱਧ ਕੁਝ ਵੀ ਕਰਨ ਦੀ ਹਿੰਮਤ ਨਹੀਂ ਕਰ ਸਕੇ। ਇਹੀ ਕਾਰਨ ਹੈ ਕਿ ਭਾਰਤ ਹੁਣ ਹੋਰ S-400 ਖਰੀਦਣ ’ਤੇ ਵਿਚਾਰ ਕਰ ਰਿਹਾ ਹੈ।







# ARE YOU IN COMPLIANCE WITH FMCSA REGULATIONS?



Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਲੇਬਰ ਡੇ 'ਤੇ ਅਮਰੀਕਾ ਭਰ ਵਿੱਚ ਅਰਬਪੱਤੀਆਂ ਵਿਰੁੱਧ ਪ੍ਰਦਰਸ਼ਨ

## ਟਰੰਪ ਦੀਆਂ ਨੀਤੀਆਂ ਦਾ ਜੰਮ ਕੇ ਕੀਤਾ ਵਿਰੋਧ







ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਲੇਬਰ ਡੇ 'ਤੇ ਕਿਰਤੀ ਯੂਨੀਅਨਾਂ ਤੇ ਕਿਰਤੀ ਕਾਰਕੁੰਨਾਂ ਨੇ ਅਮਰੀਕਾ ਭਰ ਵਿੱਚ ਸਮੂਹਿਕ ਪ੍ਰਦਰਸ਼ਨ ਕੀਤੇ ਤਾਂ ਜੋ ਅਮਰੀਕੀ ਲੋਕਾਂ ਨੂੰ ਕੰਮਕਾਰੀ ਵਰਗ ਦੀ ਸ਼ਕਤੀ ਨੂੰ ਵਿਖਾਇਆ ਜਾ ਸਕੇ ਖਾਸ ਕਰਕੇ ਉਸ ਸਮੇ ਜਦੋਂ ਅਰਬਪੱਤੀ ਸੱਤਾਧਾਰੀ ਕੌਮੀ ਰਾਜਨੀਤੀ ਤੋਂ ਬਾਹਰ ਇੱਕ ਵੱਖਰੀ ਹੀ ਭੂਮਿਕਾ ਨਿਭਾਅ ਰਿਹਾ ਹੈ। ਇਹ ਪ੍ਰਦਰਸ਼ਨ ਨਾ ਕੇਵਲ ਅਰਬਪੱਤੀ ਰਾਸ਼ਟਰਪਤੀ ਡੋਨਲਡ ਟਰੰਪ ਵਿਰੁੱਧ ਸਨ ਬਲ ਕਿ ਉਨਾਂ ਹੋਰ ਅਰਬਪੱਤੀਆਂ ਦੇ ਵਿਰੁੱਧ ਵੀ ਸਨ ਜੋ ਟਰੰਪ ਦਾ ਸਮਰਥਨ ਕਰਦੇ ਹਨ ਜਾਂ ਟਰੰਪ ਪ੍ਰਸ਼ਾਸਨ ਤੋਂ ਲਾਭ ਉੱਠਾ ਰਹੇ ਹਨ। ਬੋਸਟਨ, ਸ਼ਿਕਾਗੋ, ਡੈਟਰਾਇਟ ਤੇ ਨਿਊਯਾਰਕ ਸਮੇਤ ਵੱਡੇ ਸ਼ਹਿਰਾਂ ਵਿੱਚ ਰੈਲੀਆਂ ਕੀਤੀਆਂ ਗਈਆਂ ਤੇ ਮਾਰਚ ਕੱਢੇ ਗਏ। "ਕਾਮੇ ਬਨਾਮ ਅਰਬਪੱਤੀ" ਦੇ ਨਾਂ ਹੇਠ ਹੋਏ ਇਨ੍ਹਾਂ ਪ੍ਰਦਰਸ਼ਨਾਂ ਵਿੱਚ ਹਜਾਰਾਂ ਲੋਕਾਂ ਨੇ ਹਿੱਸਾ ਲਿਆ। ਸਕਾਟਸਡੇਲ, ਐਰੀਜ਼ੋਨਾ ਤੋਂ ਲੈ ਕੇ ਸਿਓਅਕਸ ਫਾਲਜ਼, ਦੱਖਣੀ ਡਕੋਤਾ ਤੱਕ ਛੋਟੇ ਸ਼ਹਿਰਾਂ ਵਿੱਚ ਇਨਾਂ ਪ੍ਰਦਰਸ਼ਨਾਂ ਵਿੱਚ ਦਰਮਿਆਨੀ ਭੀੜ ਰਹੀ ਜਦ ਕਿ ਵੱਡੇ ਸ਼ਹਿਰਾਂ ਵਿੱਚ ਬੇਮਿਸਾਲ ਇਕੱਠ ਹੋਏ ਜੋ ਸਪੱਸ਼ਟ ਤੌਰ 'ਤੇ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਵਿਰੁੱਧ ਰੋਹ ਦਾ ਪ੍ਰਗਟਾਵਾ ਸੀ। ਇਨ੍ਹਾਂ ਪ੍ਰਦਰਸ਼ਨਾਂ ਦਾ ਆਯੋਜਨ ਅਨੇਕਾਂ ਸੰਗਠਨਾਂ ਨੇ ਕੀਤਾ ਜਿਨਾਂ ਨੇ ਆਪਣੇ ਪੱਧਰ 'ਤੇ ਲੇਬਰ ਡੇ ਪ੍ਰਦਰਸ਼ਨਾਂ ਵਿੱਚ ਸ਼ਾਮਿਲ ਲੋਕਾਂ ਦੀ ਗਿਣਤੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਮੀਡੀਆ ਰਿਪੋਰਟਾਂ ਅਨੁਸਾਰ ਪ੍ਰਦਰਸ਼ਨ ਪ੍ਰਭਾਵਸ਼ਾਲੀ ਸਨ ਤੇ ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਤਖਤੀਆਂ ਫੜੀਆਂ ਹੋਈਆਂ ਸਨ ਜਿਨ੍ਹਾਂ ਉਪਰ ਦੇਸ਼ ਦੇ ਅਰਬਪੱਤੀਆਂ ਵਿਰੁੱਧ ਨਾਅਰੇ ਲਿਖੇ ਹੋਏ ਸਨ। ਵਿਗਿਆਨਕ ਖੋਜ਼ਾਂ ਤੇ ਸਵਿਧਾਨਕ ਹੱਕਾਂ ਦਾ ਸਮਰਥਨ ਕੀਤਾ ਗਿਆ ਸੀ। ਸਾਕਿਬ ਭੱਟੀ ਕਾਰਜਕਾਰੀ ਡਾਇਰੈਕਟਰ ਐਕਸ਼ਨ ਸੈਂਟਰ ਰੇਸ ਐਂਡ ਇਕਾਨਮੀ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਹ ਅਹਿਮ ਹੈ ਕਿ ਲੋਕਾਂ ਨੂੰ ਦੱਸਿਆ ਜਾਵੇ ਕਿ ਅਰਬਪੱਤੀ ਟਰੰਪ ਦੇ ਏਜੰਡੇ ਦਾ ਹਰ ਭਾਈਚਾਰੇ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਜੋ ਕੁਝ ਦੇਸ਼ ਵਿੱਚ ਹੋ ਰਿਹਾ ਹੈ, ਉਸ ਦੇ ਵਿਰੁੱਧ ਸਾਰੇ ਇਕਜੁੱਟ ਹਨ।

### ਤਾਮਿਲਨਾਡੂ ਦੇ ਸਿੱਖਾਂ ਦੀ ਵੱਖਰੀ ਪਛਾਣ ਦਾ ਮਾਮਲਾ

# ਸਿੱਖਾਂ ਨੂੰ ਮਾਨਤਾ ਨਹੀਂ ਦੇ ਰਹੀ ਤਾਮਿਲ ਸਰਕਾਰ : ਸ੍ਰ. ਜੀਵਨ ਸਿੰਘ, ਸੰਸਥਾਪਕ ਤਾਮਿਲ ਸਿੱਖ ਸੰਗਤ



ਭਾਰਤ ਦਾ ਸੰਵਿਧਾਨ ਹਰੇਕ ਨਾਗਰਿਕ ਨੂੰ ਧਾਰਮਿਕ ਆਜ਼ਾਦੀ ਦਾ ਹੱਕ ਦਿੰਦਾ ਜਿਸ ਤਹਿਤ ਕੋਈ ਵੀ ਵਿਅਕਤੀ ਆਪਣੀ ਮਸਜਿਦ ਮੁਤਾਬਕ ਮਨਭਾਉਂਦਾ ਧਰਮ ਅਪਣਾ ਸਕਦਾ ਹੈ। ਪਰ ਭਾਰਤ ਦੀ ਆਜ਼ਾਦੀ ਦੇ 78 ਸਾਲ ਬੀਤ ਜਾਣ ਮਗਰੋਂ ਵੀ ਤਾਮਿਲਨਾਡੂ ਦੇ ਸਿੱਖਾਂ ਦੀ ਆਪਣੀ ਵੱਖਰੀ ਪਛਾਣ ਸਥਾਪਿਤ ਕਰਨਾ ਇੱਕ ਚੁਣੌਤੀ ਬਣਿਆ ਹੋਇਆ। ਤਮਿਲਨਾਡੂ ਦੇ ਥੁੱਤੋ ਕੁੜੀ ਸ਼ਹਿਰ ਦੀ ਹੈ ਜਿੱਥੋਂ ਦੇ ਲੋਕ ਵੱਡੀ ਗਿਣਤੀ 'ਚ ਸਿੱਖ ਧਰਮ ਅਪਣਾ ਰਹੇ ਹਨ ਪਰ ਉਨ੍ਹਾਂ ਮੁਤਾਬਕ ਜਦੋਂ ਉਹ ਆਪਣੇ ਭਾਈਚਾਰੇ ਦੇ ਸਰਟੀਫਿਕੇਟਾਂ ਵਿੱਚ ਬਦਲਦਾ ਹੋਇਆ ਧਰਮ ਲਿਖਣ ਭਾਵ ਕਿ ਕਾਗਜ਼ਾਂ 'ਚ ਆਪਣੇ ਆਪ ਨੂੰ ਸਿੱਖ ਲਿਖਵਾਉਣ ਲਈ ਰੈਵਨਿਊ ਦਫਤਰਾਂ 'ਚ ਅਰਜੀਆਂ ਦਿੰਦੇ ਹਨ ਤਾਂ ਅਧਿਕਾਰੀ ਉਹਨਾਂ ਦੀਆਂ ਅਰਜ਼ੀਆਂ ਵਾਰ-ਵਾਰ ਰੱਦ ਕਰ ਦਿੰਦੇ ਹਨ ਜਿਸ ਕਰਕੇ ਤਾਮਿਲ ਸਿੱਖਾਂ ਨੂੰ ਆਪਣੀ ਪਛਾਣ ਸਥਾਪਤ ਕਰਨ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਾਮਿਲਨਾਡੂ ਦੇ ਸਿੱਖਾਂ ਨੇ ਸੂਬੇ ਦੇ ਘੱਟ ਗਿਣਤੀ ਕਮਿਸ਼ਨ ਅਤੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਤਾਮਿਲ ਸਿੱਖਾਂ ਨੂੰ ਘੱਟ ਗਿਣਤੀ ਭਾਈਚਾਰੇ ਵਜੋਂ ਮਾਨਤਾ ਦੇਵੇ ਅਤੇ ਉਹਨਾਂ ਦੀ ਵੱਖਰੀ ਪਛਾਣ ਨੂੰ ਪ੍ਰਵਾਨ ਕਰੇ। ਇਸ ਮਸਲੇ ਬਾਰੇ ਵਧੇਰੇ ਜਾਣਕਾਰੀ ਲਈ ਅਸੀਂ ਤਾਮਿਲ ਸਿੱਖ ਸੰਗਤ ਦੇ ਸੰਸਥਾਪਕ ਅਤੇ ਬਹੁਜਨ ਦਰਾਵਟ ਪਾਰਟੀ ਦੇ ਕੌਮੀ ਪ੍ਰਧਾਨ ਸਰਦਾਰ ਜੀਵਨ ਸਿੰਘ ਹੋਰਾਂ ਨਾਲ ਗੱਲਬਾਤ ਕੀਤੀ ਜਿਨ੍ਹਾਂ ਦੱਸਿਆ ਕਿ ਤਾਮਿਲਨਾਡੂ ਦੇ ਸਿੱਖਾਂ ਨੂੰ ਕਿਰਪਾਨ ਪਾਈ ਹੋਣ ਕਰਕੇ ਅਕਸਰ ਪੁਲਿਸ ਵੱਲੋਂ ਰੋਕਿਆ ਜਾਂਦਾ ਅਤੇ ਜਨਤਕ ਥਾਵਾਂ 'ਤੇ ਵੀ ਪੁੱਛਗਿੱਛ ਕੀਤੀ ਜਾਂਦੀ ਹੈ ਜਦੋਂ ਕਿ ਸੰਵਿਧਾਨ ਦੀ ਧਾਰਾ 25 ਵਿੱਚ ਹਰੇਕ ਅੰਮ੍ਰਿਤਧਾਰੀ ਸਿੱਖ ਨੂੰ ਕਿਰਪਾਨ ਧਾਰਨ ਕਰਨ ਦਾ ਬੁਨਿਆਦੀ ਹੱਕ ਦਿੱਤਾ ਗਿਆ। ਉਹਨਾਂ ਕਿਹਾ ਕਿ ਇਹ ਸਭ ਇਸ ਕਰਕੇ ਹੋ ਰਿਹਾ ਕਿਉਂਕਿ ਸੂਬੇ ਵੱਲੋਂ ਉਹਨਾਂ ਦੀ ਵੱਖਰੀ ਪਛਾਣ ਨੂੰ ਅਜੇ ਤੱਕ ਅਧਿਕਾਰਿਤ ਤੌਰ 'ਤੇ ਮਾਨਤਾ ਨਹੀਂ ਦਿੱਤੀ ਜਿਸ ਕਰਕੇ ਉਹਨਾਂ ਦੇ ਧਾਰਮਿਕ ਸਮਾਜਿਕ ਅਤੇ ਪ੍ਰਬੰਧਕੀ ਹੱਕਾਂ ਨੂੰ ਲਗਾਤਾਰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਉਹਨਾਂ ਅੱਗੇ ਕਿਹਾ ਕਿ ਅਸੀਂ ਸਰਕਾਰ ਪਾਸੋਂ ਕਿਸੇ ਵੀ ਤਰ੍ਹਾਂ ਦੇ ਖੈਰਾਤ ਨਹੀਂ ਮੰਗ ਰਹੇ ਬਲਕਿ ਸਾਡੀ ਮੰਗ ਸਿਰਫ ਇੰਨੀ ਹੀ ਹੈ ਕਿ ਸਰਕਾਰ ਸਾਡੀ ਵੱਖਰੀ ਪਛਾਣ ਨੂੰ ਮਾਨਤਾ ਦੇਣ ਦੇ ਨਾਲ ਨਾਲ ਸਾਡੇ ਸੁਰੱਖਿਆ ਅਤੇ ਸਵੈਮਾਨ ਯਕੀਨੀ ਬਣਾਵੇ। ਉਹਨਾਂ ਕਿਹਾ ਕਿ ਤਾਮਿਲ ਸਿੱਖਾਂ ਦੀ ਵੱਖਰੀ ਪਛਾਣ ਨੂੰ ਮਾਨਤਾ ਨਾ ਦੇਣਾ ਉਹਨਾਂ ਲੋਕਾਂ ਨਾਲ ਬੇਇਨਸਾਫੀ ਹੈ ਜਿਨ੍ਹਾਂ ਨੇ ਬਰਾਬਰੀ ਅਤੇ ਸਵੈਮਾਨ ਦਾ ਰਾਹ ਚੁਣਿਆ ਹੈ। ਇਸ ਤੋਂ ਇਲਾਵਾ ਸਰਦਾਰ ਜੀਵਨ ਸਿੰਘ ਹੋਰਾਂ ਦੇ ਦੱਸਣ ਮੁਤਾਬਕ ਅੱਜ ਤਮਿਲਨਾਡੂ 'ਚ ਸਮਾਜਿਕ ਨਾ ਬਰਾਬਰੀ ਦਾ ਸ਼ਿਕਾਰ ਹੋ ਕੇ ਖਾਸ ਕਰਕੇ ਦਲਿਤ ਅਤੇ ਪਛੜੀਆਂ ਸ਼੍ਰੇਣੀਆਂ ਦੇ ਬਹੁਤ ਸਾਰੇ ਲੋਕ ਵੱਡੇ ਪੱਧਰ 'ਤੇ ਸਿੱਖੀ ਵੱਲ ਝੁਕਾਅ ਰੱਖ ਰਹੇ ਹਨ ਅਤੇ ਹੁਣ ਤੱਕ 15 ਤੋਂ ਜ਼ਿਆਦਾ ਪਰਿਵਾਰ ਸਿੱਖੀ ਧਾਰਨ ਕਰ ਚੁੱਕੇ ਨੇ ਜਿਨ੍ਹਾਂ ਵਿੱਚ ਡਾਕਟਰ, ਵਕੀਲ ਅਤੇ ਵਪਾਰੀ ਵਰਗ ਸ਼ਾਮਿਲ ਹੈ। ਵੱਖਰੀ ਪਛਾਣ ਨੂੰ ਕਾਨੂੰਨੀ ਮਾਨਤਾ ਨਾ ਮਿਲਣ ਕਰਕੇ ਇਹਨਾਂ ਸਿੱਖਾਂ ਨੂੰ ਗੁਰਦੁਆਰਾ ਸਾਹਿਬ ਬਣਾਉਣ ਲਈ ਵੀ ਕਈ ਤਰ੍ਹਾਂ ਦੀਆਂ ਦਿੱਕਤਾਂ ਪੇਸ਼ ਆ ਰਹੀਆਂ ਹਨ। ਸੋ ਤਾਮਿਲ ਸਿੱਖਾਂ ਦੀਆਂ ਇਨਾਂ ਸਮੱਸਿਆਵਾਂ ਨੂੰ ਵੇਖਦਿਆਂ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜ਼ਰੂਰ ਤਮਿਲਨਾਡੂ ਜਾਂ ਕੇਂਦਰ ਸਰਕਾਰ ਨਾਲ ਗੱਲਬਾਤ ਕਰਕੇ ਇਸ ਮਸਲੇ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਵਾਉਣਾ ਚਾਹੀਦਾ ਕਿਉਂਕਿ ਮਸਲਾ ਸਿੱਖ ਪਛਾਣਦਾ ਹੈ।

# ਟਰੰਪ ਦਵਾਈ ਕੰਪਨੀਆਂ 'ਤੇ 200 ਫੀਸਦੀ ਟੈਰਿਫ ਲਾਉਣ ਦੀ ਤਿਆਰ 'ਚ



ਵਾਸ਼ਿੰਗਟਨ : ਭਾਰਤ ਤੇ ਅਮਰੀਕਾ 'ਚ ਟਰੰਪ ਟੈਰਿਫ ਨੂੰ ਲੈ ਕੇ ਤਣਾਅ ਵੱਧਦਾ ਹੀ ਜਾ ਰਿਹਾ ਹੈ। ਭਾਰਤ ਜਿੱਥੇ ਟਰੰਪ ਟੈਰਿਫ ਤੋਂ ਹੋਣ ਵਾਲੇ ਨੁਕਸਾਨ ਦੀ ਭਰਪਾਈ ਲਈ ਬਦਲ ਲੱਭਣ 'ਚ ਜੁਟਿਆ ਹੋਇਆ ਹੈ, ਉੱਥੇ ਹੀ ਹੁਣ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਵਾਈ ਕੰਪਨੀਆਂ 'ਤੇ 200 ਫੀਸਦੀ ਟੈਰਿਫ ਲਾਉਣ ਦੀ ਯੋਜਨਾ ਤਿਆਰ ਕਰ ਰਹੇ ਹਨ। ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਟਰੰਪ ਦੇ ਇਸ ਕਦਮ ਨਾਲ ਅਮਰੀਕਾ ਵਿਚ ਦਵਾਈਆਂ ਦੀਆਂ ਕੀਮਤਾਂ ਵਧਣ ਅਤੇ ਸਪਲਾਈ ਘੱਟ ਹੋਣ ਦਾ ਖ਼ਤਰਾ ਮੰਡਰਾਅ ਰਿਹਾ ਹੈ। ਇਸ ਤੋਂ ਪਹਿਲਾਂ ਦਹਾਕਿਆਂ ਤੋਂ ਅਮਰੀਕਾ 'ਚ ਫਾਰਮਾ ਉਤਪਾਦਾਂ 'ਤੇ ਕੋਈ ਡਿਊਟੀ ਨਹੀਂ ਲਾਈ ਜਾਂਦੀ ਸੀ ਪਰ ਹੁਣ ਟਰੰਪ ਪ੍ਰਸ਼ਾਸਨ ਨੀਤੀ 'ਚ ਵੱਡਾ ਬਦਲਾਅ ਕਰਨ ਦੀ ਤਿਆਰੀ 'ਚ ਹੈ। ਅਮਰੀਕਾ ਵਿਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਜੈਨੇਰਿਕ ਦਵਾਈਆਂ 'ਚੋਂ ਲੱਗਭਗ 47 ਫੀਸਦੀ ਭਾਰਤ ਤੋਂ ਇੰਪੋਰਟ ਕੀਤੀਆਂ ਜਾਂਦੀਆਂ ਹਨ। ਭਾਰਤੀ ਫਾਰਮਾਸਿਊਟੀਕਲ ਉਦਯੋਗ ਇਹ ਉਮੀਦ ਕਰ ਰਿਹਾ ਸੀ ਕਿ ਜੈਨੇਰਿਕ ਦਵਾਈਆਂ 'ਤੇ ਟਰੰਪ ਟੈਰਿਫ ਨਹੀਂ ਵਧਾਉਣਗੇ ਕਿਉਂਕਿ ਇਹ ਜੀਵਨ ਰੱਖਿਅਕ ਹੁੰਦੀਆਂ ਹਨ। ਅਮਰੀਕਾ ਤੋਂ ਭਾਰਤ ਲਗਭਗ 80 ਕਰੋੜ ਡਾਲਰ ਦੀਆਂ ਦਵਾਈਆਂ ਇੰਪੋਰਟ ਕਰਦਾ ਹੈ ਅਤੇ ਉਨ੍ਹਾਂ 'ਤੇ 10 ਫੀਸਦੀ ਡਿਊਟੀ ਲਾਉਂਦਾ ਹੈ।

**ਵਿਦੇਸ਼ਾਂ 'ਤੇ ਨਿਰਭਰਤਾ ਘੱਟ ਕਰਨ 'ਚ ਲੱਗਾ ਅਮਰੀਕਾ** : ਰਿਪੋਰਟ 'ਚ ਕਿਹਾ ਗਿਆ ਹੈ ਕਿ ਡੋਨਾਲਡ ਟਰੰਪ ਨੇ ਆਪਣੇ ਇਸ ਕਦਮ ਨੂੰ ਸਹੀ ਸਾਬਤ ਕਰਨ ਲਈ 1962 ਦੇ ਟਰੇਡ ਐਕਸਪੈਂਸ਼ਨ ਐਕਟ ਦੇ ਸੈਕਸ਼ਨ 232 ਦਾ ਹਵਾਲਾ ਦਿੱਤਾ ਹੈ। ਇਸ ਐਕਟ ਦੇ ਤਹਿਤ ਰਾਸ਼ਟਰੀ ਸੁਰੱਖਿਆ ਦੇ ਆਧਾਰ 'ਤੇ ਟੈਰਿਫ ਲਾਇਆ ਜਾ ਸਕਦਾ ਹੈ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਕੋਰੋਨਾ ਮਹਾਮਾਰੀ ਦੌਰਾਨ ਦਵਾਈਆਂ ਦੀ ਘਾਟ ਅਤੇ ਭੰਡਾਰਨ ਦੀਆਂ ਸਮੱਸਿਆਵਾਂ ਨੇ ਦਿਖਾਇਆ ਕਿ ਅਮਰੀਕਾ ਨੂੰ ਆਪਣੀ ਦਵਾਈ ਉਤਪਾਦਨ ਸਮਰੱਥਾ ਨੂੰ ਤੇਜ਼ੀ ਨਾਲ ਵਧਾਉਣਾ ਪਵੇਗਾ। ਟਰੰਪ ਦੇ ਇਸ ਫੈਸਲੇ ਦਾ ਮਕਸਦ ਦੇਸ਼ ਵਿਚ ਦਵਾਈਆਂ ਦੇ ਉਤਪਾਦਨ ਨੂੰ ਵਧਾਉਣਾ ਅਤੇ ਵਿਦੇਸ਼ੀ ਸਪਲਾਈ 'ਤੇ ਨਿਰਭਰਤਾ ਘਟਾਉਣਾ ਹੈ ਪਰ ਟਰੰਪ ਇਸ ਸੈਕਟਰ 'ਤੇ ਹੋਰ ਸਾਮਾਨ 'ਤੇ ਲਾਈ ਗਈ ਡਿਊਟੀ ਨਾਲੋਂ ਕਿਤੇ ਜ਼ਿਆਦਾ ਟੈਕਸ ਲਾਉਣ ਦੀ ਯੋਜਨਾ ਬਣਾ ਰਹੇ ਹਨ।

**ਕੰਪਨੀਆਂ ਨੇ ਸ਼ੁਰੂ ਕੀਤਾ ਸਟਾਕ ਵਧਾਉਣਾ** : ਅਮਰੀਕੀ ਸੰਸਦ ਵ੍ਹਾਈਟ ਹਾਊਸ ਨੇ ਸੰਕੇਤ ਦਿੱਤਾ ਹੈ ਕਿ ਇਸ ਟੈਰਿਫ ਨੀਤੀ ਨੂੰ ਲਾਗੂ ਕਰਨ ਤੋਂ ਪਹਿਲਾਂ ਫਾਰਮਾ ਕੰਪਨੀਆਂ ਨੂੰ ਲਗਭਗ 1.5 ਸਾਲ ਦਾ ਸਮਾਂ ਦਿੱਤਾ ਜਾਵੇਗਾ ਤਾਂ ਜੋ ਉਹ ਆਪਣੇ ਆਪ ਨੂੰ ਤਿਆਰ ਕਰ ਸਕਣ। ਸਾਹਮਣੇ ਆਈ ਜਾਣਕਾਰੀ ਦੇ ਅਨੁਸਾਰ ਬਹੁਤ ਸਾਰੀਆਂ ਕੰਪਨੀਆਂ ਪਹਿਲਾਂ ਹੀ ਆਪਣਾ ਸਟਾਕ ਵਧਾ ਚੁੱਕੀਆਂ ਹਨ ਅਤੇ ਤੇਜ਼ੀ ਨਾਲ ਇੰਪੋਰਟ ਕਰ ਰਹੀਆਂ ਹਨ ਪਰ ਮਾਹਿਰਾਂ ਦਾ ਕਹਿਣਾ ਹੈ ਕਿ ਇੰਨੇ ਘੱਟ ਸਮੇਂ ਵਿਚ ਅਮਰੀਕਾ ਵਿਚ ਦਵਾਈਆਂ ਦੇ ਨਿਰਮਾਣ ਨੂੰ ਪੂਰੀ ਤਰ੍ਹਾਂ ਵਧਾਉਣਾ ਮੁਸ਼ਕਲ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਦਵਾਈਆਂ ਦਾ ਨਿਰਮਾਣ ਇਕ ਮੁਸ਼ਕਲ ਪ੍ਰਕਿਰਿਆ ਹੈ ਅਤੇ ਇਸ ਵਿਚ ਕਈ ਸਾਲ ਲੱਗ ਸਕਦੇ ਹਨ। ਹਾਲਾਂਕਿ, ਸਿਪਲਾ ਵਰਗੀਆਂ ਕੁਝ ਭਾਰਤੀ ਫਾਰਮਾ ਕੰਪਨੀਆਂ ਨੇ ਪਹਿਲਾਂ ਹੀ ਅਮਰੀਕਾ ਵਿਚ ਆਪਣੀਆਂ ਨਿਰਮਾਣ ਇਕਾਈਆਂ ਦਾ ਵਿਸਥਾਰ ਕਰਨਾ ਸ਼ੁਰੂ ਕਰ ਦਿੱਤਾ ਹੈ।

**2024 'ਚ 76 ਹਜ਼ਾਰ ਕਰੋੜ ਦੀ ਬਰਾਮਦ** : ਵਿੱਤੀ ਸਾਲ 2024 ਵਿਚ ਭਾਰਤ ਨੇ ਅਮਰੀਕਾ ਨੂੰ 8.7 ਅਰਬ ਡਾਲਰ (76,113 ਕਰੋੜ ਰੁਪਏ) ਦੇ ਫਾਰਮਾ ਉਤਪਾਦਾਂ ਦੀ ਬਰਾਮਦ ਕੀਤੀ ਹੈ। ਇਹ ਅਮਰੀਕਾ ਨੂੰ ਭਾਰਤ ਦੇ ਕੁੱਲ ਬਰਾਮਦ ਦਾ 11 ਫੀਸਦੀ ਤੋਂ ਵੱਧ ਹੈ। ਇਸੇ ਸਮੇਂ ਦੌਰਾਨ ਭਾਰਤ ਨੇ ਅਮਰੀਕਾ ਨੂੰ 77.5 ਅਰਬ ਡਾਲਰ (6.8 ਲੱਖ ਕਰੋੜ ਰੁਪਏ) ਦਾ ਸਾਮਾਨ ਬਰਾਮਦ ਕੀਤਾ ਅਤੇ ਅਮਰੀਕਾ ਤੋਂ 42.2 ਅਰਬ ਡਾਲਰ (3.7 ਲੱਖ ਕਰੋੜ ਰੁਪਏ) ਦੇ ਸਾਮਾਨ ਇੰਪੋਰਟ ਕੀਤੇ। ਨਤੀਜਾ ਇਹ ਨਿਕਲਿਆ ਕਿ ਵਪਾਰ ਸਰਪਲੱਸ ਭਾਰਤ ਦੇ ਹੱਕ ਵਿਚ 35.3 ਅਰਬ ਡਾਲਰ (3 ਲੱਖ ਕਰੋੜ ਰੁਪਏ) ਦਾ ਰਿਹਾ।

**ਅਮਰੀਕਾ ਭਾਰਤ ਤੋਂ ਖਰੀਦਦਾ ਹੈ 47 ਫੀਸਦੀ ਜੈਨੇਰਿਕ ਦਵਾਈਆਂ**

**ਟਰੰਪ ਨੇ ਦਵਾਈ ਕੰਪਨੀਆਂ ਨੂੰ ਦਿੱਤੀ ਸਲਾਹ**

ਮਾਮਲੇ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਭਾਰੀ ਟੈਰਿਫ ਨਾਲ ਦਵਾਈਆਂ ਦੇ ਸਟਾਕ 'ਚ ਵੀ ਭਾਰੀ ਕਮੀ ਆਵੇਗੀ ਅਤੇ 25 ਫੀਸਦੀ ਟੈਰਿਫ ਵੀ ਸਟਾਕ ਨੂੰ 10 ਤੋਂ 14 ਫੀਸਦੀ ਤੱਕ ਘਟਾ ਸਕਦਾ ਹੈ। ਇਸ ਦੇ ਨਾਲ ਹੀ ਟਰੰਪ ਨੇ ਅਮਰੀਕਾ ਵਿਚ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ 'ਤੇ ਕੀਮਤਾਂ ਘਟਾਉਣ ਲਈ ਦਬਾਅ ਵੀ ਪਾਇਆ ਹੈ। ਰਿਪੋਰਟ ਵਿਚ ਅੱਗੇ ਕਿਹਾ ਗਿਆ ਹੈ ਕਿ ਉਸ ਨੇ ਕਈ ਕੰਪਨੀਆਂ ਨੂੰ ਪੱਤਰ ਭੇਜੇ ਹਨ, ਜਿਸ ਵਿਚ ਉਨ੍ਹਾਂ ਨੂੰ ਮੋਸਟ ਫੇਵਰਡ ਨੇਸ਼ਨ (ਐੱਮ.ਐੱਫ.ਐੱਨ.) ਦੇ ਤਹਿਤ ਅਮਰੀਕਾ ਵਿਚ ਕੀਮਤਾਂ ਸ਼ੁਰੂ ਕਰਨ ਦੀ ਯੋਜਨਾ ਬਣਾਉਣ ਦੀ ਬੇਨਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਟੈਰਿਫ ਨੂੰ ਇਕ ਜਾਂ ਡੇਢ ਸਾਲ ਲਈ ਮੁਲਤਵੀ ਕਰ ਦੇਣਗੇ, ਜਿਸ ਨਾਲ ਕੰਪਨੀਆਂ ਨੂੰ ਦਵਾਈਆਂ ਦਾ ਸਟਾਕ ਕਰਨ ਅਤੇ ਨਿਰਮਾਣ ਅਮਰੀਕਾ ਵਿਚ ਸ਼ਿਫਟ ਕਰਨ ਦਾ ਮੌਕਾ ਮਿਲੇਗਾ।

**ਦਵਾਈਆਂ ਅਤੇ ਬੀਮਾ ਹੋ ਸਕਦੇ ਹਨ ਮਹਿੰਗੇ**

ਵਿੱਤੀ ਸੇਵਾ ਫਰਮ ਆਈ. ਐੱਨ. ਜੀ. ਦੇ ਸਿਹਤ ਸੰਭਾਲ ਅਰਥਸ਼ਾਸਤਰੀ ਡਿਡੇਰਿਕ ਸਟੈਂਡਿੰਗ ਨੇ ਕਿਹਾ ਕਿ ਟੈਰਿਫ ਨਾਲ ਸਭ ਤੋਂ ਜ਼ਿਆਦਾ ਨੁਕਸਾਨ ਖਪਤਕਾਰਾਂ ਨੂੰ ਹੋਵੇਗਾ ਕਿਉਂਕਿ ਉਨ੍ਹਾਂ ਨੂੰ ਮਹਿੰਗੀਆਂ ਦਵਾਈਆਂ ਖਰੀਦਣੀਆਂ ਪੈਣਗੀਆਂ। ਇਹ ਸਿੱਧੇ ਤੌਰ 'ਤੇ ਉਨ੍ਹਾਂ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਜੋ ਸਿੱਧੇ ਤੌਰ 'ਤੇ ਦਵਾਈਆਂ ਲਈ ਭੁਗਤਾਨ ਕਰ ਰਹੇ ਹਨ ਅਤੇ ਅਸਿੱਧੇ ਤੌਰ 'ਤੇ ਬੀਮਾ ਪ੍ਰੀਮੀਅਮ ਵਿਚ ਵਾਧਾ ਹੋ ਸਕਦਾ ਹੈ।

**ਕੀ 200 ਫੀਸਦੀ ਤੋਂ ਘੱਟ ਹੋ ਸਕਦਾ ਹੈ ਟੈਰਿਫ** : ਜੈਫਰੀਜ਼ ਦੇ ਵਿਸ਼ਲੇਸ਼ਕ ਡੇਵਿਡ ਵਿੰਡਲੇ ਨੇ ਹਾਲ ਹੀ 'ਚ ਇਕ ਰਿਸਰਚ ਨੋਟ 'ਚ ਕਿਹਾ ਕਿ ਜੋ ਟੈਰਿਫ 2026 ਦੀ ਦੂਜੀ ਛਿਮਾਹੀ ਤੋਂ ਪਹਿਲਾਂ ਲਾਗੂ ਨਹੀਂ ਹੋਣਗੇ, ਉਨ੍ਹਾਂ ਖੇਤਰਾਂ 'ਤੇ 2027 ਜਾਂ 2028 ਤੱਕ ਕੋਈ ਪ੍ਰਭਾਵ ਨਹੀਂ ਪਵੇਗਾ। ਕਈ ਮਾਹਿਰ ਇਹ ਵੀ ਮੰਨਦੇ ਹਨ ਕਿ ਟਰੰਪ 200 ਫੀਸਦੀ ਤੋਂ ਘੱਟ ਟੈਰਿਫ ਲਈ ਸਮਝੌਤਾ ਕਰ ਲੈਣਗੇ। ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਬਣੀਆਂ ਦਵਾਈਆਂ 'ਤੇ ਕੋਈ ਟੈਰਿਫ ਨਹੀਂ ਹੋਵੇਗਾ।

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ**

# LAW OFFICES OF EMMANUEL ENYINWA

## ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।


**ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ**

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111

# ਸ਼ਿਕਾਗੋ ਪੁਲਿਸ ਵਿਭਾਗ ਫ਼ੌਜ ਜਾਂ ਸੰਘੀ ਕਾਨੂੰਨ ਲਾਗੂ ਕਰਨ ਵਾਲਿਆਂ ਦੀ ਮਦਦ ਨਹੀਂ ਕਰੇਗਾ : ਮੇਅਰ ਜੌਹਨਸਨ




ਸਾਨ ਫਰਾਂਸਿਸਕੋ : ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਲੀਨੋਇਸ 'ਚ ਨੈਸ਼ਨਲ ਗਾਰਡ ਤਾਇਨਾਤ ਕਰਨ ਦੀ ਧਮਕੀ ਦੇ ਮੱਦੇਨਜ਼ਰ ਸ਼ਿਕਾਗੋ ਦੇ ਮੇਅਰ ਬ੍ਰੈਂਡਨ ਜੌਹਨਸਨ ਨੇ ਅੱਜ ਇਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ, ਜਿਸ ਦਾ ਉਦੇਸ਼ ਸੰਘੀ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਅਤੇ ਨੈਸ਼ਨਲ ਗਾਰਡ ਫੌਜਾਂ ਦੀ ਸ਼ਕਤੀ ਨੂੰ ਰੋਕਣਾ ਹੈ । ਜੌਹਨਸਨ ਨੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਆਪਣੇ ਆਪ ਨੂੰ ਇਕ ਅਜਿਹੀ ਸਥਿਤੀ ਵਿਚ ਵੇਖ ਰਹੇ ਹਾਂ ਜਿੱਥੇ ਸਾਨੂੰ ਆਪਣੇ ਲੋਕਾਂ ਨੂੰ ਸੰਘੀ ਓਵਰਰੀਚ ਤੋਂ ਬਚਾਉਣ ਲਈ ਤੁਰੰਤ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਤੇ ਇਸ ਉਦੇਸ਼ ਦਾ ਮੁੱਖ ਮਕਸਦ ਵੀ ਸ਼ਹਿਰ ਦੇ ਕਾਨੂੰਨ ਵਿਭਾਗ ਨੂੰ ਟਰੰਪ ਦੀ ਸੰਭਾਵੀ ਯੋਜਨਾ ਨੂੰ ਰੋਕਣ ਦੀ ਕੋਸ਼ਿਸ਼ ਕਰਨਾ ਹੈ । ਇਸ ਨੂੰ ਸੰਭਵ ਬਣਾਉਣ ਲਈ ਅਸੀਂ ਕਾਨੂੰਨੀ ਵਿਧੀ ਤੇ ਹਰ ਉਸ ਸਾਧਨ ਦੀ ਵਰਤੋਂ ਕਰਾਂਗੇ ਜੋ ਸਾਡੇ ਕੋਲ ਹੈ ਤੇ ਇਹਦੇ 'ਚ ਅਦਾਲਤਾਂ ਵੀ ਸ਼ਾਮਿਲ ਹਨ। ਜੌਹਨਸਨ ਨੇ ਇਹ ਵੀ ਸਾਫ਼ ਕਰ ਦਿੱਤਾ ਕਿ ਇਹ ਆਦੇਸ਼ ਪੁਸ਼ਟੀ ਕਰਦਾ ਹੈ ਕਿ ਸ਼ਿਕਾਗੋ ਪੁਲਿਸ ਵਿਭਾਗ ਪੁਲਿਸ ਗਸ਼ਤ ਜਾਂ ਸਿਵਲ ਇਮੀਗ੍ਰੇਸ਼ਨ ਲਾਗੂ ਕਰਨ ਵਾਲੇ ਫੌਜੀ ਕਰਮਚਾਰੀਆਂ ਨਾਲ ਸਹਿਯੋਗ ਨਹੀਂ ਕਰੇਗਾ । ਸਾਡੇ ਪੁਲਿਸ ਅਧਿਕਾਰੀ, ਜੋ ਅਪਰਾਧ ਨੂੰ ਘਟਾਉਣ ਲਈ ਹਰ ਰੋਜ਼ ਸਖ਼ਤ ਮਿਹਨਤ ਕਰ ਰਹੇ ਹਨ, ਰਾਸ਼ਟਰਪਤੀ ਲਈ ਟ੍ਰੈਫਿਕ ਸਟਾਪ ਅਤੇ ਚੌਕੀਆਂ ਬਣਾਉਣ ਲਈ ਨਿਯੁਕਤ ਨਹੀਂ ਕੀਤੇ ਜਾਣਗੇ। ਜੌਹਨਸਨ ਦਾ ਇਹ ਆਦੇਸ਼ ਉਦੋਂ ਆਇਆ ਹੈ ਜਦੋਂ ਰਾਸ਼ਟਰਪਤੀ ਪਹਿਲਾਂ ਹੀ ਵਾਸ਼ਿੰਗਟਨ ਡੀ.ਸੀ. ਵਿਚ ਫੌਜਾਂ ਅਤੇ ਸੰਘੀ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਤਾਇਨਾਤ ਕਰ ਚੁੱਕੇ ਹਨ ਅਤੇ ਉਹ ਬਾਲਟੀਮੋਰ ਵਰਗੇ ਹੋਰ ਵੱਡੇ ਅਮਰੀਕੀ ਸ਼ਹਿਰਾਂ ਵਿਚ ਵੀ ਅਜਿਹਾ ਕਰਨ ਦੀ ਧਮਕੀ ਦੇ ਰਹੇ ਹਨ ।

# ਟਰੰਪ ਨੇ ਸਾਬਕਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਲਈ ਗੁਪਤ ਸੇਵਾ ਸੁਰੱਖਿਆ ਕੀਤੀ ਰੱਦ

ਸਾਨ ਫਰਾਂਸਿਸਕੋ : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਬਕਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਲਈ ਅਮਰੀਕੀ ਗੁਪਤ ਸੇਵਾ ਸੁਰੱਖਿਆ ਰੱਦ ਕਰ ਦਿੱਤੀ ਹੈ। ਇਸ ਦਾ ਖੁਲਾਸਾ ਹੈਰਿਸ ਦੇ ਇਕ ਸੀਨੀਅਰ ਸਲਾਹਕਾਰ ਨੇ ਮੀਡੀਆ ਸਾਹਮਣੇ ਕੀਤਾ ਤੇ ਕਿਹਾ ਕਿ ਸਾਬਕਾ ਉਪ ਰਾਸ਼ਟਰਪਤੀ ਅਮਰੀਕਾ ਦੀ ਗੁਪਤ ਸੇਵਾ ਦੇ ਪੇਸ਼ੇਵਰਤਾ, ਸਮਰਪਣ ਤੇ ਸੁਰੱਖਿਆ ਪ੍ਰਤੀ ਅਟੱਲ ਵਚਨਬੱਧਤਾ ਲਈ ਧੰਨਵਾਦੀ ਹਨ। ਵ੍ਹਾਈਟ ਹਾਊਸ ਦੇ ਇਕ ਸੀਨੀਅਰ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਟਰੰਪ ਨੇ ਹੈਰਿਸ ਦੇ ਗੁਪਤ ਸੇਵਾ ਵੇਰਵੇ ਨੂੰ ਰੱਦ ਕਰ ਦਿੱਤਾ ਹੈ ਤੇ ਇਹ ਵੀ ਦੱਸਿਆ ਕਿ ਉਪ ਰਾਸ਼ਟਰਪਤੀਆਂ ਨੂੰ ਆਮ ਤੌਰ 'ਤੇ ਅਹੁਦਾ ਛੱਡਣ 'ਤੇ ਸਿਰਫ 6 ਮਹੀਨੇ ਤੱਕ ਦੀ ਸੁਰੱਖਿਆ ਮਿਲਦੀ ਹੈ।



ਕਾਬਲ-ਏ- ਜਿਕਰ ਹੈ ਕਿ ਕਾਂਗਰਸ ਨੇ 2008 'ਚ ਕਾਨੂੰਨ ਪਾਸ ਕੀਤਾ ਜਿਸ ਨੇ ਗੁਪਤ ਸੇਵਾ ਨੂੰ ਸਾਬਕਾ ਉਪ ਰਾਸ਼ਟਰਪਤੀਆਂ, ਉਨ੍ਹਾਂ ਦੇ ਜੀਵਨ ਸਾਥੀ ਤੇ ਉਨ੍ਹਾਂ ਦੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਉਨ੍ਹਾਂ ਦੇ ਕਾਰਜਕਾਲ ਦੀ ਸਮਾਪਤੀ ਤੋਂ ਬਾਅਦ 6 ਮਹੀਨਿਆਂ ਤੱਕ ਸੁਰੱਖਿਆ ਦੇਣ ਦਾ ਅਧਿਕਾਰ ਦਿੰਦਾ ਹੈ ਪਰ ਤਤਕਾਲੀ ਰਾਸ਼ਟਰਪਤੀ ਜੋਅ ਬਾਇਡੇਨ ਨੇ ਜਨਵਰੀ 'ਚ ਹੈਰਿਸ ਦੀ ਸੁਰੱਖਿਆ ਨੂੰ 18 ਮਹੀਨਿਆਂ ਤੱਕ ਵਧਾ ਕੇ ਇਕ ਕਾਰਜਕਾਰੀ ਮੈਮੋਰੰਡਮ 'ਤੇ ਦਸਤਖਤ ਕੀਤੇ ਸਨ। ਹੁਣ ਤੱਕ ਟਰੰਪ ਨੇ ਦੂਜੇ ਕਾਰਜਕਾਲ ਦੌਰਾਨ ਆਪਣੇ ਕੁਝ ਸਾਬਕਾ ਅਧਿਕਾਰੀਆਂ 'ਤੇ ਵੀ ਨਿਸ਼ਾਨਾ ਸਾਧਿਆ ਹੈ, ਜਿਨ੍ਹਾਂ 'ਚ ਸਾਬਕਾ ਵਿਦੇਸ਼ ਮੰਤਰੀ ਮਾਈਕ ਪੋਂਪੀਓ ਤੇ ਸਾਬਕਾ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੌਨ ਬੋਲਟਨ ਲਈ ਸੁਰੱਖਿਆ ਵੇਰਵਿਆਂ ਨੂੰ ਹਟਾਉਣਾ ਸ਼ਾਮਲ ਹੈ। ਹੈਰਿਸ ਦੀ ਇਹ ਸੁਰੱਖਿਆ 1 ਸਤੰਬਰ ਨੂੰ ਖਤਮ ਕਰ ਦਿੱਤੀ ਗਈ।

# ਡੋਨਾਲਡ ਟਰੰਪ ਨੇ ਦਿੱਲੀ ਦਾ ਦੌਰਾ ਕੀਤਾ ਰੱਦ

ਵਾਸ਼ਿੰਗਟਨ, (ਰਾਜ ਗੋਗਨਾ) : ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੂਜੇ ਕਾਰਜਕਾਲ ਲਈ ਅਹੁਦਾ ਸੰਭਾਲਿਆ ਸੀ, ਤਾਂ ਇਹ ਮੰਨਿਆ ਜਾ ਰਿਹਾ ਸੀ ਕਿ ਟਰੰਪ ਅਤੇ ਮੋਦੀ ਦੀ ਦੋਸਤੀ ਕਾਰਨ ਭਾਰਤ-ਅਮਰੀਕਾ ਦੇ ਸਬੰਧ ਹੋਰ ਉਚਾਈਆਂ 'ਤੇ ਜਾਣਗੇ ਪਰ ਪਾਕਿਸਤਾਨ ਵਿਰੁੱਧ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ, ਭਾਰਤ ਅਤੇ ਅਮਰੀਕਾ ਦੇ ਸਬੰਧਾਂ ਵਿੱਚ ਖਟਾਸ ਆਉਣੀ ਸ਼ੁਰੂ ਹੋ ਗਈ, ਜਿਸ ਦਾ ਮੁੱਖ ਕਾਰਨ ਰਾਸ਼ਟਰਪਤੀ ਟਰੰਪ ਦੁਆਰਾ ਨੋਬਲ ਸ਼ਾਂਤੀ ਪੁਰਸਕਾਰ ਲਈ ਪ੍ਰਧਾਨ ਮੰਤਰੀ ਮੋਦੀ ਨੂੰ ਕੀਤਾ ਗਿਆ ਫ਼ੋਨ ਕਾਲ ਸੀ, ਜਿਵੇਂ ਕਿ ਇਕ ਅਮਰੀਕੀ ਅਖਬਾਰ ਨੇ ਖੁਲਾਸਾ ਕੀਤਾ ਹੈ।

ਇੱਕ ਤਾਜ਼ਾ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਅਮਰੀਕੀ ਰਾਸ਼ਟਰਪਤੀ ਹੁਣ ਕਵਾਡ ਸੰਮੇਲਨ ਲਈ ਭਾਰਤ ਨਹੀਂ ਆਉਣਗੇ। ਟਰੰਪ ਨੇ ਸਾਲ ਦੇ ਅੰਤ ਵਿੱਚ ਭਾਰਤ ਦਾ ਦੌਰਾ ਕਰਨਾ ਸੀ। ਰਿਪੋਰਟ ਵਿੱਚ ਕੀਤੇ ਗਏ ਦਾਅਵਿਆਂ 'ਤੇ ਅਮਰੀਕਾ ਅਤੇ ਭਾਰਤ ਦੋਵਾਂ ਸਰਕਾਰਾਂ ਵੱਲੋਂ ਕੋਈ ਅਧਿਕਾਰਤ ਜਵਾਬ ਨਹੀਂ ਦਿੱਤਾ ਗਿਆ ਹੈ। ਰਿਪੋਰਟ ਦੇ ਅਨੁਸਾਰ, ਟਰੰਪ ਨੇ ਪਹਿਲਾਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੂਚਿਤ ਕੀਤਾ ਸੀ ਕਿ ਉਹ ਸਾਲ ਦੇ ਅੰਤ ਤੱਕ ਭਾਰਤ ਦਾ ਦੌਰਾ ਕਰਨਗੇ, ਪਰ ਹੁਣ ਉਨ੍ਹਾਂ ਨੇ ਯੋਜਨਾ ਰੱਦ ਕਰ ਦਿੱਤੀ ਹੈ। ਇਸ ਰਿਪੋਰਟ ਵਿੱਚ ਕੀਤੇ ਗਏ ਦਾਅਵਿਆਂ 'ਤੇ ਅਮਰੀਕਾ ਅਤੇ ਭਾਰਤ ਦੋਵਾਂ ਸਰਕਾਰਾਂ ਵੱਲੋਂ ਕੋਈ ਅਧਿਕਾਰਤ ਜਵਾਬ ਨਹੀਂ ਦਿੱਤਾ ਗਿਆ ਹੈ। ਦਰਅਸਲ, ਭਾਰਤ ਇਸ ਸਾਲ ਦੇ ਅੰਤ ਵਿੱਚ ਕਵਾਡ ਸੰਮੇਲਨ ਦਾ



ਆਯੋਜਨ ਕਰਨ ਜਾ ਰਿਹਾ ਹੈ। ਇਸ ਤੋਂ ਪਹਿਲਾਂ, ਟਰੰਪ ਪ੍ਰਸ਼ਾਸਨ ਨੇ ਜਨਵਰੀ ਵਿੱਚ ਕਵਾਡ ਵਿਦੇਸ਼ ਮੰਤਰੀਆਂ ਦੀ ਮੀਟਿੰਗ ਦਾ ਆਯੋਜਨ ਕੀਤਾ ਸੀ, ਜਦੋਂ ਟਰੰਪ ਨੇ ਆਪਣਾ ਦੂਜਾ ਰਾਸ਼ਟਰਪਤੀ ਕਾਰਜਕਾਲ ਸ਼ੁਰੂ ਕੀਤਾ ਸੀ। ਅਮਰੀਕੀ ਅਖ਼ਬਾਰ ਦੀ ਇੱਕ ਰਿਪੋਰਟ ਦੇ ਅਨੁਸਾਰ, ਆਪ੍ਰੇਸ਼ਨ ਸਿੰਦੂਰ ਤੋਂ ਬਾਅਦ, ਰਾਸ਼ਟਰਪਤੀ ਟਰੰਪ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਸ਼ਾਂਤੀ ਲਿਆਉਣ ਦਾ ਦਾਅਵਾ ਕੀਤਾ। ਇਸ ਤੋਂ ਬਾਅਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ-7 ਮੀਟਿੰਗ ਲਈ ਕੈਨੇਡਾ ਪਹੁੰਚੇ। ਇਸ ਸਮੇਂ, 17 ਜੂਨ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫ਼ੋਨ ਕੀਤਾ। ਦੋਵਾਂ ਆਗੂਆਂ ਨੇ ਲਗਭਗ 35 ਮਿੰਟ ਗੱਲਬਾਤ ਕੀਤੀ। ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਕਿਹਾ ਕਿ ਪਾਕਿਸਤਾਨ ਉਨ੍ਹਾਂ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕਰਨ ਜਾ ਰਿਹਾ ਹੈ। ਭਾਰਤ ਨੂੰ ਵੀ ਉਨ੍ਹਾਂ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕਰਨਾ ਚਾਹੀਦਾ ਹੈ। ਪਰ ਪ੍ਰਧਾਨ ਮੰਤਰੀ ਮੋਦੀ ਨੇ ਟੈਲੀਫੋਨ 'ਤੇ ਟਰੰਪ ਦੇ ਇਸ ਬਿਆਨ ਨੂੰ ਸਪੱਸ਼ਟ ਤੌਰ 'ਤੇ ਨਕਾਰ ਦਿੱਤਾ।

ਅਖਬਾਰ ਨੇ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਵ੍ਹਾਈਟ ਹਾਊਸ ਸੱਦਾ ਦਿੱਤਾ ਸੀ। ਕਿਉਂਕਿ ਉਸ ਸਮੇਂ ਪਾਕਿਸਤਾਨੀ ਫੌਜ ਮੁਖੀ ਜਨਰਲ ਅਸੀਮ ਮੁਨੀਰ ਵੀ ਵ੍ਹਾਈਟ ਹਾਊਸ ਵਿਖੇ ਇੱਕ ਪ੍ਰੋਗਰਾਮ ਵਿੱਚ ਟਰੰਪ ਨਾਲ ਸ਼ਾਮਲ ਹੋਣ ਵਾਲੇ ਸਨ। ਟਰੰਪ ਚਾਹੁੰਦੇ ਸਨ ਕਿ ਵ੍ਹਾਈਟ ਹਾਊਸ ਵਿੱਚ ਇੱਕ ਪ੍ਰੋਗਰਾਮ ਹੋਵੇ ਜਿਸ ਵਿੱਚ ਪ੍ਰਧਾਨ ਮੰਤਰੀ ਮੋਦੀ ਅਤੇ ਅਸੀਮ ਮੁਨੀਰ ਹੱਥ ਮਿਲਾਉਣ ਅਤੇ ਇਸ ਨੂੰ ਅੰਤਰਰਾਸ਼ਟਰੀ ਮੀਡੀਆ ਵਿੱਚ ਅਮਰੀਕਾ ਦੀ ਜਿੱਤ ਵਜੋਂ ਪ੍ਰਚਾਰਿਆ ਜਾਵੇ। ਪਰ ਟਰੰਪ ਹੈਰਾਨ ਰਹਿ ਗਏ ਜਦੋਂ ਪ੍ਰਧਾਨ ਮੰਤਰੀ ਮੋਦੀ ਨੇ ਵ੍ਹਾਈਟ ਹਾਊਸ ਆਉਣ ਦਾ ਸੱਦਾ ਠੁਕਰਾ ਦਿੱਤਾ। ਪੀਐਮ ਮੋਦੀ ਨੇ ਟਰੰਪ ਨੂੰ ਫ਼ੋਨ 'ਤੇ ਸਪੱਸ਼ਟ ਤੌਰ 'ਤੇ ਦੱਸਿਆ ਸੀ ਕਿ ਪਾਕਿਸਤਾਨ ਨਾਲ ਜੰਗਬੰਦੀ ਵਿੱਚ ਨਾ ਤਾਂ ਉਨ੍ਹਾਂ ਦੀ ਅਤੇ ਨਾ ਹੀ ਅਮਰੀਕਾ ਦੀ ਕੋਈ ਭੂਮਿਕਾ ਹੈ। ਇਹ ਜੰਗਬੰਦੀ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਿੱਧੇ ਸੰਪਰਕ ਰਾਹੀਂ ਕੀਤੀ ਗਈ ਸੀ। ਪੀ.ਐੱਮ. ਮੋਦੀ ਦੇ ਸ਼ਬਦਾਂ ਨਾਲ ਟਰੰਪ ਗੁੱਸੇ ਹੋ ਗਏ। ਉਸ ਤੋਂ ਬਾਅਦ, ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਗੱਲਬਾਤ ਵੀ ਟੁੱਟ ਗਈ। ਇਸ ਤੋਂ ਇਲਾਵਾ, ਟਰੰਪ ਨੇ ਭਾਰਤ 'ਤੇ 50 ਫੀਸਦੀ ਦਾ ਵੱਡਾ ਟੈਰਿਫ ਲਾ ਦਿੱਤਾ।

# ਅਮਰੀਕਾ ਜਾਣ ਤੇ ਲੱਗੇਗੀ 250 ਡਾਲਰ ਦੀ ਨਵੀਂ ਵੀਜ਼ਾ ਫੀਸ

ਵਾਸ਼ਿੰਗਟਨ: ਟਰੰਪ ਪ੍ਰਸ਼ਾਸਨ ਨੇ ਵਿਦੇਸ਼ਾਂ ਤੋਂ ਅਮਰੀਕਾ ਆਉਣ ਵਾਲੇ ਲੋਕਾਂ ਲਈ ਵੀਜ਼ਾ ਪ੍ਰਕਿਰਿਆ ਨੂੰ ਹੋਰ ਸਖ਼ਤ ਕਰ ਦਿੱਤਾ ਹੈ। ਹੁਣ 1 ਅਕਤੂਬਰ, 2025 ਤੋਂ, ਵਿਦੇਸ਼ੀ ਯਾਤਰੀਆਂ ਨੂੰ ਅਮਰੀਕੀ ਵੀਜ਼ਾ ਪ੍ਰਾਪਤ ਕਰਨ ਲਈ $250 (ਲਗਭਗ ਰੁ. 20,800) ਦੀ ਨਵੀਂ ਫੀਸ ਦੇਣੀ ਪਵੇਗੀ। ਇਸ ਫੀਸ ਨੂੰ 'ਵੀਜ਼ਾ ਇੰਟੈਗਰਿਟੀ ਫੀਸ' ਕਿਹਾ ਗਿਆ ਹੈ ਅਤੇ ਇਸਨੂੰ 'ਵਨ ਬਿਗ ਬਿਊਟੀਫੁੱਲ ਬਿੱਲ' ਦੇ ਤਹਿਤ ਲਾਗੂ ਕੀਤਾ ਗਿਆ ਹੈ। ਇਸ ਨਵੀਂ ਫੀਸ ਦਾ ਉਨ੍ਹਾਂ ਦੇਸ਼ਾਂ 'ਤੇ ਜ਼ਿਆਦਾ ਪ੍ਰਭਾਵ ਪਵੇਗਾ ਜੋ ਵੀਜ਼ਾ-ਛੋਟ ਪ੍ਰੋਗਰਾਮ ਦਾ ਹਿੱਸਾ ਨਹੀਂ ਹਨ, ਜਿਵੇਂ ਕਿ:
ਮੈਕਸੀਕੋ, ਚੀਨ,ਬ੍ਰਾਜ਼ੀਲ

ਇਨ੍ਹਾਂ ਦੇਸ਼ਾਂ ਦੇ ਨਾਗਰਿਕਾਂ ਨੂੰ ਹੁਣ ਵੀਜ਼ਾ ਫੀਸ ਦੇ ਨਾਲ ਕੁੱਲ $442 (ਰੁ. 36,800) ਦਾ ਭੁਗਤਾਨ ਕਰਨਾ ਪਵੇਗਾ।

ਅੰਤਰਰਾਸ਼ਟਰੀ ਯਾਤਰਾ ਦੀ ਨਿਗਰਾਨੀ ਕਰਨ ਵਾਲੀਆਂ ਏਜੰਸੀਆਂ ਦੇ ਅਨੁਸਾਰ, ਅਮਰੀਕਾ ਆਉਣ ਵਾਲੇ ਵਿਦੇਸ਼ੀ ਯਾਤਰੀਆਂ ਦੀ ਗਿਣਤੀ ਪਹਿਲਾਂ ਹੀ ਘਟ ਰਹੀ ਹੈ।

ਜੁਲਾਈ ਵਿੱਚ, ਅਮਰੀਕਾ ਆਉਣ ਵਾਲੇ ਵਿਦੇਸ਼ੀ ਯਾਤਰੀਆਂ ਦੀ ਗਿਣਤੀ ਵਿੱਚ 3.1% ਦੀ ਗਿਰਾਵਟ ਆਈ ਸੀ।

2025 ਵਿੱਚ ਅੰਤਰਰਾਸ਼ਟਰੀ ਸੈਰ-ਸਪਾਟਾ ਮਾਲੀਆ ਘਟ ਕੇ $169 ਬਿਲੀਅਨ ਹੋਣ ਦਾ ਅਨੁਮਾਨ ਹੈ, ਜੋ ਕਿ 2024 ਵਿੱਚ $181 ਬਿਲੀਅਨ ਸੀ। ਅਮਰੀਕਾ ਆਉਣ ਵਾਲੇ ਸਮੇਂ ਵਿੱਚ ਕਈ ਵੱਡੇ ਅੰਤਰਰਾਸ਼ਟਰੀ ਸਮਾਗਮਾਂ ਦੀ ਮੇਜ਼ਬਾਨੀ ਕਰਨ ਲਈ ਤਿਆਰ ਹੈ:

ਅਮਰੀਕਾ 250 ਜਸ਼ਨ (ਅਮਰੀਕਾ ਦੀ ਆਜ਼ਾਦੀ ਦੇ 250 ਸਾਲ), ਓਲੰਪਿਕ ਖੇਡਾਂ, ਫੀਫਾ ਵਿਸ਼ਵ ਕੱਪ

ਪਰ ਮਾਹਰਾਂ ਦਾ ਕਹਿਣਾ ਹੈ ਕਿ ਅਜਿਹੀਆਂ ਫੀਸਾਂ ਅਤੇ ਨਿਯਮਾਂ ਨਾਲ ਸੈਲਾਨੀਆਂ ਦੀ ਗਿਣਤੀ ਵਿੱਚ ਹੋਰ ਗਿਰਾਵਟ ਆ ਸਕਦੀ ਹੈ। ਇੱਕ ਯਾਤਰਾ ਕੰਪਨੀ ਅਲਟੌਰ ਦੇ ਪ੍ਰਧਾਨ ਗੇਬ




ਰਿਜ਼ੀ ਕਹਿੰਦੇ ਹਨ, 'ਜੇ ਅਸੀਂ ਯਾਤਰਾ ਨੂੰ ਹੋਰ ਗੁੰਝਲਦਾਰ ਬਣਾਉਂਦੇ ਹਾਂ, ਤਾਂ ਇਹ ਯਕੀਨੀ ਤੌਰ 'ਤੇ ਯਾਤਰਾ ਕਰਨ ਵਾਲੇ ਲੋਕਾਂ ਦੀ ਗਿਣਤੀ ਨੂੰ ਪ੍ਰਭਾਵਤ ਕਰੇਗਾ।'

ਸਿਰਫ ਅਮਰੀਕਾ ਹੀ ਨਹੀਂ, ਸਗੋਂ ਦੁਨੀਆ ਭਰ ਦੇ ਦੇਸ਼ ਹੁਣ ਸੈਰ-ਸਪਾਟੇ ਨੂੰ ਨਿਯਮਤ ਕਰਨ ਲਈ ਨਵੀਆਂ ਫੀਸਾਂ ਅਤੇ ਸਖ਼ਤ ਨਿਯਮ ਪੇਸ਼ ਕਰ ਰਹੇ ਹਨ। ਯੂਕੇ ਨੇ ਹਾਲ ਹੀ ਵਿੱਚ ਇੱਕ ਨਵਾਂ ETA (ਇਲੈਕਟ੍ਰਾਨਿਕ ਯਾਤਰਾ ਅਧਿਕਾਰ) ਸਿਸਟਮ ਪੇਸ਼ ਕੀਤਾ ਹੈ। ਇਸ ਵਿੱਚ, ਯਾਤਰੀਆਂ ਨੂੰ ਔਨਲਾਈਨ ਪ੍ਰਵਾਨਗੀ ਪ੍ਰਾਪਤ ਕਰਨ ਲਈ ਲਗਭਗ $13 (ਰੁ. 1,000) ਦਾ ਭੁਗਤਾਨ ਕਰਨਾ ਪਵੇਗਾ, ਜੋ ਉਨ੍ਹਾਂ ਦੇ ਪਾਸਪੋਰਟ ਨਾਲ ਜੁੜਿਆ ਹੋਵੇਗਾ।

ਵਿਦਿਆਰਥੀ ਅਤੇ ਮੀਡੀਆ ਵੀਜ਼ਿਆਂ 'ਤੇ ਵੀ ਨਿਗਰਾਨੀ।

ਇਸ ਦੇ ਨਾਲ ਹੀ, ਟਰੰਪ ਪ੍ਰਸ਼ਾਸਨ ਨੇ ਇੱਕ ਹੋਰ ਨਿਯਮ ਪ੍ਰਸਤਾਵਿਤ ਕੀਤਾ ਹੈ:

ਹੁਣ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ 4 ਸਾਲਾਂ ਲਈ ਅਮਰੀਕਾ ਵਿੱਚ ਰਹਿਣ ਦੀ ਇਜਾਜ਼ਤ ਹੋਵੇਗੀ।

ਸੱਭਿਆਚਾਰਕ ਆਦਾਨ-ਪ੍ਰਦਾਨ ਅਤੇ ਮੀਡੀਆ ਵੀਜ਼ਿਆਂ ਦੀ ਮਿਆਦ ਵੀ ਸੀਮਤ ਹੋਵੇਗੀ। ਸਰਕਾਰ ਦਾ ਕਹਿਣਾ ਹੈ ਕਿ ਇਹ ਕਦਮ 'ਵੀਜ਼ਾ ਦੁਰਵਰਤੋਂ ਨੂੰ ਰੋਕਣ' ਅਤੇ ਵਿਦੇਸ਼ੀ ਨਾਗਰਿਕਾਂ ਦੀ ਨਿਗਰਾਨੀ ਵਧਾਉਣ ਲਈ ਚੁੱਕੇ ਜਾ ਰਹੇ ਹਨ।

# ਅਟਾਰਨੀ ਜਸਪ੍ਰੀਤ ਸਿੰਘ ਤੇ ਸਿੱਖ ਭਾਈਚਾਰੇ ਵਲੋਂ ਟਰੰਪ ਦੇ ਸੀਨੀਅਰ ਸਲਾਹਕਾਰ ਰਿਚਰਡ ਗ੍ਰੇਨੇਲ ਨਾਲ ਮੁਲਾਕਾਤ

ਸਾਨ ਫਰਾਂਸਿਸਕੋ : ਅਮਰੀਕਾ ਦੇ ਨਾਮੀ ਇਮੀਗ੍ਰੇਸ਼ਨ ਮਾਮਲਿਆਂ ਦੇ ਮਾਹਿਰ ਤੇ ਸਿੱਖ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਰਾਸ਼ਟਰਪਤੀ ਟਰੰਪ ਦੇ ਸੀਨੀਅਰ ਸਲਾਹਕਾਰ ਅਤੇ ਵਿਸ਼ੇਸ਼ ਰਾਸ਼ਟਰਪਤੀ ਰਾਜਦੂਤ ਰਿਚਰਡ ਗ੍ਰੇਨੇਲ ਹਾਲ ਹੀ ਵਿਚ ਉਨ੍ਹਾਂ ਦੇ ਸੈਕਰਾਮੈਂਟੋ ਸਥਿਤ ਦਫ਼ਤਰ 'ਚ ਉਚੇਚਾ ਆਏ, ਜਿਨ੍ਹਾਂ ਨਾਲ ਵਰਤਮਾਨ ਹਾਲਾਤ 'ਤੇ ਗੱਲਬਾਤ ਕਰਨ ਦਾ ਸਮਾਂ ਮਿਲਿਆ। ਇਸ ਮੌਕੇ ਸਿੱਖ ਅਟਾਰਨੀ ਦੇ ਯਤਨਾਂ ਨਾਲ ਸੈਕਰਾਮੈਂਟੋ ਅਤੇ ਸਟਾਕਟਨ ਦੇ ਸਿੱਖ ਆਗੂਆਂ ਨੂੰ ਉਨ੍ਹਾਂ ਨਾਲ ਮਿਲਣ ਲਈ ਉਚੇਚਾ ਪ੍ਰਬੰਧ ਕੀਤਾ ਗਿਆ ਤੇ ਟਰੱਕ ਡਰਾਈਵਰ ਹਰਜਿੰਦਰ ਸਿੰਘ ਦੇ ਮਾਮਲੇ ਅਤੇ ਹੋਰ ਸਿੱਖ ਡਰਾਈਵਰਾਂ ਵਿਰੁੱਧ ਨਸਲੀ ਪ੍ਰੋਫਾਈਲਿੰਗ ਅਤੇ ਵਿਤਕਰੇ ਬਾਰੇ ਪੈਦਾ ਹੋਈਆਂ ਚਿੰਤਾਵਾਂ ਬਾਰੇ ਗੱਲਬਾਤ ਕੀਤੀ। ਇਸ ਮਾਮਲੇ ਵਿਚ ਰਿਚਰਡ ਗ੍ਰੇਨੇਲ ਨੇ ਹਰ ਸੰਭਵ ਮਦਦ ਦਾ ਭਰੋਸਾ ਵੀ ਦਿੱਤਾ । ਬਾਅਦ ਵਿਚ ਗ੍ਰੇਨੇਲ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਐਕਸ' 'ਤੇ ਸਾਂਝੀ ਕੀਤੀ ਪੋਸਟ 'ਚ



ਵੀ ਕਿਹਾ ਕਿ ਮੈਂ ਇਸ ਹਫ਼ਤੇ ਦੇ ਸ਼ੁਰੂ ਵਿਚ ਸੈਕਰਾਮੈਂਟੋ ਵਿਚ ਸਿੱਖ ਦੋਸਤਾਂ ਦੇ ਇਕ ਜ਼ਿੰਮੇਵਾਰ ਸਮੂਹ ਨਾਲ ਗੱਲ ਕੀਤੀ ਸੀ । ਮੈਨੂੰ ਇਹ ਨਹੀਂ ਲੱਗਿਆ ਸੀ ਕਿ ਫਲੋਰੀਡਾ ਦੁਖਾਂਤ ਜਿਥੇ ਇਕ ਪਰਿਵਾਰ ਨੇ ਕਾਨੂੰਨ ਦੀ ਪਾਲਣਾ ਨਾ ਕਰਨ ਵਾਲੇ ਇਕ ਗੈਰ-ਜ਼ਿੰਮੇਵਾਰ ਟਰੱਕ ਡਰਾਈਵਰ ਤੋਂ ਆਪਣੀਆਂ ਜਾਨਾਂ ਗੁਆ ਦਿੱਤੀਆਂ, ਮੇਰੇ ਦੋਸਤਾਂ ਨੂੰ ਇੰਨਾ ਪ੍ਰਭਾਵਿਤ ਕਰੇਗਾ... ਪਰ ਇਹ ਹੋਇਆ ਹੈ । ਉਹ ਗੁੱਸੇ ਵਿਚ ਤੇ ਉਦਾਸ ਹਨ ਜਦੋਂ ਕਿ ਖੁਦ ਤਾਅਨਿਆਂ ਅਤੇ ਜ਼ੁਬਾਨੀ ਹਮਲਿਆਂ ਦਾ ਸਾਹਮਣਾ ਵੀ ਕਰ ਰਹੇ ਹਨ ਕਿਉਂਕਿ ਫਲੋਰੀਡਾ ਡਰਾਈਵਰ ਵੀ ਇਕ ਸਿੱਖ ਸੀ । ਇਸ ਤਰ੍ਹਾਂ ਦਾ ਵਿਵਹਾਰ ਗੈਰ-ਅਮਰੀਕੀ ਹੈ।

# ਹੜ੍ਹ ਪ੍ਰਭਾਵਿਤ ਲੋੜਵੰਦਾਂ ਦੀ ਸਹਾਇਤਾ ਲਈ ਅੱਗੇ ਆਓ

ਪੰਜਾਬ ਅਤੇ ਇਸ ਦੇ ਗੁਆਂਢੀ ਰਾਜਾਂ ਹਿਮਾਚਲ, ਜੰਮੂ ਕਸ਼ਮੀਰ ਅਤੇ ਉੱਤਰਾਖੰਡ ਵਿਚ ਪਿਛਲੇ ਕਈ ਦਿਨਾਂ ਤੋਂ ਹੋ ਰਹੀਆਂ ਲਗਾਤਾਰ ਬਾਰਿਸ਼ਾਂ ਕਾਰਨ ਪੈਦਾ ਹੋਇਆ ਸੰਤਾਪ ਘਟਣ ਦੀ ਬਜਾਏ ਹੋਰ ਵੀ ਵਧਦਾ ਨਜ਼ਰ ਆ ਰਿਹਾ ਹੈ। ਬਾਰਿਸ਼ਾਂ ਅਜੇ ਵੀ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਇਸ ਕਾਰਨ ਪਹਾੜਾਂ ਤੋਂ ਮੈਦਾਨਾਂ ਵੱਲ ਪਾਣੀ ਦਾ ਵਹਾਅ ਵਧਣਾ ਲਾਜ਼ਮੀ ਹੈ। ਇਸੇ ਕਾਰਨ ਡੈਮਾਂ ਵਿਚੋਂ ਵੀ ਵਧੇਰੇ ਪਾਣੀ ਛੱਡਿਆ ਜਾ ਰਿਹਾ ਹੈ। ਬਿਨਾਂ ਸ਼ੱਕ ਉਪਰੋਕਤ ਸਾਰੇ ਰਾਜਾਂ ਵਿਚ ਲੋਕਾਂ ਦਾ ਚੋਖਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਇਨ੍ਹਾਂ ਰਾਜਾਂ ਦੇ ਬੁਨਿਆਦੀ ਢਾਂਚੇ ਸੜਕਾਂ, ਬੰਨ੍ਹਾਂ, ਪੁਲਾਂ ਅਤੇ ਲੋਕਾਂ ਦੇ ਘਰਾਂ ਤੇ ਵਪਾਰਕ ਅਦਾਰਿਆਂ ਦਾ ਵੀ ਵੱਡਾ ਨੁਕਸਾਨ ਹੋਇਆ ਹੈ।

ਜੇ ਪੰਜਾਬ ਦੀ ਗੱਲ ਕਰੀਏ ਤਾਂ ਪ੍ਰਾਪਤ ਹੋਈਆਂ ਤਾਜ਼ਾ ਖ਼ਬਰਾਂ ਦੇ ਅਨੁਸਾਰ ਇਸ ਦੇ ਪ੍ਰਭਾਵਿਤ ਹੋਏ ਜ਼ਿਲ੍ਹਿਆਂ ਦੀ ਗਿਣਤੀ 9 ਤੱਕ ਪਹੁੰਚ ਗਈ ਹੈ ਅਤੇ 1300 ਤੋਂ ਵੱਧ ਪਿੰਡ ਪਾਣੀ ਵਿਚ ਡੁੱਬ ਗਏ ਹਨ। ਹੜ੍ਹ ਕਾਰਨ ਮਰਨ ਵਾਲੇ ਲੋਕਾਂ ਦੀ ਗਿਣਤੀ ਵੀ 2 ਦਰਜਨ ਤੋਂ ਵਧ ਗਈ ਹੈ। ਸਥਾਨਕ ਪ੍ਰਸ਼ਾਸਨ ਤੋਂ ਇਲਾਵਾ ਥਲ ਸੈਨਾ, ਜਲ ਸੈਨਾ, ਐਨ.ਡੀ.ਆਰ.ਐਫ. ਵਲੋਂ ਹੜ੍ਹਾਂ ਵਿਚ ਘਿਰੇ ਲੋਕਾਂ ਨੂੰ ਸੁਰੱਖਿਅਤ ਕੱਢਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਧਾਰਮਿਕ ਤੇ ਸਮਾਜਿਕ ਸੰਸਥਾਵਾਂ ਵਲੋਂ ਵੱਖ-ਵੱਖ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿਚ ਬਣਾਏ ਗਏ ਕੈਂਪਾਂ ਵਿਚ ਲੋਕਾਂ ਨੂੰ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ। ਜਿਨ੍ਹਾਂ ਲੋਕਾਂ ਨੂੰ ਅਜੇ ਤੱਕ ਹੜ੍ਹ ਮਾਰੇ ਪਿੰਡਾਂ ਵਿਚੋਂ ਨਹੀਂ ਕੱਢਿਆ ਜਾ ਸਕਿਆ ਜਾਂ ਉਹ ਆਪਣੇ ਘਰਾਂ ਦੀਆਂ ਛੱਤਾਂ 'ਤੇ ਬੈਠੇ ਹਨ, ਉਨ੍ਹਾਂ ਤੱਕ ਵੀ ਰਾਹਤ ਸਮੱਗਰੀ ਪਹੁੰਚਾਉਣ ਲਈ ਸਰਕਾਰੀ ਤੇ ਗੈਰ-ਸਰਕਾਰੀ ਸੰਸਥਾਵਾਂ ਵਲੋਂ ਯਤਨ ਕੀਤੇ ਜਾ ਰਹੇ ਹਨ। ਹੁਣ



ਤਾਂ ਇਹ ਵੀ ਕਿਹਾ ਜਾਣ ਲੱਗਿਆ ਹੈ ਕਿ ਇਹ ਨੁਕਸਾਨ 1988 ਵਿਚ ਆਏ ਹੜ੍ਹਾਂ ਤੋਂ ਵੀ ਵਧੇਰੇ ਵਿਆਪਕ ਹੋ ਗਿਆ ਹੈ। ਪ੍ਰਭਾਵਿਤ ਲੋਕਾਂ ਨੂੰ ਰਾਹਤ ਪਹੁੰਚਾਉਣ ਅਤੇ ਉਨ੍ਹਾਂ ਦੇ ਪੁਨਰ-ਵਸੇਬੇ ਲਈ ਆਉਣ ਵਾਲੇ ਸਮੇਂ ਵਿਚ ਸਾਰਿਆਂ ਨੂੰ ਮਿਲ ਕੇ ਲੰਮੇ ਸਮੇਂ ਤੱਕ ਯਤਨ ਕਰਨੇ ਪੈਣਗੇ।

ਇਸੇ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਪੰਜਾਬ, ਹਿਮਾਚਲ, ਉੱਤਰਾਖੰਡ ਅਤੇ ਜੰਮੂ ਕਸ਼ਮੀਰ ਵਿਚ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਕੇਂਦਰੀ ਟੀਮਾਂ ਦਾ ਗਠਨ ਕਰਨ ਦਾ ਐਲਾਨ ਕੀਤਾ ਹੈ। ਆਉਣ ਵਾਲੇ ਦਿਨਾਂ ਵਿਚ ਬਣਾਈਆਂ ਗਈਆਂ ਇਹ ਕੇਂਦਰੀ ਟੀਮਾਂ ਵੱਖ-ਵੱਖ ਰਾਜਾਂ ਦਾ ਦੌਰਾ ਕਰ ਕੇ ਹੋਏ ਨੁਕਸਾਨ ਸੰਬੰਧੀ ਕੇਂਦਰ ਸਰਕਾਰ ਨੂੰ ਰਿਪੋਰਟਾਂ ਦੇਣਗੀਆਂ। ਸ੍ਰੀ ਅਮਿਤ ਸ਼ਾਹ ਨੇ ਖ਼ੁਦ ਵੀ ਜੰਮੂ-ਕਸ਼ਮੀਰ ਦਾ ਦੌਰਾ ਕਰਨ ਦਾ ਐਲਾਨ ਕੀਤਾ ਹੈ। ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਇਕ ਪੱਤਰ ਲਿਖ ਕੇ ਪੰਜਾਬ ਸਰਕਾਰ ਦੇ ਕੇਂਦਰ ਵਲੋਂ ਵੱਖ-ਵੱਖ ਕਾਰਨਾਂ ਕਰਕੇ ਪਹਿਲਾਂ ਰੋਕੇ ਗਏ 60,000 ਕਰੋੜ ਦੇ ਫੰਡ, ਜਿਨ੍ਹਾਂ ਵਿਚ ਪੇਂਡੂ ਵਿਕਾਸ ਫੰਡ (ਆਰ.ਡੀ.ਐਫ.), ਮਾਰਕੀਟ ਵਿਕਾਸ ਫੰਡ (ਐਮ.ਡੀ.ਐਫ.) ਅਤੇ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਪੈਸੇ ਸ਼ਾਮਿਲ ਹਨ, ਜਾਰੀ ਕਰਨ ਦੀ ਬੇਨਤੀ ਕੀਤੀ ਹੈ। ਇਸ ਤੋਂ ਪਹਿਲਾਂ ਪੰਜਾਬ ਭਾਜਪਾ ਦੇ ਪ੍ਰਧਾਨ ਸ੍ਰੀ ਸੁਨੀਲ ਜਾਖੜ ਨੇ ਵੀ ਪ੍ਰਧਾਨ ਮੰਤਰੀ ਨੂੰ ਪੰਜਾਬ ਵਿਚ ਹੜ੍ਹਾਂ ਦੇ ਹੋਏ ਨੁਕਸਾਨ ਨੂੰ ਮੁੱਖ ਰੱਖਦਿਆਂ ਕੇਂਦਰੀ ਟੀਮਾਂ ਭੇਜਣ ਅਤੇ ਲੋਕਾਂ ਦੀ ਸਹਾਇਤਾ ਕਰਨ ਲਈ ਇਕ ਪੱਤਰ ਲਿਖਿਆ ਸੀ।

ਇਸ ਸੰਦਰਭ ਵਿਚ ਸਾਡੀ ਵੀ ਇਹ ਰਾਇ ਹੈ ਕਿ ਕੇਂਦਰ ਸਰਕਾਰ ਨੂੰ ਪੰਜਾਬ, ਹਿਮਾਚਲ, ਉੱਤਰਾਖੰਡ ਅਤੇ ਜੰਮੂ-ਕਸ਼ਮੀਰ ਵਿਚ ਆਏ ਹੜ੍ਹਾਂ ਅਤੇ ਇਨ੍ਹਾਂ ਕਾਰਨ ਹੋਏ ਵੱਡੇ ਨੁਕਸਾਨ ਨੂੰ ਪੂਰੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਇਨ੍ਹਾਂ ਰਾਜਾਂ ਦੀਆਂ ਸਰਕਾਰਾਂ ਨਾਲ ਸੰਪਰਕ ਵਿਚ ਰਹਿ ਕੇ ਹਰ ਢੰਗ ਨਾਲ ਇਨ੍ਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਬਿਹਤਰ ਇਹ ਹੋਵੇਗਾ ਕਿ ਕੇਂਦਰ ਸਰਕਾਰ ਇਨ੍ਹਾਂ ਰਾਜਾਂ ਵਿਚ ਆਏ ਹੜ੍ਹਾਂ ਨੂੰ ਕੌਮੀ ਸੰਕਟ ਐਲਾਨਣ ਦਾ ਫ਼ੈਸਲਾ ਕਰੇ ਤਾਂ ਜੋ ਹੜ੍ਹ ਪੀੜਤ ਰਾਜਾਂ ਨੂੰ ਸਹਾਇਤਾ ਦੇਣ ਦੇ ਰਾਹ ਵਿਚ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਤਕਨੀਕੀ ਰੁਕਾਵਟ ਨਾ ਆਵੇ ਅਤੇ ਪੀੜਤ ਲੋਕਾਂ ਨੂੰ ਵੱਧ ਤੋਂ ਵੱਧ ਸਹਾਇਤਾ ਮਿਲ ਸਕੇ। ਪਿਛਲੇ ਦਿਨੀਂ ਹਿਮਾਚਲ ਵਿਧਾਨ ਸਭਾ ਨੇ ਵੀ ਸਰਬ-ਸੰਮਤੀ ਨਾਲ ਮਤਾ ਪਾਸ ਕਰਕੇ ਅਜਿਹੀ ਹੀ ਮੰਗ ਕੀਤੀ ਸੀ।

ਇਸ ਸਮੇਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਜਿਥੇ ਹਰ ਪੱਖ ਤੋਂ ਰਾਹਤ ਅਤੇ ਸਹਾਇਤਾ ਦਿੱਤੇ ਜਾਣ ਦੀ ਲੋੜ ਹੈ ਉਥੇ ਉਨ੍ਹਾਂ ਦਾ ਮਨੋਬਲ ਉੱਚਾ ਬਣਾਈ ਰੱਖਣ ਲਈ ਵੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵਲੋਂ ਵਿਸ਼ੇਸ਼ ਤੌਰ 'ਤੇ ਬਿਆਨ ਜਾਰੀ ਕਰ ਕੇ ਪ੍ਰਭਾਵਿਤ ਲੋਕਾਂ ਨੂੰ ਇਹ ਭਰੋਸਾ ਦਿਵਾਉਣਾ ਚਾਹੀਦਾ ਹੈ ਕਿ ਕੇਂਦਰ ਸਰਕਾਰ ਪੂਰੀ ਤਰ੍ਹਾਂ ਉਨ੍ਹਾਂ ਦੇ ਨਾਲ ਹੈ ਅਤੇ ਹਰ ਸੰਭਵ ਢੰਗ ਨਾਲ ਉਨ੍ਹਾਂ ਦੀ ਮਦਦ ਕੀਤੀ ਜਾਵੇਗੀ। ਅਜਿਹਾ ਕਰਨਾ ਇਸ ਲਈ ਬੇਹੱਦ ਜ਼ਰੂਰੀ ਹੈ ਕਿਉਂਕਿ ਸੈਂਕੜੇ ਪਿੰਡ ਜਿਹੜੇ ਪਾਣੀ ਵਿਚ ਡੁੱਬ ਗਏ ਹਨ, ਉਥੇ ਬਹੁਤ ਸਾਰੇ ਲੋਕ ਆਪਣਾ ਜ਼ਰੂਰੀ ਸਾਮਾਨ ਅਤੇ ਮਾਲ ਡੰਗਰ ਵੀ ਬਚਾ ਨਹੀਂ ਸਕੇ। ਉਨ੍ਹਾਂ ਨੂੰ ਖਾਲੀ ਹੱਥੀਂ ਉਥੋਂ ਨਿਕਲਣਾ ਪਿਆ ਹੈ। ਇਸ ਵਿਆਪਕ ਨੁਕਸਾਨ ਕਾਰਨ ਉਹ ਇਕ ਵਾਰ ਫਿਰ ਲੱਖਾਂ ਤੋਂ ਕੱਖਾਂ ਦੇ ਹੋ ਕੇ ਰਹਿ ਗਏ ਹਨ।

ਅਜਿਹੀ ਸਥਿਤੀ ਵਿਚ ਫਸੇ ਲੋਕਾਂ ਦੀ ਮਾਨਸਿਕਤਾ ਨੂੰ ਉਹ ਹੀ ਸਮਝ ਸਕਦੇ ਹਨ, ਜਿਹੜੇ ਇਸ ਸੰਕਟ ਵਿਚੋਂ ਗੁਜ਼ਰਦੇ ਹਨ। ਇਸ ਲਈ ਲੋਕਾਂ ਨੂੰ ਨਾ ਕੇਵਲ ਹਰ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੈ ਸਗੋਂ ਆਪਣੇਪਨ ਦੇ ਅਹਿਸਾਸ ਨਾਲ ਉਨ੍ਹਾਂ ਦੇ ਹੌਸਲੇ ਵਧਾਏ ਜਾਣੇ ਵੀ ਬੇਹੱਦ ਜ਼ਰੂਰੀ ਹਨ। ਇਹ ਚੰਗੀ ਗੱਲ ਹੈ ਕਿ ਵੱਖ-ਵੱਖ ਸੰਸਥਾਵਾਂ ਅਤੇ ਅਦਾਰਿਆਂ ਵਲੋਂ ਲੋਕਾਂ ਨੂੰ ਸਹਾਇਤਾ ਦੇਣ ਲਈ ਰਾਹਤ ਫੰਡ ਚਾਲੂ ਕਰਨ ਦੇ ਫ਼ੈਸਲੇ ਕੀਤੇ ਗਏ ਹਨ। ਸਾਨੂੰ ਪੂਰੀ ਆਸ ਹੈ ਕਿ ਆਉਣ ਵਾਲੇ ਸਮੇਂ ਵਿਚ ਵੀ ਨਾ ਕੇਵਲ ਹੜ੍ਹ ਪ੍ਰਭਾਵਿਤ ਰਾਜਾਂ ਦੇ ਲੋਕ ਸਗੋਂ ਸਮੁੱਚੇ ਤੌਰ 'ਤੇ ਪੂਰਾ ਦੇਸ਼ ਹੜ੍ਹ ਕਾਰਨ ਮੁਸੀਬਤਾਂ ਵਿਚ ਫਸੇ ਲੋਕਾਂ ਦੀ ਸਹਾਇਤਾ ਕਰਨ ਲਈ ਤਤਪਰ ਰਹੇਗਾ। ਸੰਕਟ ਵਿਚ ਘਿਰੇ ਆਪਣੇ ਭੈਣ-ਭਰਾਵਾਂ ਨਾਲ ਇਕਜੁੱਟਤਾ ਦਿਖਾਉਂਦਿਆਂ ਖੜ੍ਹੇ ਹੋਣ ਦਾ ਇਹ ਢੁਕਵਾਂ ਮੌਕਾ ਹੈ।

# ਵੋਟਰ ਸੂਚੀਆਂ ਦੀ ਮਿਆਰੀ ਸੁਧਾਈ ਕਿਵੇਂ ਹੋਵੇ ?

ਮੁੱਖ ਚੋਣ ਕਮਿਸ਼ਨਰ (ਸੀ.ਈ.ਸੀ.) ਨੇ ਪਿਛਲੇ ਦਿਨੀਂ ਐਤਵਾਰ ਨੂੰ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਆਪਣੇ ਜਾਣੇ-ਪਛਾਣੇ ਦਾਅਵੇ ਨੂੰ ਦੁਹਰਾਇਆ ਹੈ ਕਿ ਬਿਹਾਰ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਮੁੜ-ਪੜਤਾਲ (ਐੱਸ.ਆਈ.ਆਰ.) ਸਾਡੀ ਵੋਟਰ ਸੂਚੀ ਦੀਆਂ ਖਾਮੀਆਂ ਨੂੰ ਦੂਰ ਕਰਨ ਦਾ ਇਕਮਾਤਰ ਹੱਲ ਹੈ। ਰਾਹੁਲ ਗਾਂਧੀ ਵਲੋਂ ਮਹਾਦੇਵਪੁਰਾ ਵਿਚ ਵੋਟਰ ਸੂਚੀ ਵਿਚ ਧੋਖਾਧੜੀ ਦਾ ਪਰਦਾਫਾਸ਼ ਕਰਨ ਤੋਂ ਬਾਅਦ ਇਸ ਦਾਅਵੇ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ ਹੈ। ਭਾਜਪਾ ਦੇ ਸੋਸ਼ਲ ਮੀਡੀਆ 'ਤੇ ਸਰਗਰਮ ਸਮਰਥਕਾਂ (ਟ੍ਰੋਲਸ) ਨੇ ਸੋਚਿਆ ਕਿ ਉਨ੍ਹਾਂ ਨੇ ਵਿਰੋਧੀ ਧਿਰ ਦੇ ਨੇਤਾ ਨੂੰ ਜਾਲ ਵਿਚ ਫਸਾ ਲਿਆ ਹੈ। ਉਹ ਵੋਟਰ ਸੂਚੀਆਂ ਵਿਚ ਗਲਤੀਆਂ ਬਾਰੇ ਕਿਵੇਂ ਸ਼ਿਕਾਇਤ ਕਰ ਸਕਦਾ ਹੈ ਅਤੇ 'ਐੱਸ.ਆਈ.ਆਰ.' ਨਾਮਕ ਸਫਾਈ ਮੁਹਿਮ ਦਾ ਸਮਰਥਨ ਕਿਉਂ ਨਹੀਂ ਕੀਤਾ ਜਾ ਰਿਹਾ? ਚੋਣ ਕਮਿਸ਼ਨ. ਨੇ ਜੇਤੂ ਸੁਰ ਕੱਢਦਿਆਂ ਉਕਤ ਤਰਕ ਤੇ ਦਾਅਵੇ ਦੀ ਪਾਲਣਾ ਕੀਤੀ।

ਉਨ੍ਹਾਂ ਸ਼ਾਇਦ 'ਯੈੱਸ ਮਿਨਿਸਟਰ' ਨਹੀਂ ਦੇਖਿਆ ਹੋਵੇਗਾ। ਬੀ.ਬੀ.ਸੀ. ਸੀਰੀਜ਼ ਵਿਚ ਇਸ ਬਨਾਵਟੀ ਤਰਕ ਦੇ ਹਾਸੋਹੀਣੇ ਚਿਤਰਨ ਨੇ ਇਸ ਨੂੰ 'ਰਾਜਨੇਤਾ ਦਾ ਨਿਆਂ ਤਰਕ' ਦਾ ਨਾਂਅ ਦਿੱਤਾ। ਇੱਥੇ ਇਹ ਇਸ ਤਰ੍ਹਾਂ ਹੈ- 'ਪਹਿਲਾ ਸਾਨੂੰ ਕੁਝ ਕਰਨਾ ਚਾਹੀਦਾ ਹੈ, ਦੂਜਾ ਇਹ ਕੁਝ ਹੈ ਅਤੇ ਤੀਜਾ ਇਸ ਲਈ ਸਾਨੂੰ ਇਹ ਕਰਨਾ ਹੋਵੇਗਾ'। ਇੱਥੇ ਤਰਕਪੂਰਨ ਭੁਲੇਖਾ ਇਕ ਬੁਨਿਆਦੀ ਸਵਾਲ ਨਹੀਂ ਪੁੱਛ ਰਿਹਾ ਹੈ: ਕੀ 'ਕੁਝ' ਹੈ ਜੋ ਸਾਨੂੰ ਕਰਨ ਦੀ ਲੋੜ ਹੈ, ਉਹੀ 'ਕੁਝ' ਹੈ ਜੋ ਸਾਡੇ ਸਾਹਮਣੇ ਪੇਸ਼ ਕੀਤਾ ਜਾ ਰਿਹਾ ਹੈ? ਇਹ ਬਿਲਕੁਲ ਉਹੀ ਸਵਾਲ ਹੈ, ਜੋ ਵੋਟਰ ਸੂਚੀ 'ਤੇ ਰਾਹੁਲ ਗਾਂਧੀ ਨੂੰ ਟ੍ਰੋਲ ਕਰਨ ਵਾਲੇ ਨਹੀਂ ਪੁੱਛਦੇ: ਕਿ, ਕੀ 'ਐੱਸ.ਆਈ.ਆਰ.' ਨਾਮਕ 'ਕੁਝ' ਉਹ 'ਕੁਝ' ਹੈ ਜੋ ਵੋਟਰ ਸੂਚੀ ਵਿਚ ਮੌਜੂਦ ਖਾਮੀਆਂ ਤੇ ਧੋਖਾਧੜੀ ਨੂੰ ਠੀਕ ਕਰਨ ਲਈ ਕੀਤੇ ਜਾਣ ਦੀ ਲੋੜ ਹੈ? ਇਸ ਦਾ ਜਵਾਬ ਉਂਝ ਹੀ ਨਹੀਂ ਮੰਨਿਆ ਜਾ ਸਕਦਾ। ਇਹ ਸਾਬਤ ਕਰਨਾ ਹੋਵੇਗਾ ਕਿ ਐੱਸ.ਆਈ.ਆਰ. ਸਾਡੀਆਂ ਵੋਟਰ ਸੂਚੀਆਂ ਨੂੰ ਪ੍ਰਭਾਵਿਤ ਕਰਨ ਵਾਲੀ ਬਿਮਾਰੀ ਦੇ ਲਈ ਸਹੀ ਦਵਾਈ ਹੈ ਜੋ ਬਹੁਤ ਜ਼ਰੂਰੀ ਹੈ। ਪਰ ਚੋਣ ਕਮਿਸ਼ਨ ਨੇ ਅਜਿਹਾ ਨਹੀਂ ਕੀਤਾ। ਆਓ, ਇਸ ਦਲੀਲ ਦੀ ਤਰਕਪੂਰਨ ਜਾਂਚ ਕਰੀਏ, ਨਾ ਕਿ ਚੋਣ ਕਮਿਸ਼ਨ ਵਲੋਂ ਦਿੱਤੇ ਤਰਕ ਤੇ ਬਿਆਨਬਾਜ਼ੀ ਤੱਕ ਸੀਮਤ ਰਹੀਏ।

ਸਭ ਤੋਂ ਪਹਿਲਾਂ ਸਵੀਕਾਰ ਕਰਨਾ ਹੋਵੇਗਾ ਕਿ ਸਾਡੀ ਵੋਟਰ ਸੂਚੀ ਵਿਚ ਗੰਭੀਰ ਖਾਮੀਆਂ ਹਨ। ਜਦਕਿ ਭਾਰਤੀ ਚੋਣ ਪ੍ਰਣਾਲੀ ਸਾਡੀਆਂ ਵੋਟਰ ਸੂਚੀਆਂ ਦੀ 'ਪੂਰਨਤਾ' ਨੂੰ ਬਹੁਤ ਉੱਚ ਪਾਏ ਦੀ ਮੰਨਦੀ ਰਹੀ ਹੈ। ਇਹ ਕੋਈ ਨਵੀਂ ਸਮੱਸਿਆ ਨਹੀਂ ਹੈ ਅਤੇ ਸ਼ਹਿਰੀ ਖੇਤਰਾਂ ਵਿਚ ਖਾਸ ਤੌਰ 'ਤੇ ਹਮੇਸ਼ਾ ਗੰਭੀਰ ਰਹੀ ਹੈ। ਵੱਡੇ ਪੱਧਰ 'ਤੇ ਹੇਰਾਫੇਰੀ, ਧੋਖਾਧੜੀ ਨਾਲ ਨਾਂਅ ਜੋੜਨੇ ਅਤੇ ਨਿਸ਼ਾਨਾ ਬਣਾ ਕੇ ਕੱਟਣ ਦੇ ਦੋਸ਼ਾਂ ਦੀ ਅਣਹੋਂਦ ਵਿਚ ਇਸ ਦਾ ਕਦੇ ਵੀ ਜ਼ਿਕਰ ਨਹੀਂ ਕੀਤਾ ਗਿਆ। ਮਹਾਰਾਸ਼ਟਰ ਅਤੇ ਮਹਾਂਦੇਵਪੁਰਾ ਵਿਚ ਹੋਏ ਖੁਲਾਸਿਆਂ ਨੇ ਇਸ ਡੂੰਘੀ ਸਮੱਸਿਆ ਵੱਲ ਦੇਸ਼ ਦਾ ਧਿਆਨ ਖਿੱਚਿਆ ਹੈ।

ਆਓ, ਅਸੀਂ ਉਸ ਗੱਲ ਨੂੰ ਵੀ ਸਵੀਕਾਰ ਕਰੀਏ, ਜਿਸ ਨੂੰ ਮੁੱਖ ਚੋਣ ਕਮਿਸ਼ਨਰ ਪ੍ਰੈੱਸ ਕਾਨਫਰੰਸ ਦੌਰਾਨ ਦੱਸਣ ਤੋਂ ਕਤਰਾ ਰਿਹਾ ਸੀ: ਪਿਛਲੇ ਕੁਝ ਸਾਲਾਂ ਵਿਚ ਇਸ ਮੁੱਦੇ ਨੂੰ ਹੱਲ ਕਰਨ ਲਈ ਚੋਣ ਕਮਿਸ਼ਨ ਦੁਆਰਾ ਵਰਤੇ ਗਏ ਤਰੀਕੇ ਸਫਲ ਨਹੀਂ ਹੋਏ ਹਨ। ਵੋਟਰ ਸੂਚੀ ਦਾ ਨਿਯਮਤ ਅੱਪਡੇਟ ਕੋਈ ਪੱਕਾ ਹੱਲ ਨਹੀਂ ਹੈ, ਕਿਉਂਕਿ ਇਹ ਸਿਰਫ਼ ਸਰਗਰਮ ਨਾਗਰਿਕਾਂ ਤੱਕ ਹੀ ਸੀਮਿਤ ਹੈ ਜੋ ਨਾਂਅ ਦਰਜ ਕਰਵਾਉਣ, ਹਟਾਉਣ, ਸ਼ਿਫਟ ਕਰਨ ਜਾਂ ਸੁਧਾਰਾਂ ਲਈ ਅਰਜ਼ੀ ਦਿੰਦੇ ਹਨ। ਸਾਲਾਨਾ ਸੰਖੇਪ ਸੋਧ



ਬਿਹਤਰ ਬਦਲ ਹੈ, ਕਿਉਂਕਿ ਇਹ ਵੱਡੀ ਗਿਣਤੀ ਵਿਚ ਨਾਂਅ ਸ਼ਾਮਿਲ ਕਰਨ, ਹਟਾਉਣ ਦੇ ਨਾਲ-ਨਾਲ ਇਤਰਾਜ਼ ਕਰਨ ਦਾ ਮੌਕਾ ਦਿੰਦੀ ਹੈ। ਹਾਲਾਂਕਿ ਇਹ ਵੀ ਇਕ ਤਸੱਲੀਬਖ਼ਸ਼ ਹੱਲ ਸਾਬਤ ਨਹੀਂ ਹੋਇਆ, ਕਿਉਂਕਿ ਸੰਖੇਪ ਸੋਧ ਦੌਰਾਨ ਬੀ.ਐਲ.ਓ. ਨੂੰ ਹਰੇਕ ਘਰ ਜਾਣ ਦੀ ਲੋੜ ਨਹੀਂ ਹੈ। ਚੋਣ ਕਮਿਸ਼ਨ ਦੀ ਮੌਜੂਦਾ ਵਿਵਸਥਾ ਤਹਿਤ ਭੁੱਲ ਤੇ ਗਲਤੀਆਂ ਸਾਲਾਂ ਤੱਕ ਜਾਰੀ ਰਹਿੰਦੀਆਂ ਹਨ। ਇਸ ਲਈ ਕੁਝ ਹੋਰ ਸੰਪੂਰਨ ਤੇ ਯੋਜਨਾਬੱਧ, ਪਾਰਦਰਸ਼ੀ ਤੇ ਨਿਰਪੱਖ ਵਿਵਸਥਾ ਕਰਨ ਦੀ ਲੋੜ ਹੈ। ਨਿਯਮਤ ਅੱਪਡੇਟ ਤੇ ਸਾਲਾਨਾ ਸੋਧਾਂ ਤੋਂ ਇਲਾਵਾ ਸਾਨੂੰ 5 ਸਾਲਾਂ ਵਿਚ ਇਕ ਵਾਰ ਘਰ-ਘਰ ਜਾ ਕੇ ਗਣਨਾ ਦੇ ਆਧਾਰ 'ਤੇ ਡੂੰਘੀ ਪੜਤਾਲ ਦੀ ਲੋੜ ਹੈ ਜਿਸ ਨਾਲ ਵੋਟਰ ਸੂਚੀਆਂ ਵਿਚ ਪ੍ਰਮਾਣਿਤ ਤੌਰ 'ਤੇ ਨਾਂਅ ਜੋੜਨ, ਹਟਾਉਣ ਤੇ ਸੁਧਾਰ ਕਰਨ ਵਿਚ ਮਦਦ ਮਿਲੇਗੀ।

ਹੁਣ ਮੈਂ ਐੱਸ.ਆਈ.ਆਰ. ਦੇ ਸਮਰਥਕਾਂ ਨੂੰ ਉਤਸ਼ਾਹ ਵਿਚ ਛਾਲਾਂ ਮਾਰਦੇ ਵੇਖ ਸੁਣ ਸਕਦਾ ਹਾਂ। ਦਰਅਸਲ ਐੱਸ.ਆਈ.ਆਰ. ਇਕ ਵਿਆਪਕ ਪ੍ਰਭਾਵ, ਧਾਰਨਾਵਾਂ ਅਤੇ ਪ੍ਰਚਾਰ 'ਤੇ ਆਧਾਰਿਤ ਹੈ। ਦਰਅਸਲ ਚੋਣ ਕਮਿਸ਼ਨ ਦੁਆਰਾ ਘੋਸ਼ਿਤ ਐੱਸ.ਆਈ.ਆਰ. ਉਹ ਡੂੰਘੀ ਸੋਧ ਨਹੀਂ ਹੈ ਜਿਸ

**ਯੋਗੇਂਦਰ ਯਾਦਵ**

ਦੀ ਸਾਨੂੰ ਲੋੜ ਹੈ, ਇਹ ਤਾਂ ਸਾਡੇ ਚੋਣ ਕਾਨੂੰਨਾਂ ਦੇ ਨਿਰਮਾਤਾਵਾਂ ਦੁਆਰਾ ਕੀਤੀ ਕਲਪਨਾ ਦੇ ਅਨੁਸਾਰ ਹੈ। ਇਹ ਵੋਟਰ ਸੂਚੀ ਨਾਲ ਜੁੜੇ ਮੁੱਦਿਆਂ ਨੂੰ ਹੱਲ ਕਰਨ ਲਈ ਲਾਜ਼ਮੀ ਤੇ ਕਾਫ਼ੀ ਨਹੀਂ ਹੈ ਅਤੇ ਪਹਿਲਾਂ ਤੋਂ ਮੌਜੂਦ ਸਮੱਸਿਆ ਨੂੰ ਹੋਰ ਵਧਾਉਣ ਵਾਲੀ ਹੈ। ਐੱਸ.ਆਈ.ਆਰ. ਤਹਿਤ ਬੀ.ਐਲ.ਓਜ਼ ਘਰ-ਘਰ ਜਾ ਕੇ ਸਾਰੇ ਸੰਭਾਵੀ ਵੋਟਰਾਂ ਨੂੰ ਇਕ ਗਣਨਾ ਫਾਰਮ ਭਰਨ ਬਾਰੇ ਦੱਸਦਾ ਹੈ, ਨਹੀਂ ਤਾਂ ਉਨ੍ਹਾਂ ਨੂੰ ਅਯੋਗਤਾ ਦਾ ਸਾਹਮਣਾ ਕਰਨਾ ਪਵੇਗਾ। ਇਹ ਮੰਗ ਜਾਂ ਪਹੁੰਚ ਭਾਰਤੀ ਚੋਣਾਂ ਦੇ ਇਤਿਹਾਸ ਵਿਚ ਬੇਮਿਸਾਲ ਹੈ ਅਤੇ ਕਾਨੂੰਨ ਵਿਚ ਇਸ ਦਾ ਕੋਈ ਆਧਾਰ ਨਹੀਂ ਹੈ। ਇਹ ਛੋਟੀ ਜਿਹੀ ਨੌਕਰਸ਼ਾਹੀ ਦੀ ਲੋੜ ਸਾਡੀ ਚੋਣ ਪ੍ਰਣਾਲੀ ਵਿਚ ਇਕ ਬੁਨਿਆਦੀ ਤਬਦੀਲੀ ਕਰਨ ਵਾਲੀ ਗੱਲ ਹੈ, ਜੋ ਰਾਜ ਦੁਆਰਾ ਸ਼ੁਰੂ ਕੀਤੀ ਗਈ ਰਜਿਸਟ੍ਰੇਸ਼ਨ ਤੋਂ ਸਵੈ-ਸ਼ੁਰੂ ਕੀਤੀ ਗਈ ਰਜਿਸਟ੍ਰੇਸ਼ਨ ਤੱਕ ਅਤੇ ਚੋਣ ਅਧਿਕਾਰੀਆਂ ਦੀ ਥਾਂ ਖੁਦ ਵੋਟਰ ਦੀ ਜ਼ਿੰਮੇਵਾਰੀ ਵਿਚ ਤਬਦੀਲ ਹੋਈ ਹੈ। ਦੁਨੀਆ ਭਰ ਦੇ ਸਬੂਤ ਦਰਸਾਉਂਦੇ ਹਨ ਕਿ ਅਜਿਹੀ ਤਬਦੀਲੀ ਗਰੀਬਾਂ, ਅਨਪੜ੍ਹਾਂ, ਪ੍ਰਵਾਸੀਆਂ, ਘੱਟ ਗਿਣਤੀਆਂ ਤੇ ਔਰਤਾਂ ਦੀ ਰਜਿਸਟ੍ਰੇਸ਼ਨ ਨੂੰ ਘਟਾ ਦਿੰਦੀ ਹੈ।

ਇਸ ਐੱਸ.ਆਈ.ਆਰ. ਤਹਿਤ ਹਰੇਕ ਸੰਭਾਵੀ ਵੋਟਰ ਨੂੰ ਦਸਤਾਵੇਜ਼ ਪੇਸ਼ ਕਰ ਕੇ ਆਪਣੀ ਵੋਟਰ ਦੀ ਯੋਗਤਾ ਨੂੰ ਸਾਬਤ ਕਰਨ ਦੀ ਲੋੜ ਹੋਵੇਗੀ, ਜਿਨ੍ਹਾਂ ਬਗੈਰ ਵੋਟ ਦੇ ਅਧਿਕਾਰ ਤੋਂ ਵਾਂਝੇ ਹੋਣਾ ਤੈਅ ਹੈ। ਇਹ ਨਾਗਰਿਕਤਾ ਦੀ ਉਸ ਧਾਰਨਾ ਨੂੰ ਨਕਾਰਦੀ ਹੈ, ਜੋ ਹੁਣ ਤੱਕ ਸਾਡੀ ਚੋਣ ਪ੍ਰਣਾਲੀ ਨੂੰ ਕੰਟਰੋਲ ਕਰਦੀ ਸੀ। ਐੱਸ.ਆਈ.ਆਰ. ਦੀਆਂ ਇਨ੍ਹਾਂ 'ਵਿਸ਼ੇਸ਼' ਅਤੇ ਬੇਮਿਸਾਲ ਵਿਸ਼ੇਸ਼ਤਾਵਾਂ ਦੇ ਪ੍ਰਭਾਵ ਦੇ ਚੱਲਦਿਆਂ ਵੱਡੇ ਪੱਧਰ 'ਤੇ ਨਾਗਰਿਕ ਵੋਟ ਦੇ ਅਧਿਕਾਰ ਤੋਂ ਵਾਂਝੇ ਹੋਏ ਬਗੈਰ ਨਹੀਂ ਰਹਿ ਸਕਦੇ। ਇਕ ਵਾਰ ਜਦੋਂ ਤੁਸੀਂ ਬੇਢੰਗੇ ਢੰਗ ਨਾਲ ਤਿਆਰ ਕੀਤੇ ਗਏ ਇਸ ਡਿਜ਼ਾਈਨ ਨੂੰ ਹੱਥੀਂ ਕੀਤੇ ਗਏ ਅਮਲ ਨਾਲ ਜੋੜਦੇ ਹੋ (ਜਿਵੇਂ ਬਿਹਾਰ ਵਿਚ), ਤਾਂ ਵੋਟਰ ਸੂਚੀਆਂ 'ਤੇ ਪ੍ਰਭਾਵ ਵਿਨਾਸ਼ਕਾਰੀ ਹੋਣ ਤੋਂ ਬਿਨਾਂ ਨਹੀਂ ਰਹਿ ਸਕੇਗਾ। ਆਓ, ਇਹ ਵੀ ਨੋਟ ਕਰੀਏ ਕਿ ਐੱਸ.ਆਈ.ਆਰ. ਨੂੰ ਵੋਟਰ ਸੂਚੀਆਂ ਦੀ ਸ਼ੁੱਧਤਾ ਨੂੰ ਬਿਹਤਰ ਬਣਾਉਣ ਲਈ ਕੀ ਕਰਨਾ ਚਾਹੀਦਾ ਸੀ, ਜੋ ਨਹੀਂ ਕੀਤਾ ਗਿਆ। ਸਭ ਤੋਂ ਪਹਿਲਾਂ ਘਰ-ਘਰ ਜਾ ਕੇ ਗਣਨਾ ਕਰਨ ਸਮੇਂ ਵੋਟਰਾਂ ਦੇ ਨਾਂਅ ਜੋੜਨ 'ਤੇ ਵੀ ਓਨਾ ਹੀ ਧਿਆਨ ਦੇਣਾ ਚਾਹੀਦਾ ਸੀ, ਜਿੰਨਾ ਨਾਂਅ ਕੱਟਣ 'ਤੇ ਦਿੱਤਾ ਗਿਆ ਹੈ। ਇਸੇ ਕਰਕੇ ਬਿਹਾਰ ਵਿਚ 25 ਜੂਨ ਤੋਂ 25 ਜੁਲਾਈ ਵਿਚਕਾਰ ਵੋਟਰ ਸੂਚੀਆਂ ਦੀ ਹੋਈ 'ਸੋਧ' ਦੌਰਾਨ ਚੋਣ ਕਮਿਸ਼ਨ ਨੇ ਵੋਟਰ ਸੂਚੀਆਂ 'ਚੋਂ 65 ਲੱਖ ਤੋਂ ਵੱਧ ਨਾਂਅ ਹਟਾਉਣ ਅਤੇ ਜ਼ੀਰੋ ਨਾਂਅ ਜੋੜਨ ਦੀ ਰਿਪੋਰਟ ਕੀਤੀ ਹੈ।

ਦੂਜਾ ਚੋਣ ਕਮਿਸ਼ਨ ਨੂੰ ਐੱਸ.ਆਈ.ਆਰ. ਦੌਰਾਨ ਕਿਸੇ ਵਿਅਕਤੀ ਨੂੰ 'ਮ੍ਰਿਤਕ, ਸਥਾਈ ਤੌਰ 'ਤੇ ਦੂਰ, ਅਣਪਛਾਤੇ' ਆਦਿ ਦਰਜ ਕਰਨ ਤੋਂ ਪਹਿਲਾਂ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਅਤੇ ਆਪਣੇ ਸਥਾਪਿਤ ਤੇ ਵਿਸਤ੍ਰਿਤ ਪ੍ਰੋਟੋਕੋਲ ਦੀ ਪਾਲਣਾ ਕਰਨੀ ਚਾਹੀਦੀ ਸੀ। ਜੇਕਰ ਚੋਣ ਕਮਿਸ਼ਨ ਨੇ ਨਵੇਂ ਸਿਰੇ ਤੋਂ ਸੂਚੀ ਦੀ ਆੜ ਵਿਚ ਬਾਹਰ ਰੱਖੇ ਗਏ ਲੋਕਾਂ ਦੇ ਵੋਟ ਅਧਿਕਾਰਾਂ ਨੂੰ ਖਤਮ ਕਰਨ ਦੀ ਬਜਾਏ ਮਿਆਰੀ ਕਾਨੂੰਨੀ ਪ੍ਰਕਿਰਿਆ (ਨੋਟਿਸ, ਸੁਣਵਾਈ ਤੇ ਅਪੀਲਾਂ) ਕਰਨ ਦਾ ਸਮਾਂ ਵਧਾਇਆ ਹੁੰਦਾ ਤਾਂ ਉਹ 'ਮ੍ਰਿਤਕ' ਵਿਅਕਤੀਆਂ ਦਾ ਸਾਹਮਣਾ ਕਰਨ ਦੀ ਸ਼ਰਮਿੰਦਗੀ ਤੋਂ ਆਪਣੇ ਆਪ ਨੂੰ ਬਚਾਅ ਸਕਦਾ ਸੀ। ਤੀਜਾ, ਚੋਣ ਕਮਿਸ਼ਨ ਨੂੰ ਆਪਣੀਆਂ ਵੋਟਰ ਸੂਚੀਆਂ ਦੀ ਗੁਣਵੱਤਾ ਦੀ ਇਕ ਸੁਤੰਤਰ ਆਡਿਟ ਕਰਵਾਉਣੀ ਚਾਹੀਦੀ ਸੀ। ਜਦੋਂ ਕਿ ਸਾਡੇ ਕੋਲ ਵੋਟਰ ਸੂਚੀ ਦੇ 'ਪੂਰਨ' ਸੂਚਕਾਂਕ ਤੇ ਡੈਟਾ ਸਨ। ਸੱਚ ਕਹੀਏ ਤਾਂ ਇਹ ਭਾਰਤ ਜਿਹੇ ਦੇਸ਼ ਵਿਚ ਇਕ ਘੁਟਾਲਾ ਹੈ, ਜੋ ਚੰਗੀ ਤਰ੍ਹਾਂ ਸਥਾਪਿਤ ਤੇ ਉੱਚ-ਗੁਣਵੱਤਾ ਵਾਲੀਆਂ ਅੰਕੜਾ ਪ੍ਰਣਾਲੀਆਂ ਦਾ ਦਾਅਵਾ ਕਰਦਾ ਹੈ। ਜਿਵੇਂ ਜਨਮ ਤੇ ਮੌਤ ਦੇ ਰਜਿਸਟਰ ਦੀ ਇਕ ਸੁਤੰਤਰ ਨਮੂਨਾ ਜਾਂਚ ਹੁੰਦੀ ਹੈ, ਉਸੇ ਤਰ੍ਹਾਂ ਰਾਸ਼ਟਰੀ ਨਮੂਨਾ ਸਰਵੇਖਣ ਸੰਗਠਨ ਵਰਗੀ ਸੰਸਥਾ ਸਾਡੀਆਂ ਵੋਟਰ ਸੂਚੀਆਂ ਦੀ 0.1 ਪ੍ਰਤੀਸ਼ਤ ਨਮੂਨਾ ਜਾਂਚ ਕਰ ਸਕਦੀ ਹੈ। ਚੌਥਾ, ਐੱਸ.ਆਈ.ਆਰ. ਵਰਗੀ ਪ੍ਰਕਿਰਿਆ ਦੇ ਨਾਲ ਵੋਟਰ ਸੂਚੀ ਵਿਚ ਧੋਖਾਧੜੀ ਦੇ ਕਿਸੇ ਵੀ ਗੰਭੀਰ ਦੋਸ਼ਾਂ ਦੀ ਨਿਰਪੱਖ ਤੇ ਭਰੋਸੇਯੋਗ ਜਾਂਚ ਹੋਣੀ ਚਾਹੀਦੀ ਹੈ। ਪਰ ਇਹ ਜਾਂਚ ਉਨ੍ਹਾਂ ਲੋਕਾਂ ਦੁਆਰਾ ਨਹੀਂ ਹੋਣੀ ਚਾਹੀਦੀ, ਜੋ ਹਿੱਤਾਂ ਦੇ ਟਕਰਾਅ ਦੇ ਸਿਧਾਂਤ ਦੀ ਪਾਲਣਾ ਕਰਦਿਆਂ ਪਹਿਲਾਂ ਇਨ੍ਹਾਂ ਸੂਚੀਆਂ ਨੂੰ ਤਿਆਰ ਕਰਨ ਵਿਚ ਸ਼ਾਮਿਲ ਸਨ। ਹਾਲਾਂਕਿ, ਚੋਣ ਕਮਿਸ਼ਨ ਦੀ ਪ੍ਰੈੱਸ ਕਾਨਫਰੰਸ ਦੇ ਸੁਰ ਅਤੇ ਸ਼ੈਲੀ ਨੂੰ ਦੇਖਦੇ ਹੋਏ, ਇਹ ਇਕ ਅਸੰਭਵ ਕੰਮ ਲੱਗਦਾ ਹੈ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਕੈਥੋਲਿਕ ਚਰਚ 'ਚ ਹੋਈ ਗੋਲੀਬਾਰੀ ਵਿੱਚ 2 ਬੱਚਿਆਂ ਦੀ ਮੌਤ ਤੇ 17 ਹੋਰ ਜ਼ਖਮੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਮਿਨੀਪੋਲਿਸ ਸ਼ਹਿਰ ਵਿੱਚ ਇੱਕ ਕੈਥੋਲਿਕ ਚਰਚ ਵਿੱਚ ਹੋਈ ਗੋਲੀਬਾਰੀ ਵਿੱਚ 2 ਬੱਚਿਆਂ ਦੀ ਮੌਤ ਹੋਣ ਤੇ 17 ਹੋਰ ਵਿਅਕਤੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਮੀਡੀਆ ਨੂੰ ਸੂਤਰਾਂ ਨੇ ਦੱਸਿਆ ਕਿ ਗੋਲਬਾਰੀ ਦੀ ਘਟਨਾ ਵਿੱਚ ਸ਼ਾਮਿਲ ਇਕੋ ਇੱਕ ਹਮਲਾਵਰ ਵੀ ਮਾਰਿਆ ਗਿਆ ਹੈ। ਲਾਅ ਇਨਫੋਰਸਮੈਂਟ ਦੇ ਅਧਿਕਾਰੀਆਂ ਅਨੁਸਾਰ ਹਮਲਾਵਰ ਨੇ ਖੁਦ ਹੀ ਆਪਣੇ ਆਪ ਨੂੰ ਗੋਲੀ ਮਾਰ ਲਈ ਜਿਸ ਉਪਰੰਤ ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਘਟਨਾ ਵਿੱਚ ਜ਼ਖਮੀ ਹੋਏ ਬਾਕੀ ਲੋਕਾਂ ਦੀ ਹਾਲਤ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਸਕੀ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। 24 ਘੰਟਿਆਂ ਵਿੱਚ ਮਿਨੀਪੋਲਿਸ ਵਿੱਚ ਵਾਪਰੀ ਗੋਲੀਬਾਰੀ ਦੀ ਇਹ ਚੌਥੀ ਘਟਨਾ ਹੈ। 26 ਅਗਸਤ ਨੂੰ ਸ਼ਹਿਰ ਵਿੱਚ ਵਾਪਰੀ ਗੋਲੀਬਾਰੀ ਦੀ ਘਟਨਾ ਵਿੱਚ ਇਕ ਵਿਅਕਤੀ ਮਾਰਿਆ ਗਿਆ ਸੀ ਤੇ 6 ਹੋਰ ਜ਼ਖਮੀ ਹੋ ਗਏ ਸਨ। ਪੁਲਿਸ ਮੁੱਖੀ ਬਰੀਆਨ ਓ ਹਾਰਾ ਨੇ ਕਿਹਾ ਹੈ ਕਿ ਗੋਲੀਬਾਰੀ ਦੀਆਂ ਘਟਨਾਵਾਂ ਬਹੁਤ ਪ੍ਰੇਸ਼ਾਨ ਕਰਨ ਵਾਲੀਆਂ ਹਨ। ਇਹ ਬਹੁਤ ਚਿੰਤਾਜਨਕ ਵਰਤਾਰਾ ਹੈ।



# ਜਸਪ੍ਰਿਆ ਜੌਹਲ ਨੇ ਕੌਂਸਲਰ ਦੀ ਚੋਣ ਲੜਨ ਦਾ ਕੀਤਾ ਐਲਾਨ



ਕੈਲਗਰੀ : ਕੈਲਗਰੀ ਦੀ ਜਾਣੀ ਪਛਾਣੀ ਸ਼ਖ਼ਸੀਅਤ ਪਿਛਲੇ ਲੰਮੇ ਸਮੇਂ ਤੋਂ ਬੱਚਿਆਂ ਨੂੰ ਵਿਰਸੇ ਨਾਲ ਜੋੜਨ ਦਾ ਯਤਨ ਕਰ ਰਹੀ ਜਸਪਿ੍ਆ ਜੌਹਲ ਨੇ ਵਾਰਡ ਨੰਬਰ 3 ਤੋਂ ਕੌਂਸਲਰ ਦੀ ਚੋਣ ਲੜਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮੇਰੇ ਵਲੋਂ ਭਾਈਚਾਰੇ ਵਿਚ ਪਾਏ ਯੋਗਦਾਨ ਅਤੇ ਵੱਖ-ਵੱਖ ਸੰਸਥਾਵਾਂ ਨਾਲ ਕੀਤੇ ਵਲੰਟੀਅਰ ਕੰਮਾਂ ਕਰਕੇ ਵੋਟਰ ਤੇ ਮੇਰੇ ਸਹਿਯੋਗੀ ਮੇਰਾ ਸਾਥ ਜ਼ਰੂਰ ਦੇਣਗੇ । ਕੈਲਗਰੀ ਨਗਰ ਕੌਂਸਲ ਦੀਆਂ ਚੋਣਾਂ 20 ਅਕਤੂਬਰ ਨੂੰ ਹੋ ਰਹੀਆਂ ਹਨ । ਇਹ ਇਲਾਕਾ ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲਾ ਹੈ, ਜਿਥੇ ਬਹੁ ਗਿਣਤੀ ਪੰਜਾਬੀ ਮੂਲ ਦੇ ਕਾਰੋਬਾਰੀ ਲੋਕ ਰਹਿੰਦੇ ਹਨ।

# ਅਮਰੀਕੀ ਅਦਾਲਤ ਵਲੋਂ ਟਰੰਪ ਦੇ ਲਗਾਏ ਜ਼ਿਆਦਾਤਰ ਟੈਰਿਫ ਗੈਰ-ਕਾਨੂੰਨੀ ਕਰਾਰ




ਸਾਨ ਫਰਾਂਸਿਸਕੋ/ਸੈਕਰੋਮੈਂਟੋ, (ਹੁਸਨ ਲੜੋਆ ਬੰਗਾ) ਵਾਸ਼ਿੰਗਟਨ ਡੀ.ਸੀ. ਦੀ ਇਕ ਸੰਘੀ ਅਪੀਲ ਅਦਾਲਤ ਨੇ ਆਪਣੇ ਇਕ ਫੈਸਲੇ 'ਚ ਕਿਹਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਲਾਗੂ ਵਾਧੂ ਟੈਰਿਫ ਗੈਰ-ਕਾਨੂੰਨੀ ਹਨ ਤੇ ਵੱਖ-ਵੱਖ ਦੇਸ਼ਾਂ 'ਤੇ ਜ਼ਿਆਦਾਤਰ ਵਿਸ਼ਵਵਿਆਪੀ ਟੈਰਿਫ ਨੀਤੀਆਂ ਨਾਲ ਆਪਣੀਆਂ ਰਾਸ਼ਟਰਪਤੀ ਸ਼ਕਤੀਆਂ ਦੀ ਉਲੰਘਣਾ ਕੀਤੀ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਅਮਰੀਕੀ ਕਾਨੂੰਨ ਰਾਸ਼ਟਰਪਤੀ ਨੂੰ ਐਲਾਨੀ ਰਾਸ਼ਟਰੀ ਐਮਰਜੈਂਸੀ ਦੇ ਜਵਾਬ 'ਚ ਕਈ ਕਾਰਵਾਈਆਂ ਕਰਨ ਲਈ ਮਹੱਤਵਪੂਰਨ ਅਧਿਕਾਰ ਪ੍ਰਦਾਨ ਕਰਦਾ ਹੈ, ਪਰ ਇਨ੍ਹਾਂ ਵਿੱਚੋਂ ਕਿਸੇ ਵੀ ਕਾਰਵਾਈ 'ਚ ਟੈਰਿਫ, ਡਿਊਟੀਆਂ ਜਾਂ ਇਸ ਤਰ੍ਹਾਂ ਟੈਕਸ ਲਗਾਉਣ ਦੀ ਸ਼ਕਤੀ ਸ਼ਾਮਿਲ ਨਹੀਂ ਹੈ। ਫੈਸਲੇ 'ਚ ਅੱਗੇ ਕਿਹਾ ਗਿਆ ਹੈ ਕਿ ਟਰੰਪ ਦੇ ਬਹੁਤ ਸਾਰੇ ਉੱਚ-ਟੈਰਿਫ ਸੰਭਾਵਨਾ, ਦਰ ਤੇ ਮਿਆਦ 'ਚ ਅਸੀਮਿਤ ਹਨ ਤੇ ਇਕ ਵਿਸ਼ਾਲ ਤੇ ਵਿਸ਼ੇਸ਼ ਅਧਿਕਾਰ ਦਾ ਦਾਅਵਾ ਕਰਦੇ ਹਨ, ਜੋ ਕਾਨੂੰਨ ਦੀਆਂ ਸਪੱਸ਼ਟ ਸੀਮਾਵਾਂ ਤੋਂ ਬਾਹਰ ਹੈ। ਅਦਾਲਤ ਦਾ ਇਹ ਫੈਸਲਾ ਟਰੰਪ ਦੀਆਂ ਟੈਰਿਫ ਨੀਤੀਆਂ ਲਈ ਹੁਣ ਤੱਕ ਦਾ ਸਭ ਤੋਂ ਵੱਡਾ ਝਟਕਾ ਹੈ ਤੇ ਸੰਭਾਵਿਤ ਤੌਰ 'ਤੇ ਇਸ ਦਾ ਅਰਥ ਹੋਵੇਗਾ ਕਿ ਹੁਣ ਸੁਪਰੀਮ ਕੋਰਟ ਨੂੰ ਇਹ ਫੈਸਲਾ ਸੁਣਾਉਣਾ ਪਵੇਗਾ ਕਿ ਕੀ ਰਾਸ਼ਟਰਪਤੀ ਵਜੋਂ ਉਸ ਕੋਲ ਅਮਰੀਕੀ ਵਪਾਰ ਨੀਤੀ ਨੂੰ ਬਦਲਣ ਦਾ ਕਾਨੂੰਨੀ ਅਧਿਕਾਰ ਹੈ। ਅਦਾਲਤ ਨੇ ਕਿਹਾ ਕਿ ਇਹ ਫੈਸਲਾ 14 ਅਕਤੂਬਰ ਤੱਕ ਲਾਗੂ ਨਹੀਂ ਹੋਵੇਗਾ। ਵਾਸ਼ਿੰਗਟਨ ਡੀ.ਸੀ. 'ਚ ਫੈਡਰਲ ਸਰਕਟ ਲਈ ਅਮਰੀਕੀ ਅਪੀਲ ਅਦਾਲਤ ਨੇ 31 ਜੁਲਾਈ ਨੂੰ ਮਾਮਲੇ ਬਾਰੇ ਭਾਵਪੂਰਤ ਦਲੀਲਾਂ ਸੁਣੀਆਂ ਸਨ ਤੇ ਜੱਜਾਂ ਨੇ ਸੁਣਵਾਈ 'ਚ ਪ੍ਰਸ਼ਾਸਨ ਦੀਆਂ ਦਲੀਲਾਂ ਬਾਰੇ ਸ਼ੱਕ ਪ੍ਰਗਟ ਕੀਤਾ ਕਿ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ ਨਾ ਟੈਰਿਫ ਦੀ ਗੱਲ ਕਰਦਾ ਹੈ ਤੇ ਨਾ ਹੀ ਇਨ੍ਹਾਂ ਦਾ ਜਿਕਰ।

**ਸਾਰੇ ਟੈਰਿਫ ਅਜੇ ਵੀ ਅਸਰਦਾਰ ਤੇ ਲਾਗੂ-ਟਰੰਪ** : ਦੂਜੇ ਪਾਸੇ ਇਹ ਫੈਸਲਾ ਆਉਣ ਤੋਂ ਬਾਦ ਟਰੰਪ ਨੇ ਸੋਸ਼ਲ ਮੀਡੀਆ 'ਤੇ ਟਿੱਪਣੀ ਕੀਤੀ ਕਿ ਸਾਰੇ ਟੈਰਿਫ ਅਜੇ ਵੀ ਅਸਰਦਾਰ ਤੇ ਲਾਗੂ ਹਨ ਤੇ ਅਪੀਲ ਅਦਾਲਤ 'ਤੇ ਰਾਜਨੀਤਿਕ ਪੱਖਪਾਤ ਦਾ ਦੋਸ਼ ਲਗਾਇਆ। ਟਰੰਪ ਨੇ ਕਿਹਾ ਕਿ ਜੇ ਇਹ ਫੈਸਲਾ ਅਮਲ 'ਚ ਆਉਂਦਾ ਹੈ ਤਾਂ ਇਹ ਅਮਰੀਕਾ ਨੂੰ ਤਬਾਹ ਕਰ ਦੇਵੇਗਾ। ਉਨ੍ਹਾਂ ਕਿਹਾ ਕਿ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਟੈਰਿਫ ਸਾਡੇ ਕਾਮਿਆਂ ਦੀ ਮਦਦ ਕਰਨ ਤੇ ਅਮਰੀਕਾ 'ਚ ਬਣੇ ਵਧੀਆ ਉਤਪਾਦਾਂ ਦਾ ਉਤਪਾਦਨ ਕਰਨ ਵਾਲੀਆਂ ਕੰਪਨੀਆਂ ਦਾ ਸਮਰਥਨ ਕਰਨ ਲਈ ਸਭ ਤੋਂ ਵਧੀਆ ਸਾਧਨ ਹਨ।

# ਅਮਰੀਕਾ 'ਚ ਕਈ ਵਾਹਨ ਟਕਰਾਏ, 17 ਜ਼ਖਮੀ

ਲਿੰਡੇਲ : ਅਮਰੀਕਾ ਦੇ ਪੂਰਬੀ ਟੈਕਸਾਸ ਵਿਚ ਇਕ ਅੰਤਰਰਾਜੀ ਹਾਈਵੇਅ 'ਤੇ ਸ਼ਨੀਵਾਰ ਨੂੰ ਕਈ ਵਾਹਨ ਆਪਸ 'ਚ ਟਕਰਾਉਣ ਕਾਰਨ 17 ਲੋਕ ਜ਼ਖਮੀ ਹੋ ਗਏ। ਇਸ ਹਾਦਸੇ ਕਾਰਨ ਇਕ ਵੱਡਾ ਅੰਤਰਰਾਜੀ ਹਾਈਵੇਅ ਦੋ ਘੰਟਿਆਂ ਤੋਂ ਵੱਧ ਸਮੇਂ ਲਈ ਬੰਦ ਰਿਹਾ।ਟੈਕਸਾਸ ਦੇ ਲਿੰਡੇਲ ਵਿਚ ਫਾਇਰ ਚੀਫ ਜੇਰੇਮੀ ਲਾਰੂ ਨੇ ਦੱਸਿਆ ਕਿ 'ਇੰਟਰਸਟੇਟ-20' 'ਤੇ ਦੋ ਟਰੈਕਟਰ-ਟ੍ਰੇਲਰ ਅਤੇ 6 ਯਾਤਰੀ ਵਾਹਨ ਟਕਰਾਉਣ ਨਾਲ 17 ਲੋਕ ਜ਼ਖਮੀ ਹੋ ਗਏ। ਉਨ੍ਹਾਂ ਦੱਸਿਆ ਕਿ ਜ਼ਖਮੀਆਂ ਨੂੰ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ ਅਤੇ ਸ਼ਾਇਦ ਕੋਈ ਵੀ ਗੰਭੀਰ ਜ਼ਖਮੀ ਨਹੀਂ ਹੈ। ਲਾਰੂ ਨੇ ਦੱਸਿਆ ਕਿ ਇਹ ਹਾਦਸਾ ਸ਼ਨੀਵਾਰ ਸ਼ਾਮ 4 ਵਜੇ ਦੇ ਕਰੀਬ ਲਿੰਡੇਲ ਨੇੜੇ ਵਾਪਰਿਆ, ਜੋ ਕਿ ਡਲਾਸ ਤੋਂ ਲਗਭਗ 90 ਮੀਲ (144 ਕਿਲੋਮੀਟਰ) ਪੂਰਬ ਵਿਚ ਹੈ। ਉਨ੍ਹਾਂ ਦੱਸਿਆ ਕਿ ਹਾਦਸੇ ਤੋਂ ਬਾਅਦ 'ਇੰਟਰਸਟੇਟ-20' 'ਤੇ ਆਵਾਜਾਈ ਦੋ ਘੰਟਿਆਂ ਤੋਂ ਵੱਧ ਸਮੇਂ ਲਈ ਬੰਦ ਰਹੀ। ਪੁਲਸ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ।

CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# LM Trans




**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਵਿਪਸਾਅ ਵੱਲੋਂ ਪ੍ਰਸਿੱਧ ਲੇਖਕ ਚਰਨਜੀਤ ਸਿੰਘ ਪੰਨੂ ਦੇ ਕਹਾਣੀ ਸੰਗ੍ਰਿਹ ‘ਸਤਨਾਜਾ’ ’ਤੇ ਉਸਾਰੂ ਵਿਚਾਰ ਚਰਚਾ ਹੋਈ ਅਤੇ ਕਿਤਾਬ ਲੋਕ ਅਰਪਣ

ਹੇਵਰਡ: ਬੀਤੇ ਦਿਨੀਂ ਵਿਪਸਾ ਵੱਲੋਂ ਪ੍ਰਸਿੱਧ ਲੇਖਕ ਚਰਨਜੀਤ ਸਿੰਘ ਪੰਨੂ ਦੇ ਨੌਵੇਂ ਕਹਾਣੀ ਸੰਗ੍ਰਹਿ ‘ਸਤਨਾਜਾ’ ’ਤੇ ਵਿਚਾਰ-ਚਰਚਾ ਕਰਵਾਈ ਗਈ। ਇਸ ਮਿਲਣੀ ਦੇ ਸ਼ੁਰੂ ਵਿੱਚ ਪ੍ਰਧਾਨ ਕੁਲਵਿੰਦਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਮੰਚ ਦਾ ਕਾਜ-ਭਾਰ ਸੰਭਾਲਦੇ ਹੋਏ ਮਰਹੂਮ ਗ਼ਜ਼ਲਕਾਰ ਸ੍ਰੀ ਰਾਮ ਅਰਸ਼, ਪੰਜਾਬੀ ਫ਼ਿਲਮ ਇੰਡਸਟਰੀ ਦੇ ਕਾਮੇਡੀਅਨ ਜਸਵਿੰਦਰ ਭੱਲਾ, ਗੀਤਕਾਰ ਜੰਡੂ ਲਿੱਤਰਾਂ ਵਾਲਾ, ਅਤੇ ਚੇਤਨਾ ਪ੍ਰਕਾਸ਼ਨ ਦੇ ਮਾਲਕ ਗ਼ਜ਼ਲਕਾਰ ਸਤੀਸ਼ ਗੁਲਾਟੀ ਜੀ ਦੇ ਜਵਾਈ ਅੰਮ੍ਰਿਤਪਾਲ ਸਿੰਘ ਖਹਿਰਾ ਦੀਆਂ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਮੋਨ ਧਾਰਨ ਕਰਵਾਇਆ। ਵਿਪਸਾ ਮੈਂਬਰਾਂ ਨੇ ਇਹਨਾਂ ਘਟਨਾਵਾਂ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਗਾਇਕ ਸੁਖਦੇਵ ਸਾਹਿਲ ਨੇ ਚਰਨਜੀਤ ਸਿੰਘ ਪੰਨੂ ਦੇ ਕਲਾਮ ‘ਤੈਨੂੰ ਨਾ ਕੋਈ ਪਚਦੀ ਗੱਲ, ਮੈਨੂੰ ਨਾ ਇਹ ਜਚਦੀ ਗੱਲ’ ਨਾਲ ਮਹਿਫ਼ਲ ਦਾ ਆਗ਼ਾਜ਼ ਕੀਤਾ। ਪ੍ਰਧਾਨਗੀ ਮੰਡਲ ਵਿੱਚ ਲੇਖਕ ਚਰਨਜੀਤ ਸਿੰਘ ਪੰਨੂ ਸਮੇਤ ਸੁਖਵਿੰਦਰ ਕੰਬੋਜ, ਸੁਰਜੀਤ ਸਖੀ, ਅਮਰਜੀਤ ਕੌਰ ਪੰਨੂੰ, ਬੀਬੀ ਸੁਰਜੀਤ ਕੌਰ ਅਤੇ ਜਗਤਾਰ ਗਿੱਲ ਸਸ਼ੋਭਤ ਹੋਏ। ਲੇਖਕ ਨੇ ਆਪਣੇ ਸਾਹਿਤਕ ਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਿੱਸਾ ਕਾਵਿ ਹਾਸ਼ਮ ਦੀ ਸੱਸੀ, ਹੀਰ ਰਾਂਝਾ ਅਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਕਿਤਾਬਾਂ ਉਸ ਦੀ ਸਿਰਜਣ ਪ੍ਰਕਿਰਿਆ ਦੇ ਪ੍ਰੇਰਨਾ ਸਰੋਤ ਬਣੇ। ‘ਸਤਨਾਜਾ’ ਕਿਤਾਬ ਦੀਆਂ ਕਹਾਣੀਆਂ ਉਸ ਦੇ ਅਨੁਭਵ ਵਿੱਚੋਂ ਨਿਕਲੀਆਂ ਹਨ। ਉਸ ਨੇ ਪਹਿਲੀ ਕਹਾਣੀ ‘ਪ੍ਰਾਹੁਣਚਾਰੀ’ ਘਰ ਵਿੱਚ ਆਪਣੀ ਮਾਂ ਵੱਲੋਂ ਕੀਤੀ ਜਾਂਦੀ ਪ੍ਰਾਹੁਣਚਾਰੀ ਤੋਂ ਪ੍ਰਭਾਵਿਤ ਹੋ ਕੇ ਲਿਖੀ ਸੀ। ਇੰਡੀਆ ਸੇਵਾ-ਕਾਲ ਦੌਰਾਨ ਵੱਖ-ਵੱਖ ਤਜਰਬੇ ਉਸ ਕੋਲੋਂ ਬਹੁਤ ਕੁਝ ਲਿਖਵਾ ਗਏ। ਉਸ ਨੇ ਹੁਣ ਤੱਕ ਵੱਖ-ਵੱਖ ਵਿਧਾ ਵਿੱਚ ਚਾਲ਼ੀ ਦੇ ਕਰੀਬ ਕਿਤਾਬਾਂ ਲਿਖੀਆਂ। ਉਸ ਦਾ ਸਫ਼ਰਨਾਮਾ ‘ਮੇਰੀ ਵਾਈਟ ਹਾਊਸ ਫੇਰੀ’ ਕਾਫ਼ੀ ਚਰਚਿਤ ਹੈ ਅਤੇ ਜਿਸ ਦੇ ਤਿੰਨ-ਚਾਰ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੀਆਂ ਕਈ ਹੋਰ ਕਿਤਾਬਾਂ ਤਿਆਰੀ ਅਧੀਨ ਹਨ। ਇਸ ਉਪਰੰਤ ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਆਪਣਾ ਲਿਖਿਆ ਪਰਚਾ ‘ਸਮਾਜਿਕ ਯਥਾਰਥ ਤੇ ਵਿਗਠਤ ਭਾਵਾਂ ਦੀ ਪੇਸ਼ਕਾਰੀ ਦਾ ਸੁਮੇਲ ਸਤਨਾਜਾ’ ਪੇਸ਼ ਕੀਤਾ। ਉਸ ਨੇ ਕਿਹਾ ਕਿ ਸੰਗ੍ਰਹਿ ਦੀਆਂ ਕਹਾਣੀਆਂ ਵਿਸ਼ੇ ਦੇ ਨਾਲ਼-ਨਾਲ਼ ਕਲਾ ਅਤੇ ਸੰਵੇਦਨਾ ਦਾ ਸਹਿਜ ਸੁਮੇਲ ਹਨ। ਇਹ ਅਮਰੀਕੀ ਪੰਜਾਬੀ ਸਹਿਤ ਵਿੱਚ ਇੱਕ ਵੱਖਰੀ ਦਿੱਖ ਨਾਲ਼ ਪਰਵੇਸ਼ ਹੁੰਦੀਆਂ ਹਨ। ਇਹ ਸਾਡੇ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਵੀ ਕਰਦੀਆਂ ਹਨ ਅਤੇ ਅਜਿਹੇ ਵਿਗਠਤ ਭਾਵਾਂ ਦਾ ਚਿਤਰਨ ਵੀ ਕਰ ਜਾਂਦੀਆਂ ਹਨ ਜੋ ਸਮਾਜਿਕ ਜੀਵਨ ਵਿੱਚ ਖੁੱਲ੍ਹੇ ਤੌਰ ਤੇ ਪ੍ਰਵਾਨ ਨਹੀਂ। ਡਾ. ਬਲਬੀਰ ਕੌਰ ਗੀਹਲ ਦਾ ਪਰਚਾ ਸੁਰਜੀਤ ਸਖੀ ਵੱਲੋਂ ਪੇਸ਼ ਕੀਤਾ ਗਿਆ। ਇਸ ਪਰਚੇ ਅਨੁਸਾਰ ਲੇਖਕ ਇੱਕ ਸਫ਼ਲ ਸਫ਼ਰਨਾਮਾ ਲੇਖਕ ਹੈ। ਇਸ ਸੰਗ੍ਰਿਹ ਵਿੱਚ ਕੁਝ ਵਿਸ਼ੇ ਬਿਲਕੁਲ ਵੱਖਰੇ ਅਤੇ ਸੱਜਰੇ ਹਨ। ਇਹ ਹੀ ਇਸ ਸੰਗ੍ਰਹਿ ਦੀ ਪ੍ਰਾਪਤੀ ਹੈ। ਡਾ. ਸੁਖਵਿੰਦਰ ਕੰਬੋਜ ਨੇ ਇਨ੍ਹਾਂ ਵਿਚਾਰਾਂ ਨੂੰ ਅੱਗੇ ਤੋਰਦੇ ਹੋਏ ਕਹਾਣੀ ਦੇ ਮਹੱਤਵ ਬਾਰੇ ਉਸਾਰੂ ਨੁਕਤੇ ਪੇਸ਼ ਕੀਤੇ ਅਤੇ ਲੇਖਕ ਨੂੰ ਇਸ ਕਿਤਾਬ ਲਈ ਵਧਾਈ ਦਿੱਤੀ। ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਚਰਨਜੀਤ ਸਿੰਘ ਪੰਨੂ ਇੱਕ ਪ੍ਰੋੜ੍ਹ ਗਲਪਕਾਰ ਹੈ। ਇਸ ਸੰਗ੍ਰਹਿ ਦੀ ਕਹਾਣੀ ਵਧੀਆ ਤਕਨੀਕ ਨਾਲ਼ ਨਿਭੀ ਹੈ। ਪ੍ਰੋ. ਸੀਰਤ ਨੇ ਕਹਾਣੀ ਦੀ ਤਕਨੀਕ ਬਾਰੇ ਜਾਣਕਾਰੀ ਦਿੰਦੇ ਹੋਏ ਵਿਚਾਰ ਚਰਚਾ ਨੂੰ ਹੋਰ ਰੌਚਿਕ ਬਣਾ ਦਿੱਤਾ। ਲਾਜ ਨੀਲਮ ਸੈਣੀ ਨੇ ਕਿਹਾ ਕਿ ਪੰਨੂ ਨੇ ਸੱਤ ਵਿਸ਼ਿਆਂ ਦਾ ਸਾਹਿਤਕ ‘ਸਤਨਾਜਾ’ ਬਣਾ ਕੇ ਪੰਜਾਬੀ ਸਾਹਿਤ ਦੀ ਝੋਲੀ ਪਾਇਆ ਹੈ। ‘ਵਸੀਅਤ’ ਕਹਾਣੀ ਵਿੱਚ ਬਾਬੇ ਨਾਨਕ ਦੇ ਫ਼ਲਸਫ਼ੇ ਤੇ ਅਮਲ ਕਰਨ ਦਾ ਸੰਦੇਸ਼ ਹੋਣ ਕਰਕੇ ਇਹ ਹੱਟਵੀਂ ਵੀ ਹੈ ਅਤੇ ਜੀਵਨ ਮੁੱਲਾਂ ਨੂੰ ਨਿਰਧਾਰਤ ਕਰਨ ਵਿੱਚ ਕਾਮਯਾਬ ਵੀ ਹੋਈ ਹੈ। ਅਮਰਜੀਤ ਪੰਨੂੰ ਨੇ ‘ਆਖ਼ਰੀ ਚੀਕ’ ਬਾਰੇ ਕੁਝ ਸੁਆਲ ਪੁੱਛੇ ਅਤੇ ‘ਕੈਂਸਰ ਦੇ ਛਿੱਟੇ’ ਕਹਾਣੀ ਦੀ ਸਲਾਹੁਤਾ ਕੀਤੀ। ਦਲਵੀਰ ਦਿਲ ਨਿੱਜਰ ਨੇ ਕਿਹਾ ਕਿ ਉਹ ਸਾਰੀਆਂ ਕਹਾਣੀਆਂ ਪੜ੍ਹ ਕੇ ਆਇਆ ਹੈ। ਸੰਗ੍ਰਿਹ ਦੇ ਵਿਸ਼ੇ ਸੱਭਿਆਚਾਰ ਨਾਲ ਜੁੜੇ ਹੋਣ ਕਰਕੇ ਪਾਠਕ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ ਲੇਖਕ ਵਧਾਈ ਦਾ ਪਾਤਰ ਹੈ। ਜਗਤਾਰ ਗਿੱਲ ਅਤੇ ਬੀਬੀ ਸੁਰਜੀਤ ਕੌਰ ਨੇ ਵੀ ਲੇਖਕ ਨੂੰ ਵਧਾਈ ਦਿੱਤੀ। ਕੁਲਵਿੰਦਰ ਨੇ ਪੰਨੂ ਨੂੰ ਇਸ ਵਿਲੱਖਣ ਕਿਤਾਬ ਲਈ ਦਿਲੀ ਮੁਬਾਰਕ ਦਿੰਦੇ ਹੋਏ ਕਿਹਾ ਕਿ ਹਰ ਲੇਖਕ ਨੂੰ ‘ਬੁੱਢਾ ਅਤੇ ਸਮੁੰਦਰ’ ਕਿਤਾਬ ਪੜ੍ਹਨੀ ਚਾਹੀਦੀ ਹੈ। ਦਿਲ ਦੇ ਲਹੂ ਨਾਲ਼ ਲਿਖਿਆ ਸਾਹਿਤ ਹੀ ਪਾਠਕ ਦੀ ਰੂਹ ਨੂੰ ਟੁੰਬਦਾ ਜਾਂ ਹਲੂਣਦਾ ਹੈ।

ਇਸ ਕਿਤਾਬ ਵਿੱਚ ਭਾਰੀ ਮਾਤਰਾ ਵਿੱਚ ਵਰਤੇ ਗਏ ਮੁਹਾਵਰੇ ਅਤੇ ਸ਼ੈਲੀ ਬਾਰੇ ਵੀ ਗੰਭੀਰ ਅਤੇ ਸਾਰਥਕ ਚਰਚਾ ਹੋਈ। ਹਾਜ਼ਰ ਸਰੋਤੇ ਇਸ ਤੋਂ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕੇ। ਕਵੀ ਦਰਬਾਰ ਵਿੱਚ ਹਰਜੀਤ ਸਿੰਘ ਹਮਸਫ਼ਰ, ਦਿਲ ਨਿੱਜਰ, ਦਲਜੀਤ ਸਿੰਘ ਭੰਗੂ, ਪ੍ਰਿੰਸੀਪਲ ਹਜ਼ੂਰਾ ਸਿੰਘ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਸੁਰਜੀਤ ਸਖੀ ਨੇ ਹਿੱਸਾ ਲਿਆ। ਸੁਖਦੇਵ ਸਾਹਿਲ ਨੇ ਇੱਕ ਵਾਰੀ ਫਿਰ ਸੰਗੀਤ ਨਾਲ਼ ਸਰੋਤਿਆਂ ਨੂੰ ਕੀਲਿਆ ਅਤੇ ਸੂਫ਼ੀ ਅਤੇ ਲੋਕ ਸਾਹਿਤ ‘ਚੋਂ ਕੁਝ ਵੰਨਗੀਆਂ ਸੁਣਾਈਆਂ। ਕਿਤਾਬ ‘ਸਤਨਾਜਾ’ ਲੋਕ ਅਰਪਣ ਕੀਤੀ ਗਈ। ਚਰਨਜੀਤ ਸਿੰਘ ਪੰਨੂ ਦਾ ਵਿਪਸਾ ‘ਸ਼ਾਲ’ ਨਾਲ਼ ਸਨਮਾਨ ਕੀਤਾ ਗਿਆ। ਲੇਖਕ ਵੱਲੋਂ ਆਪਣੀਆਂ ਅਤੇ ਹੋਰ ਲੇਖਕਾਂ ਦੀਆਂ ਕਿਤਾਬਾਂ ਦੀ ਲਗਾਈ ਗਈ ਸੇਲ ਖਿੱਚ ਦਾ ਕੇਂਦਰ ਬਣੀ ਰਹੀ। ਇਸ ਦੀ ਆਮਦਨ ਵਿਪਸਾਅ ਦੇ ਖ਼ਾਤੇ ਵਿੱਚ ਪਾਈ ਗਈ। ਹੋਰਾਂ ਤੋਂ ਇਲਾਵਾ ਵਿਜੇ ਸਿੰਘ, ਸੋਨੂੰ, ਕਿਹਰ ਸਿੰਘ, ਜੋਤੀ, ਗੁਰਜੰਟ ਸੇਖੋਂ, ਪ੍ਰੋ. ਸੁਖਦੇਵ ਸਿੰਘ ਅਤੇ ਜਸਵੰਤ ਸਿੰਘ ਸਰਾਂ ਆਦਿ ਨੇ ਹਿੱਸਾ ਲਿਆ।

**ਰਿਪੋਰਟ: ਲਾਜ ਨੀਲਮ ਸੈਣੀ (ਸਾਹਿਤ ਸਕੱਤਰ)**
ਫ਼ੋਨ: 510-502-0551







ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਵਿਆਖਿਆ**

ਇਸ ਵਿਚ ਵੱਡਾ ਮੋੜ ਪਿਛਲੀ ਸਦੀ ਦੇ ਅੱਧ ਵਿਚ ਭਾਰਤ ਦੀ ਵੰਡ ਵੇਲੇ ਆਇਆ ਜਦੋਂ ਬਟਵਾਰੇ ਵਿਚ ਤਿੰਨ ਕੌਮਾਂ-ਹਿੰਦੂ, ਮੁਸਲਮਾਨ ਅਤੇ ਸਿੱਖ ਧਿਰਾਂ ਨੂੰ ਪ੍ਰਵਾਨ ਕੀਤਾ ਗਿਆ। ਬਾਅਦ ਵਿਚ ਆਜ਼ਾਦ ਭਾਰਤ ਵਿਚ ਸਿੱਖਾਂ ਨੂੰ ਆਪਣੀ ਨਿਆਰੀ ਅਤੇ ਵੱਖਰੀ ਕੌਮੀ ਹੈਸੀਅਤ ਲਈ ਜਦੋ ਜਹਿਦ ਕਰਨੀ ਪਈ। ਇਸ ਲੜੀ ਹੇਠ 29 ਮਾਰਚ 1981 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਮਾਗਮ ਵਿਚ 'ਸਿੱਖ ਇਕ ਵੱਖਰੀ ਕੌਮ' ਦਾ ਮਤਾ ਵੀ ਪਾਸ ਕੀਤਾ ਗਿਆ।

(67) "ਸ਼੍ਰੋ. ਗੁ. ਪ੍ਰ. ਕਮੇਟੀ ਦਾ ਜਨਰਲ ਸਮਾਗਮ ਇਹ ਸਪਸ਼ਟ ਐਲਾਨ ਕਰਦਾ ਹੈ ਕਿ ਸਿੱਖ ਇਕ ਵੱਖਰੀ ਕੌਮ ਹੈ, ਜਿ ਸਦਾ ਧਾਰਮਿਕ, ਰਾਜਨੀਤਕ, ਇਤਿਹਾਸਕ ਅਤੇ ਸਭਿਆਚਾਰਕ ਪਿਛੋਕੜ ਇਸ ਗੱਲ ਨੂੰ ਭਲੀ-ਭਾਂਤ ਪਰਗਟ ਕਰ ਰਿਹਾ ਹੈ।"

ਅਸੂਲਾਂ ਉਪਰ ਚੱਲਣ ਦਾ ਪ੍ਰਣ ਕਰੇ

ਮੂਲ ਸਿੱਖ ਰਹਿਤ ਮਰਯਾਦਾ ਵਿਚ ਅੰਮ੍ਰਿਤ ਅਭਿਲਾਖੀ ਲਈ ਸ਼ਰਤ ਸੀ 'ਜੋ ਸਿੱਖ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਚਾਹਵਾਨ ਹੋਵੇ'। ਇਸ ਦੀ ਥਾਵੇਂ 'ਜੋ ਸਿੱਖ ਧਰਮ ਗ੍ਰਹਿਣ ਕਰਨ 'ਤੇ ਉਸ ਦੇ ਅਸੂਲਾਂ ਉਪਰ ਚੱਲਣ ਦਾ ਪ੍ਰਣ ਕਰੇ, ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਪਹਿਲਾਂ ਅੰਮ੍ਰਿਤ ਅਭਿਲਾਖੀ ਦੀ ਚਾਹਨਾ ਹੀ ਕਾਫ਼ੀ ਸੀ ਪਰ ਹੁਣ ਉਸ ਨੂੰ ਸਿੱਖ ਧਰਮ ਗ੍ਰਹਿਣ ਕਰਨ ਅਤੇ ਉਸ 'ਤੇ ਚੱਲਣ ਦਾ ਪ੍ਰਣ ਕਰਨਾ ਲਾਜ਼ਮੀ ਹੈ। ਸਿੱਖੀ ਕੇਵਲ ਚਾਹਨਾ 'ਤੇ ਹੀ ਨਹੀਂ ਬਲਕਿ ਅਹਿਦ ਅਤੇ ਦ੍ਰਿੜ ਨਿਸਚੇ 'ਤੇ ਕਾਇਮ ਹੈ। ਇਸ ਲਈ ਪ੍ਰਣ ਦੀ ਸ਼ਰਤ ਦਰਜ ਕੀਤੀ ਗਈ ਹੈ। ਕੀਤੇ ਕੌਲ ਜਾਂ ਪ੍ਰਣ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਸਤਿਗੁਰ ਸੱਚੇ ਪਾਤਸ਼ਾਹ ਦੀ ਸਹਾਇਤਾ ਲਈ ਲਗਾਤਾਰ ਅਰਦਾਸ ਕਰਨੀ ਚਾਹੀਦੀ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਹੁਕਮ ਹੈ :


ਬਚਨ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ॥
ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ॥
ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ॥
ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ॥
(ਮਾਰੂ ਵਾਰ ਮ. ੫, ਅੰਗ ੧੦੯੯)

ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਹੁਕਮ ਕਰਦੇ ਹਨ ਕਿ ਮਰਦ ਉਹ ਹੈ ਜੋ ਆਪਣੇ ਬਚਨ 'ਤੇ ਪੱਕਾ ਰਹਿ ਸਕੇ।

ਹਮੂ ਮਰਦ ਬਾਯਦ ਸ਼ਵਦ ਸੁਖ਼ਨਵਰ॥
ਨ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ॥੫੫॥
(ਜ਼ਫ਼ਰਨਾਮਾ)

ਇਸ ਦੇ ਇਲਾਵਾ ਅੰਮ੍ਰਿਤ ਅਭਿਲਾਖੀ ਨੇ ਸਤਿਗੁਰ ਦੇ ਹਜ਼ੂਰ ਹੱਥ ਜੋੜ ਕੇ ਖੜ੍ਹੇ ਹੋਣਾ ਹੈ ਅਤੇ ਨਾਲ ਹੀ ਜ਼ਰੂਰੀ ਹੈ ਕਿ,

1. ਉਸ ਦੀ ਅਵਸਥਾ ਛੋਟੀ ਨਾ ਹੋਵੇ ਤੇ ਹੋਸ਼ ਸੰਭਾਲੀ ਹੋਵੇ ਕਿਉਂਕਿ ਉਸ ਨੇ ਅੰਮ੍ਰਿਤ ਦੀ ਰਹਿਤ ਦੇ ਫਰਜ਼ ਨਿਬਾਹੁਣੇ ਹਨ। "ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥" (ਅੰਗ 1428) ਵੈਸੇ ਤਾਂ ਕਿਸੇ ਵੀ ਉਮਰ ਵਿਚ ਕੀਤਾ ਅੰਮ੍ਰਿਤਪਾਨ ਸਤਿਗੁਰੂ ਜੀ ਦੀ ਬਖਸ਼ਿਸ਼ ਹੈ ਪਰ ਜਵਾਨੀ ਅਰੰਭ ਹੋਣ ਸਾਰ ਹੀ ਜੇਕਰ ਇਹ ਪ੍ਰਾਪਤ ਕੀਤੀ ਜਾਏ ਤਾਂ ਇਹ ਜ਼ਿਆਦਾ ਯੋਗ ਹੋ ਸਕਦਾ ਹੈ। ਜਵਾਨੀ ਸਮੇਂ ਜ਼ਿੰਦਗੀ ਦੇ ਸਫ਼ਰ ਵਿਚ ਕਈ ਰਾਹ ਨਿਕਲਦੇ ਹਨ। ਇਸ ਲਈ ਹਜ਼ੂਰੀ ਢਾਡੀ ਨੱਥ ਮੱਲ ਦੇ ਪੋਤਰੇ ਦੀ ਲਿਖਤ ਅਮਰਨਾਮਾ ਵਿਚ ਵੀ ਅੰਕਿਤ ਹੈ ਕਿ ਸਿੱਖ ਨੂੰ ਜਵਾਨੀ ਵੇਲੇ ਅੰਮ੍ਰਿਤ ਦੀ ਭਾਲ ਕਰਨੀ ਚਾਹੀਦੀ ਹੈ ਤਾਂ ਕਿ ਵੈਰੀਆਂ ਹੱਥੋਂ ਖੁਆਰ ਨਾ ਹੋਵੇ।




ਬ ਵਕਤੇ ਜਵਾਨੀ ਜ਼ ਅੰਮ੍ਰਿਤ ਤਲਾਸ਼
ਕਿ ਅਜ਼ ਦਸਤਿ ਦੁਸ਼ਮਨ ਤੂ ਆਜਿਜ਼ ਮਬਾਸ਼॥੧੪੩।

ਸ਼ੇਖ ਸਾਅਦੀ ਦਾ ਵੀ ਕਹਿਣਾ ਹੈ ਕਿ ਜਵਾਨੀ ਵਿਚ ਗੁਨਾਹਾਂ ਤੋਂ ਤੌਬਾ ਕਰਨਾ ਪੈਗੰਬਰੀ ਗੁਣ ਹੈ। ਬੁਢਾਪੇ ਵਿਚ ਤਾਂ ਖ਼ੂੰਖਾਰ ਬਘਿਆੜ ਵੀ ਪਰਹੇਜ਼ਗਾਰ ਹੋ ਜਾਂਦਾ ਹੈ।

ਦਰ ਜਵਾਨੀ ਤੌਬਾ ਕਰਦਨ ਸ਼ੇਵਾਏ ਪੈਗੰਬਰੀ।
ਵਕਤੇ ਪੀਰੀ ਗੁਰਗੇ ਜ਼ਾਲਮ ਮੀ ਸ਼ਵੱਦ ਪਰਹੇਜ਼ਗਾਰ॥

2. ਉਹ ਪੰਜਾ ਕਕਾਰਾਂ (ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ ਤੇ ਉਸ ਨੇ ਗਾਤਰੇ ਵਿਚ ਕ੍ਰਿਪਾਨ ਧਾਰਨ ਕੀਤੀ ਹੋਵੇ। ਪਹਿਲਾਂ ਕਕਾਰਾਂ ਵਿਚ ਕ੍ਰਿਪਾਨ ਗਾਤਰੇ ਵਾਲੀ ਹੀ ਦਰਜ ਸੀ। ਪੰਜ ਕਕਾਰ ਵੀ ਨਿਸਚਿਤ ਹਨ ਅਤੇ ਇਨ੍ਹਾਂ ਵਿਚ ਕਿਸੇ ਨੂੰ ਵੀ ਤਬਦੀਲੀ ਕਰਨ ਦਾ ਅਧਿਕਾਰ ਨਹੀਂ ਹੈ।

3. ਉਹ ਸਿਰੋਂ ਨੰਗਾ ਜਾਂ ਟੋਪੀ ਧਾਰੀ ਨਹੀਂ ਹੋਣਾ ਚਾਹੀਦਾ। ਸਿੱਖ ਲਈ ਟੋਪੀ ਵਿਵਰਜਤ ਹੈ।

4. ਉਸ ਨੇ ਅਨਮਤ ਦਾ ਕੋਈ ਵੀ ਚਿੰਨ੍ਹ ਧਾਰਨ ਨਹੀਂ ਕੀਤਾ ਹੋਣਾ ਚਾਹੀਦਾ। ਜਿਵੇਂ ਮੌਲੀ, ਤਿਲਕ, ਸਲੀਬ (✲☛✥↔↔), ਜੰਞੂ, ਛੇਦਕ ਗਹਿਣੇ (ਕਾਂਟੇ, ਝੁਮਕੇ, ਵਾਲੀਆਂ, ਨੱਥ, ਕੋਕਾ) ਆਦਿ। ਸਾਰੇ ਦੁਨਿਆਵੀ ਬੰਧਨਾਂ ਤੋਂ ਮੁਕਤ ਹੋ ਕੇ ਹੀ ਉਸ ਨੇ ਸਿੱਖੀ ਧਾਰਨ ਕਰਨੀ ਹੈ।

ਛੇਦਕ ਗਹਿਣੇ :

ਕਾਨ ਫਰਾਵਤ, ਭਸਮ ਲਗਾਵਤ, ਸਿੰਙੀ ਵਾਵਤ ਨਾਥ ਸਦਾ ਹੀ॥
ਪੂਜਤਿ ਸਿਲਾ ਦਿਗੰਬਰ-ਮਉਨੀ, ਨਖ ਅਰੁ ਜਟਾ ਬਢਾਵਤ ਬਾਹੀ॥
ਕੌ ਕੁਚੀਲਿ ਜਲ ਦੇਖੈ ਡਰਪਤਿ, ਅਸੁਰ ਪ੍ਰਕ੍ਰਿਤਿ ਹਾਥ ਕਾਸਾਹੀ॥
ਬੇਦਹੁੰ ਦਈ ਬਿਗੂਤੇ ਦੁਰਜਨ, ਢੁੰਮਣ ਦੰਡ ਉਚਿਸ਼ਿਟਨ ਖਾਹੀ॥ ੪
(ਸਰਬਲੋਹ ਗ੍ਰੰਥ ੫੩੨)

(ਚਲਦਾ)

# ਯਾਦਗਾਰੀ ਹੋ ਨਿਬੜਿਆ ਸਿੱਖ ਯੂਥ ਸਪੋਰਟਸ ਦਾ ਖੇਡ ਮੇਲਾ

ਵੈਨਕੂਵਰ : ਨੌਰਥ ਅਮਰੀਕਾ ਦੇ ਵੱਡੇ ਖੇਡ ਮੇਲਿਆਂ ਚ ਗਿਣਿਆ ਜਾਣ ਵਾਲਾ ਸਿੱਖ ਯੂਥ ਸਪੋਰਟਸ ਦਾ ਖੇਡ ਮੇਲਾ ਆਪਣੀਆਂ ਅਮਿਟ ਯਾਦਾਂ ਛੱਡਦਾ ਹੋਇਆ ਧੂਮ ਧੜਕੇ ਨਾਲ ਸੰਪੰਨ ਹੋ ਗਿਆ। ਸਰੀ ਡੈਲਟਾ ਦੇ ਨਾਨਕ ਗੁਰੂ ਘਰ ਦੀ ਗਰਾਉਂਡ ਚ ਅਯੋਜਿਤ ਕਰਵਾਏ ਜਾਂਦੇ ਇਸ ਦੋ ਰੋਜਾ ਕੌਮਾਂਤਰੀ ਪੱਧਰ ਦੇ ਖੇਡ ਮੇਲੇ ਚ ਵੱਡੀ ਗਿਣਤੀ ਚ ਦੂਰੋਂ ਨੇੜਿਓਂ ਪੁੱਜੇ ਖੇਡ ਪ੍ਰੇਮੀਆਂ ਅਤੇ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ ਪਰਿਵਾਰਕ ਮੇਲੇ ਵਜੋਂ ਜਾਣੇ ਜਾਂਦੇ ਇਸ ਖੇਡ ਮੇਲੇ ਚ ਕਬੱਡੀ ਦੇ ਦਿਲਚਸਪ ਮੈਚਾਂ ਤੋਂ ਇਲਾਵਾ ਕੁਸ਼ਤੀਆਂ ਅਤੇ ਵੇਟ ਲਿਫਟਿੰਗ ਦੇ ਕਰਵਾਏ ਗਏ ਮੁਕਾਬਲਿਆਂ ਨਾਲ ਪੰਜਾਬ ਦੇ ਕਿਸੇ ਪੇਂਡੂ ਖੇਡ ਮੇਲੇ ਵਰਗਾ ਮਾਹੌਲ ਸਿਰਜਿਆ ਮਹਿਸੂਸ ਹੋਇਆ।



ਇਸ ਖੇਡ ਮੇਲੇ ਦੌਰਾਨ ਕਬੱਡੀ ਦੇ ਪਹਿਲੇ ਫਾਈਨਲ ਮੁਕਾਬਲੇ ਚੋਂ ਯੂਥ ਕਬੱਡੀ ਕਲੱਬ ਦੀ ਟੀਮ ਪਹਿਲੇ ਅਤੇ ਰਾਇਲ ਕਿੰਗ ਕਲੱਬ ਦੀ ਟੀਮ ਦੂਜੇ ਸਥਾਨ ਤੇ ਰਹੀ ਅਤੇ ਦੂਸਰੇ ਫ਼ਾਈਨਲ ਮੁਕਾਬਲੇ ਚੋਂ ਸ਼ਹੀਦ ਭਗਤ ਸਿੰਘ ਰਾਜਵੀਰ ਕਬੱਡੀ ਕਲੱਬ ਦੀ ਟੀਮ ਪਹਿਲੇ ਅਤੇ ਕਾਮਾਗਾਟਾ ਮਾਰੂ ਸਰੀ ਦੀ ਟੀਮ ਦੂਸਰੇ ਸਥਾਨ ਤੇ ਰਹੀ। ਇਸੇ ਤਰ੍ਹਾਂ ਵੱਖ-ਵੱਖ ਵਰਗ ਦੇ ਮਰਦਾਂ ਦੇ ਕੁਸ਼ਤੀ ਮੁਕਾਬਲਿਆਂ ਚੋਂ ਗੁਰੂ ਗੋਬਿੰਦ ਸਿੰਘ ਰੈਸਲਿੰਗ ਕਲੱਬ ਐਬਸਫੋਰਡ ਦਾ ਪਹਿਲਵਾਨ ਨਿਸ਼ਾਨ ਰੰਧਾਵਾ, ਰੁਸਤਮੇ ਹਿੰਦ ਰੈਸਲਿੰਗ ਕਲੱਬ ਦਾ ਪਹਿਲਵਾਨ ਹਰਜੋਤ ਬਸਰਾ, ਗੁਰੂ ਗੋਬਿੰਦ ਸਿੰਘ ਰੈਸਲਿੰਗ ਕਲੱਬ ਐਬਸਫੋਰਡ ਦਾ ਪਹਿਲਵਾਨ ਜਗਰੂਪ ,ਕਨੇਡੀਅਨ ਮਲ ਕਲੱਬ ਦਾ ਪਹਿਲਵਾਨ ਹਰਜੋਤ ਸ਼ੇਰਗਿੱਲ ਅਤੇ ਗੁਰੂ ਗੋਬਿੰਦ ਸਿੰਘ ਕਲੱਬ ਦਾ ਪਹਿਲਵਾਨ ਤੇਜੀ ਢੀਡਸਾ ਅਵਲ ਰਹੇ। ਇਸੇ ਤਰ੍ਹਾਂ ਲੜਕੀਆਂ ਦੇ ਫਾਈਨਲ ਕੁਸ਼ਤੀ ਮੁਕਾਬਲਿਆਂ ਚੋਂ ਗੁਰੂ ਗੋਬਿੰਦ ਸਿੰਘ ਰੈਸਲਿੰਗ ਕਲੱਬ ਦੀ ਰੁਪਿੰਦਰ ਜੌਹਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਕਨੇਡੀਅਨ ਕਲੱਬ ਦੀ ਖੁਸ਼ੀ ਝੱਲੀ ਦੂਜੇ ਸਥਾਨ ਤੇ ਰਹੀ। ਖੇਡ ਮੇਲੇ ਚ ਪੁੱਜੀ ਇੱਕ ਹੋਰ ਪੰਜਾਬੀ ਮੁਟਿਆਰ ਜੀਨਤ ਵਿਲਨ ਨੇ 75 ਕਿਲੋ ਦਾ ਵੇਟ ਲਿਫਟਿੰਗ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਤਾਂ ਗਰਾਊਂਡ ਚ ਮੌਜੂਦ ਖੇਡ ਪਰੇਮੀਆ ਵੱਲੋਂ ਤਾੜੀਆਂ ਦੀ ਗੜਗੜਾਹਟ ਨਾਲ ਉਸਦੀ ਹੌਸਲਾ ਅਫਜਾਈ ਕੀਤੀ ਗਈ। ਇਸ ਖੇਡ ਮੇਲੇ 'ਚ ਔਰਤਾਂ ਅਤੇ ਬੱਚਿਆਂ ਦੀਆਂ ਕਰਵਾਈਆ ਗਈਆਂ ਵੱਖ-ਵੱਖ ਖੇਡ ਗਤੀਵਿਧੀਆਂ ਬੜੀਆਂ ਦਿਲਚਸਪ ਰਹੀਆਂ।

ਇਸ ਖੇਡ ਮੇਲੇ ਚ ਕਮੈਂਟਰੀ ਦੀ ਜਿੰਮੇਵਾਰੀ ਹਰਪ੍ਰੀਤ ਘੋਲੀਆ ਅਤੇ ਨਵੀ ਬੀਸਲਾ ਵੱਲੋਂ ਬੜੇ ਹੀ ਸੁਚਾਰੂ ਢੰਗ ਨਾਲ ਨਿਭਾਈ ਗਈ ਜਦੋਂ ਕਿ ਕਬੱਡੀ ਮੁਕਾਬਲਿਆਂ ਚ ਰੈਫਰੀ ਦੀ ਜਿੰਮੇਵਾਰੀ ਨਛੱਤਰ ਡੰਡੇਵਾਲ ਵੱਲੋਂ ਬੜੀ ਨਿਰਪੱਖਤਾ ਨਾਲ ਨਿਭਾਈ ਗਈ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੱਖ ਯੂਥ ਸਪੋਰਟਸ ਦੇ ਪ੍ਰਧਾਨ ਰਘਬੀਰ ਸਿੰਘ ਅਤੇ ਹਿਲਟਨ ਸਿਕਿਉਰਟੀ ਦੇ ਚੀਫ ਗੁਰਜੰਟ ਸਿੰਘ ਸੰਧੂ ਵੱਲੋਂ ਇਸ ਖੇਡ ਮੇਲੇ ਦੀ ਸਫਲਤਾ ਲਈ ਜਿੱਥੇ ਸਮੂਹ ਸਪੋਂਸਰਾਂ ਦਾ ਧੰਨਵਾਦ ਕੀਤਾ ਗਿਆ।

ਉੱਥੇ ਮੇਲੇ ਚ ਆਏ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਵੀ ਜੀ ਆਇਆ ਕਿਹਾ ਗਿਆ ਅਤੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਨਾਲ ਜੁੜਨ ਦੀ ਅਪੀਲ ਵੀ ਕੀਤੀ ਇਸ ਖੇਡ ਮੇਲੇ ਚ ਹਿਲਟਨ ਸਕਿਉਰਟੀ ਦੀ ਟੀਮ ਵੱਲੋਂ ਸਿਕਿਉਰਟੀ ਦੇ ਕੀਤੇ ਗਏ ਪੁਖਤਾ ਪ੍ਰਬੰਧ ਸਲਾਹੁਣਯੋਗ ਸਨ। ਇਸ ਮੌਕੇ ਹਾਜ਼ਰ ਸਿਆਸੀ ਹਸਤੀਆਂ 'ਚ ਸੁੱਖ ਧਾਲੀਵਾਲ, ਬਰੈਂਡਾ ਲੌਕ, ਮਨਦੀਪ ਧਾਲੀਵਾਲ ਦੇ ਨਾਮ ਜ਼ਿਕਰਯੋਗ ਹਨ ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਰਣਬੀਰ ਸਿੰਘ ਨਿੱਝਰ, ਬਲਜੀਤ ਸਿੰਘ ਰਾਏ, ਹਰਨੇਕ ਸਿੰਘ ਅਨੇਜਾ, ਸੁੱਖ ਖਹਿਰਾ, ਜਰਨੈਲ ਸਿੰਘ ਖਹਿਰਾ, ਹਰਜਿੰਦਰ ਸਿੰਘ ਦਦਵਾੜ, ਜਰਨੈਲ ਸਿੰਘ ਸਰਾਏ, ਬਿੱਲਾ ਅਹੂਜਾ, ਇਕਬਾਲ ਸਿੰਘ ਮਾਨ, ਸੋਨੀ ਝਾਵਰ, ਭੁਪਿੰਦਰ ਸਿੰਘ ਮੰਡ, ਹਰਜੀਤ ਸਿੰਘ ਕੰਗ, ਬਲਕਾਰ ਸਿੰਘ ਸਹੋਤਾ, ਗੁਰਦਾਵਰ ਸਿੰਘ ਸਹੋਤਾ, ਬਲਰਾਜ ਬੈਂਸ, ਮਨਰੂਪ ਸਿੰਘ, ਮਨਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਜਸਵਿੰਦਰ ਗਿੱਲ, ਜਗਜੀਤ ਦੋਸਾਂਝ, ਤਰਨਜੀਤ ਧੁੱਗਾ, ਬੌਬ ਚੀਮਾ, ਮੈਨਡੀ ਵਿਰਕ, ਜਵਾਹਰ ਪੱਡਾ, ਊਧਮ ਸਿੰਘ ਹੁੰਦਲ, ਤਾਰਾ ਗਿੱਲ, ਗੁਰਦੀਪ ਗਿੱਲ, ਪੰਡਿਤ ਜੀ ਅਤੇ ਬਿਕਰਮਜੀਤ ਹਾਜ਼ਰ ਸਨ।

# BASRA
## Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

ਸ. ਰਜਿੰਦਰ ਸਿੰਘ ਬਸਰਾ (209) 834-6188

Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਜਨਮ, ਬਚਪਨ ਅਤੇ ਵਿਆਹ

ਸੰਤ ਬਾਬਾ ਹਰਨਾਮ ਸਿੰਘ ਜੀ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਨਗਰ ਧੁੱਗੇ ਕਲਾਂ ਵਿਚ 1897 ਈ. ਨੂੰ ਹਾੜ ਦੇ ਮਹੀਨੇ ਵਿਚ ਹੋਇਆ। ਇਸ ਪਵਿੱਤ੍ਰ ਆਤਮਾ ਨੇ ਗੁਰਸਿੱਖ ਭਾਈ ਅੱਛਰ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਨਰਾਇਣ ਕੌਰ ਜੀ ਦੀ ਕੁੱਖ ਨੂੰ ਭਾਗ ਲਾਏ। ਆਪ ਜੀ ਦੇ ਪਿਤਾ ਜੀ ਖੇਤੀਬਾੜੀ ਦਾ ਕਿੱਤਾ ਕਰਦੇ ਸਨ ਅਤੇ ਦੋਵੇਂ ਸੁਭਾਗੇ ਜੀਅ ਧਾਰਮਿਕ ਰੁਚੀਆਂ ਦੇ ਧਾਰਨੀ ਸਨ। ਬਾਬਾ ਜੀ ਦੇ ਚਾਰ ਭਰਾ ਅਤੇ ਦੋ ਭੈਣਾਂ ਸਨ। ਵੱਡੇ ਭਰਾ ਦਾ ਨਾਂ ਭਾਈ ਮੇਹਰ ਸਿੰਘ ਜੀ, ਦੂਜੇ ਭਾਈ ਤਾਰਾ ਸਿੰਘ, ਤੀਸਰੇ ਥਾਂ ਬਾਬਾ ਜੀ ਸਨ ਅਤੇ ਇਨ੍ਹਾਂ ਤੋਂ ਛੋਟੇ ਭਾਈ ਠਾਕਰ ਸਿੰਘ ਜੀ ਅਤੇ ਭਾਈ ਲਛਮਣ ਸਿੰਘ ਜੀ ਸਨ। ਭੈਣਾਂ ਵਿਚ ਬੀਬੀ ਜੁਆਲੀ ਅਤੇ ਬੀਬੀ ਰੁਕਮਣ ਕੌਰ ਜੀ ਸਨ।

ਆਪ ਜੀ ਦੇ ਪਿਤਾ ਜੀ ਬੜੇ ਤਨਦੇਹੀ ਨਾਲ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦੇ, ਦਸਾਂ ਨਹੁੰਆਂ ਦੀ ਕਿਰਤ ਕਰਦੇ ਅਤੇ ਮਾਤਾ ਜੀ ਸਾਰੇ ਪਰਿਵਾਰ ਦੀ ਸਾਰ-ਸੰਭਾਲ ਕਰਿਆ ਕਰਦੇ ਸਨ। ਮਾਤਾ ਜੀ ਹਰ ਰੋਜ਼ ਵੱਡੇ ਤੜਕੇ ਉੱਠਦੇ, ਇਸ਼ਨਾਨ ਸੋਧ, ਗੁਰਦੁਆਰਾ ਸਾਹਿਬ ਜਾਂਦੇ ਅਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਉਪਰੰਤ ਘਰ ਆ ਕੇ ਮੂਲ ਮੰਤਰ ਦਾ ਜਾਪ ਕਰਦੇ ਹੋਏ ਦੁੱਧ ਰਿੜਕਦੇ ਅਤੇ ਘਰ ਦਾ ਸਾਰਾ ਕੰਮ ਧੰਦਾ ਕਰਦੇ ਸਨ।

ਭਾਈ ਅੱਛਰ ਸਿੰਘ ਜੀ ਗੁਰੂ ਘਰ ਦੇ ਬਹੁਤ ਸ਼ਰਧਾਲੂ ਸਨ। ਹਰ ਰੋਜ਼ ਖੇਤਾਂ ਨੂੰ ਜਾਣ ਤੋਂ ਪਹਿਲੇ ਗੁਰੂ ਘਰ ਹਾਜ਼ਰੀ ਭਰ ਕੇ ਫੇਰ ਕੰਮ ਨੂੰ ਹੱਥ ਲਾਉਂਦੇ। ਹਰ ਸੰਗਰਾਂਦ ਨੂੰ ਕੰਗ ਮਾਈ ਘਰੋਂ ਯਥਾ-ਸ਼ਕਤ ਰਸਦ ਅਤੇ ਦੁੱਧ ਲੈ ਕੇ ਆਪਣਾ ਗੱਡਾ ਜੋੜਦੇ ਹੋਰ ਸੰਗਤ ਨੂੰ ਨਾਲ ਲੈ ਕੇ ਗੁਰੂ ਘਰ ਦੀਆਂ ਹਾਜ਼ਰੀਆਂ ਭਰਦੇ। ਕਥਾ-ਕੀਰਤਨ ਸੁਣਨ ਉਪਰੰਤ ਘਰ ਵਾਪਸ ਪਰਤਦੇ। ਅਕਸਰ ਪਿਤਾ ਜੀ ਦੇ ਨਾਲ ਸੰਗਤ ਵਿਚ ਜਾਣ ਦਾ ਸਮਾਂ ਆਪ ਜੀ ਨੂੰ ਮਿਲਦਾ ਹੀ ਰਹਿੰਦਾ।

ਬਾਬਾ ਜੀ ਆਪਣੀ ਜ਼ੁਬਾਨੀ ਦੱਸਿਆ ਕਰਦੇ ਸਨ ਕਿ ਮਾਤਾ ਜੀ ਵਲੋਂ ਸਾਨੂੰ ਖਾਸ ਹਦਾਇਤ ਹੁੰਦੀ ਸੀ ਕਿ ਤੁਰਦੇ ਸਮੇਂ ਧਿਆਨ ਪੈਰਾਂ ਵੱਲ ਰੱਖਣਾ ਹੈ, ਮਤਾਂ ਕਾਢੇ-ਕੀੜੀਆਂ ਪੈਰਾਂ ਹੇਠ ਆ ਕੇ ਮਰ ਜਾਣ ਅਤੇ ਕਿਸੇ ਜਾਨਵਰ ਦਾ ਆਲ੍ਹਣਾ ਨਹੀਂ ਲਾਹੁਣਾ, ਜਾਨਵਰਾਂ ਦੇ ਆਂਡੇ ਨਹੀਂ ਭੰਨਦੇ। ਕਿਸੇ ਵੀ ਚੀਜ਼ ਨਹੀਂ ਚੁੱਕਣੀ ਤੇ ਨਾ ਹੀ ਕਿਸੇ ਨਾਲ ਲੜਨ-ਝਗੜਨਾ ਹੈ। ਸ਼ਾਮ ਨੂੰ ਸੌਣ ਤੋਂ ਪਹਿਲੇ, ਪਿਤਾ ਜੀ ਕੋਈ ਨਾ ਕੋਈ ਧਾਰਮਿਕ ਸਾਖੀ ਸਾਰੇ ਬੱਚਿਆਂ ਨੂੰ ਇਕੱਠੇ ਕਰਕੇ ਜ਼ਰੂਰ ਬਣਾਇਆ ਕਰਦੇ ਸਨ।

ਇਸ ਪ੍ਰਕਾਰ ਮਾਤਾ-ਪਿਤਾ ਜੀ ਦੀਆਂ ਸ਼ੁਭ ਸਿੱਖਿਆਵਾਂ ਨੇ ਪਿਛਲੇ ਅਤਿ ਉਤਮ ਸੰਸਕਾਰਾਂ ਨੂੰ ਪ੍ਰਗਟ ਹੋਣ ਲਈ ਕਾਫ਼ੀ ਸਹਾਇਤਾ ਦਿੱਤੀ। ਬਚਪਨ ਵਿਚ ਹੀ ਆਪ ਜੀ ਦੀ ਰੁਚੀ ਸੀ ਕਿ 'ਮੈਂ ਸੰਤ ਬਣ ਜਾਣਾ ਹੈ ਅਤੇ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਉਪਦੇਸ਼ ਦਾ ਧਾਰਨੀ ਬਣਨਾ ਹੈ।' ਮਾਤਾ ਪਿਤਾ ਜੀ ਪਾਸੋਂ ਮਿਲੀ




ਪ੍ਰੇਰਨਾ ਦਾ ਸਦਕਾ ਮੂਲ-ਮੰਤਰ ਦਾ ਨਿਰੰਤਰ ਜਾਪ ਕਰਨ ਦਾ ਯਤਨ ਕਰਦੇ। ਬੱਚਿਆਂ 'ਚ ਬੈਠਣ ਅਤੇ ਖੇਡਣ ਦੀ ਰੁਚੀ ਵੀ ਆਪ ਜੀ ਨੂੰ ਬਹੁਤ ਘੱਟ ਸੀ। ਕਿਤੇ-ਕਿਤੇ ਵਰਜਿਸ਼ ਕਰਨ ਵਾਲੀ ਖੇਡ ਵਿਚ ਆਪ ਜ਼ਰੂਰ ਸ਼ਾਮਲ ਹੋ ਜਾਂਦੇ। ਸਰੀਰ ਨਰੋਆ ਅਤੇ ਤਕੜਾ ਹੋਣ ਕਾਰਨ ਹਮੇਸ਼ਾ ਦੂਜੇ ਸਾਥੀਆਂ 'ਤੇ ਹਾਵੀ ਰਹਿੰਦੇ।

ਪਿਛਲੇਰੇ ਬੀਤ ਚੁੱਕੇ ਸਮੇਂ ਵਿਚ ਵਿਦਿਆ ਪ੍ਰਾਪਤੀ ਦੇ ਸਾਧਨਾਂ ਦੀ ਬਹੁਤ ਘਾਟ ਸੀ। ਸਕੂਲ ਵੀ ਟਾਵੇਂ-ਟਾਵੇਂ ਸ਼ਹਿਰਾਂ ਵਿਚ ਸਨ, ਜਿਸ ਕਾਰਨ ਆਪ ਜੀ ਸਕੂਲੀ ਵਿਦਿਆ ਪ੍ਰਾਪਤ ਨਾ ਕਰ ਸਕੇ। ਉਸ ਸਮੇਂ ਗੁਰਦੁਆਰਾ ਸਾਹਿਬ ਦਾ ਗ੍ਰੰਥੀ ਸਿੰਘ ਹੀ ਬੱਚਿਆਂ ਨੂੰ ਗੁਰਮੁਖੀ ਸਿਖਾਉਣ ਦੀ ਡਿਊਟੀ ਕਰਦਾ ਹੁੰਦਾ ਸੀ। ਆਪ ਜੀ ਦੇ ਮਨ ਦੀ ਤੀਬਰ ਇੱਛਾ ਸੀ ਕਿ ਮੈਂ ਵੀ ਗੁਰਮੁਖੀ ਅੱਖਰ ਸਿੱਖ ਕੇ ਗੁਰਬਾਣੀ ਦਾ ਪਾਠ ਕਰਾਂ, ਸੋ ਗੁਰਸਿੱਖ ਗ੍ਰੰਥੀ ਸਿੰਘ ਪਾਸੋਂ ਆਪ ਜੀ ਨੇ ਗੁਰਮੁਖੀ ਅੱਖਰ ਸਿੱਖ ਲਏ। ਇਸ ਪ੍ਰਕਾਰ ਆਪ ਜੀ ਨੇ ਗੁਰਬਾਣੀ ਪੜ੍ਹਨ ਅਤੇ ਧਾਰਮਿਕ ਗ੍ਰੰਥਾਂ ਨੂੰ ਵਾਚਣ ਜੋਗੀ ਵਿਦਿਆ ਪ੍ਰਾਪਤ ਕਰ ਲਈ।

**ਵਿਆਹ**

ਪੁਰਾਣੇ ਰੀਤੀ-ਰਿਵਾਜਾਂ ਮੁਤਾਬਿਕ ਉਸ ਸਮੇਂ ਬਾਲ-ਵਿਆਹ ਪ੍ਰਚਲਤ ਸੀ। ਸੋ ਮਾਤਾ-ਪਿਤਾ ਜੀ ਨੇ ਬਾਬਾ ਜੀ ਦਾ ਵਿਆਹ ਭੀ 8 ਕੁ ਸਾਲ ਦੀ ਆਯੂ ਵਿਚ ਆਪਣੇ ਜ਼ਿਲ੍ਹੇ ਹੁਸ਼ਿਆਰਪੁਰ ਦੇ ਪਿੰਡ ਨੰਗਲ ਬੂਰੇ ਜੱਟਾਂ ਵਿਖੇ ਬੀਬੀ ਗਿਆਨ ਕੌਰ ਜੀ ਨਾਲ ਕਰ ਦਿੱਤਾ। ਆਪ ਜੀ ਦਾ ਕਹਿਣਾ ਸੀ ਕਿ ਅਸੀਂ ਬਥੇਰੇ ਮਾਤਾ ਜੀ ਨੂੰ ਕਿਹਾ ਕਿ 'ਮਾਤਾ ਜੀ! ਮੇਰਾ ਚਿੱਤ ਗ੍ਰਹਿਸਤ ਵਿਚ ਪੈਣ ਨੂੰ ਨਹੀਂ ਕਰਦਾ, ਤੁਸੀਂ ਮੇਰਾ ਵਿਆਹ ਨਾ ਕਰੋ।' ਪਰ ਮਾਤਾ-ਪਿਤਾ ਦੀ ਰੀਝ ਅੱਗੇ ਸਾਡੇ ਕੋਈ ਪੇਸ਼ ਨਾ ਗਈ, ਪਰ ਇਹ ਵਿਆਹ ਭੀ ਕੋਈ ਪੂਰਬਲਾ ਸੰਜੋਗ ਪੂਰਾ ਕਰਨ ਵਾਲੀ ਗੱਲ ਹੀ ਸੀ। ਤਕਰੀਬਨ ਇਕ ਸਾਲ ਦੇ ਅਰਸੇ ਵਿਚ ਹੀ, ਅਜੇ ਬੀਬੀ ਗਿਆਨ ਕੌਰ ਦੁਬਾਰਾ ਪਿੰਡ ਧੁੱਗੇ ਵੀ ਨਹੀਂ ਆਏ ਕਿ ਪਲੇਗ ਦੀ ਬਿਮਾਰੀ ਨਾਲ ਬੀਬੀ ਜੀ ਸਰੀਰ ਛੱਡ ਗਏ। ਸੱਸ-ਸਹੁਰੇ ਨੇ ਛੋਟੀ ਲੜਕੀ ਦਾ ਰਿਸ਼ਤਾ ਬਾਬਾ ਜੀ ਨਾਲ ਕਰਨ ਦੀ ਗੱਲ ਸ੍ਰ. ਅੱਛਰ ਸਿੰਘ ਜੀ ਨਾਲ ਚਲਾਈ। ਜਦੋਂ ਬਾਬਾ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਆਪ ਜੀ ਨੇ ਬੜੀ ਦ੍ਰਿੜਤਾ ਨਾਲ ਮਾਤਾ ਜੀ ਨੂੰ ਇਹ ਸ਼ਬਦ ਕਹੇ ਕਿ 'ਮਾਤਾ ਜੀ' ਮੈਂ ਉੱਕਾ ਹੀ ਗ੍ਰਹਿਸਤ ਵਿਚ ਨਹੀਂ ਪੈਣਾ। ਜੇ ਤੁਸੀਂ ਪਹਿਲਾਂ ਵਾਂਗ ਹੀ ਮੇਰਾ ਰਿਸ਼ਤਾ ਕਰ ਦਿੱਤਾ ਤਾਂ ਉਹ ਬੀਬੀ ਵੀ ਜਲਦੀ ਹੀ ਮਰ ਜਾਵੇਗੀ। ਸੋ ਮੇਰੇ ਵਿਆਹ ਦਾ ਖ਼ਿਆਲ ਛੱਡ ਦੇਵੋ।'

ਬਾਬਾ ਜੀ ਦੁਆਰਾ ਦ੍ਰਿੜ੍ਹਤਾ ਸਹਿਤ ਕਹੇ ਇਨ੍ਹਾਂ ਸ਼ਬਦਾਂ ਨੇ ਮਾਤਾ ਜੀ ਦੇ ਹਿਰਦੇ ਨੂੰ ਪ੍ਰੇਰਨਾ ਦਿੱਤੀ ਤੇ ਉਨ੍ਹਾਂ ਵੀਬੀਬੀ ਗਿਆਨ ਕੌਰ ਜੀ ਦੇ ਮਾਪਿਆਂ ਨੂੰ ਸਾਫ਼ ਜਵਾਬ ਦੇ ਦਿੱਤਾ। ਬਾਬਾ ਜੀ ਨੇ ਸਾਰੀ ਆਯੂ, ਜਤ-ਸਤ ਵਿਚ ਪ੍ਰਪੱਕ ਰਹਿੰਦੇ ਹੋਏ, ਸੁਰਤ ਨੂੰ ਗੁਰੂ-ਚਰਨਾਂ ਵਿਚ ਲਿਵਲੀਨ ਕਰਕੇ:

**ਪਰ ਤ੍ਰਿਆ ਰੂਪੁ ਨ ਪੇਖੈ ਨੇਤ੍ਰ ॥**
**ਸਾਧ ਕੀ ਟਹਲ ਸੰਤ ਸੰਗਿ ਹੇਤ ॥**
**(ਗਉੜੀ ਸੁਖਮਨੀ ਮ. ੫, ਅੰਗ ੨੭੪)**

ਨੂੰ ਆਪਣਾ ਜੀਵਨ ਆਧਾਰ ਤੇ ਆਸ਼ਾ ਬਣਾ ਕੇ ਬਿਤਾਉਣਾਕੀਤਾ।

(ਚਲਦਾ)

# ਸਿੱਖਾਂ ਦੇ ਚੁਣੇ ਹੋਏ ਸਿਰਮੌਰ ਨੁਮਾਇੰਦਿਆਂ ਵੱਲੋਂ ਕੈਲੀਫੋਰਨੀਆ ਦੇ ਗਵਰਨਰ ਨੂੰ ਅਮਰੀਕਾ ਵਿੱਚ ਸਿੱਖਾਂ ਨੂੰ ਵਿਦੇਸ਼ੀ ਤਾਕਤਾਂ ਦੇ ਦਮਨਕਾਰੀ ਖਤਰਿਆਂ ਖਿਲਾਫ ਚਿੱਠੀ, ਬਿੱਲ SB 509 ਨੂੰ ਪਾਸ ਕਰਨ ਦੀ ਮੰਗ

2 ਸਤੰਬਰ, 2025
ਗਵਰਨਰ ਗੈਵਿਨ ਨਿਊਸਮ 1021 ਓ ਸਟਰੀਟ, ਸੂਟ 9000 ਸੈਕਰਾਮੈਂਟੋ, CA 95814
ਗਵਰਨਰ ਨਿਊਸਮ,

ਅਸੀਂ, ਹੇਠਾਂ ਹਸਤਾਖਰ ਕਰਨ ਵਾਲੇ, ਦੇਸ਼-ਪਾਰ ਦਮਨ (transnational repression) ਦੇ ਵਧਦੇ ਖ਼ਤਰੇ ਨੂੰ ਸੰਬੋਧਿਤ ਕਰਨ ਵਾਲੇ ਵਿਧਾਨਕ ਯਤਨਾਂ ਵੱਲ ਤੁਹਾਡਾ ਧਿਆਨ ਦਿਵਾਉਣ ਲਈ ਲਿਖ ਰਹੇ ਹਾਂ। ਕੈਲੀਫੋਰਨੀਆ ਵਿੱਚ ਸਿੱਖ ਭਾਈਚਾਰੇ ਦੇ ਇਤਿਹਾਸ ਅਤੇ ਯੋਗਦਾਨ ਦੇ ਬਾਵਜੂਦ, ਸਾਨੂੰ ਭਾਰਤ ਸਰਕਾਰ ਤੋਂ ਪੈਦਾ ਹੋਣ ਵਾਲੀਆਂ ਵਧਦੀਆਂ ਧਮਕੀਆਂ ਅਤੇ ਡਰਾਵਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹਨਾਂ ਧਮਕੀਆਂ ਵਿੱਚ ਸ਼ਾਮਲ ਹਨ:

- **ਸਰੀਰਕ ਅਤੇ ਡਿਜੀਟਲ ਨਿਗਰਾਨੀ:** ਵਿਅਕਤੀਆਂ ਅਤੇ ਗੁਰਦੁਆਰਿਆਂ ਦੀ ਨਿਗਰਾਨੀ ਅਤੇ ਟਰੈਕਿੰਗ ਕੀਤੀ ਗਈ ਹੈ।
- **ਤੰਗ-ਪ੍ਰੇਸ਼ਾਨ ਕਰਨਾ ਅਤੇ ਡਰਾਉਣਾ-ਧਮਕਾਉਣਾ:** ਭਾਈਚਾਰੇ ਦੇ ਮੈਂਬਰਾਂ ਨੂੰ ਰਾਜਨੀਤਿਕ ਭਾਸ਼ਣ ਨੂੰ ਚੁੱਪ ਕਰਾਉਣ ਦੇ ਉਦੇਸ਼ ਨਾਲ ਧਮਕੀ ਭਰੇ ਸੰਦੇਸ਼ਾਂ ਅਤੇ ਕਾਰਵਾਈਆਂ ਦਾ ਨਿਸ਼ਾਨਾ ਬਣਾਇਆ ਗਿਆ ਹੈ, ਜਿਸ ਵਿੱਚ ਉਹਨਾਂ ਦੀ ਇਮੀਗ੍ਰੇਸ਼ਨ ਸਥਿਤੀ ਨਾਲ ਸਬੰਧਤ ਧਮਕੀਆਂ ਵੀ ਸ਼ਾਮਲ ਹਨ।
- **ਗਲਤ ਜਾਣਕਾਰੀ ਮੁਹਿੰਮਾਂ:** ਭਾਈਚਾਰੇ ਨੇ ਝੂਠੀਆਂ ਕਹਾਣੀਆਂ ਫੈਲਾਉਣ ਅਤੇ ਖਾਸ ਵਿਅਕਤੀਆਂ ਅਤੇ ਸਮੁੱਚੇ ਤੌਰ 'ਤੇ ਸਿੱਖ ਧਰਮ ਦੀ ਸਾਖ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਦਾ ਸਾਹਮਣਾ ਕੀਤਾ ਹੈ।
- **ਹਿੰਸਾ ਦੀਆਂ ਧਮਕੀਆਂ:** ਸੰਘੀ ਸਰਕਾਰ ਨੇ ਦੋ ਵਿਅਕਤੀਆਂ 'ਤੇ ਦੋਸ਼ ਲਗਾਇਆ ਹੈ, ਜੋ ਕਥਿਤ ਤੌਰ 'ਤੇ ਭਾਰਤ ਸਰਕਾਰ ਦੇ ਤਾਲਮੇਲ ਨਾਲ ਕੰਮ ਕਰ ਰਹੇ ਸਨ, ਅਮਰੀਕੀ ਧਰਤੀ 'ਤੇ ਸਿੱਖ ਅਮਰੀਕੀਆਂ ਦੀ ਹੱਤਿਆ ਦੀ ਸਾਜ਼ਿਸ਼ ਲਈ। ਇਸ ਤੋਂ ਇਲਾਵਾ, ਕੈਲੀਫੋਰਨੀਆ ਵਿੱਚ ਇੱਕ ਸੰਭਾਵੀ ਹੱਤਿਆ ਦੀ ਕੋਸ਼ਿਸ਼ ਦੇਸ਼-ਪਾਰ ਦਮਨ ਨਾਲ ਸਬੰਧਤ ਹੋ ਸਕਦੀ ਹੈ (ਜਾਂਚ ਜਾਰੀ ਹੈ), ਅਤੇ ਸਿੱਖ ਕੈਲੀਫੋਰਨੀਆ ਵਾਸੀਆਂ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਤੋਂ ਉਹਨਾਂ ਦੀ ਸੁਰੱਖਿਆ ਲਈ ਖਤਰਿਆਂ ਬਾਰੇ 'ਚੇਤਾਵਨੀ ਦੇਣ ਦੀ ਡਿਊਟੀ' (duty to warn) ਨੋਟਿਸ ਪ੍ਰਾਪਤ ਹੋਏ ਹਨ।

ਸਿੱਖ ਭਾਈਚਾਰੇ ਦੇ ਵਿਰੁੱਧ ਇਹ ਕਾਰਵਾਈਆਂ ਦੇਸ਼-ਪਾਰ ਦਮਨ ਦਾ ਗਠਨ ਕਰਦੀਆਂ ਹਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ 'ਤੇ ਇੱਕ ਮਹੱਤਵਪੂਰਨ ਬੋਝ ਪਾਉਂਦੀਆਂ ਹਨ, ਜੋ ਅਕਸਰ ਇਹਨਾਂ ਗੁੰਝਲਦਾਰ ਅਤੇ ਵਿਕਸਤ ਹੋ ਰਹੇ ਖਤਰਿਆਂ ਨਾਲ ਨਜਿੱਠਣ ਲਈ ਚੰਗੀ ਤਰ੍ਹਾਂ ਲੈਸ ਨਹੀਂ ਹੁੰਦੀਆਂ।

ਇਸ ਕਾਰਨ ਕਰਕੇ, ਅਸੀਂ ਤੁਹਾਨੂੰ SB 509 (ਕੈਬਾਲੇਰੋ) ਦਾ ਸਮਰਥਨ ਕਰਨ ਦੀ ਅਪੀਲ ਕਰਦੇ ਹਾਂ, ਜੋ ਕਿ:

- ਕੈਲੀਫੋਰਨੀਆ ਕਾਨੂੰਨ ਦੇ ਤਹਿਤ ਦੇਸ਼-ਪਾਰ ਦਮਨ ਨੂੰ ਪਰਿਭਾਸ਼ਿਤ ਕਰੇਗਾ;
- ਦੇਸ਼-ਪਾਰ ਦਮਨ ਦੀਆਂ ਘਟਨਾਵਾਂ ਨੂੰ ਪਛਾਣਨ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਲਈ ਕਾਨੂੰਨ ਲਾਗੂ ਕਰਨ ਵਾਲੇ ਕਰਮਚਾਰੀਆਂ ਲਈ ਵਿਸ਼ੇਸ਼ ਸਿਖਲਾਈ (ਕੈਲੀਫੋਰਨੀਆ ਸਪੈਸ਼ਲਾਈਜ਼ਡ ਟਰੇਨਿੰਗ ਇੰਸਟੀਚਿਊਟ ਦੁਆਰਾ CalOES ਵਿਖੇ ਉਦੇਸ਼ ਮਾਹਰਾਂ ਦੁਆਰਾ) ਦੇ ਵਿਕਾਸ ਨੂੰ ਲਾਜ਼ਮੀ ਕਰੇਗਾ; ਅਤੇ
- ਵਿਦੇਸ਼ੀ ਸਰਕਾਰੀ ਦਖਲਅੰਦਾਜ਼ੀ ਤੋਂ ਕਮਜ਼ੋਰ ਭਾਈਚਾਰਿਆਂ ਦੀ ਸੁਰੱਖਿਆ ਲਈ ਕੈਲੀਫੋਰਨੀਆ ਦੀ ਵਚਨਬੱਧਤਾ ਨੂੰ ਮਜ਼ਬੂਤ ਕਰੇਗਾ।

ਸਰਕਾਰੀ ਜਵਾਬਦੇਹੀ ਦਫਤਰ (GAO) ਨੇ ਸਿਫਾਰਸ਼ ਕੀਤੀ ਹੈ ਕਿ 'ਸੰਘੀ ਏਜੰਸੀਆਂ ਅਤੇ ਰਾਜ ਅਤੇ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਿੱਚ ਦੇਸ਼-ਪਾਰ ਦਮਨ ਦੀ ਸਮਝ ਨੂੰ ਵਧਾਉਣ ਲਈ ਵਾਧੂ ਕਦਮ ਚੁੱਕੇ ਜਾਣ।' ਹੋਮਲੈਂਡ ਸੁਰੱਖਿਆ ਵਿਭਾਗ ਦੀ ਧਰਮ-ਅਧਾਰਤ ਸੁਰੱਖਿਆ ਸਲਾਹਕਾਰ ਕੌਂਸਲ ਨੇ ਕਿਹਾ 'TNR ਦੇ ਮਾਮਲਿਆਂ ਨਾਲ ਨਜਿੱਠਣ ਲਈ ਸਥਾਨਕ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਸਿਖਲਾਈ ਦੇਣ ਅਤੇ ਸ਼ਕਤੀਕਰਨ ਦੀ ਲੋੜ ਹੈ।' ਅੰਤ ਵਿੱਚ, ਫਰੀਡਮ ਹਾਊਸ ਨੇ ਸਿਫਾਰਸ਼ ਕੀਤੀ ਹੈ ਕਿ 'ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ, ਮੁੱਖ ਏਜੰਸੀਆਂ ਦੇ ਕਰਮਚਾਰੀਆਂ ਅਤੇ ਸ਼ਰਨਾਰਥੀਆਂ ਅਤੇ ਪਨਾਹ ਮੰਗਣ ਵਾਲਿਆਂ ਨਾਲ ਕੰਮ ਕਰਨ ਵਾਲਿਆਂ ਨੂੰ ਜਲਾਵਤਨ ਅਤੇ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਣ ਨੂੰ ਪਛਾਣਨ ਲਈ ਸਿਖਲਾਈ ਦਿੱਤੀ ਜਾਵੇ।' ਇਸ ਮੰਤਵ ਲਈ, ਕੈਲੀਫੋਰਨੀਆ ਪੁਲਿਸ ਚੀਫ ਐਸੋਸੀਏਸ਼ਨ (CPCA) SB 509 ਦਾ ਸਮਰਥਨ ਕਰਦੀ ਹੈ।

ਅਸੀਂ ਤੁਹਾਨੂੰ ਕੈਲੀਫੋਰਨੀਆ ਵਿੱਚ ਦੇਸ਼-ਪਾਰ ਦਮਨ ਦੇ ਖਤਰੇ ਨੂੰ ਜਨਤਕ ਤੌਰ 'ਤੇ ਸਵੀਕਾਰ ਕਰਨ, SB 509 ਲਈ ਆਪਣਾ ਸਮਰਥਨ ਦੇ ਕੇ ਉਸ ਖਤਰੇ ਦੀ ਗੰਭੀਰਤਾ ਨੂੰ ਦਰਸਾਉਣ, ਅਤੇ ਜਦੋਂ ਇਹ ਬਿੱਲ ਤੁਹਾਡੇ ਡੈਸਕ 'ਤੇ ਪਹੁੰਚਦਾ ਹੈ ਤਾਂ ਇਸ ਨੂੰ ਕਾਨੂੰਨ ਵਿੱਚ ਦਸਤਖਤ ਕਰਨ ਲਈ ਵਚਨਬੱਧ ਹੋਣ ਲਈ ਕਹਿੰਦੇ ਹਾਂ। ਇਸ ਮੁੱਦੇ 'ਤੇ ਤੁਹਾਡੀ ਅਗਵਾਈ ਇਸ ਸੰਦੇਸ਼ ਨੂੰ ਵਧਾਏਗੀ ਕਿ ਕੈਲੀਫੋਰਨੀਆ ਗੈਰ-ਜਮਹੂਰੀ ਵਿਵਹਾਰ ਦੇ ਵਿਰੁੱਧ ਇੱਕ ਗੜ੍ਹ ਵਜੋਂ ਪ੍ਰਬਲ ਹੈ, ਜਿਸ ਵਿੱਚ ਸਾਡੇ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਵਿਦੇਸ਼ੀ ਸਰਕਾਰਾਂ ਨੂੰ ਬਰਦਾਸ਼ਤ ਕਰਨ ਤੋਂ ਇਨਕਾਰ ਕਰਨਾ ਸ਼ਾਮਲ ਹੈ। ਇਹ ਇਹ ਵੀ ਯਕੀਨੀ ਬਣਾਏਗਾ ਕਿ ਸਾਡਾ ਰਾਜ ਅਤਿਆਚਾਰ ਤੋਂ ਪਨਾਹ ਲੈਣ ਵਾਲੇ ਸਾਰਿਆਂ ਲਈ ਆਜ਼ਾਦੀ ਦਾ ਪ੍ਰਤੀਕ ਅਤੇ ਇੱਕ ਸੁਰੱਖਿਅਤ ਪਨਾਹਗਾਹ ਬਣਿਆ ਰਹੇ।

ਅਸੀਂ ਇਸ ਮਾਮਲੇ 'ਤੇ ਤੁਹਾਡੇ ਵਿਚਾਰ ਲਈ ਤੁਹਾਡਾ ਧੰਨਵਾਦ ਕਰਦੇ ਹਾਂ ਅਤੇ ਸਾਰੇ ਕੈਲੀਫੋਰਨੀਆ ਵਾਸੀਆਂ ਦੇ ਅਧਿਕਾਰਾਂ ਅਤੇ ਸੁਰੱਖਿਆ ਦੀ ਰੱਖਿਆ ਕਰਦੇ ਹੋਏ, ਇਸ ਨਾਜ਼ੁਕ ਮੁੱਦੇ ਨੂੰ ਹੱਲ ਕਰਨ ਲਈ ਤੁਹਾਡੇ ਨਾਲ ਕੰਮ ਕਰਨ ਲਈ ਤਿਆਰ ਹਾਂ।

ਸਤਿਕਾਰ ਸਹਿਤ,

ਸਤਿੰਦਰ ਸਿੰਘ ਮੱਲ੍ਹੀ, ਕੌਂਸਲ ਮੈਂਬਰ, ਸਿਟੀ ਆਫ ਮਾਰਟੀਨੇਜ਼ ਗੈਰੀ ਸਿੰਘ, ਯੂਨੀਅਨ ਸਿਟੀ ਮੇਅਰ ਜਸਜੀਤ ਸਿੰਘ, ਸੈਕਰਾਮੈਂਟੋ ਸਿਟੀ ਯੂਨੀਫਾਈਡ ਸਕੂਲ ਬੋਰਡ ਪ੍ਰਧਾਨ ਮਾਈਕੀ ਸਿੰਘ ਹੋਥੀ, ਲੋਡੀ ਸਿਟੀ ਕੌਂਸਲ ਮੈਂਬਰ ਮਨਪ੍ਰੀਤ ਕੌਰ, ਵਾਈਸ ਮੇਅਰ, ਸਿਟੀ ਆਫ ਬੇਕਰਸਫੀਲਡ ਮਨੀ ਸਿੰਘ ਗਰੇਵਾਲ, ਸਟੈਨਿਸਲੌਸ ਕਾਊਂਟੀ ਸੁਪਰਵਾਈਜ਼ਰ ਗੈਰੀ ਸਿੰਘ, ਮੇਅਰ ਸਿਟੀ ਆਫ ਮੈਨਟੇਕਾ ਕੈਸ਼ ਸਿੰਘ ਗਿੱਲ, ਸਟਰ ਕਾਊਂਟੀ ਬੋਰਡ ਆਫ ਐਜੂਕੇਸ਼ਨ ਟਰੱਸਟੀ ਨੈਨਦੀਪ ਸਿੰਘ, ਬੋਰਡ ਪ੍ਰਧਾਨ, ਸੈਂਟਰਲ ਯੂਨੀਫਾਈਡ ਸਕੂਲ ਡਿਸਟ੍ਰਿਕਟ ਪਾਲ ਸਿੰਘ ਸੰਧੂ, ਸਿਟੀ ਆਫ ਗਾਲਟ, ਵਾਈਸ ਮੇਅਰ ਹਰਜੀਤ ਸਿੰਘ, ਸਟਰ ਕਾਊਂਟੀ ਬੋਰਡ ਆਫ ਐਜੂਕੇਸ਼ਨ ਟਰੱਸਟੀ ਸ਼ਿਵਿੰਦਰ ਸਿੰਘ, ਕੌਂਸਲ ਮੈਂਬਰ, ਸਿਟੀ ਆਫ ਯੋਰਬਾ ਲਿੰਡਾ ਸਰਬ ਸਿੰਘ ਤੱਖਰ, ਸਾਬਕਾ ਚੇਅਰ ਸਟਰ ਕਾਊਂਟੀ ਰਿਪਬਲਿਕਨ ਪਾਰਟੀ ਅਮਰ ਸਿੰਘ ਸ਼ੇਰਗਿੱਲ, ਸਾਬਕਾ ਚੇਅਰ ਕੈਲੀਫੋਰਨੀਆ ਡੈਮੋਕ੍ਰੇਟਿਕ ਪਾਰਟੀ ਪ੍ਰੋਗਰੈਸਿਵ ਕਾਕਸ।

# ਆਸਟ੍ਰੇਲੀਆ ਭਰ 'ਚ 'ਮਾਰਚ ਫਾਰ ਆਸਟ੍ਰੇਲੀਆ' ਦੇ ਨਾਂਅ ਹੇਠ ਪ੍ਰਵਾਸ ਦੇ ਵਿਰੋਧ 'ਚ ਪ੍ਰਦਰਸ਼ਨ



ਮੈਲਬੌਰਨ/ਐਡੀਲੇਡ : ਆਸਟ੍ਰੇਲੀਆ ਭਰ 'ਚ 'ਮਾਰਚ ਫਾਰ ਆਸਟ੍ਰੇਲੀਆ' ਦੇ ਨਾਂਅ ਹੇਠ ਪ੍ਰਵਾਸ ਦੇ ਵਿਰੋਧ 'ਚ ਪ੍ਰਦਰਸ਼ਨ ਕੀਤੇ ਗਏ। ਮੈਲਬੌਰਨ ਸਮੇਤ ਕਈ ਸ਼ਹਿਰਾਂ 'ਚ ਇਹ ਪ੍ਰਦਰਸ਼ਨ ਹਿੰਸਕ ਰੂਪ ਧਾਰਨ ਕਰ ਗਏ ਜਿਥੇ ਪ੍ਰਵਾਸ ਦੇ ਹੱਕ ਅਤੇ ਵਿਰੋਧ ਵਿਚ ਲੋਕ ਆਹਮਣੇ-ਸਾਹਮਣੇ ਹੋ ਗਏ। ਮੈਲਬੌਰਨ ਵਿਚ ਪ੍ਰਦਰਸ਼ਨ ਦੌਰਾਨ ਕੁਝ ਲੋਕਾਂ ਵਲੋਂ ਆਸਟ੍ਰੇਲੀਆ ਦੇ ਝੰਡੇ ਸਾੜੇ ਗਏ, ਜਦਕਿ ਮਾਰਚ ਵਿਚ ਨਵ-ਨਾਜ਼ੀ ਸਮੂਹ ਅਤੇ ਸੱਜੇ ਪੱਖੀ ਰਾਜਨੀਤਿਕ ਨੇਤਾ ਵੀ ਸ਼ਾਮਿਲ ਹੋਏ। ਪੁਲਿਸ ਮੁਤਾਬਕ ਹਿੰਸਕ ਝੜਪਾਂ ਦੌਰਾਨ ਛੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਦੋ ਪੁਲਿਸ ਅਧਿਕਾਰੀ ਜ਼ਖ਼ਮੀ ਹੋਏ ਹਨ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ਖਿਲਾਫ਼ ਪੁਲਿਸ 'ਤੇ ਹਮਲਾ ਕਰਨ, ਹਿੰਸਕ ਤਰੀਕੇ ਨਾਲ ਵਰਤਾਉ ਕਰਨ, ਡਾਕੇ ਦੀ ਕੋਸ਼ਿਸ਼ ਕਰਨ, ਹਮਲਾ ਕਰਨ ਅਤੇ ਪੁਲਿਸ ਦਾ ਵਿਰੋਧ ਕਰਨ ਸਮੇਤ ਕਈ ਗੰਭੀਰ ਮਾਮਲੇ ਦਰਜ ਕੀਤੇ ਗਏ ਹਨ। ਇਹ ਪ੍ਰਦਰਸ਼ਨ ਆਸਟ੍ਰੇਲੀਆ ਦੇ ਬਹੁ-ਸੱਭਿਆਚਾਰਕ ਸਮਾਜ 'ਚ ਵੱਧ ਰਹੇ ਖ਼ਲਾਅ ਨੂੰ ਉਜਾਗਰ ਕਰਦੇ ਹਨ। ਐਡੀਲੇਡ ਦੇ ਰੰਡਲ ਪਾਰਕ ਵਿਚ ਸੈਂਕੜੇ ਲੋਕ ਇਕੱਠੇ ਹੋਏ, ਜਿਨ੍ਹਾਂ ਵਿਚ ਨੇਓ-ਨਾਜ਼ੀ ਸਮੂਹਾਂ ਦੇ ਮੈਂਬਰ ਵੀ ਮੌਜੂਦ ਸਨ । ਰੈਲੀ ਦੌਰਾਨ ਕੁਝ ਵਿਅਕਤੀਆਂ ਨੇ ਮੰਚ 'ਤੇ ਚੜ੍ਹ ਕੇ ਨਾਅਰੇ ਲਗਾਉਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਮਾਹੌਲ ਤਣਾਅਪੂਰਨ ਬਣ ਗਿਆ । ਪ੍ਰਬੰਧਕ ਮਾਰਕ ਆਲਡਰਿਜ਼ ਨੇ ਕਿਹਾ ਕਿ ਅਸੀਂ ਕਿਸੇ ਨੂੰ ਨੁਕਸਾਨ ਪਹੁੰਚਾਉਣ ਜਾਂ ਭੇਦਭਾਵ ਕਰਨ ਲਈ ਇਹ ਰੈਲੀ ਨਹੀਂ ਕਰ ਰਹੇ, ਇਸ ਦਾ ਉਦੇਸ਼ ਸਿਰਫ਼ ਸੂਚਨਾ ਅਤੇ ਚਰਚਾ ਹੈ।

# ਇਜ਼ਰਾਈਲੀ ਹਮਲੇ 'ਚ ਹੂਤੀਆਂ Houthis ਦਾ ਪ੍ਰਧਾਨ ਮੰਤਰੀ ਮਾਰਿਆ ਗਿਆ



ਯਮਨ ਦੇ ਹੂਤੀ ਵਿਦਰੋਹੀ ਅੰਦੋਲਨ ਨੇ ਪੁਸ਼ਟੀ ਕੀਤੀ ਹੈ ਕਿ ਇਸ ਹਫ਼ਤੇ ਦੇ ਸ਼ੁਰੂ ਵਿੱਚ ਹੋਏ ਇੱਕ ਇਜ਼ਰਾਈਲੀ ਹਵਾਈ ਹਮਲੇ ਵਿੱਚ ਉਹਨਾਂ ਦੇ ਸਵੈ-ਘੋਸ਼ਿਤ ਪ੍ਰਧਾਨ ਮੰਤਰੀ ਅਹਿਮਦ ਗ਼ਾਲਿਬ ਨਾਸਰ ਅਲ-ਰਹਾਵੀ ਮਾਰੇ ਗਏ ਸਨ।

ਈਰਾਨ-ਸਮਰਥਿਤ ਸਮੂਹ ਨੇ ਕਿਹਾ ਕਿ ਵੀਰਵਾਰ ਨੂੰ ਜਦੋਂ ਇਜ਼ਰਾਈਲ ਰੱਖਿਆ ਬਲਾਂ (ਆਈਡੀਐਫ) ਨੇ ਯਮਨ ਦੀ ਰਾਜਧਾਨੀ ਸਨਾ 'ਤੇ ਹਮਲਾ ਕੀਤਾ ਤਾਂ ਕਈ ਹੋਰ ਸੀਨੀਅਰ ਅਧਿਕਾਰੀ ਵੀ ਮਾਰੇ ਗਏ।

ਆਈਡੀਐਫ ਨੇ ਕਿਹਾ ਕਿ ਰਹਾਵੀ ਅਤੇ ਹੋਰ ਸੀਨੀਅਰ ਹੂਤੀ ਅਧਿਕਾਰੀਆਂ ਨੂੰ ਉਸ ਸਮੇਂ 'ਖ਼ਤਮ ਕਰ ਦਿੱਤਾ ਗਿਆ' ਜਦੋਂ ਇਜ਼ਰਾਈਲੀ ਲੜਾਕੂ ਜਹਾਜ਼ਾਂ ਨੇ ਸਨਾ ਖੇਤਰ ਵਿੱਚ ਇੱਕ ਇਕੱਠ 'ਤੇ ਹਮਲਾ ਕੀਤਾ।

ਹੂਤੀਆਂ ਨੇ 2014 ਵਿੱਚ ਸਨਾ ਤੋਂ ਅੰਤਰਰਾਸ਼ਟਰੀ ਤੌਰ 'ਤੇ ਮਾਨਤਾ ਪ੍ਰਾਪਤ ਸਰਕਾਰ ਨੂੰ ਬਾਹਰ ਕੱਢਣ ਤੋਂ ਬਾਅਦ ਉੱਤਰ-ਪੱਛਮੀ ਯਮਨ ਦੇ ਬਹੁਤੇ ਹਿੱਸੇ 'ਤੇ ਕਬਜ਼ਾ ਕੀਤਾ ਹੋਇਆ ਹੈ, ਜਿਸ ਨਾਲ ਇੱਕ ਵਿਨਾਸ਼ਕਾਰੀ ਘਰੇਲੂ ਯੁੱਧ ਸ਼ੁਰੂ ਹੋ ਗਿਆ ਸੀ।

ਹੂਤੀਆਂ ਨੇ ਕਿਹਾ ਕਿ ਰਹਾਵੀ ਦੇ ਨਾਲ ਕਈ ਹੂਤੀ ਮੰਤਰੀ ਵੀ ਮਾਰੇ ਗਏ ਹਨ, ਹਾਲਾਂਕਿ ਉਨ੍ਹਾਂ ਨੇ ਦੂਜਿਆਂ ਦੇ ਨਾਵਾਂ ਦਾ ਜ਼ਿਕਰ ਨਹੀਂ ਕੀਤਾ।

ਸਾਊਦੀ ਅਰਬ ਦੀ ਨਿਊਜ਼ ਸਾਈਟ ਅਲ-ਹਦਥ ਦੀ ਰਿਪੋਰਟ ਮੁਤਾਬਕ ਹੂਤੀਆਂ ਦੇ ਵਿਦੇਸ਼ ਮੰਤਰੀ, ਅਤੇ ਨਾਲ ਹੀ ਨਿਆਂ, ਯੁਵਾ ਅਤੇ ਖੇਡ, ਅਤੇ ਸਮਾਜਿਕ ਮਾਮਲਿਆਂ ਅਤੇ ਕਿਰਤ ਮੰਤਰੀ ਵੀ ਮਾਰੇ ਗਏ ਹਨ।

ਹੂਤੀਆਂ ਦੇ ਰਾਸ਼ਟਰਪਤੀ, ਮਹਦੀ ਅਲ-ਮਸ਼ਾਤ ਦੇ ਦਫ਼ਤਰ ਨੇ ਕਿਹਾ ਕਿ ਹਮਲੇ ਦੇ ਨਤੀਜੇ ਵਜੋਂ ਕਈ ਹੋਰ ਮੰਤਰੀਆਂ ਨੂੰ 'ਦਰਮਿਆਨੀਆਂ ਅਤੇ ਗੰਭੀਰ ਸੱਟਾਂ' ਲੱਗੀਆਂ ਹਨ।

ਇਸ ਵਿੱਚ ਇਹ ਵੀ ਕਿਹਾ ਗਿਆ ਕਿ ਹੂਤੀ ਦੇ ਉਪ ਪ੍ਰਧਾਨ ਮੰਤਰੀ, ਮੁਹੰਮਦ ਅਹਿਮਦ ਮਿਫਤਾਹ, ਰਹਾਵੀ ਦੀ ਭੂਮਿਕਾ ਸੰਭਾਲਣਗੇ।

ਰਹਾਵੀ ਅਗਸਤ 2024 ਤੋਂ ਇਸ ਅਹੁਦੇ 'ਤੇ ਸਨ ਅਤੇ ਉਨ੍ਹਾਂ ਨੂੰ ਫੌਜੀ ਕਾਰਵਾਈਆਂ ਦੀ ਯੋਜਨਾ ਬਣਾਉਣ ਵਾਲੇ ਮੁੱਖ ਫੈਸਲਾਕੁੰਨ ਸਮੂਹ ਦਾ ਹਿੱਸਾ ਹੋਣ ਦੀ ਬਜਾਏ ਅੰਦੋਲਨ ਦਾ ਇੱਕ ਮੁੱਖ ਚਿਹਰਾ ਮੰਨਿਆ ਜਾਂਦਾ ਸੀ।

ਅੰਦੋਲਨ ਦੇ ਸਰਵਉੱਚ ਨੇਤਾ, ਅਬਦੁਲ-ਮਲਿਕ ਅਲ-ਹੂਤੀ, ਅਤੇ ਨਾਲ ਹੀ ਸਮੂਹ ਦੇ ਰੱਖਿਆ ਮੰਤਰੀ ਅਤੇ ਚੀਫ਼ ਆਫ਼ ਸਟਾਫ਼, ਵੀਰਵਾਰ ਦੇ ਹਮਲੇ ਵਿੱਚ ਮਾਰੇ ਗਏ ਲੋਕਾਂ ਵਿੱਚ ਸ਼ਾਮਲ ਨਹੀਂ ਸਨ।

ਆਈਡੀਐਫ ਨੇ ਸ਼ਨੀਵਾਰ ਦੇਰ ਰਾਤ ਇੱਕ ਬਿਆਨ ਵਿੱਚ ਕਿਹਾ ਕਿ ਉਸਨੇ ਇਕੱਠ ਬਾਰੇ ਖੁਫੀਆ ਜਾਣਕਾਰੀ ਮਿਲਣ ਦੇ 'ਕੁਝ ਘੰਟਿਆਂ ਦੇ ਅੰਦਰ' ਇਹ ਹਮਲਾ ਕੀਤਾ ਸੀ।

ਇਸ ਨੇ ਕਿਹਾ ਕਿ ਉਹ ਅਜੇ ਵੀ ਆਪ੍ਰੇਸ਼ਨ ਦੇ ਪੂਰੇ ਪ੍ਰਭਾਵ ਦਾ ਮੁਲਾਂਕਣ ਕਰ ਰਹੀ ਹੈ।

ਗਾਜ਼ਾ ਵਿੱਚ ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗ ਸ਼ੁਰੂ ਹੋਣ ਤੋਂ ਬਾਅਦ, ਹੂਤੀਆਂ ਨੇ ਨਿਯਮਤ ਤੌਰ 'ਤੇ ਇਜ਼ਰਾਈਲ 'ਤੇ ਮਿਜ਼ਾਈਲਾਂ ਦਾਗੀਆਂ ਹਨ ਅਤੇ ਲਾਲ ਸਾਗਰ ਅਤੇ ਅਦਨ ਦੀ ਖਾੜੀ ਵਿੱਚ ਵਪਾਰਕ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਕਿਹਾ ਹੈ ਕਿ ਉਹ ਫਲਸਤੀਨੀਆਂ ਨਾਲ ਇਕਜੁੱਟਤਾ ਵਿੱਚ ਕੰਮ ਕਰ ਰਹੇ ਹਨ।

ਇਸਦੇ ਜਵਾਬ ਵਿੱਚ, ਇਜ਼ਰਾਈਲ ਨੇ ਯਮਨ ਦੇ ਹੂਤੀ-ਨਿਯੰਤਰਿਤ ਹਿੱਸਿਆਂ ਵਿੱਚ ਨਿਸ਼ਾਨਿਆਂ 'ਤੇ ਹਵਾਈ ਹਮਲੇ ਕੀਤੇ ਹਨ, ਜਿਸਦਾ ਉਦੇਸ਼ ਹੂਤੀ ਹਮਲਿਆਂ ਨੂੰ ਰੋਕਣਾ ਦੱਸਿਆ ਗਿਆ ਹੈ।

ਇਥੇ ਇਹ ਜ਼ਿਕਰਯੋਗ ਹੈ ਕੀ ਇਸ ਤੋਂ ਪਹਿਲਾ ਇਜ਼ਰਾਈਲ ਨੇ ਈਰਾਨ ਦੇ ਚੋਟੀ ਦੇ ਆਗੂਆਂ ਅਤੇ ਕਈ ਜਨਰਲਾਂ ਨੂੰ ਨਿਸ਼ਾਨਾ ਬਣਾਇਆ, ਜਿਨ੍ਹਾਂ ਵਿੱਚ ਸ਼ਾਮਲ ਹਨ:

ਬ੍ਰਿਗੇਡੀਅਰ ਜਨਰਲ ਮੋਹੰਮਦ ਰਜ਼ਾ ਜ਼ਾਹੇਦੀ, ਮੇਜਰ ਜਨਰਲ ਅਲੀ ਸ਼ਾਦਮਾਨੀ, ਹੁਸੈਨ ਸਲਾਮੀ, ਮੋਹੰਮਦ ਬਘੇਰੀ, ਬ੍ਰਿਗੇਡੀਅਰ ਜਨਰਲ ਗ਼ੁਲਾਮ ਅਲੀ ਰਾਸ਼ਿਦ, ਬ੍ਰਿਗੇਡੀਅਰ ਜਨਰਲ ਸਈਦ ਇਜ਼ਾਦੀ, ਬ੍ਰਿਗੇਡੀਅਰ ਜਨਰਲ ਅੱਬਾਸ ਨੀਲਫੋਰੁਸ਼ਾਨ, ਮੇਜਰ ਜਨਰਲ ਕਾਸਿਮ ਸੁਲੇਮਾਨੀ।

# ਅਫਗਾਨਿਸਤਾਨ 'ਚ ਭੂਚਾਲ ਪੀੜਤਾਂ ਦੀ ਮਦਦ 'ਤੇ ਆਏ ਅਫ਼ਗਾਨੀ ਸਿੱਖ

## ਜਲਾਲਾਬਾਦ ਸਥਿਤ ਇਤਿਹਾਸਕ ਗੁਰਦੁਆਰਾ ਗੁਰੂ ਨਾਨਕ ਦਰਬਾਰ ਤੋਂ ਭੇਜੀ ਗਈ ਰਾਹਤ ਸਮੱਗਰੀ



ਕਾਬੁਲ : ਅਫਗਾਨਿਸਤਾਨ ਵਿਚ ਸਿੱਖਾਂ ਨੇ ਅਫਗਾਨ ਸਿੱਖ ਭਾਈਚਾਰੇ ਅਤੇ ਭਾਰਤੀ ਵਿਸ਼ਵ ਮੰਚ ਦੇ ਤਾਲਮੇਲ ਨਾਲ ਕੰਮ ਕਰਦੇ ਹੋਏ ਇਸ ਹਫਤੇ ਪੂਰਬੀ ਅਫਗਾਨਿਸਤਾਨ ਵਿਚ ਆਏ ਤਬਾਹਕੁੰਨ ਭੂਚਾਲ ਦੇ ਪੀੜਤਾਂ ਨੂੰ ਰਾਹਤ ਸਮੱਗਰੀ ਭੇਜੀ ਹੈ।

ਇਹ ਸਹਾਇਤਾ ਜਲਾਲਾਬਾਦ ਦੇ ਇਤਿਹਾਸਕ ਗੁਰਦੁਆਰਾ ਗੁਰੂ ਨਾਨਕ ਦਰਬਾਰ ਤੋਂ ਭੇਜੀ ਗਈ, ਜਿਥੇ ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਅਪਣੀ ਯਾਤਰਾ ਦੌਰਾਨ ਆਏ ਸਨ।

ਇਹ ਪਹਿਲ ਅਪਣੀ ਘਟਦੀ ਗਿਣਤੀ ਅਤੇ ਚੱਲ ਰਹੀਆਂ ਸੁਰੱਖਿਆ ਚੁਣੌਤੀਆਂ ਦੇ ਬਾਵਜੂਦ ਸਾਥੀ ਅਫਗਾਨਾਂ ਦੀ ਸਹਾਇਤਾ ਕਰਨ ਲਈ ਸਿੱਖਾਂ ਦੇ ਜਜ਼ਬੇ ਨੂੰ ਦਰਸਾਉਂਦੀ ਹੈ।

ਜਲਾਲਾਬਾਦ ਤੋਂ ਮਿਲੀਆਂ ਤਸਵੀਰਾਂ 'ਚ ਅਫਗਾਨ ਹਿੰਦੂ ਅਤੇ ਸਿੱਖ ਘੱਟ ਗਿਣਤੀ ਕੌਂਸਲ ਦੇ ਪ੍ਰਧਾਨ ਮਨਜੀਤ ਸਿੰਘ ਲਾਂਬਾ ਸਥਾਨਕ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਮੀਡੀਆ ਨੂੰ ਸੰਬੋਧਿਤ ਕਰਦੇ ਨਜ਼ਰ ਆ ਰਹੇ ਹਨ। ਭਾਈਚਾਰੇ ਦੇ ਨੇਤਾਵਾਂ ਨੇ ਕਿਹਾ ਕਿ ਇਹ ਸਹਾਇਤਾ ਮੁਹਿੰਮ ਅਫਗਾਨ ਸਿੱਖਾਂ, ਉਨ੍ਹਾਂ ਦੇ ਪ੍ਰਵਾਸੀਆਂ ਅਤੇ ਭਾਰਤੀ ਸੰਗਠਨਾਂ ਦਾ ਸਾਂਝਾ ਯਤਨ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤਬਾਹੀ ਨਾਲ ਸੱਭ ਤੋਂ ਵੱਧ ਪ੍ਰਭਾਵਤ ਲੋਕਾਂ ਤੱਕ ਸਮੇਂ ਸਿਰ ਸਹਾਇਤਾ ਪਹੁੰਚਾਈ ਜਾ ਸਕੇ। ਇਹ ਕਦਮ ਅਜਿਹੇ ਸਮੇਂ ਚੁਕਿਆ ਗਿਆ ਹੈ ਜਦੋਂ ਅਫਗਾਨਿਸਤਾਨ ਸ਼ਕਤੀਸ਼ਾਲੀ ਭੂਚਾਲ ਤੋਂ ਬਾਅਦ ਸੰਘਰਸ਼ ਕਰ ਰਿਹਾ ਹੈ, ਜਿਸ ਵਿਚ 1,400 ਤੋਂ ਵੱਧ ਲੋਕ ਮਾਰੇ ਗਏ ਹਨ ਅਤੇ ਹਜ਼ਾਰਾਂ ਜ਼ਖਮੀ ਹੋਏ ਹਨ।

ਭੂਚਾਲ ਦੇ ਝਟਕੇ ਕਈ ਸੂਬਿਆਂ 'ਚ ਆਏ, ਜਿਸ ਨਾਲ ਭਾਰੀ ਨੁਕਸਾਨ ਹੋਇਆ। ਇਸ ਨੇ ਪਿੰਡਾਂ ਨੂੰ ਤਬਾਹ ਕਰ ਦਿਤਾ ਅਤੇ ਲੋਕਾਂ ਨੂੰ ਘਰਾਂ ਦੇ ਮਲਬੇ ਹੇਠ ਫਸ ਗਏ ਜੋ ਜ਼ਿਆਦਾਤਰ ਮਿੱਟੀ ਦੀਆਂ ਇੱਟਾਂ ਅਤੇ ਲੱਕੜ ਨਾਲ ਬਣਾਏ ਗਏ ਸਨ ਅਤੇ ਸਦਮੇ ਦਾ ਸਾਹਮਣਾ ਕਰਨ ਵਿਚ ਅਸਮਰੱਥ ਸਨ। ਖਰਾਬ ਇਲਾਕਾ ਬਚਾਅ ਅਤੇ ਰਾਹਤ ਕਾਰਜਾਂ ਵਿਚ ਰੁਕਾਵਟ ਪਾ ਰਿਹਾ ਹੈ।

# ਅਫ਼ਗਾਨਿਸਤਾਨ ਵਿਚ ਭੂਚਾਲ ਕਰਕੇ ਮਰਨ ਵਾਲਿਆਂ ਦੀ ਗਿਣਤੀ 1400 ਤੋਂ ਉਪਰ ਹੋਈ

## 3000 ਦੇ ਕਰੀਬ ਲੋਕ ਜ਼ਖ਼ਮੀ; ਕਈਆਂ ਦੀ ਹਾਲਤ ਨਾਜ਼ੁਕ; ਮ੍ਰਿਤਕਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ



ਅਫ਼ਗਾਨਿਸਤਾਨ 'ਚ ਬੀਤੇ ਦਿਨੀਂ ਆਏ 6.0 ਦੀ ਤੀਬਰਤਾ ਦਾ ਭੁਚਾਲ ਆਇਆ। ਇਸ 'ਚ ਹੁਣ ਤੱਕ 1400 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦੋਂ ਕਿ 30000 ਤੋਂ ਵੱਧ ਲੋਕ ਜ਼ਖਮੀ ਹੋਏ ਹਨ। ਭੁਚਾਲ ਦੇ ਸਮੇਂ ਜ਼ਿਆਦਾਤਰ ਲੋਕ ਸੌਂ ਰਹੇ ਸਨ, ਜਿਸ ਕਾਰਨ ਉਹ ਇਮਾਰਤਾਂ ਦੇ ਮਲਬੇ ਹੇਠ ਦੱਬ ਗਏ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮੌਤਾਂ ਦੀ ਗਿਣਤੀ ਹੋਰ ਵੱਧ ਸਕਦੀ ਹੈ, ਕਿਉਂਕਿ ਜ਼ਖ਼ਮੀਆਂ 'ਚੋਂ ਬਹੁਤਿਆਂ ਦੀ ਹਾਲਤ ਗੰਭੀਰ ਹੈ ਅਤੇ ਸੈਂਕੜੇ ਲੋਕ ਮਲਬੇ ਹੇਠਾਂ ਦੱਬੇ ਹੋਏ ਹਨ। ਯੂ. ਐੱਸ. ਜੀਓਲੌਜੀਕਲ ਸਰਵੇ (ਯੂ. ਐੱਸ. ਜੀ. ਐੱਸ.) ਦੇ ਅਨੁਸਾਰ ਭੁਚਾਲ ਦਾ ਕੇਂਦਰ ਅਫ਼ਗਾਨਿਸਤਾਨ ਦੇ ਪੰਜਵੇਂ ਸਭ ਤੋਂ ਵੱਡੇ ਸ਼ਹਿਰ ਜਲਾਲਾਬਾਦ ਤੋਂ 27 ਕਿੱਲੋਮੀਟਰ ਦੂਰ ਅਤੇ ਸਤਹਾ ਤੋਂ ਲਗਭਗ 10 ਕਿੱਲੋਮੀਟਰ ਹੇਠਾਂ ਸੀ। ਦੱਸਿਆ ਜਾ ਰਿਹਾ ਹੈ ਕਿ ਅੱਧੀ ਰਾਤ ਨੂੰ ਆਏ ਭੁਚਾਲ ਕਾਰਨ ਮਿੱਟੀ ਅਤੇ ਪੱਥਰ ਨਾਲ ਬਣੇ ਘਰ ਢਹਿ ਗਏ। ਭੁਚਾਲ ਦੇ ਝਟਕੇ ਲਗਭਗ 400 ਕਿੱਲੋਮੀਟਰ ਦੂਰ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਤੱਕ ਮਹਿਸੂਸ ਕੀਤੇ ਗਏ। ਭੁਚਾਲ ਨੇ ਦੂਰ-ਦੁਰਾਡੇ ਪਹਾੜੀ ਇਲਾਕਿਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਅਫ਼ਗਾਨਿਸਤਾਨ ਦਾ ਕੁਨਾਰ ਪ੍ਰਾਂਤ ਭੁਚਾਲ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਜ਼ਖ਼ਮੀਆਂ ਦੀ ਗਿਣਤੀ ਵਧੇਰੇ ਹੋਣ ਕਰਕੇ ਕੁਨਾਰ ਦੀ ਰਾਜਧਾਨੀ ਅਸਦਾਬਾਦ ਦੇ ਸੂਬਾਈ ਹਸਪਤਾਲ 'ਚ ਬਿਸਤਰਿਆਂ ਦੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ। ਰਾਜਧਾਨੀ ਕਾਬੁਲ ਦੇ ਸਿਹਤ ਅਧਿਕਾਰੀਆਂ ਨੇ ਕਿਹਾ ਕਿ ਬਚਾਅ ਟੀਮਾਂ ਦੂਰ-ਦੁਰਾਡੇ ਦੇ ਪਿੰਡਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਸਿਹਤ ਮੰਤਰਾਲੇ ਦੇ ਬੁਲਾਰੇ ਸ਼ਰਾਫਤ ਜ਼ਮਾਨ ਨੇ ਦੱਸਿਆ ਕਿ ਕੁਨਾਰ ਸੂਬੇ ਦੇ ਤਿੰਨ ਪਿੰਡ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ ਅਤੇ ਕਈ ਹੋਰ ਪਿੰਡਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ। ਕੁਨਾਰ ਸੂਬੇ ਦੇ ਸੂਚਨਾ ਮੁਖੀ ਨਜੀਬੁੱਲਾ ਹਨੀਫ਼ ਨੇ ਦੱਸਿਆ ਕਿ ਮ੍ਰਿਤਕਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਰਾਹਤ ਕਰਮਚਾਰੀ ਪਾਕਿ ਦੇ ਸੂਬਾ ਖ਼ੈਬਰ ਪਖਤੂਨਖਵਾ ਦੀ ਸਰਹੱਦ ਨਾਲ ਲੱਗਦੇ ਇਲਾਕਿਆਂ 'ਚ ਲੋਕਾਂ ਦੀ ਭਾਲ ਕਰ ਰਹੇ ਸਨ। ਜ਼ਖ਼ਮੀਆਂ ਨੂੰ ਹਸਪਤਾਲ ਲਿਜਾਉਣ ਲਈ ਅਫ਼ਗਾਨਿਸਤਾਨ ਦੇ ਨੰਗਰਹਾਰ ਹਵਾਈ ਅੱਡੇ 'ਤੇ 35 ਹੈਲੀਕਾਪਟਰ ਤਾਇਨਾਤ ਕੀਤੇ ਗਏ ਹਨ। ਜ਼ਖ਼ਮੀਆਂ ਨੂੰ ਹਵਾਈ ਅਤੇ ਜ਼ਮੀਨੀ ਰਸਤੇ ਹਸਪਤਾਲ ਲਿਜਾਇਆ ਜਾ ਰਿਹਾ ਹੈ। ਜ਼ਖਮੀਆਂ ਨੂੰ ਮਦਦ ਪ੍ਰਦਾਨ ਕਰਨ ਲਈ ਬਚਾਅ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਤਾਲਿਬਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਹੁਣ ਤੱਕ ਕਿਸੇ ਵੀ ਵਿਦੇਸ਼ੀ ਸਰਕਾਰ ਨੇ ਰਾਹਤ ਅਤੇ ਬਚਾਅ ਕਾਰਜ ਲਈ ਮਦਦ ਦੀ ਪੇਸ਼ਕਸ਼ ਨਹੀਂ ਕੀਤੀ ਹੈ।




CALL US: 209-637-0210 | 612-578-8078
925-495-0207
SAN RAMON
Lathrop & Main Street Manteca
URGENT CARE & CLINIC
CITIZENSHIP ELIGIBILITY AND GREEN CARD APPLICATION
DR. RAJESH MAHESHWARI, MD
VISIT US NOW!
San Ramon URGENT CARE & CLINIC
Lathrop URGENT CARE
Main Street URGENT CARE
9140 Alcosta Boulevard Ste D
San Ramon, CA 94583
(925) 361-5959
15810 Harlan Road #A
Lathrop, CA 95330
(209) 983-9000
1040 North Main Street
Manteca, CA 95336
(209) 825-5155
https://www.sanramonurgentcare.com/
Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਜਿਥੋਂ ਤੱਕ ਲਿਖਾਰੀ ਦਾ ਦਰਦ ਦੇ ਧ੍ਰੂਹ ਪਤਿਤ ਹੋਣ ਦੇ ਸਵਾਲ ਪੁਰ ਹੈ ਮਿਸਨ ਉਨ੍ਹਾਂ ਨਾਲ ਪੂਰੀ ਸੰਮਤੀ ਰੱਖਦਾ ਹੈ। ਪਰ ਹੈਰਾਨੀ ਤੇ ਸ਼ੌਕ ਦੀ ਗੱਲ ਇਹ ਹੈ ਕਿ ਕੇਵਲ ਮਾਲਾਬਾਰ ਦੇ ਇਕ ਸੱਜਣ ਤੇ ਪਤਿਤ ਹੋਣ ਤੇ ਤਾਂ ਖਾਲਸਾ ਸਮਾਚਾਰ ਨੇ ਪੂਰਾ ਸਫ਼ਾ ਕਾਲਾ ਕੀਤਾ ਹੈ ਪਰ ਪੰਜਾਬ ਵਿਚ ਤੇ ਖਾਸ ਕਰਕੇ ਅੰਮ੍ਰਿਤਸਰ ਤੇ ਲਾਹੌਰ ਵਿਚ ਪਤਿਤ ਹੋ ਗਿਆਂ ਬਾਰੇ ਖ਼ਾਲਸਾ ਸਮਾਚਾਰ ਨੇ ਕਦੀ ਆਹ ਭੀ ਨਹੀਂ ਮਾਰੀ। ਥੋੜ੍ਹੇ ਚਿਰ ਦੀ ਗੱਲ ਹੈ ਕਿ ਪੱਟੀ ਵਿਚ ਇਕ ਲੜਕਾ ਪਤਿਤ ਹੋ ਗਿਆ ਸੀ। ਹਾਲੀ ਦੋ ਹਫ਼ਤੇ ਹੋਏ ਹਨ, ਖਾਸ ਲਾਹੌਰ ਸ਼ਹਿਰ ਵਿਚ ਨਰੋਤਮ ਸਿੰਘ ਵਕੀਲ ਹਾਈਕੋਰਟ ਬੀ.ਏ. ਐਲ.ਐਲ.ਬੀ. ਪਤਿਤ ਹੋ ਗਿਆ ਹੈ। ਪਰ ਖ਼ਾਲਸਾ ਸਮਾਚਾਰ ਨੂੰ ਕੋਈ ਦਰਦ ਨਹੀਂ ਜਾਗਿਆ ਅਤੇ ਨਾ ਹੀ ਕੋਈ ਲੇਖ ਆਪਦੀ ਅਖ਼ਬਾਰ ਵਿਚ ਪ੍ਰਕਾਸ਼ਿਤ ਹੋਇਆ। ਸਮਝ ਨਹੀਂ ਆਉਂਦੀ ਕਿ ਮਾਲਾਬਾਰ ਤੇ ਬੀਤ ਚੁੱਕੇ ਮਾਮਲੇ ਨੂੰ ਫਿਰ ਨਵਾਂ ਤਾਜ਼ਾ ਕਰਕੇ ਪ੍ਰਕਾਸ਼ਿਤ ਕਰਨ ਵਿਚ ਖ਼ਾਲਸਾ ਸਮਾਚਾਰ ਦਾ ਕੀ ਰਾਜ਼ ਹੈ?

ਰਾਘਵਨ ਦੇ ਪਤਿਤ ਹੋਣ ਦੇ ਕਾਰਨ ਪੁਰ ਬਹਿਸ ਕਰਨੀ ਯੋਗ ਪ੍ਰਤੀਤ ਨਹੀਂ ਹੁੰਦੀ ਕਿਉਂਕਿ ਮਾਲਾਬਾਰ ਦੇ ਸਮਾਚਾਰ ਇਹੋ ਜਿਹੇ ਹਨ ਜਿਨ੍ਹਾਂ ਨੂੰ ਪ੍ਰਗਟ ਕਰਨ ਦਾ ਹਾਲੀ ਮੌਕਾ ਨਹੀਂ ਭਾਸਦਾ। ਇਹ ਠੀਕ ਹੈ ਕਿ ਮਾਲਾਬਾਰ ਦੇ ਸਜੇ ਸਿੰਘਾਂ ਦਾ ਮਾਮਲਾ ਖਾਸ ਹੈ ਅਤੇ ਉਥੇ ਦੇ ਸਜੇ ਸਿੰਘਾਂ ਲਈ ਜ਼ਰੂਰੀ ਵਾੜਾਂ ਯੋਗ ਹਨ ਤੇ ਜਿਥੇ ਤੱਕ ਹਾਲਾਤ ਨੇ ਯੋਗਤਾ ਦਿੱਤੀ ਹੈ, ਵਾੜਾਂ ਕਰਨ ਦਾ ਮਿਸ਼ਨ ਤੇ ਪ੍ਰਬੰਧਕਾਂ ਨੇ ਪੂਰਾ ਯਤਨ ਕੀਤਾ ਹੈ ਅਤੇ ਅੱਗੋਂ ਲਈ ਕਰ ਰਹੇ ਹਨ। ਆਪ ਨੇ ਲਿਖਿਆ ਹੈ ਕਿ ਮਾਲਾਬਾਰੀ ਸਿੰਘਾਂ ਦੀ ਵਾਪਸੀ ਪੁਰ ਉਨ੍ਹਾਂ ਨਾਲ ਸਿਆਣੇ ਤੇ ਯੋਗ ਸੱਜਣ ਜਾਣੇ ਚਾਹੀਦੇ ਸਨ।

ਮਾਲਾਬਾਰੀ ਸਿੰਘਾਂ ਦੀ ਵਾਪਸੀ ਪਰ ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ ਸ੍ਰ. ਲਾਲ ਸਿੰਘ ਜੀ ਐਲ.ਐਲ.ਬੀ. (ਕਮਲਾ ਅਕਾਲੀ) ਤੇ ਸਰਦਾਰ ਊਧਮ ਸਿੰਘ ਜੀ ਜਥੇਦਾਰ ਸ਼੍ਰੋਮਣੀ ਅਕਾਲੀ ਦਲ ਆਦਿ ਸੱਜਣ ਉਚੇਚੇ ਉਥੋਂ ਦੇ ਸਮਾਚਾਰ ਮਾਲਬੁਮ ਕਰਨ ਲਈ ਗਏ ਸਨ।




ਫਿਰ ਪਤਾ ਨਹੀਂ ਲੱਗਦਾ ਕਿ ਇਨ੍ਹਾਂ ਚੋਟੀ ਦੇ ਸੱਜਣਾਂ ਤੋਂ ਵੱਧ ਖਾਲਸਾ ਸਮਾਚਾਰ ਦੇ ਖ਼ਿਆਲ ਅਨੁਸਾਰ ਸਿਆਣੇ ਤੇ ਪਤਵੰਤੇ ਜ਼ਰੂਰੀ ਅਸੰਮਤੀ ਰੱਖਦਾ ਹੈ ਅਤੇ ਸਾਡਾ ਪੂਰਾ ਵਿਸ਼ਵਾਸ ਹੈ ਕਿ ਰੁਪਿਆ ਵੰਡ ਕੇ ਅਸੀਂ ਕਦੀ ਕਾਮਯਾਬ ਨਹੀਂ ਹੋ ਸਕਦੇ ਤੇ ਇਹੋ ਵੱਡਾ ਕਾਰਨ 'ਰਾਘਵਨ' ਦੇ ਪਤਿਤ ਹੋਣ ਦਾ ਭੀ ਹੈ। ਮਿਸਟਰ 'ਰਾਘਵਨ' (60 ਸਹਾਇਤਾ ਮੰਗਦਾ ਸੀ ਤੇ ਮਿਸ਼ਨ ਭੀ ਉਸ ਨੂੰ 60) ਮਾਹਵਾਰ ਸਹਾਇਤਾ ਦੇਣ ਨੂੰ ਤਿਆਰ ਸੀ, ਪਰ ਲਾਅ ਕਾਲਜ ਦੇ ਪ੍ਰਿੰਸੀਪਲ ਨੇ ਸਾਫ਼ ਕਹਿ ਦਿੱਤਾ ਸੀ ਕਿ ਜਿਸ ਮਤਲਬ ਲਈ ਉਪਰੋਕਤ ਸਹਾਇਤਾ ਦਿੱਤੀ ਜਾਂਦੀ ਹੈ। ਮਿਸਟਰ ਰਾਘਵਨ ਇਸ ਦੇ ਬਿਲਕੁਲ ਯੋਗ ਨਹੀਂ ਹੈ।

ਮਿਸ਼ਨ ਯੋਗ ਸਹਾਇਤਾ ਮਾਲਾਬਾਰੀ ਸਿੰਘਾਂ ਦੀ ਕਰ ਰਿਹਾ ਹੈ ਅਤੇ ਜਿਥੋਂ ਤੱਕ ਹੋ ਸਕਿਆ ਕਰੀ ਜਾਵੇਗਾ। ਖ਼ਾਲਸਾ ਸਮਾਚਾਰ ਨੂੰ ਇਹੋ ਜਿਹੀ ਫੋਲਾ ਫਾਲੀ ਵਿਚੋਂ ਕੁਝ ਹੱਥ ਨਹੀਂ ਆਉਣਾ ਅਤੇ ਅਸੀਂ ਮਿਸ਼ਨ ਵਲੋਂ ਬੜੀ ਨਿਮਰਤਾ ਸਹਿਤ ਬਿਨੈ ਕਰਦੇ ਹਾਂ ਕਿ ਇਸ ਤਰ੍ਹਾਂ ਮਾਮਲਿਆਂ ਤੋਂ ਸੰਕੋਚ ਕਰਨ ਦੀ ਹੀ ਕਿਰਪਾ ਦ੍ਰਿਸ਼ਟੀ ਕਰਨ।

ਦਾਸ- ਸੁਜਾਨ ਸਿੰਘ,
ਸਕੱਤਰ,
ਸਰਬ-ਹਿੰਦ ਸਿੱਖ ਮਿਸ਼ਨ ਅੰਮ੍ਰਿਤਸਰ

ਇਸ 'ਤੇ ਵਿਚਾਰ

ਖ਼ਾਲਸਾ ਸਮਾਚਾਰ ਅਕਾਲੀ ਪੱਤ੍ਰਿਕਾ ਪਾਸ ਤਬਾਦਲੇ ਵਿਚ ਜਾਂਦਾ ਹੈ। ਸਾਡੇ ਲੇਖ ਵਿਚ ਕੋਈ ਇਕ ਪਦ ਵੀ ਅਜਿਹਾ ਨਹੀਂ ਸੀ ਜੋ ਪਾਰਟੀ ਰੰਗਤ, ਜਾਂ ਕਿਸੇ ਸਿੱਧੇ ਜਾਂ ਪੁੱਠੇ ਤਰੀਕੇ ਨਾਲ ਕਿਸੇ ਦਾ ਦਿਲ ਦੁਖਾਉਣ ਜਾਂ ਕਿਸੇ ਹੋ ਰਹੇ ਪੰਥਕ ਕੰਮ ਨੂੰ ਹਾਨੀ ਪਹੁੰਚਾਉਣ ਲਈ ਲਿਖਿਆ ਗਿਆ ਹੋਵੇ। ਇਹ ਹੀ ਕਾਰਨ ਹੈ ਕਿ ਇਸ ਚਿੱਠੀ ਵਿਚ ਪ੍ਰਗਟ ਤੇ ਗੁਪਤ ਰੂਪ ਵਿਚ ਸਾਡੀ ਲਿਖਤ ਨਾਲ ਥਾਂ ਥਾਂ ਹਾਮੀ ਭਰੀ ਹੋਈ ਹੈ ਤੇ ਜਿਹੜੀ ਇਕ ਅੱਧ ਥਾਂ 'ਤੇ ਉਟੰਕਨ ਕੀਤੀ ਹੈ ਉਹ ਕਿਸੇ ਉਦਾਸੀਨਤਾ ਦੀ ਹਾਲਤ ਵਿਚ ਹੋਣ ਤੋਂ ਕੀਤੀ ਹੈ ਜਿਹਾ ਕਿ ਅੱਗੇ ਚੱਲ ਕੇ ਵਿਚਾਰ ਕਰਨ ਤੋਂ ਪ੍ਰਗਟ ਹੋ ਜਾਏਗਾ।

**(ਚਲਦਾ)**

# ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ





ਬਟਾਲਾ : ਗੁਰੂ ਨਾਨਕ ਦੇਵ ਜੀ ਦਾ 538ਵਾਂ ਵਿਆਹ ਪੁਰਬ ਇਤਿਹਾਸਕ ਗੁਰਦੁਆਰਾ ਸ੍ਰੀ ਕੰਧ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ ਤੇ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਵਿਆਹ ਪੁਰਬ ਦੀ ਖੁਸ਼ੀ 'ਚ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਸੰਗਤਾਂ ਨੂੰ ਵਿਆਹ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਦਿੱਤੇ ਸਿਧਾਂਤ ਕਿਰਤ ਕਰੋ, ਨਾਮ ਜਪੋ, ਵੰਡ ਛਕੋ 'ਤੇ ਚੱਲਣਾ ਚਾਹੀਦਾ ਹੈ। ਉਪਰੰਤ ਗੁਰੂ ਨਾਨਕ ਦੇਵ ਜੀ ਦੇ ਵਿਆਹ ਅਸਥਾਨ ਇਤਿਹਾਸਕ ਗੁਰਦੁਆਰਾ ਡੇਹਰਾ ਸਾਹਿਬ ਤੋਂ ਮਹਾਨ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਆਪਣੇ ਸੀਸ 'ਤੇ ਰੱਖ ਕੇ ਸੁੰਦਰ ਫੁੱਲਾਂ ਵਾਲੀ ਪਾਲਕੀ ਸਾਹਿਬ 'ਚ ਸੁਸ਼ੋਭਿਤ ਕੀਤਾ। ਨਗਰ ਕੀਰਤਨ 'ਚ ਗੱਤਕੇ ਦੇ ਜੌਹਰ ਦਿਖਾਏ ਜਾ ਰਹੇ ਸਨ। ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾਏ ਗਏ। ਨਗਰ ਕੀਰਤਨ 'ਚ ਦੇਸ਼-ਵਿਦੇਸ਼ ਤੋਂ ਲੱਖਾਂ ਸੰਗਤਾਂ ਪਰਿਵਾਰਾਂ ਸਮੇਤ ਨਤਮਸਤਕ ਹੋਈਆਂ। ਇਸ ਮੌਕੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਫਤਹਿਗੜ੍ਹ ਚੂੜੀਆਂ ਦੇ ਇੰਚਾਰਜ ਬਲਬੀਰ ਸਿੰਘ ਪੰਨੂੰ, ਕਾਦੀਆਂ ਦੇ ਇੰਚਾਰਜ ਜਗਰੂਪ ਸਿੰਘ ਸੇਖਵਾਂ, ਵਿਧਾਇਕ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਸਮੇਤ ਹੋਰ ਰਾਜਨੀਤਕ ਪਾਰਟੀਆਂ ਦੇ ਆਗੂ ਪਾਲਕੀ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ। ਇਸ ਮੌਕੇ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲੇ, ਵਿਆਹ ਪੁਰਬ ਦੇ ਮੁੱਖ ਪ੍ਰਬੰਧਕ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਕਮੇਟੀ, ਜਥੇ. ਸੁਰਜੀਤ ਸਿੰਘ ਤੁਗਲਵਾਲ ਅੰਤ੍ਰਿੰਗ ਮੈਂਬਰ ਸ਼੍ਰੋਮਣੀ ਕਮੇਟੀ, ਜਥੇਦਾਰ ਗੁਰਨਾਮ ਸਿੰਘ ਜੱਸਲ ਮੈਂਬਰ ਸ਼੍ਰੋਮਣੀ ਕਮੇਟੀ, ਬੀਬੀ ਜਸਬੀਰ ਕੌਰ ਜੱਫਰਵਾਲ ਮੈਂਬਰ ਸ਼੍ਰੋਮਣੀ ਕਮੇਟੀ, ਬੀਬੀ ਜੋਗਿੰਦਰ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਸਾ. ਮੰਤਰੀ ਸੁੱਚਾ ਸਿੰਘ ਲੰਗਾਹ, ਐਡਵੋਕੇਟ ਅਮਨਦੀਪ ਸਿੰਘ ਜੈਂਤੀਪੁਰ, ਗੁਰਇਕਬਾਲ ਸਿੰਘ ਮਾਹਲ ਇੰਚਾਰਜ ਹਲਕਾ ਕਾਦੀਆਂ, ਨੈਸ਼ਨਲ ਐਵਾਰਡੀ ਹਰਮਨਜੀਤ ਸਿੰਘ ਗੁਰਾਇਆ, ਹਲਕਾ ਇੰਚਾਰਜ ਸ੍ਰੀ ਹਰਗੋਬਿੰਦਪੁਰ ਰਾਜਨਬੀਰ ਸਿੰਘ ਘੁਮਾਣ, ਕੰਵਲਪ੍ਰੀਤ ਸਿੰਘ ਕਾਕੀ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਸ਼੍ਰੋਮਣੀ ਅਕਾਲੀ ਦਲ, ਹਲਕਾ ਇੰਚਾਰਜ ਕਾਂਗਰਸ ਸ੍ਰੀ ਹਰਗੋਬਿੰਦਪੁਰ ਮਨਦੀਪ ਸਿੰਘ ਰੰਗੜ ਨੰਗਲ, ਸਾ. ਚੇਅਰਮੈਨ ਕੁਲਦੀਪ ਸਿੰਘ ਕਾਹਲੋਂ, ਮਨਬੀਰ ਸਿੰਘ ਰੰਧਾਵਾ, ਬਲਜਿੰਦਰ ਸਿੰਘ ਬੱਜੂਮਾਨ, ਗੁਰਿੰਦਰ ਸਿੰਘ ਬਾਜਵਾ, ਨਰੇਸ਼ ਮਹਾਜਨ ਹਲਕਾ ਇੰਚਾਰਜ ਬਟਾਲਾ, ਬਾਬਾ ਸੁਖਵਿੰਦਰ ਸਿੰਘ ਮਲਕਪੁਰ ਵਾਲੇ, ਬਾਬਾ ਸਰਵਨ ਸਿੰਘ ਮਲਕਪੁਰ ਵਾਲੇ, ਸੁਖਜਿੰਦਰ ਸਿੰਘ ਸੋਨੂੰ ਲੰਗਾਹ ਹਲਕਾ ਇੰਚਾਰਜ ਡੇਰਾ ਬਾਬਾ ਨਾਨਕ, ਰਮਨਦੀਪ ਸਿੰਘ ਸੰਧੂ ਮੀਤ ਪ੍ਰਧਾਨ, ਪਰਮਵੀਰ ਸਿੰਘ ਲਾਡੀ ਮੈਂਬਰ ਕੌਰ ਕਮੇਟੀ ਯੂਥ ਅਕਾਲੀ ਦਲ, ਹਰਦੇਵ ਸਿੰਘ ਬਾਜੇਚੱਕ ਸਾਬਕਾ ਜ਼ਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ, ਸਾ. ਚੇਅਰਮੈਨ ਸੁਖਬੀਰ ਸਿੰਘ ਵਾਹਲਾ, ਸਤਬੀਰ ਸਿੰਘ ਧਾਮੀ ਓ.ਐੱਸ.ਡੀ., ਪ੍ਰਤਾਪ ਸਿੰਘ ਸਕੱਤਰ, ਗੁਰਤਿੰਦਰਪਾਲ ਸਿੰਘ ਭਾਟੀਆ ਐਡੀਸ਼ਨਲ ਮੈਨੇਜਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਜਤਿੰਦਰ ਸਿੰਘ ਚੀਮਾ ਮੈਨੇਜਰ, ਮਨਜੀਤ ਸਿੰਘ ਜ਼ਫਰਵਾਲ ਮੈਨੇਜਰ, ਸਤਨਾਮ ਸਿੰਘ ਰਿਆੜ ਮੈਨੇਜਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਦਵਿੰਦਰ ਸਿੰਘ ਲਾਲੀ ਬਾਜਵਾ ਮੈਨੇਜਰ, ਨੈਸ਼ਨਲ ਐਵਾਰਡੀ ਪੰਥਦੀਪ ਸਿੰਘ ਛੀਨਾ, ਮੈਨੇਜਰ ਰਣਜੀਤ ਸਿੰਘ ਕਲਿਆਣਪੁਰ, ਸਾ. ਮੰਤਰੀ ਕੈਪਟਨ ਬਲਬੀਰ ਸਿੰਘ ਬਾਠ, ਪਲਵਿੰਦਰ ਸਿੰਘ ਲੰਬੜਦਾਰ ਪੰਜਾਬ ਪ੍ਰਧਾਨ ਰਵਿਦਾਸੀਆ ਸਿੱਖ ਵੈੱਲਫ਼ੇਅਰ ਸੋਸਾਇਟੀ, ਜਥੇਦਾਰ ਗੁਰਵਿੰਦਰ ਸਿੰਘ ਸ਼ਾਮਪੁਰ, ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ, ਰੁਪਿੰਦਰ ਸਿੰਘ ਸ਼ਾਮਪੁਰਾ, ਹਰਜਿੰਦਰ ਸਿੰਘ ਕਲਸੀ ਡੀ.ਪੀ.ਆਰ.ਓ., ਚੇਅਰਮੈਨ ਬਲਜੀਤ ਸਿੰਘ ਛੀਨਾ, ਲਖਵਿੰਦਰ ਸਿੰਘ ਘੁੰਮਣ, ਡਾ. ਲਖਬੀਰ ਸਿੰਘ ਭਾਗੋਵਾਲੀਆ, ਬਲਦੇਵ ਸਿੰਘ ਸ਼ਾਹਪੁਰ ਐੱਸ.ਸੀ. ਮੰਡੀਕਰਨ ਬੋਰਡ, ਡਾ. ਕਮਲਜੀਤ ਸਿੰਘ ਕੇ.ਜੇ., ਡਾ. ਗੁਰਮੁੱਖ ਸਿੰਘ, ਤਰਲੋਕ ਸਿੰਘ ਬਾਠ, ਜਗਦੀਸ਼ ਸਿੰਘ ਬੁੱਟਰ ਪ੍ਰਬੰਧਕ ਵਿਆਹ ਪੁਰਬ, ਅਮਰਜੀਤ ਸਿੰਘ ਸਿੰਘ ਸੇਖਵਾਂ, ਗੁਰਜੀਤ ਸਿੰਘ ਬਿਜਲੀਵਾਲ, ਮਾਸਟਰ ਜੋਗਿੰਦਰ ਸਿੰਘ ਅੱਚਲੀ ਗੇਟ, ਸ਼ਮਸ਼ੇਰ ਸਿੰਘ ਚੀਮਾ, ਗੁਰਬਚਨ ਸਿੰਘ ਪਵਾਰ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਜਸਵਿੰਦਰ ਸਿੰਘ ਵਿੱਕੀ ਭਾਟੀਆ ਆਦਿ ਸਮੇਤ ਲੱਖਾਂ ਸੰਗਤਾਂ ਨਤਮਸਤਕ ਹੋਈਆਂ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਲੇਰਿੰਜਾਈਟਿਸ**

**(ਆਵਾਜ਼ ਦਾ ਭਾਰਾ ਹੋਣਾ)**

ਲੇਰਿੰਜਾਈਟਿਸ, ਗਲੇ ਦੇ ਵਿੱਚ ਆਵਾਜ਼ ਪੈਦਾ ਕਰਨ ਵਾਲੇ ਅੰਗ ਦੀ ਸੋਜ਼ਿਸ਼ ਨੂੰ ਕਹਿੰਦੇ ਹਨ। ਅਸਥਾਈ ਆਵਾਜ਼ ਦਾ ਫਟਣਾ (ਆਵਾਜ਼ ਦਾ ਭਾਰਾ ਹੋਣਾ) ਕੁਝ ਦਿਨਾਂ ਤਕ ਤਾਂ ਆਮ ਹੈ, ਪਰ ਜੇਕਰ ਆਵਾਜ਼ ਦਾ ਫਟਣਾ ਜਾਂ ਭਾਰਾ ਹੋਣਾ ਲੰਬੇ ਸਮੇਂ ਤਕ ਰਹਿੰਦਾ ਹੈ ਤਾਂ ਇਹ ਲੇਰਿੰਕਸ (ਗਲੇ ਦੇ ਵਿੱਚ ਆਵਾਜ਼ ਪੈਦਾ ਕਰਨ ਵਾਲਾ ਅੰਗ) ਦਾ ਕੈਂਸਰ ਵੀ ਹੋ ਸਕਦਾ ਹੈ।

**ਕਾਰਨ :**

1. ਜ਼ੁਕਾਮ ਜਾਂ ਵਾਇਰਲ।
2. ਐਲਰਜੀ।
3. ਸਿਗਰਟ ਪੀਣਾ।
4. ਜ਼ਿਆਦਾ ਉੱਚਾ ਬੋਲਣਾ ਜਾਂ ਗਾਉਣਾ।
5. ਪੇਟ ਦੇ ਤੇਜ਼ਾਬ ਦਾ ਉਲਟਾ ਮੂੰਹ ਵੱਲ ਨੂੰ ਆਉਣਾ।

**ਲੱਛਣ :**

1. ਆਵਾਜ਼ ਦਾ ਫਟਣਾ (ਆਵਾਜ਼ ਦਾ ਭਾਰਾ ਹੋਣਾ)।
2. ਗਲੇ ਵਿੱਚ ਦਰਦ।
3. ਬੁਖ਼ਾਰ।
4. ਥਕਾਵਟ।

**ਘਰੇਲੂ ਇਲਾਜ :**

1. ਲੇਰਿੰਜਾਈਟਿਸ ਆਮ ਤੌਰ 'ਤੇ ਆਪਣੇ ਆਪ 3 ਤੋਂ 7 ਦਿਨਾਂ ਵਿੱਚ ਵਿੱਚ ਠੀਕ ਹੋ ਜਾਂਦਾ ਹੈ।
2. ਨਮਕ ਵਾਲੇ ਕੋਸੇ ਪਾਣੀ ਦੇ ਗਰਾਰੇ।
3. ਘੱਟ ਬੋਲੋ।
4. ਜ਼ੁਕਾਮ ਜਾਂ ਐਲਰਜੀ ਜਾਂ ਪੇਟ ਦੇ ਤੇਜ਼ਾਬ ਦਾ ਇਲਾਜ ਕਰਵਾਓ (ਇਸ ਪੁਸਤਕ ਵਿੱਚ ਸੰਬੰਧਿਤ ਅਧਿਆਇ ਪੜ੍ਹੋ)।




5. ਸਿਗਰਟ ਪੀਣਾ ਬੰਦ ਕਰੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਆਵਾਜ਼ ਦਾ ਫਟਣਾ 2-3 ਹਫ਼ਤੇ ਤੋਂ ਜ਼ਿਆਦਾ ਤਕ ਰਹਿੰਦਾ ਹੈ।
2. ਜੇਕਰ ਤੁਹਾਡਾ ਭਾਰ ਵੀ ਘੱਟ ਰਿਹਾ ਹੈ।
3. ਜੇਕਰ ਤੁਹਾਨੂੰ ਗਲੇ ਤੋਂ ਅੰਦਰ ਖਾਣਾ ਲੰਘਾਉਣ ਵਿੱਚ ਮੁਸ਼ਕਲ ਆਉਂਦੀ ਹੈ।

**ਗਲੇ ਦਾ ਦਰਦ**

ਗਲੇ ਦਾ ਦਰਦ ਆਮ ਤੌਰ 'ਤੇ ਜ਼ੁਕਾਮ, ਵਾਇਰਲ ਜਾਂ ਬੈਕਟੀਰੀਆ ਦੇ ਇਨਫ਼ੈਕਸ਼ਨ ਕਾਰਨ ਹੁੰਦਾ ਹੈ। ਗਲੇ ਦੇ ਦਰਦ ਦੇ ਹੋਰ ਵੀ ਕੁਝ ਕਾਰਨ ਹਨ, ਜਿਨ੍ਹਾਂ ਦਾ ਇਲਾਜ ਜੇ ਜਲਦੀ ਨਾ ਕੀਤਾ ਜਾਵੇ ਤਾਂ ਜਾਨ ਨੂੰ ਖ਼ਤਰਾ ਵੀ ਹੋ ਸਕਦਾ ਹੈ, ਜਿਵੇਂ ਕਿ ਗਲੇ ਦਾ ਕੈਂਸਰ ਅਤੇ ਐਪੀਗਲੌਂਟਾਈਟਸ।

**ਕਾਰਨ :**

1. ਗਲੇ ਦਾ ਇਨਫੈਕਸ਼ਨ (ਦੇਖੋ ਸਫ਼ਾ 149)
2. ਗਲੇ ਦਾ ਕੈਂਸਰ (ਦੇਖੋ ਸਫ਼ਾ 150)
3. ਐਪੀਗਲੌਂਟਾਈਟਸ (ਦੇਖੋ ਸਫ਼ਾ 150)
4. ਟੌਂਸਿਲਾਈਟਿਸ (ਦੇਖੋ ਸਫ਼ਾ 151)

**ਗਲੇ ਦਾ ਇਨਫ਼ੈਕਸ਼ਨ**

**ਕਾਰਨ ਲੱਛਣ :**

1. ਬੈਕਟੀਰੀਆ (ਜੀਵਾਣੂ) : ਜੇਕਰ ਗਲੇ ਦੇ ਦਰਦ ਦੇ ਨਾਲ ਨਾਲ, ਹੇਠ ਲਿਖੇ ਲੱਛਣ ਹਨ ਤਾਂ ਇਹ ਬੈਕਟੀਰੀਅਲ ਇਨਫ਼ੈਕਸ਼ਨ ਕਰਕੇ ਹੈ, ਅਤੇ ਐਂਟੀਬਾਇਓਟਿਕ ਦੀ ਲੋੜ ਪੈ ਸਕਦੀ ਹੈ।

(ੳ) ਬੁਖ਼ਾਰ

(ਅ) ਟੌਂਸਿਲਾਂ (ਗਲੇ ਦੀ ਗ੍ਰੰਥੀ) ਤੇ ਚਿੱਟੇ ਜਾਂ ਪੀਲੇ ਰੰਗ ਦੀ ਪਰਤ।

(ੲ) ਗਲੇ ਦੇ ਲਿੰਫ ਨੋਡ ਦੀ ਸੋਜ਼ਿਸ਼।

2 ਵਾਇਰਲ (ਵੀਸ਼ਾਣੂ) : ਜੇਕਰ ਤੁਹਾਨੂੰ ਗਲੇ ਦੇ ਦਰਦ ਦੇ ਨਾਲ ਨਾਲ ਜ਼ੁਕਾਮ ਅਤੇ ਖਾਂਸੀ ਹੈ ਤਾਂ ਇਹ ਵਾਇਰਲ ਦੇ ਕਾਰਨ ਹੋ ਸਕਦਾ ਹੈ, ਅਤੇ ਇਸ ਲਈ ਐਂਟੀਬਾਓਟਿਕ ਦਵਾਈ ਮੱਦਦਗਾਰ ਸਾਬਤ ਨਹੀਂ ਹੁੰਦੀ।

ਰੋਕਥਾਮ ਬਚਾਅ :

1. ਉਹਨਾਂ ਲੋਕਾਂ ਤੋਂ ਦੂਰ ਰਹੋ, ਜਿਨ੍ਹਾਂ ਨੂੰ ਗਲੇ ਦਾ ਇਨਫ਼ੈਕਸ਼ਨ ਹੈ।
2. ਸਿਗਰਟ ਨਾ ਪੀਓ ਅਤੇ ਦੂਸ਼ਿਤ ਵਾਤਾਵਰਣ ਵਿੱਚ ਨਾ ਜਾਓ।
3. ਤਰਲ ਪਦਾਰਥ ਵੱਧ ਤੋਂ ਵੱਧ ਲਵੋ।

**ਘਰੇਲੂ ਇਲਾਜ :**

1. ਨਮਕ ਵਾਲੇ ਕੋਸੇ ਪਾਣੀ ਦੇ ਗਰਾਰੇ ਕਰੋ। ਨਮਕ ਸੋਜ਼ਿਸ਼ ਅਤੇ ਤਕਲੀਫ਼ ਨੂੰ ਘਟਾਉਂਦਾ ਹੈ।
2. ਸ਼ਹਿਦ ਅਤੇ ਅਦਰਕ ਗਲੇ ਦੇ ਦਰਦ . ਠੀਕ ਕਰਨ ਵਿੱਚ ਮੱਦਦਗਾਰ ਹੁੰਦੇ ਹਨ।
3. ਆਈਬੁਪ੍ਰੋਫ਼ਿਨ ਦਰਦ ਅਤੇ ਬੁਖ਼ਾਰ ਲਈ ਲੈ ਸਕਦੇ ਹੋ।
4. ਜ਼ਿਆਦਾ ਤੋਂ ਜ਼ਿਆਦਾ ਪੀਣ ਵਾਲੇ ਪਦਾਰਥ ਪੀਓ।
5. ਬੱਚਿਆਂ ਨੂੰ ਕਦੇ ਵੀ ਐਸਪੀਰਿਨ ਦੀ ਦਵਾਈ ਨਾ ਦੇਵੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਖਾਣੇ ਨੂੰ ਗਲੇ ਤੋਂ ਅੰਦਰ ਲੰਘਾਉਣ ਵਿੱਚ ਮੁਸ਼ਕਲ ਆਵੇ।
2. ਸਾਹ ਲੈਣ ਵਿੱਚ ਮੁਸ਼ਕਲ ਆਵੇ।
3. ਗਲੇ ਦੀ ਗ੍ਰੰਥੀ ਵਿੱਚ ਸੋਜ਼ਿਸ਼ ਹੈ ਜਾਂ ਬੁਖ਼ਾਰ ਹੈ।
4. ਗਲੇ ਦੇ ਦਰਦ ਦੇ ਨਾਲ ਨਾਲ ਚਮੜੀ 'ਤੇ ਝਰੀਟਾਂ (ਰੈਸ਼) ਹਨ।

**ਗਲੇ ਦਾ ਕੈਂਸਰ**

ਖਾਣਾ ਗਲੇ ਤੋਂ ਅੰਦਰ ਲੰਘਾਉਣ ਵਿੱਚ ਮੁਸ਼ਕਲ ਪੇਸ਼ ਆਉਣਾ, ਗਲੇ ਵਿੱਚ ਦਰਦ ਹੋਣਾ, ਭਾਰ ਦਾ ਘਟਣਾ ਅਤੇ ਥੁੱਕ ਵਿੱਚ ਖ਼ੂਨ ਆਉਣਾ, ਗਲੇ ਦੇ ਕੈਂਸਰ ਦੀਆਂ ਨਿਸ਼ਾਨੀਆਂ ਹੋ ਸਕਦੀਆਂ ਹਨ। ਜਿੰਨੀ ਜਲਦੀ ਹੋ ਸਕੇ, ਡਾਕਟਰ ਨੂੰ ਦਿਖਾਓ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

## ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦੀ 30ਵੀਂ ਬਰਸੀ ਮਨਾਈ



ਅੰਮ੍ਰਿਤਸਰ : ਸ੍ਰੀ ਅਕਾਲ ਤਖਤ ਸਾਹਿਬ ਵਲੋਂ ਐਲਾਨੇ ਕੌਮੀ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦੀ 30ਵੀਂ ਬਰਸੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਵਲੋਂ ਸਾਂਝੇ ਰੂਪ 'ਚ ਮਨਾਈ ਗਈ। ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਰਾਗੀ ਸਿੰਘਾਂ ਨੇ ਗੁਰਬਾਣੀ ਕੀਰਤਨ ਕੀਤਾ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁਖ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ ਤੇ ਮੈਨੇਜਰ ਸ੍ਰੀ ਦਰਬਾਰ ਸਾਹਿਬ ਨਰਿੰਦਰ ਸਿੰਘ ਨੇ ਸ਼ਹੀਦਾਂ ਤੇ ਜੁਝਾਰੂਆਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਭਾਈ ਦਿਲਾਵਰ ਸਿੰਘ ਬੱਬਰ ਦੇ ਪਰਿਵਾਰ ਤੋਂ ਬੇਟੀ ਹਰਲੀਨ ਕੌਰ ਨੂੰ ਸਨਮਾਨਿਤ ਕੀਤਾ। ਇਸ ਮੌਕੇ ਭਾਈ ਵਧਾਵਾ ਸਿੰਘ ਬੱਬਰ ਦਾ ਸਨਮਾਨ ਭਾਈ ਭੁਪਿੰਦਰ ਸਿੰਘ ਭਲਵਾਨ ਤੇ ਜਥੇਦਾਰ ਹਵਾਰਾ ਦਾ ਸਨਮਾਨ ਬਾਪੂ ਗੁਰਚਰਨ ਸਿੰਘ ਨੂੰ ਦਿੱਤਾ ਗਿਆ। ਸਮਾਗਮ ਦੌਰਾਨ ਭਾਈ ਵਧਾਵਾ ਸਿੰਘ ਬੱਬਰ ਦਾ ਸੰਦੇਸ਼ ਮਹਾਂਬੀਰ ਸਿੰਘ ਸੁਲਤਾਨਵਿੰਡ ਨੇ ਸੰਗਤਾਂ ਨੂੰ ਸੁਣਾਇਆ। ਬਾਪੂ ਗੁਰਚਰਨ ਸਿੰਘ ਨੇ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਪੜ੍ਹ ਕੇ ਸੁਣਾਇਆ। ਸਮਾਗਮ 'ਚ ਅੰਖਡ ਕੀਰਤਨੀ ਜਥੇ ਤੋਂ ਇਲਾਵਾ, ਜਥੇਦਾਰ ਹਵਾਰਾ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਦਮਦਮੀ ਟਕਸਾਲ, ਭਿੰਡਰਾਂਵਾਲਾ ਸਿੱਖ ਯੂਥ ਫੈਡਰੇਸ਼ਨ, ਦਲ ਖਾਲਸਾ, ਅਕਾਲੀ ਦਲ ਵਾਰਸ ਪੰਜਾਬ, ਸੇਵਕ ਜਥਾ ਪੰਜਾਬ, ਸਤਿਕਾਰ ਕਮੇਟੀ ਆਦਿ ਨੇ ਹਿੱਸਾ ਲਿਆ। ਸਟੇਜ ਦੀ ਸੇਵਾ ਮਹਾਂਬੀਰ ਸਿੰਘ ਸੁਲਤਾਨਵਿੰਡ ਨੇ ਨਿਭਾਈ ਤੇ ਸੰਗਤਾਂ ਦਾ ਧੰਨਵਾਦ ਪ੍ਰੋ: ਬਲਜਿੰਦਰ ਸਿੰਘ ਨੇ ਕੀਤਾ। ਇਸ ਮੌਕੇ ਪੰਜ ਸਿੰਘਾਂ 'ਚੋਂ ਭਾਈ ਸਤਨਾਮ ਸਿੰਘ ਖੰਡਾ, ਭਾਈ ਸਤਨਾਮ ਸਿੰਘ ਝੰਝੀਆਂ, ਹਰਦੀਪ ਸਿੰਘ ਭਰਾਤਾ ਭਾਈ ਅਨੋਖ ਸਿੰਘ ਬੱਬਰ, ਹੀਰਾ ਸਿੰਘ, ਬਾਪੂ ਤਰਸੇਮ ਸਿੰਘ, ਨਿਰਮਲ ਸਿੰਘ ਨਿੰਮਾ, ਦਵਿੰਦਰ ਸਿੰਘ, ਅਰਜਨ ਸਿੰਘ ਮੋਹਾਲੀ, ਸਰਬਜੀਤ ਸਿੰਘ ਘੁਮਾਣ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਹਰਬੀਰ ਸਿੰਘ ਸੰਧੂ, ਮੈਨੇਜਰ ਜਸਪਾਲ ਸਿੰਘ ਢੱਡੇ, ਪਰਮਜੀਤ ਸਿੰਘ ਟਾਂਡਾ, ਮੈਨੇਜਰ ਗੁਰਮੀਤ ਸਿੰਘ, ਪਰਮਜੀਤ ਸਿੰਘ ਮੰਡ, ਰਣਜੀਤ ਸਿੰਘ ਟਕਸਾਲ, ਭਾਈ ਰਜਿੰਦਰ ਸਿੰਘ ਮੁਗਲਵਾਲ, ਭੁਪਿੰਦਰ ਸਿੰਘ ਛੇ ਜੂਨ, ਭਾਈ ਮੋਹਕਮ ਸਿੰਘ, ਡਾ: ਸੁਖਦੇਵ ਸਿੰਘ ਬਾਬਾ, ਮਨਧੀਰ ਸਿੰਘ, ਸੁਖਦੀਪ ਸਿੰਘ ਮੀਕੇ, ਬਲਵਿੰਦਰ ਸਿੰਘ ਕਾਲਾ, ਕੋਚ ਪ੍ਰਤਾਪ ਸਿੰਘ, ਜਗਰਾਜ ਸਿੰਘ ਪੱਟੀ, ਗੁਰਦੀਪ ਸਿੰਘ, ਸੁਖਜੀਤ ਸਿੰਘ ਖੋਸਾ ਆਦਿ ਹਾਜ਼ਰ ਸਨ।

## ਭਾਰਤ 'ਚ ਸਭ ਤੋਂ ਵੱਧ ਸੁਰੱਖਿਅਤ ਹੈ ਘੱਟ ਗਿਣਤੀ ਭਾਈਚਾਰਾ : ਇਕਬਾਲ ਸਿੰਘ ਲਾਲਪੁਰਾ

ਜਲੰਧਰ : ਘੱਟ ਗਿਣਤੀ ਭਾਈਚਾਰਾ ਜੇਕਰ ਕਿਸੇ ਮੁਲਕ 'ਚ ਸਭ ਤੋਂ ਵੱਧ ਸੁਰੱਖਿਅਤ ਹੈ ਤਾਂ ਉਹ ਭਾਰਤ ਹੈ, ਜਦਕਿ ਅਮਰੀਕਾ ਵਰਗੇ ਵਿਕਸਿਤ ਮੁਲਕਾਂ 'ਚ ਵੀ ਘੱਟ ਗਿਣਤੀਆਂ ਦੇ ਹੱਕਾਂ ਤੇ ਹਿੱਤਾਂ ਨੂੰ ਕੁਚਲਿਆ ਜਾ ਰਿਹਾ ਹੈ ਅਤੇ ਉਨ੍ਹਾਂ ਨਾਲ ਹਰ ਪੱਧਰ 'ਤੇ ਜ਼ਿਆਦਤੀਆਂ ਦੀਆਂ ਖ਼ਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ ਪਰ ਜਿਥੋਂ ਤੱਕ ਭਾਰਤ ਦਾ ਸੰਬੰਧ ਹੈ ਤਾਂ ਇਥੇ ਸਾਰੇ ਧਰਮਾਂ ਤੇ ਫਿਰਕਿਆਂ ਦੇ ਲੋਕ ਆਪਸੀ ਪਿਆਰ ਤੇ ਸਦਭਾਵਨਾ ਨਾਲ ਰਹਿੰਦੇ ਹਨ ਤੇ ਘੱਟ ਗਿਣਤੀ ਭਾਈਚਾਰੇ ਦੀ ਗਿਣਤੀ ਵੀ 16 ਫ਼ੀਸਦੀ ਵਧੀ ਹੈ ਅਤੇ ਤਕਰੀਬਨ ਸਾਰੇ ਅਹਿਮ ਅਹੁਦਿਆਂ 'ਤੇ ਇਸ ਸਮੇਂ ਘੱਟ ਗਿਣਤੀ ਭਾਈਚਾਰੇ ਨਾਲ ਸੰਬੰਧਿਤ ਅਧਿਕਾਰੀ ਲੱਗੇ ਹੋਏ ਹਨ। ਇਹ ਦਾਅਵਾ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਕੌਮੀ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਕਰਦਿਆਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਪਿਛਲੇ ਸਮੇਂ ਦੌਰਾਨ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਅਨੇਕਾਂ ਕਦਮ ਚੁੱਕੇ ਹਨ ਅਤੇ ਖਾਸ ਕਰਕੇ ਸਿੱਖ ਕੌਮ ਦੇ ਮਸਲਿਆਂ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਉਨ੍ਹਾਂ ਨਵੰਬਰ '84 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਏ ਜਾਣ ਅਤੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁਲ੍ਹਵਾਏ ਜਾਣ ਤੋਂ ਲੈ ਕੇ ਸਿੱਖ ਗੁਰੂ ਸਾਹਿਬਾਨ ਦੇ ਦਿਵਸਾਂ ਨੂੰ ਕੌਮੀ ਪੱਧਰ 'ਤੇ ਮਨਾਏ ਜਾਣ ਦੀ ਕੀਤੀ ਸ਼ੁਰੂਆਤ ਨੂੰ ਇਸ ਦਿਸ਼ਾ 'ਚ ਅਹਿਮ ਕਦਮ ਦੱਸਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਵਲੋਂ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਜਿਥੇ 114 ਸਰਕਾਰੀਆਂ ਨੌਕਰੀਆਂ ਦਿੱਤੀਆਂ ਗਈਆਂ ਹਨ, ਉਥੇ ਹਰਿਆਣਾ ਦੀ ਭਾਜਪਾ ਸਰਕਾਰ ਵਲੋਂ ਵੀ 121 ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦਿੱਤੀ ਗਈ ਹੈ। ਇਸੇ ਤਰ੍ਹਾਂ ਗੁਰਦੁਆਰਾ ਗਿਆਨ ਗੋਦੜੀ ਅਤੇ ਡਾਂਗ ਮਾਰ ਦੇ ਮਸਲਿਅ ਨੂੰ ਹੱਲ ਕਰਵਾਉਣਾ ਵੀ ਉਨ੍ਹਾਂ ਦੇ ਕਾਰਜਕਾਲ ਦੀ ਅਹਿਮ ਪ੍ਰਾਪਤੀ ਰਹੀ ਹੈ। ਉਨ੍ਹਾਂ ਵਲੋਂ ਵਿਦੇਸ਼ਾਂ 'ਚ ਫਸੇ 8 ਭਾਰਤੀਆਂ ਨੂੰ ਵੀ ਚੇਅਰਮੈਨ ਹੁੰਦੇ ਹੋਏ ਵਾਪਸ ਵਤਨ ਲਿਆਉਣ 'ਚ ਸਫ਼ਲਤਾ ਹਾਸਲ ਕੀਤੀ ਸੀ। ਹਾਲ ਹੀ 'ਚ ਲਾਲ ਕਿਲ੍ਹੇ 'ਤੇ ਸਿੱਖ ਸਰਪੰਚਾਂ ਨੂੰ ਕਕਾਰਾਂ ਸਮੇਤ ਅੰਦਰ ਜਾਣ ਤੋਂ ਰੋਕਣ ਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਸਿੱਖ ਬੱਚਿਆਂ ਨੂੰ ਰੋਕੇ ਜਾਣ ਦੇ ਮਾਮਲੇ 'ਚ ਵੀ ਉਨ੍ਹਾਂ ਤੁਰੰਤ ਦਖਲ ਦਿੰਦੇ ਹੋਏ ਅਜਿਹੀਆਂ ਕਾਰਵਾਈਆਂ ਮੁੜ ਭਵਿੱਖ 'ਚ ਨਾ ਹੋਣ ਸੰਬੰਧੀ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਅਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਲਈ ਵੀ ਲਿਖਿਆ ਗਿਆ। ਭਾਜਪਾ ਦੇ ਸੰਸਦੀ ਬੋਰਡ ਤੇ ਚੋਣ ਕਮੇਟੀ ਦੇ ਮੈਂਬਰ ਸ. ਲਾਲਪੁਰਾ ਨੇ ਕਿਹਾ ਕਿ ਇਸੇ ਤਰ੍ਹਾਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਨਾਲ 18 ਸੂਬਿਆਂ 'ਚ ਆਨੰਦ ਮੈਰਿਜ ਐਕਟ ਨੂੰ ਲਾਗੂ ਕੀਤਾ ਜਾ ਚੁੱਕਾ ਹੈ ਤੇ ਬਾਕੀ ਥਾਵਾਂ 'ਤੇ ਇਸ ਨੂੰ ਲਾਗੂ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਸਿੱਖ ਧਰਮੀ ਫ਼ੌਜੀਆਂ ਦੇ ਮੁੜ ਵਸੇਬੇ ਲਈ ਵੀ ਯਤਨ ਕੀਤੇ ਜਾ ਰਹੇ ਹਨ ਅਤੇ ਜੋਧਪੁਰ ਜੇਲ੍ਹ 'ਚ ਬੰਦ ਸਿੱਖ ਕੈਦੀਆਂ ਨੂੰ ਵੀ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇਗਾ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਫਿਲਮਾਂ 'ਚ ਸਿੱਖ ਕਿਰਦਾਰਾਂ ਨੂੰ ਸਹੀ ਢੰਗ ਨਾਲ ਪੇਸ਼ ਕਰਨ ਅਤੇ ਧਾਰਮਿਕ ਅਕੀਦੇ ਦਾ ਧਿਆਨ ਰੱਖਣ ਲਈ ਸੈਂਸਰ ਬੋਰਡ 'ਚ ਸਿੱਖ ਬੁੱਧੀਜੀਵੀ ਨੂੰ ਮੈਂਬਰ ਵਜੋਂ ਸ਼ਾਮਿਲ ਕੀਤਾ ਜਾਵੇਗਾ। ਇਸ ਮੌਕੇ ਸੂਬੇ ਦੀ ਸਿਆਸਤ ਬਾਰੇ ਪੁੱਛੇ ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਭਾਜਪਾ ਵਲੋਂ ਨੇੜ ਭਵਿੱਖ 'ਚ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ ਅਤੇ ਭਾਜਪਾ ਇਕੱਲਿਆਂ ਆਪਣੇ ਦਮ 'ਤੇ ਚੋਣਾਂ ਲੜੇਗੀ। ਉਨ੍ਹਾਂ ਕਿਹਾ ਕਿ ਭਾਜਪਾ ਨੇ ਅਮਨ ਸ਼ਾਂਤੀ ਤੇ ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਕੀਤਾ ਸੀ ਪਰ ਕਿਸਾਨੀ ਅੰਦੋਲਨ ਦੌਰਾਨ ਅਕਾਲੀ ਦਲ ਵਲੋਂ ਜਿਸ ਤਰ੍ਹਾਂ ਭਾਜਪਾ ਦਾ ਸਾਥ ਛੱਡਿਆ ਗਿਆ, ਉਸ ਨੇ ਦੋਵਾਂ ਪਾਰਟੀਆਂ ਵਿਚਕਾਰ ਦੂਰੀਆਂ ਨੂੰ ਹੋਰ ਵਧਾ ਦਿੱਤਾ ਹੈ। ਇਸ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਨਵੇਂ ਸ਼੍ਰੋਮਣੀ ਅਕਾਲੀ ਦਲ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਲੋਕਤੰਤਰੀ ਮੁਲਕ 'ਚ ਹਰ ਕਿਸੇ ਨੂੰ ਆਪਣੀ ਪਾਰਟੀ ਬਣਾਉਣ ਦਾ ਹੱਕ ਹੈ ਅਤੇ ਇਸ ਨਵੀਂ ਪਾਰੀ ਸ਼ੁਰੂ ਕਰਨ 'ਤੇ ਉਨ੍ਹਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਵਧਾਈ ਵੀ ਦਿੱਤੀ ਹੈ।



# ਪੰਜਾਬੀ ਯੂਨੀਵਰਸਿਟੀ ’ਚ ਮਹਾਨ ਕੋਸ਼ ਨਸ਼ਟ ਕਰਨ ’ਤੇ ਵਿਦਿਆਰਥੀਆਂ ਦਾ ਰੋਸ ਧਰਨਾ

ਪਟਿਆਲਾ : ਪੰਜਾਬੀ ਯੂਨੀਵਰਸਿਟੀ ਪ੍ਰਸ਼ਾਸਨ ਤੇ ਤਮਾਮ ਵਿਦਿਆਰਥੀ ਇੱਕ ਵਾਰ ਫਿਰ ਆਹਮੋ-ਸਾਹਮਣੇ ਆ ਗਏ ਹਨ। ਖ਼ਬਰ ਹੈ ਕਿ ਵੱਡੀ ਗਿਣਤੀ ਵਿੱਚ ਤਰੁੱਟੀਆਂ ਵਾਲੇ ਮਹਾਨਕੋਸ਼ ਨੂੰ ਨਸ਼ਟ ਕਰਨ ਲਈ ਦਬਾਇਆ ਜਾ ਰਿਹਾ ਸੀ। ਜਦੋਂ ਮਾਮਲਾ ਵਿਦਿਆਰਥੀਆਂ ਸਾਹਮਣੇ ਆਇਆ ਤਾਂ ਮਹਾਨਕੋਸ਼ ਦੇ ਸਸਕਾਰ ਦੀ ਮੰਗ ਰੱਖਦਿਆਂ ਵਿਦਿਆਰਥੀ ਧਰਨੇ ’ਤੇ ਬੈਠ ਗਏ ਹਨ। ਦਰਅਸਲ ਅਗਸਤ ਦੇ ਪਹਿਲੇ ਹਫ਼ਤੇ ਵਿੱਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਹੋਈ ਮੀਟਿੰਗ ਵਿੱਚ ਯੂਨੀਵਰਸਿਟੀ ਪ੍ਰਸ਼ਾਸਨ ਨੇ ਤਰੁਟੀਆਂ ਵਾਲੇ ਮਹਾਨ ਕੋਸ਼ ਦੀਆਂ ਕਾਪੀਆਂ 15 ਦਿਨਾਂ ਅੰਦਰ ਨਸ਼ਟ ਕਰਨ ਦਾ ਭਰੋਸਾ ਦਿੱਤਾ ਸੀ। ਇਸੇ ਤਹਿਤ ਇਹ ਕਾਰਵਾਈ ਕੀਤੀ ਜਾ ਰਹੀ ਸੀ।



ਦੱਸਿਆ ਜਾ ਰਿਹਾ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਮਹਾਨ ਕੋਸ਼ ਦੀਆਂ ਕਾਪੀਆਂ ਨੂੰ ਟੋਆ ਨੂੰ ਪੁੱਟ ਕੇ ਧਰਤੀ ਵਿੱਚ ਦੱਬਣ ਦੀ ਕਾਰਵਾਈ ਕੀਤੀ ਜਾ ਰਹੀ ਸੀ ਪਰ ਮੌਕੇ ’ਤੇ ਪੁੱਜੇ ਵਿਦਿਆਰਥੀਆਂ ਨੇ ਰੋਸ ਪੂਰਵਕ ਕਾਰਵਾਈ ਰੁਕਵਾ ਦਿੱਤੀ। ਵਿਦਿਆਰਥੀਆਂ ਨੇ ਇਸ ਕਾਰਵਾਈ ਨੂੰ ‘ਬੇਅਦਬੀ’ ਕਰਾਰ ਦਿੰਦਿਆਂ ਮਹਾਨ ਕੋਸ਼ ਦੀਆਂ ਕਾਪੀਆਂ ਦਾ ਸਤਿਕਾਰ ਪੂਰਵਕ ਸੰਸਕਾਰ ਕਰਨ ਦੀ ਮੰਗ ਕਰਦਿਆਂ ਧਰਨਾ ਲਾ ਦਿੱਤਾ।

ਵਿਦਿਆਰਥੀ ਆਗੂਆਂ ਯਾਦਵਿੰਦਰ ਸਿੰਘ ਯਾਦੂ ਅਤੇ ਕੁਲਦੀਪ ਸਿੰਘ ਝਿੰਜਰ ਨੇ ਕਿਹਾ ਕਿ ਭਾਵੇਂ ਮਹਾਨ ਕੋਸ਼ ਵਿੱਚ ਤਰੁੱਟੀਆਂ ਸਨ, ਪਰ ਇਸ ਵਿੱਚ ਗੁਰਬਾਣੀ ਦੀਆਂ ਤੁਕਾਂ ਵੀ ਦਰਜ ਹਨ। ਇਸ ਲਈ ਇਨ੍ਹਾਂ ਕਾਪੀਆਂ ਦਾ ਸੰਸਕਾਰ ਕਰਨਾ ਚਾਹੀਦਾ ਸੀ। ਟੋਆ ਪੁੱਟ ਕੇ ਉਸ ਵਿੱਚ ਕਾਪੀਆਂ ਸੁੱਟ ਕੇ ਉੱਤੋਂ ਪਾਣੀ ਛੱਡਕੇ ਅਤੇ ਫਿਰ ਮਿੱਟੀ ਪਾਉਣ ਦੀ ਕਾਰਵਾਈ ਸਰਾਸਰ ਬੇਅਦਬੀ ਹੈ। ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਮਿੱਟੀ ਪਾਉਣੀ ਅਜੇ ਬਾਕੀ ਸੀ, ਜੋਕਿ ਵਿਦਿਆਰਥੀਆਂ ਵੱਲੋਂ ਰੋਸ ਪ੍ਰਗਟ ਕਰਨ ਕੀਤੇ ਜਾਣ ਕਾਰਨ ਅਮਲ ਵਿੱਚ ਨਹੀਂ ਆਈ।

ਦੱਸ ਦੇਈਏ ਸਿੱਖ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਨੇ 1930 ਵਿਚ ਪੰਜਾਬੀ ਦੇ ਲਗਪਗ 80 ਹਜ਼ਾਰ ਸ਼ਬਦਾਂ ਦੇ ਅਰਥਾਂ ਵਾਲਾ ਇੱਕ ਮਹਾਨ ਕੋਸ਼ ਤਿਆਰ ਕੀਤਾ, ਜਿਸ ਦੀ ਕੁਝ ਸਾਲ ਪਹਿਲਾਂ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਮੁੜ-ਛਪਾਈ ਕਰਵਾਈ ਸੀ। ਮੁੜ ਛਪਾਈ ਦੌਰਾਨ ਕਈ ਗ਼ਲਤੀਆਂ ਸਾਹਮਣੇ ਆਈਆਂ, ਜਿਸ ਨੂੰ ਲੈ ਕੇ ਪੰਜਾਬੀ ਭਾਸ਼ਾ ਦੇ ਵਿਦਵਾਨ ਸਮੇਂ-ਸਮੇਂ ’ਤੇ ਇਸ ਨੂੰ ਵਾਪਸ ਲੈਣ ਅਤੇ ਨਸ਼ਟ ਕਰਨ ਦਾ ਮੁੱਦਾ ਚੁੱਕਦੇ ਰਹੇ ਪਰ ਯੂਨੀਵਰਸਿਟੀ ਇਸ ਦੇ ਲਈ ਤਿਆਰ ਨਹੀਂ ਹੋਈ।

ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ’ਤੇ ਇਹ ਮਾਮਲਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਕੋਲ ਚੁੱਕਿਆ ਗਿਆ, ਜਿਸ ਵਿਚ ਕੇਂਦਰੀ ਸਿੰਘ ਸਭਾ ਦੇ ਜਨਰਲ ਸਕੱਤਰ ਡਾ. ਖ਼ੁਸ਼ਹਾਲ ਸਿੰਘ, ਖ਼ਾਲਸਾ ਪੰਚਾਇਤ ਦੇ ਕਨਵੀਨਰ ਰਜਿੰਦਰ ਸਿੰਘ, ਬਾਬਾ ਫ਼ਰੀਦ ਮੈਡੀਕਲ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਡਾ. ਪਿਆਰਾ ਲਾਲ ਗਰਗ, ਸਿੱਖ ਮਿਸ਼ਨਰੀ ਕਾਲਜ ਦੇ ਪਰਮਜੀਤ ਸਿੰਘ ਤੇ ਸਿੱਖ ਸਕਾਲਰ ਅਮਰਜੀਤ ਸਿੰਘ ਧਵਨ ਸ਼ਾਮਲ ਸਨ। ਡਾ. ਧਵਨ ਨੇ ਹੀ ਸਭ ਤੋਂ ਪਹਿਲਾਂ ਇਹ ਮਾਮਲਾ ਉਜਾਗਰ ਕੀਤਾ ਸੀ ਅਤੇ ਦੁਬਾਰਾ ਛਪਾਈ ਵਾਲੇ ਮਹਾਨ ਕੋਸ਼ ਨੂੰ ਵਾਪਸ ਲੈਣ ਦੀ ਮੰਗ ਚੁੱਕੀ ਸੀ। 6 ਅਗਸਤ 2025 ਨੂੰ ਵਫ਼ਦ ਨੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਚੇਤਾਵਨੀ ਦਿੱਤੀ ਸੀ ਕਿ ਉਹ ਅੱਜ ਆਖ਼ਰੀ ਵਾਰ ਉਨ੍ਹਾਂ ਕੋਲ ਆਏ ਹਨ। ਜੇਕਰ ਤੈਅ ਸਮੇਂ ਦੇ ਅੰਦਰ ਇਸ ਨੂੰ ਵਾਪਸ ਲੈ ਕੇ ਨਸ਼ਟ ਨਹੀਂ ਕੀਤਾ ਗਿਆ ਤਾਂ ਉਹ ਇਸ ਮਹਾਨ ਕੋਸ਼ ਦੇ ਮਾਮਲੇ ਨੂੰ ਆਮ ਜਨਤਾ ਵਿਚਾਲੇ ਲੈ ਕੇ ਜਾਣਗੇ। ਮੀਟਿੰਗ ਦੌਰਾਨ ਯੂਨੀਵਰਸਿਟੀ ਦੇ ਵੀਸੀ ਡਾ. ਜਗਦੀਪ ਸਿੰਘ ਤੇ ਉਨ੍ਹਾਂ ਦੀ ਟੀਮ ਨੇ ਭਰੋਸਾ ਦਿੱਤਾ ਕਿ 15 ਦਿਨਾਂ ਦੇ ਅੰਦਰ ਇਸ ਨੂੰ ਵਾਪਸ ਲੈ ਕੇ ਨਸ਼ਟ ਕੀਤਾ ਜਾਵੇਗਾ। ਇਸੇ ਅਧਾਰ ’ਤੇ ਯੂਨੀਵਰਸਿਟੀ ਵਲੋਂ ਮਹਾਨ ਕੋਸ਼ ਨੂੰ ਨਸ਼ਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ ਪਰ ਹੁਣ ਵਿਦਿਆਰਥੀਆਂ ਨੇ ਨਸ਼ਟ ਕਰਨ ਦੇ ਤਰੀਕੇ ਨੂੰ ਲੈਕੇ ਸਖ਼ਤ ਇਤਰਾਜ਼ ਕੀਤਾ ਹੈ।



## ਮਹਾਨਕੋਸ਼ ਸਬੰਧੀ ਯੂਨੀਵਰਸਿਟੀ ਪ੍ਰਸ਼ਾਸਨ ਦੀ ਕਾਰਵਾਈ ਪੰਥਕ ਮਰਿਆਦਾ ਦੇ ਵਿਰੁੱਧ : ਬੀਬੀ ਸਤਵੰਤ ਕੌਰ



ਪਟਿਆਲਾ : ਪੰਥਕ ਕੌਂਸਲ ਦੇ ਚੇਅਰਪਰਸਨ ਬੀਬੀ ਸਤਵੰਤ ਕੌਰ ਵੱਲੋਂ ਪੰਜਾਬੀ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਮਹਾਨਕੋਸ਼ ਦੀਆਂ 15 ਹਜ਼ਾਰ ਤੋਂ ਵੱਧ ਕਾਪੀਆਂ ਸਬੰਧੀ ਵਰਤੇ ਤਰੀਕੇ ’ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਨੇ ਕਿਹਾ ਕਿ ਇਹ ਤਰੀਕਾ ਸਿੱਖ ਪੰਥ ਦੀਆਂ ਰਿਵਾਇਤਾਂ ਅਤੇ ਮਰਿਆਦਾ ਨੂੰ ਠੇਸ ਪਹੁੰਚਾਉਣ ਵਾਲਾ ਹੈ।

ਜਾਰੀ ਬਿਆਨ ਵਿੱਚ ਬੀਬੀ ਸਤਵੰਤ ਕੌਰ ਨੇ ਕਿਹਾ ਕਿ, ਮਹਾਨਕੋਸ਼ ਸਿਰਫ਼ ਇਕ ਕੋਸ਼ ਜਾਂ ਪੁਸਤਕ ਨਹੀਂ, ਸਗੋਂ ਭਾਈ ਕਾਹਨ ਸਿੰਘ ਨਾਭਾ ਜੀ ਦੀ ਮਹਾਨ ਰਚਨਾ ਹੈ ਜੋ ਸਿੱਖ ਇਤਿਹਾਸ, ਗੁਰਬਾਣੀ, ਸਿੱਖ ਸ਼ਬਦਾਵਲੀ ਅਤੇ ਪੰਥਕ ਧਰੋਹਰ ਦਾ ਜੀਵੰਤ ਦਰਪਣ ਹੈ। ਇਸ ਦਾ ਪ੍ਰਕਾਸ਼ਨ ਤੇ ਵੰਡ ਸਿੱਖ ਰਿਵਾਇਤਾਂ ਅਤੇ ਮਰਿਆਦਾ ਦੇ ਅਨੁਸਾਰ ਹੋਣਾ ਬਹੁਤ ਜ਼ਰੂਰੀ ਹੈ। ਜੇਕਰ ਗਲਤ ਛਪਾਈ ਹੋ ਗਈ ਸੀ ਇਹਨਾਂ ਨੂੰ ਜਾਂ ਤਾਂ ਗੋਇੰਦਵਾਲ ਸਾਹਿਬ ਭੇਜਣਾ ਚਾਹੀਦਾ ਸੀ ਜਾਂ ਪੰਥ ਰਵਾਇਤ ਅਪਨਾਉਣੀ ਚਾਹੀਦੀ ਸੀ।

ਬੀਬੀ ਸਤਵੰਤ ਕੌਰ ਨੇ ਯਾਦ ਦਿਵਾਇਆ ਕਿ ਸਿੱਖ ਪੰਥ ਦੀ ਪਰੰਪਰਾ ਵਿੱਚ ਜਿਹੜੀਆਂ ਵੀ ਕੌਮੀ ਧਰੋਹਰਾਂ ਨਾਲ ਜੁੜੀਆਂ ਰਚਨਾਵਾਂ ਜਾਂ ਅਦਾਰਿਆਂ ਦੇ ਕੰਮ ਹੁੰਦੇ ਹਨ, ਉਨ੍ਹਾਂ ਵਿੱਚ ਪੰਥਕ ਸਹਿਮਤੀ ਦੀ ਭਾਵਨਾ ਅਤੇ ਸਿੱਖ ਇਤਿਹਾਸਕ ਅਦਾਰਿਆਂ ਨਾਲ ਸਲਾਹ-ਮਸ਼ਵਰਾ ਲਾਜ਼ਮੀ ਮੰਨਿਆ ਜਾਂਦਾ ਹੈ। ਜੇਕਰ ਕਿਸੇ ਵੀ ਤਰੀਕੇ ਨਾਲ ਇਹ ਪ੍ਰਕਿਰਿਆ ਨਜ਼ਰਅੰਦਾਜ਼ ਹੁੰਦੀ ਹੈ, ਤਾਂ ਇਹ ਸਿੱਖ ਮਰਿਆਦਾ ਦੀ ਉਲੰਘਣਾ ਮੰਨੀ ਜਾਂਦੀ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਇਸ ਧਰੋਹਰ ਦੀਆਂ ਹਜ਼ਾਰਾਂ ਕਾਪੀਆਂ ਦਾ ਗਲਤੀਆਂ ਸਹਿਤ ਛਪਣਾ, ਸਿੱਖ ਜਥੇਬੰਦੀਆਂ ਅਤੇ ਗੁਰਮਤਿ ਸਿਧਾਤਾਂ ਨੂੰ ਅਣਡਿੱਠਾ ਕਰਨ ਦੇ ਬਰਾਬਰ ਹੈ। ਬੀਬੀ ਸਤਵੰਤ ਕੌਰ ਨੇ ਯੂਨੀਵਰਸਿਟੀ ਪ੍ਰਸ਼ਾਸਨ ਤੋਂ ਮੰਗ ਕੀਤੀ ਕੀਤੀ ਕਿ -

1. ਇਸ ਸਾਰੇ ਮਾਮਲੇ ਵਿੱਚ ਯੂਨਿਵਰਸਿਟੀ ਪ੍ਰਸ਼ਾਸਨ ਆਪਣਾ ਲਿਖਤੀ ਸਪਸ਼ਟੀਕਰਨ ਦਾਇਰ ਕਰੇ।
2. ਅਗਲੇ ਸਮੇਂ ਵਿੱਚ ਮਹਾਨਕੋਸ਼ ਜਾਂ ਹੋਰ ਪੰਥਕ ਧਰੋਹਰ ਨਾਲ ਜੁੜੇ ਪ੍ਰਕਾਸ਼ਨ ਜਾਂ ਅੱਜ ਵਰਗੀ ਕਾਰਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪ੍ਰਮੁੱਖ ਸਿੱਖ ਵਿਦਵਾਨਾਂ ਨਾਲ ਸਲਾਹ-ਮਸ਼ਵਰਾ ਕਰਕੇ ਹੀ ਕੀਤੇ ਜਾਣ।
3. ਜਿਹੜਾ ਤਰੀਕਾ ਹੁਣ ਧਰਤੀ ਵਿੱਚ ਦੱਬਣ ਵਾਲਾ ਤੇ ਫਾੜ-ਫਾੜ ਕੇ ਸੁੱਟਣ ਵਾਲਾ ਵਰਤਿਆ ਗਿਆ ਹੈ, ਉਸ ਦੀ ਬਜਾਏ ਪੰਥਕ ਮਰਿਆਦਾ ਅਨੁਸਾਰ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਨੇ ਸਿੱਖ ਸੰਗਤ ਨੂੰ ਇਸ ਮਾਮਲੇ ਤੇ ਸ਼ਾਂਤੀ ਬਣਾਏ ਰੱਖਣ ਅਤੇ ਭੜਕਾਹਟ ਤੋਂ ਬਚਣ ਦੀ ਅਪੀਲ ਕੀਤੀ ਅਤੇ ਯੂਨਿਵਰਸਿਟੀ ਕੈਂਪਸ ਅੰਦਰ ਇਸ ਮਾਮਲੇ ’ਤੇ ਕਿਸੇ ਵੀ ਤਰਾਂ ਦੀ ਤਿੱਖੀ ਬਿਆਨਬਾਜੀ ਅਤੇ ਸ਼ਬਦਵਾਲੀ ਵਰਤਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਹੈ।

## ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨਕੋਸ਼ ਦੀ ਬੇਅਦਬੀ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ : ਜਥੇਦਾਰ ਗੜਗੱਜ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮਹਾਨ ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਵੱਲੋਂ ਰਚਿਤ ਗੁਰਸ਼ਬਦ ਰਤਨਾਕਰ ਮਹਾਨਕੋਸ਼ ਦੀ ਕੀਤੀ ਗਈ ਬੇਅਦਬੀ ਦਾ ਸਖ਼ਤ ਨੋਟਿਸ ਲੈਂਦਿਆਂ ਇਸ ਕਾਰਵਾਈ ਨੂੰ ਅਤਿ ਨਿੰਦਣਯੋਗ ਅਤੇ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਈ ਕਾਨ੍ਹ ਸਿੰਘ ਨਾਭਾ ਵੱਲੋਂ ਰਚਿਤ ਗੁਰਸ਼ਬਦ ਰਤਨਾਕਰ ਮਹਾਨਕੋਸ਼ ਸਿੱਖਾਂ ਦੀ ਅਤਿ ਅਹਿਮ ਵਿਰਾਸਤ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੇ ਹਵਾਲੇ ਵੀ ਦਿੱਤੇ ਗਏ ਹਨ ਅਤੇ ਇਸ ਤੋਂ ਪੁਰਾਤਨ ਇਤਿਹਾਸ ਤੇ ਸਰੋਤਾਂ ਬਾਰੇ ਅਹਿਮ ਜਾਣਕਾਰੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਸਾਹਿਤ ਦਾ ਇੱਕ ਅਨਮੋਲ ਖ਼ਜ਼ਾਨਾ ਹੈ ਜੋ ਕਿ ਸਿੱਖ ਇਤਿਹਾਸ ਦੀ ਖੋਜ ਵਿੱਚ ਦਿਲਚਲਪੀ ਰੱਖਣ ਵਾਲੇ ਖੋਜਾਰਥੀਆਂ ਨੂੰ ਅੱਜ ਵੀ ਸੇਧ ਦਿੰਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਬੀਤੇ ਸਮੇਂ ਤਰੁੱਟੀਆਂ ਸਮੇਤ ਮਹਾਨਕੋਸ਼ ਪ੍ਰਕਾਸ਼ਿਤ ਕੀਤੇ ਗਏ ਸਨ ਜਿਸਦਾ ਸਿੱਖ ਵਿਦਵਾਨਾਂ ਅਤੇ ਸਿੱਖ ਸੰਸਥਾਵਾਂ ਨੇ ਸਖ਼ਤ ਵਿਰੋਧ ਕੀਤਾ ਸੀ ਅਤੇ ਇਹ ਮਾਮਲਾ ਪੰਜਾਬ ਹਰਿਆਣਾ ਉੱਚ ਅਦਾਲਤ ਵਿੱਚ ਪਹੁੰਚਣ ਤੋਂ ਬਾਅਦ ਇਸ ਉੱਤੇ ਰੋਕ ਲੱਗੀ ਸੀ। ਜੇਕਰ ਯੂਨੀਵਰਸਿਟੀ ਪ੍ਰਸ਼ਾਸਨ ਨੇ ਤਰੁੱਟੀਆਂ ਨਾਲ ਪ੍ਰਕਾਸ਼ਿਤ ਕੀਤੇ ਸਿੱਖ ਸਾਹਿਤ ਦੀ ਸਸਕਾਰ ਸੇਵਾ ਕਰਨੀ ਸੀ ਤਾਂ ਇਸ ਲਈ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਰਾਬਤਾ ਕਰਕੇ ਲੋੜੀਂਦੇ ਪ੍ਰਬੰਧ ਕਰਨੇ ਚਾਹੀਦੇ ਸਨ ਨਾ ਕਿ ਸਿੱਖ ਰਵਾਇਤ ਤੇ ਮਰਿਆਦਾ ਦੇ ਉਲਟ ਕਾਰਵਾਈ ਕਰਨੀ ਚਾਹੀਦੀ ਸੀ।

ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੇ ਪਹਿਲਾਂ ਆਪਹੁਦਰੀ ਕਾਰਵਾਈ ਕਰਦਿਆਂ ਸਿੱਖ ਸਾਹਿਤ ਗੁਰਸ਼ਬਦ ਰਤਨਾਕਰ ਮਹਾਨਕੋਸ਼ ਨੂੰ ਸਿੱਖ ਵਿਦਵਾਨਾਂ ਦੇ ਵਿਰੋਧ ਦੇ ਬਾਵਜੂਦ ਇਸ ਨੂੰ ਤਰੁੱਟੀਆਂ ਸਮੇਤ ਪ੍ਰਕਾਸ਼ਿਤ ਕੀਤਾ ਅਤੇ ਹੁਣ ਆਪਣੀ ਕੀਤੀਆਂ ਗ਼ਲਤੀਆਂ ਉੱਤੇ ਪਰਦਾ



ਪਾਉਣ ਲਈ ਬਹੁਤ ਹੀ ਇਤਰਾਜ਼ਯੋਗ ਤਰੀਕਾ ਵਰਤਿਆ ਹੈ, ਜਿਸ ਨੂੰ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਯੂਨੀਵਰਸਿਟੀ ਅਧਿਕਾਰੀਆਂ ਦੀ ਬੌਧਿਕ ਸਮਝ ਅਤੇ ਉਨ੍ਹਾਂ ਦੀ ਸਿੱਖ ਵਿਰਾਸਤ ਤੇ ਸਾਹਿਤ ਪ੍ਰਤੀ ਘੱਟ ਸੂਝ ਨੂੰ ਦਰਸਾਉਂਸੀ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਪਹਿਲਾਂ ਪੰਜਾਬੀ ਯੂਨੀਵਰਸਿਟੀ ਵਿੱਚ ਡਾ. ਗੰਡਾ ਸਿੰਘ ਪੰਜਾਬੀ ਰੈਫ਼ਰੈਂਸ ਲਾਇਬਰੇਰੀ ਵਿਖੇ ਵੀ ਦੁਰਲੱਭ ਤੇ ਅਤਿ ਅਹਿਮ ਸਿੱਖ ਸਾਹਿਤ ਦੀ ਸੇਵਾ ਸੰਭਾਲ ਠੀਕ ਨਾ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ ਅਤੇ ਸਿੱਖਾਂ ਨੂੰ ਇਸ ਗੱਲ ਦੀ ਗਹਿਰੀ ਚਿੰਤਾ ਹੈ ਕਿ ਜਿਹੜੇ ਮਹਾਨ ਸਿੱਖ ਵਿਦਵਾਨਾਂ ਦੀ ਨਿੱਜੀ ਲਾਇਬਰੇਰੀਆਂ ਦਾ ਸੰਗ੍ਰਹਿ ਯੂਨੀਵਰਸਿਟੀ ਦੇ ਪਾਸ ਸੁਰੱਖਿਅਤ ਹੈ ਕੀ ਉਨ੍ਹਾਂ ਦੀ ਸੇਵਾ ਸੰਭਾਲ ਠੀਕ ਹੋ ਰਹੀ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਪ੍ਰਾਪਤ ਜਾਣਕਾਰੀ ਅਨੁਸਾਰ ਯੂਨੀਵਰਸਿਟੀ ਰੈਫ਼ਰੈਂਸ ਲਾਇਬਰੇਰੀ ਵਿੱਚ ਸਿੱਖ ਵਿਦਵਾਨਾਂ ਤੇ ਚਿੰਤਕਾਂ ਦੀਆਂ ਦੁਰਲੱਭ ਪੁਸਤਕਾਂ ਤੇ ਦਸਤਾਵੇਜ਼ਾਂ ਦੀ ਸਾਂਭ-ਸੰਭਾਲ ਲਈ ਵੀ ਖ਼ਾਸ ਅਤੇ ਢੁਕਵਾਂ ਪ੍ਰਬੰਧ ਨਹੀਂ ਹੈ, ਕਾਫ਼ੀ ਵਿਰਾਸਤ ਇੱਥੋਂ ਜਾਂ ਤਾਂ ਚੋਰੀ ਹੋਈ ਹੈ ਜਾਂ ਫਿਰ ਰੱਦੀ ਵਿੱਚ ਵੇਚ ਦਿੱਤੀ ਗਈ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਇਹ ਸਪੱਸ਼ਟ ਕਰਨ ਲਈ ਆਖਿਆ ਕਿ ਇਨ੍ਹਾਂ ਕੋਲ ਲਾਇਬਰੇਰੀ ਵਿੱਚ ਮੌਜੂਦ ਪੁਰਾਤਨ ਤੇ ਇਤਿਹਾਸਕ ਸਿੱਖ ਹੱਥ-ਲਿਖਤਾਂ, ਗ੍ਰੰਥਾਂ ਤੇ ਦੁਰਲੱਭ ਪੁਸਤਕਾਂ ਦੀ ਸਾਂਭ-ਸੰਭਾਲ ਲਈ ਕੀ ਕੀਤਾ ਜਾ ਰਿਹਾ ਹੈ ਕਿਉਂਕਿ ਕਿ ਇਹ ਜਾਣਕਾਰੀ ਵੀ ਪ੍ਰਾਪਤ ਹੋ ਰਹੀ ਹੈ ਕਿ ਲਾਇਬਰੇਰੀ ਦਾ ਹਾਲ ਚੰਗਾ ਨਹੀਂ।

ਜਥੇਦਾਰ ਗੜਗੱਜ ਨੇ ਕਿ ਕਿਹਾ ਕਿ ਮਹਾਨਕੋਸ਼ ਦੀ ਬੇਅਦਬੀ ਦੇ ਮਾਮਲੇ ਵਿੱਚ ਸਿੱਖ ਵਿਦਿਆਰਥੀਆਂ ਅਤੇ ਜਥੇਬੰਦੀਆਂ ਦੇ ਵਿਰੋਧ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਰਜਿਸਟਰਾਰ, ਡੀਨ ਅਕਾਦਮਿਕ ਮਾਮਲੇ ਤੇ ਪਬਲੀਕੇਸ਼ਨ ਬਿਊਰੋ ਦੇ ਮੁਖੀ ਵਿਰੁੱਧ ਪਰਚਾ ਦਰਜ ਕਰ ਲਿਆ ਗਿਆ ਹੈ ਅਤੇ ਹੁਣ ਪੰਜਾਬ ਪੁਲਿਸ ਇਸ ਦੀ ਗੰਭੀਰਤਾ ਨਾਲ ਜਾਂਚ ਕਰਕੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣੀ ਯਕੀਨੀ ਬਣਾਵੇ। ਉਨ੍ਹਾਂ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਟਿਆਲਾ ਦੇ ਮੁੱਖ ਗ੍ਰੰਥੀ ਨੂੰ ਆਦੇਸ਼ ਕੀਤਾ ਕਿ ਪੰਜਾਬੀ ਯੂਨੀਵਰਸਿਟੀ ਕੈਂਪਸ ਵਿੱਚ ਜਿੱਥੇ ਇਹ ਗ਼ਲਤ ਕਾਰਵਾਈ ਕੀਤੀ ਗਈ ਹੈ, ਉੱਥੇ ਮੌਜੂਦ ਮਹਾਨਕੋਸ਼ ਦੀਆਂ ਸਾਰੀਆਂ ਕਾਪੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਹਿਯੋਗ ਲੈ ਕੇ ਢੁਕਵੀਂ ਥਾਂ ਉੱਤੇ ਸਸਕਾਰ ਸੇਵਾ ਆਪਣੀ ਨਿਗਰਾਨੀ ਵਿੱਚ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਸਸਕਾਰ ਸੇਵਾ ਦੀ ਕਾਰਵਾਈ ਮੁਕੰਮਲ ਹੋਣ ਉਪਰੰਤ ਇਸ ਦੀ ਸਮੁੱਚੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤੁਰੰਤ ਹੀ ਭੇਜੀ ਜਾਵੇ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬੀ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਵੀ ਯੂਨੀਵਰਸਿਟੀ ਕੈਂਪਸ ਵਿੱਚ ਮੌਜੂਦ ਗੁਰਦੁਆਰਾ ਸਾਹਿਬ ਦੇ ਅੰਦਰ ਇਸ ਘਟਨਾ ਦੇ ਪਸ਼ਤਾਚਾਪ ਵਜੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਕੇ ਗੁਰੂ ਸਾਹਿਬ ਜੀ ਤੋਂ ਖਿਮਾ ਜਾਚਨਾ ਅਤੇ ਅਰਦਾਸ ਬੇਨਤੀ ਕਰਨ ਦੀ ਤਾਕੀਦ ਕੀਤੀ। ਜਥੇਦਾਰ ਗੜਗੱਜ ਨੇ ਸਮੂਹ ਸਿੱਖ ਜਥੇਬੰਦੀਆਂ ਤੇ ਵਿਦਿਆਰਥੀਆਂ ਨੂੰ ਵੀ ਸ਼ਾਂਤ ਰਹਿਣ ਦੀ ਅਪੀਲ ਕੀਤੀ ਹੈ।

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਿਸ਼ਤੀ ਰਾਹੀਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ

## ਕੇਂਦਰ ਸਰਕਾਰ ਤੋਂ ਕੁਦਰਤੀ ਆਫ਼ਤਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਵਧਾਉਣ ਦੀ ਕੀਤੀ ਮੰਗ







ਚੰਡੀਗੜ੍ਹ : ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਲੋਕਾਂ ਨੂੰ ਨਿਗੂਣਾ ਮੁਆਵਜ਼ਾ ਦੇਣ ਉੱਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਮੁਆਵਜ਼ੇ ਲਈ ਮਾਪਦੰਡਾਂ ਵਿੱਚ ਸੋਧ ਕੀਤੀ ਜਾਵੇ।

ਜ਼ਮੀਨੀ ਹਾਲਾਤ ਦਾ ਜਾਇਜ਼ਾ ਲੈਣ ਲਈ ਕਿਸ਼ਤੀ ਵਿੱਚ ਸਵਾਰ ਹੋ ਕੇ ਫਿਰੋਜ਼ਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਸੂਬਾਈ ਆਫ਼ਤ ਰਾਹਤ ਫੰਡ (ਐਸ.ਡੀ.ਆਰ.ਐਫ.) ਵਿੱਚ ਕਾਫ਼ੀ ਫੰਡ ਮੌਜੂਦ ਹਨ ਪਰ ਗ੍ਰਹਿ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ ਅਧੀਨ ਮੌਜੂਦਾ ਮਾਪਦੰਡ ਕਿਸਾਨਾਂ, ਪਸ਼ੂ ਪਾਲਕਾਂ ਤੇ ਹੋਰ ਵਰਗਾਂ ਨੂੰ ਹੋਏ ਨੁਕਸਾਨ ਲਈ ਢੁਕਵਾਂ ਮੁਆਵਜ਼ਾ ਦੇਣ ਲਈ ਨਾਕਾਫ਼ੀ ਹਨ।

ਉਨ੍ਹਾਂ ਕਿਹਾ ਕਿ ਨੋਟੀਫਾਇਡ ਸ਼ਰਤਾਂ ਕਿਸਾਨਾਂ ਦੇ ਅਸਲ ਨੁਕਸਾਨ ਦੇ ਮੁਕਾਬਲੇ ਪ੍ਰਸੰਗਿਕ ਨਹੀਂ ਹਨ। ਫ਼ਸਲਾਂ ਪਾਲਣ ਲਈ ਕਿਸਾਨਾਂ ਦੀ ਵਧੀ ਲਾਗਤ ਦੇ ਮੁਕਾਬਲੇ ਕਿਸਾਨਾਂ ਨੂੰ ਇਸ ਕੁਦਰਤੀ ਆਫ਼ਤ ਕਾਰਨ ਹੋਏ ਨੁਕਸਾਨ ਲਈ ਪ੍ਰਤੀ ਏਕੜ ਮੁਆਵਜ਼ਾ ਬਹੁਤ ਘੱਟ ਹੈ।

ਪਿੰਡ ਗੱਟੀ ਰਾਜੋ ਕੀ ਵਿੱਚ ਹਾਲਾਤ ਦਾ ਜਾਇਜ਼ਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹਾਂ ਕਾਰਨ ਪੱਕਣ ਕੰਢੇ ਪੁੱਜੀਆਂ ਫ਼ਸਲਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ ਅਤੇ ਕਿਸਾਨਾਂ ਨੂੰ ਘੱਟੋ-ਘੱਟ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਮਿਲਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ ਅਤੇ ਹੜ੍ਹਾਂ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਲਈ ਐਕਸਗ੍ਰੇਸ਼ੀਆ ਮੌਜੂਦਾ ਚਾਰ ਲੱਖ ਤੋਂ ਵਧਾ ਕੇ ਅੱਠ ਲੱਖ ਰੁਪਏ ਤੱਕ ਕਰਨ ਲਈ ਦਖ਼ਲ ਦੇਣ ਦੀ ਮੰਗ ਕੀਤੀ ਹੈ। ਹੜ੍ਹਾਂ ਕਾਰਨ ਫੱਟੜ ਹੋ ਕੇ ਆਪਣੇ ਅੰਗ ਗਵਾਉਣ ਵਾਲਿਆਂ ਨੂੰ 40 ਤੋਂ 60 ਫੀਸਦੀ ਅਪੰਗਤਾ ਲਈ 74 ਹਜ਼ਾਰ ਰੁਪਏ ਮਿਲਦੇ ਹਨ, ਜੋ ਵਧਾ ਕੇ 1.50 ਲੱਖ ਰੁਪਏ ਕੀਤੇ ਜਾਣ ਅਤੇ 60 ਫੀਸਦੀ ਤੋਂ ਵੱਧ ਅਪੰਗਤਾ ਲਈ 2.50 ਲੱਖ ਰੁਪਏ ਤੋਂ ਵਧਾ ਕੇ ਪੰਜ ਲੱਖ ਰੁਪਏ ਪ੍ਰਤੀ ਵਿਅਕਤੀ ਦਿੱਤੇ ਜਾਣ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਸਮੇਂ ਸਮੇਂ ਉੱਤੇ ਕੇਂਦਰ ਸਰਕਾਰ ਤੋਂ ਕਿਸਾਨਾਂ ਲਈ ਨੁਕਸਾਨ ਦਾ ਮੁਆਵਜ਼ਾ ਵਧਾਉਣ ਦੀ ਮੰਗ ਕਰਦੇ ਰਹੇ ਹਨ। ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੇ ਉਨ੍ਹਾਂ ਨੂੰ ਫੋਨ ਕੀਤਾ ਸੀ ਅਤੇ ਉਨ੍ਹਾਂ ਸਾਰੀ ਸਥਿਤੀ ਬਾਰੇ ਜਾਣੂ ਕਰਵਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਹੜ੍ਹ ਪੀੜਤਾਂ ਦੀਆਂ ਮੁਸ਼ਕਲਾਂ ਘਟਾਉਣ ਲਈ ਜੁਟੀ ਹੋਈ ਹੈ ਅਤੇ ਬਚਾਅ ਤੇ ਰਾਹਤ ਕਾਰਜਾਂ ਰਾਹੀਂ ਪੀੜਤਾਂ ਦੀ ਬਾਂਹ ਫੜੀ ਜਾ ਰਹੀ ਹੈ।







ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਗਾਈਆਂ ਸ਼ਰਤਾਂ ਕਾਰਨ ਪੀੜਤਾਂ ਦੀ ਮਦਦ ਵਿੱਚ ਅੜਿੱਕੇ ਆ ਰਹੇ ਹਨ, ਜੋ ਪੂਰੀ ਤਰ੍ਹਾਂ ਮੰਦਭਾਗਾ ਹੈ। ਪਸ਼ੂ ਧੰਨ ਦਾ ਵੀ ਬਹੁਤ ਨੁਕਸਾਨ ਹੋਇਆ ਹੈ, ਜਿਸ ਨਾਲ ਪੇਂਡੂ ਆਰਥਿਕਤਾ ਉੱਤੇ ਬਹੁਤ ਮਾੜਾ ਅਸਰ ਪਵੇਗਾ ਕਿਉਂਕਿ ਜ਼ਿਆਦਾਤਰ ਲੋਕਾਂ ਦੀ ਰੋਜ਼ੀ-ਰੋਟੀ ਡੇਅਰੀ ਦੇ ਕਿੱਤੇ ਅਤੇ ਪਸ਼ੂ ਪਾਲਣ ਕਿੱਤੇ ਨਾਲ ਜੁੜੀ ਹੋਈ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਆਦੇਸ਼ ਦਿੱਤੇ ਕਿ ਪਿੰਡ ਵਾਸੀਆਂ ਦੇ ਹੋਏ ਨੁਕਸਾਨ ਦਾ ਪਤਾ ਲਾਇਆ ਜਾਵੇ ਤਾਂ ਕਿ ਉਨ੍ਹਾਂ ਨੂੰ ਢੁਕਵਾਂ ਮੁਆਵਜ਼ਾ ਮਿਲ ਸਕੇ।

ਇਸ ਕੁਦਰਤੀ ਆਫ਼ਤ ਕਾਰਨ ਹੋਏ ਵੱਡੇ ਨੁਕਸਾਨ ਉੱਤੇ ਚਿੰਤਾ ਪ੍ਰਗਟ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਾਲੀਆ ਇਤਿਹਾਸ ਵਿੱਚ ਇਹ ਜਾਇਦਾਦ ਤੇ ਫ਼ਸਲਾਂ ਦਾ ਸਭ ਤੋਂ ਵੱਡਾ ਨੁਕਸਾਨ ਹੈ। ਪੰਜਾਬ ਨੇ ਅਨਾਜ ਉਤਪਾਦਨ ਵਿੱਚ ਦੇਸ਼ ਨੂੰ ਆਤਮ-ਨਿਰਭਰ ਬਣਾਇਆ ਹੈ ਅਤੇ ਸੂਬੇ ਨੂੰ ਉਸ ਦਾ ਜਾਇਜ਼ ਹੱਕ ਮੋੜਨ ਦਾ ਇਹ ਸਹੀ ਸਮਾਂ ਹੈ।

# ਪੰਜਾਬ ਦੇ ਰਾਜਪਾਲ ਨੇ ਅੰਮ੍ਰਿਤਸਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਕੀਤਾ ਦੌਰਾ



ਅੰਮ੍ਰਿਤਸਰ : ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਪੁੱਜੇ ਸੂਬੇ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ ਸ਼ਾਮ ਜ਼ਿਲ੍ਹਾ ਅੰਮ੍ਰਿਤਸਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਅਤੇ ਚੱਲ ਰਹੇ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ। ਪਿੰਡ ਮਾਕੋਵਾਲ ਦੇ ਆਰਮੀ ਬੇਸ ਕੈਂਪ ਵਿਖੇ ਸੀਨੀਅਰ ਫੌਜੀ ਅਧਿਕਾਰੀਆਂ ਨੇ ਰਾਜਪਾਲ ਨੂੰ ਰਾਵੀ ਦਰਿਆ ਦੇ ਨਾਲ ਲੱਗਦੇ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਕੀਤੇ ਗਏ ਵੱਡੇ ਪੱਧਰ 'ਤੇ ਬਚਾਅ ਕਾਰਜਾਂ ਬਾਰੇ ਜਾਣੂ ਕਰਵਾਇਆ, ਜਿੱਥੇ ਕਈ ਪਿੰਡਾਂ ਵਿੱਚ ਪਾਣੀ ਦਾ ਪੱਧਰ 8-10 ਫੁੱਟ ਤੱਕ ਵੱਧ ਗਿਆ ਸੀ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਥਾਨਕ ਨਿਵਾਸੀਆਂ ਦੇ ਸਰਗਰਮ ਸਹਿਯੋਗ ਨਾਲ ਲਗਭਗ 4,000 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਗਿਆ ਹੈ, ਜਿਨ੍ਹਾਂ ਵਿਚੋਂ 250 ਲੋਕਾਂ ਨੂੰ ਹੈਲੀਕਾਪਟਰ ਰਾਹੀਂ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਫੌਜ ਨੇ ਰਾਜਪਾਲ ਨੂੰ ਭਾਰੀ ਡਰੋਨ, ਏਆਈਟੀਓਆਰ ਵਾਹਨਾਂ ਅਤੇ ਕਿਸ਼ਤੀਆਂ ਦੀ ਤਾਇਨਾਤੀ ਬਾਰੇ ਜਾਣਕਾਰੀ ਦਿੱਤੀ, ਜੋ ਆਪਰੇਸ਼ਨ ਰਾਹਤ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਮਹੱਤਵਪੂਰਨ ਸਾਬਤ ਹੋਏ। ਰਾਜਪਾਲ ਨੇ ਕਿਹਾ ਕਿ ਅਸਲ ਚੁਣੌਤੀ ਹੜ੍ਹਾਂ ਦੇ ਪਾਣੀ ਦੇ ਘੱਟਣ ਤੋਂ ਬਾਅਦ ਸ਼ੁਰੂ ਹੋਵੇਗੀ ਕਿਉਂਕਿ ਫਿਰ ਧਿਆਨ ਮੁੜ ਵਸੇਬੇ, ਫਸਲਾਂ ਅਤੇ ਜਾਇਦਾਦ ਦੇ ਨੁਕਸਾਨ ਦਾ ਮੁਲਾਂਕਣ ਅਤੇ ਸਮੇਂ ਸਿਰ ਮੁਆਵਜ਼ਾ ਦੇਣ ਵੱਲ ਕੇਂਦਰਿਤ ਹੋਵੇਗਾ।

# ਖਤਰੇ ਦੇ ਨਿਸ਼ਾਨ ਨੇੜੇ ਪੁੱਜਿਆ ਘੱਗਰ ਦਾ ਪਾਣੀ

ਖਨੌਰੀ : ਭਾਰੀ ਮੀਂਹ ਅਤੇ ਪਹਾੜੀ ਖੇਤਰਾਂ ਵਿੱਚ ਬੱਦਲ ਫਟਣ ਕਾਰਨ ਘੱਗਰ ਦਰਿਆ ਵਿੱਚ ਪੈਦਾ ਹੋਈ ਸਥਿਤੀ ਦਾ ਜਾਇਜ਼ਾ ਲੈਣ ਲਈ ਕੈਬਨਿਟ ਮੰਤਰੀ  ਅਮਨ ਅਰੋੜਾ ਅਤੇ ਬਰਿੰਦਰ ਕੁਮਾਰ ਗੋਇਲ ਨੇ ਅੱਜ ਮਕਰੋੜ ਸਾਹਿਬ ਦਾ ਦੌਰਾ ਕੀਤਾ। ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਰਾਹੁਲ ਚਾਬਾ, ਐੱਸ ਡੀ ਐੱਮ ਮੂਨਕ ਸੂਬਾ ਸਿੰਘ ਸਨ।

ਕੈਬਨਿਟ ਮੰਤਰੀ ਅਮਨ ਅਰੋੜਾ ਤੇ ਗੋਇਲ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਭਾਰੀ ਮੀਂਹ ਅਤੇ ਪਹਾੜੀ ਖੇਤਰਾਂ ਵਿੱਚ ਬੱਦਲ ਫਟਣ ਦੀਆਂ ਘਟਨਾਵਾਂ ਕਾਰਨ ਪੰਜਾਬ ਨੂੰ ਕੁਦਰਤ ਦੀ ਬਹੁਤ ਵੱਡੀ ਮਾਰ ਪਈ ਹੈ। ਪੰਜਾਬ ਇਸ ਵੇਲੇ ਤਰਸਯੋਗ ਹਾਲਤ ਵਿਚੋਂ ਗੁੱਜਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਨੂੰ ਇਸ ਸਥਿਤੀ ਵਿੱਚੋਂ ਬਾਹਰ ਕੱਢਣ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਘੱਗਰ ਦਰਿਆ ਵਿੱਚ ਇਸ ਵੇਲੇ 12000 ਕਿਊਸਿਕ ਪਾਣੀ ਚੱਲ ਰਿਹਾ ਹੈ। ਜਦੋਂਕਿ ਪਾਣੀ ਸੰਭਾਲਣ ਦੀ ਸਮਰੱਥਾ 12200 ਕਿਊਸਿਕ ਹੈ। ਖਨੌਰੀ ਪਾਣੀ ਦਾ ਪੱਧਰ 747.7 ਫੁੱਟ ਹੈ ਜਦੋਂਕਿ ਖਤਰੇ ਦਾ ਨਿਸ਼ਾਨ 748 ਫੁੱਟ ਉੱਤੇ ਹੈ। ਉਨ੍ਹਾਂ ਕਿਹਾ ਕਿ ਦੋ ਸਾਲ ਵਿੱਚ ਘੱਗਰ ਦਰਿਆ ਵਿੱਚ 753 ਫੁੱਟ ਉੱਤੇ ਜਿਹੜੇ 15 ਜਗ ?ਹਾ ਪਾੜ ਪਏ ਸਨ, ਉਨ੍ਹਾਂ ਦੇ ਕਿਨਾਰਿਆਂ ਨੂੰ ਪੂਰੀ ਤਰ੍ਹਾਂ ਮਜ਼ਬੂਤ ਕਰ ਦਿੱਤਾ ਗਿਆ ਹੈ। ਅਮਨ ਅਰੋੜਾ ਨੇ ਕਿਹਾ ਕਿ ਮਕਰੋੜ ਸਾਹਿਬ ਤੱਕ ਘੱਗਰ ਦਰਿਆ ਦੀ ਚੌੜਾਈ 598 ਫੁੱਟ ਹੈ ਜਦਕਿ ਇਸ ਤੋਂ ਅੱਗੇ ਚੌੜਾਈ ਘੱਟ ਕੇ 198 ਫੁੱਟ ਰਹਿ ਜਾਂਦੀ ਹੈ, ਜਿਸ ਕਾਰਨ ਅੱਗੇ ਪਾਣੀ ਇਕੱਠਾ ਹੋ ਜਾਂਦਾ ਹੈ ਅਤੇ ਪਾੜ ਪੈ ਜਾਂਦਾ ਹੈ। ਹਰਿਆਣਾ ਸਰਕਾਰ ਵੱਲੋਂ ਸੁਪਰੀਮ ਕੋਰਟ ਰਾਹੀਂ ਲਈ ਸਟੇਅ ਦੇ ਚੱਲਦਿਆਂ ਸਰਕਾਰ ਇਸ ਨੂੰ ਚੌੜਾ ਨਹੀਂ ਕਰ ਸਕਦੀ। ਦੱਸਣਯੋਗ ਹੈ ਕਿ ਮੌਜੂਦਾ ਹੜ੍ਹ ਸਥਿਤੀ ਅਤੇ ਘੱਗਰ ਦਰਿਆ ਵਿੱਚ ਵਧੇ ਹੋਏ ਪਾਣੀ ਦੇ ਪੱਧਰ ਨੂੰ ਦੇਖਦੇ ਹੋਏ ਡਿਪਟੀ ਕਮਿਸ਼ਨਰ ਸੰਗਰੂਰ ਰਾਹੁਲ ਚਾਬਾ ਨੇ ਜ਼ਿਲ੍ਹਾ ਸੰਗਰੂਰ ਵਿੱਚੋਂ ਲੰਘਦੇ ਘੱਗਰ ਦਰਿਆ ਦੇ ਕੰਢਿਆਂ 'ਤੇ ਰਾਤ ਦੀ ਚੌਕਸੀ (ਠੀਕਰੀ ਪਹਿਰੇ) ਸ਼ੁਰੂ ਕਰਨ ਦੇ ਹੁਕਮ ਦਿੱਤੇ ਹਨ।



# ਹੜ੍ਹ ਪ੍ਰਭਾਵਿਤ ਪੰਜਾਬ ਨੂੰ ਹਰਿਆਣਾ ਨੇ ਭੇਜੇ 5 ਕਰੋੜ

ਚੰਡੀਗੜ੍ਹ : ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਜੰਮੂ-ਕਸ਼ਮੀਰ ਅਤੇ ਪੰਜਾਬ ਵਿੱਚ ਹੜ੍ਹਾਂ ਕਾਰਨ ਵਿਗੜਦੀ ਸਥਿਤੀ ਦੇ ਮੱਦੇਨਜ਼ਰ ਰਾਹਤ ਕਾਰਜਾਂ ਲਈ ਦੋਵਾਂ ਰਾਜਾਂ ਨੂੰ 5-5 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ ਹੈ। ਸਰਕਾਰ ਨੇ ਇਸਨੂੰ ਮਨੁੱਖੀ ਜ਼ਿੰਮੇਵਾਰੀ ਦੱਸਿਆ ਅਤੇ ਕਿਹਾ ਕਿ ਅਜਿਹੀ ਸਥਿਤੀ ਵਿੱਚ ਉਨ੍ਹਾਂ ਦੇ ਨਾਲ ਖੜ੍ਹੇ ਹੋਣਾ ਮਨੁੱਖ ਦਾ ਫਰਜ਼ ਹੈ।

ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੰਦੇ ਹੋਏ ਸੀਏ ਸੈਣੀ ਨੇ ਲਿਖਿਆ ਕਿ ਸੰਕਟ ਦੀ ਇਸ ਘੜੀ ਵਿੱਚ, ਹਰਿਆਣਾ ਸਰਕਾਰ ਅਤੇ ਰਾਜ ਦੇ ਲੋਕ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਹਨ। ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਪੰਜਾਬ ਅਤੇ ਜੰਮੂ-ਕਸ਼ਮੀਰ ਨੂੰ 5-5 ਕਰੋੜ ਰੁਪਏ ਦੀ ਸਹਾਇਤਾ ਭੇਜੀ ਗਈ ਹੈ। ਇਹ ਮਦਦ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਮਦਦਗਾਰ ਹੋਵੇਗੀ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਨ ਵਿੱਚ ਮਦਦ ਕਰੇਗੀ।

ਹਰਿਆਣਾ ਸਰਕਾਰ ਦੀ ਕੋਸ਼ਿਸ਼ ਹੈ ਕਿ ਭਵਿੱਖ ਵਿੱਚ ਵੀ ਲੋੜ ਪੈਣ 'ਤੇ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇ। ਅਸੀਂ ਸਾਰੇ ਪ੍ਰਭਾਵਿਤ ਪਰਿਵਾਰਾਂ ਨੂੰ ਭਰੋਸਾ ਦਿਵਾਉਂਦੇ ਹਾਂ ਕਿ ਹਰਿਆਣਾ ਉਨ੍ਹਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹੇਗਾ। ਇਸ ਮੁਸ਼ਕਲ ਸਮੇਂ ਵਿੱਚ, ਅਸੀਂ ਸਾਰੇ ਮਿਲ ਕੇ ਇਸ ਆਫ਼ਤ ਦਾ ਸਾਹਮਣਾ ਕਰਾਂਗੇ। ਹਰਿਆਣਾ, ਪੰਜਾਬ ਅਤੇ ਜੰਮੂ-ਕਸ਼ਮੀਰ ਮਿਲ ਕੇ ਇਸ ਸੰਕਟ 'ਤੇ ਕਾਬੂ ਪਾਉਣਗੇ।




ਪਿੰਡ ਬਾਊਪੁਰ ਦਾ ਦੌਰਾ ਕਰਨ ਜਾਂਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਹੋਰ।

# ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਪੁੱਜੇ ਧਾਮੀ


## ਸ਼੍ਰੋਮਣੀ ਕਮੇਟੀ ਨੇ ਦੋ ਟਰੱਕ ਰਾਹਤ ਸਮੱਗਰੀ ਨਾਲ ਭਰ ਕੇ ਹੜ੍ਹ ਪੀੜਤਾਂ ਤੱਕ ਪਹੁੰਚਾਏ

ਡੇਰਾ ਬਾਬਾ ਨਾਨਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਰਾਵੀ ਦਰਿਆ ਨਾਲ ਲਗਦੇ ਹਲਕਾ ਡੇਰਾ ਬਾਬਾ ਨਾਨਕ ਅਤੇ ਰਮਦਾਸ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਮੁੱਢਲੀਆਂ ਲੋੜਾਂ ਲਈ ਪਿੰਡਾਂ ਵਿਚ ਜਾ ਕੇ ਸ਼੍ਰੋਮਣੀ ਕਮੇਟੀ ਵੱਲੋਂ ਰਾਹਤ ਸਮੱਗਰੀ ਵੰਡੀ। ਇਨ੍ਹਾਂ ਇਲਾਕਿਆਂ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਿਆਂ ਵੱਲੋਂ ਲੰਗਰ ਅਤੇ ਜ਼ਰੂਰੀ ਵਸਤਾਂ ਦੀਆਂ ਸੇਵਾਵਾਂ ਜਿਥੇ ਪਹਿਲਾਂ ਹੀ ਲਗਾਤਾਰ ਜਾਰੀ ਹਨ, ਉਥੇ ਹੀ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਵਿਸ਼ੇਸ਼ ਤੌਰ 'ਤੇ ਹੜ੍ਹ ਪੀੜਤਾਂ ਦਾ ਦੁੱਖ ਵੰਡਾਉਣ ਲਈ ਪੁੱਜੇ। ਇਸ ਦੌਰਾਨ ਉਨ੍ਹਾਂ ਚੱਲ ਰਹੀਆਂ ਸੇਵਾਵਾਂ ਦਾ ਵੀ ਜਾਇਜ਼ਾ ਲਿਆ। ਸ਼੍ਰੋਮਣੀ ਕਮੇਟੀ ਵੱਲੋਂ ਡੇਰਾ ਬਾਬਾ ਨਾਨਕ ਹਲਕੇ ਲਈ ਅੱਜ ਭੇਜੀ ਰਾਹਤ ਸਮੱਗਰੀ ਵਿੱਚ 150 ਕੁਇੰਟਲ ਆਟਾ, 30 ਕੁਇੰਟਲ ਦਾਲਾਂ, 5000 ਪੇਟੀ ਪਾਣੀ ਅਤੇ ਹੋਰ ਜ਼ਰੂਰੀ ਵਸਤਾਂ ਸ਼ਾਮਲ ਸਨ। ਇਸੇ ਤਰ੍ਹਾਂ ਰਮਦਾਸ



ਇਲਾਕੇ ਵਿੱਚ ਵੀ ਦੋ ਟਰੱਕ ਰਾਹਤ ਸਮੱਗਰੀ ਨਾਲ ਭਰ ਕੇ ਲੋਕਾਂ ਤੱਕ ਪਹੁੰਚਾਈ ਗਈ। ਐਡਵੋਕੇਟ ਧਾਮੀ ਨੇ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਦੇ ਹਾਲਾਤ ਤਰਸਯੋਗ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਮੁਸੀਬਤ ਸਮੇਂ ਲੋਕਾਂ ਦੇ ਨਾਲ ਖੜ੍ਹਨਾਂ ਆਪਣਾ ਫਰਜ਼ ਸਮਝਦੀ ਹੈ ਅਤੇ ਹਰ ਸੰਭਵ ਸਹਾਇਤਾ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਪਹਿਲਾਂ ਹੀ ਵੱਖ-ਵੱਖ ਗੁਰਦੁਆਰਿਆਂ ਅੰਦਰ ਰਿਹਾਇਸ਼, ਲੰਗਰ ਅਤੇ ਹੋਰ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ, ਹੁਣ ਸ਼੍ਰੋਮਣੀ ਕਮੇਟੀ ਮੁਲਾਜ਼ਮ ਪੀੜਤਾਂ ਤੱਕ ਪਹੁੰਚ ਕੇ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।

# ਭਾਰਤ ਵੱਲੋਂ ਡੈਮ ਦਾ ਪਾਣੀ ਛੱਡਣ 'ਤੇ ਪਾਕਿਸਤਾਨ 'ਚ ਬਣਿਆ ਗੰਭੀਰ ਖ਼ਤਰਾ



ਪਾਕਿਸਤਾਨ ਨੇ ਚਿਤਾਵਨੀ ਜਾਰੀ ਕੀਤੀ ਹੈ ਕਿ ਉਸਦੇ ਪੰਜਾਬ ਸੂਬੇ, ਖਾਸ ਕਰਕੇ ਲਾਹੌਰ ਸ਼ਹਿਰ, ਵਿੱਚ 'ਬਹੁਤ ਜ਼ਿਆਦਾ ਤੋਂ ਬੇਹੱਦ ਗੰਭੀਰ' ਹੈ। ਇਸ ਦਾ ਕਾਰਨ ਭਾਰੀ ਮੀਂਹ ਅਤੇ ਭਾਰਤ ਵੱਲੋਂ ਰਾਵੀ ਦਰਿਆ 'ਤੇ ਬਣੇ ਦੋ ਡੈਮਾਂ ਤੋਂ ਪਾਣੀ ਛੱਡਣਾ ਦੱਸਿਆ ਜਾ ਰਿਹਾ ਹੈ। ਪਾਕਿਸਤਾਨੀ ਅਧਿਕਾਰੀਆਂ ਨੇ ਦੋਸ਼ ਲਾਇਆ ਹੈ ਕਿ ਭਾਰਤ ਨੇ ਥੀਨ ਅਤੇ ਮਾਧੋਪੁਰ ਡੈਮਾਂ ਦੇ ਸਾਰੇ ਗੇਟ ਖੋਲ੍ਹ ਦਿੱਤੇ ਹਨ, ਅਤੇ ਕੁਝ ਮਾਹਰਾਂ ਨੇ ਇਸ ਨੂੰ ਸਿੰਧੂ ਜਲ ਸਮਝੌਤੇ ਦੀ ਉਲੰਘਣਾ ਕਰਾਰ ਦਿੱਤਾ ਹੈ। ਇਸ ਖ਼ਤਰੇ ਨੂੰ ਦੇਖਦੇ ਹੋਏ, ਪੰਜਾਬ ਦੇ ਰਾਵੀ, ਸਤਲੁਜ ਅਤੇ ਚਨਾਬ ਦਰਿਆਵਾਂ ਦੇ ਨੇੜੇ ਦੇ ਸੈਂਕੜੇ ਪਿੰਡਾਂ ਤੋਂ 1,50,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਅਗਲੇ 48 ਘੰਟੇ ਬਹੁਤ ਨਾਜ਼ੁਕ ਹਨ। ਜਦਕਿ ਭਾਰਤੀ ਸੂਤਰਾਂ ਦਾ ਕਹਿਣਾ ਹੈ ਕਿ ਭਾਰੀ ਬਾਰਿਸ਼ ਕਾਰਨ ਪਾਣੀ ਛੱਡਿਆ ਗਿਆ ਹੈ ਅਤੇ ਇਸ ਦੀ ਜਾਣਕਾਰੀ ਪਾਕਿਸਤਾਨ ਨੂੰ 'ਮਾਨਵਤਾ ਦੇ ਆਧਾਰ 'ਤੇ' ਦਿੱਤੀ ਗਈ ਸੀ।

# ਦਿਲਜੀਤ ਦੋਸਾਂਝ, ਗਿੱਪੀ ਗਰੇਵਾਲ, ਐਮੀ ਵਿਰਕ, ਸੋਨੂੰ ਸੂਦ ਤੇ ਹੋਰ ਅਦਾਕਾਰ ਹੜ੍ਹ ਰਾਹਤ ਕਾਰਜਾਂ ਲਈ ਆਏ ਅੱਗੇ

ਚੰਡੀਗੜ੍ਹ : ਪ੍ਰਸਿੱਧ ਅਦਾਕਾਰ ਸੋਨੂੰ ਸੂਦ, ਦਿਲਜੀਤ ਦੋਸਾਂਝ, ਗਿੱਪੀ ਗਰੇਵਾਲ, ਐਮੀ ਵਿਰਕ ਅਤੇ ਹੋਰ ਹਸਤੀਆਂ ਪੰਜਾਬ 'ਚ ਜਾਰੀ ਹੜ੍ਹਾਂ ਦਰਮਿਆਨ ਬਣੇ ਹਾਲਾਤ ਦੇ ਮੱਦੇਨਜ਼ਰ ਲੋਕਾਂ ਦੀ ਮਦਦ ਲਈ ਅੱਗੇ ਆਏ ਹਨ। ਇਨ੍ਹਾਂ ਤੋਂ ਇਲਾਵਾ ਗਾਇਕ ਕਰਨ ਔਜਲਾ, ਰਣਜੀਤ ਬਾਵਾ, ਇੰਦਰਜੀਤ ਨਿੱਕੂ ਤੇ ਸੁਨੰਦਾ ਸ਼ਰਮਾ ਵੀ ਰਾਹਤ ਕਾਰਜਾਂ 'ਚ ਸੇਵਾਵਾਂ ਨਿਭਾ ਰਹੇ ਹਨ। ਗਾਇਕ ਸਤਿੰਦਰ ਸਰਤਾਜ ਅਤੇ ਜਸਬੀਰ ਜੱਸੀ ਪਹਿਲਾਂ ਹੀ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਸਮੱਗਰੀ ਪ੍ਰਦਾਨ ਕਰਨ ਲਈ ਕੰਮ ਕਰ ਰਹੇ ਹਨ। ਅਦਾਕਾਰ ਸੰਜੇ ਦੱਤ ਨੇ ਪੰਜਾਬ ਵਿਚ ਹੜ੍ਹਾਂ ਨੂੰ 'ਸੱਚਮੁੱਚ ਦਿਲ ਤੋੜਨ ਵਾਲਾ' ਕਿਹਾ ਹੈ ਅਤੇ ਸਹਾਇਤਾ ਦਾ ਵਾਅਦਾ ਕੀਤਾ ਹੈ। ਦੱਤ ਨੇ ਇੰਸਟਾਗ੍ਰਾਮ 'ਤੇ ਕਿਹਾ ਕਿ ਪੰਜਾਬ 'ਚ ਹੜ੍ਹਾਂ ਕਾਰਨ ਹੋਈ ਤਬਾਹੀ ਸੱਚਮੁੱਚ ਦਿਲ ਤੋੜਨ ਵਾਲੀ ਹੈ। ਮੈਂ ਹਰ ਸੰਭਵ ਤਰੀਕੇ ਨਾਲ ਸਮਰਥਨ ਕਰਾਂਗਾ। ਬਾਬਾ ਜੀ ਪੰਜਾਬ ਵਿਚ ਸਾਰਿਆਂ ਨੂੰ ਆਸ਼ੀਰਵਾਦ ਦੇਣ ਅਤੇ ਉਨ੍ਹਾਂ ਦੀ ਰੱਖਿਆ ਕਰਨ। ਅਦਾਕਾਰ ਤੇ ਫਿਲਮ ਨਿਰਮਾਤਾ ਸੋਨੂੰ ਸੂਦ ਨੇ ਕਿਹਾ ਕਿ ਮੈਂ ਪੰਜਾਬ ਦੇ ਨਾਲ ਖੜ੍ਹਾ ਹਾਂ, ਇਨ੍ਹਾਂ ਵਿਨਾਸ਼ਕਾਰੀ ਹੜ੍ਹਾਂ ਤੋਂ ਪ੍ਰਭਾਵਿਤ ਕੋਈ ਵੀ ਵਿਅਕਤੀ ਇਕੱਲਾ ਨਹੀਂ ਹੈ। ਅਸੀਂ ਸਾਰੇ ਇਕੱਠੇ ਮਿਲ ਕੇ ਹਰ ਵਿਅਕਤੀ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ 'ਚ ਮਦਦ




ਕਰਾਂਗੇ। ਉਨ੍ਹਾਂ ਕਿਹਾ ਕਿ ਜੇਕਰ ਤੁਹਾਨੂੰ ਕਿਸੇ ਵੀ ਤਰ੍ਹਾਂ ਦੀ ਮਦਦ ਦੀ ਲੋੜ ਹੈ ਤਾਂ ਕਿਰਪਾ ਕਰਕੇ ਸੁਨੇਹਾ ਭੇਜਣ ਤੋਂ ਸੰਕੋਚ ਨਾ ਕਰੋ, ਅਸੀਂ ਤੁਹਾਡੇ ਤੱਕ ਪਹੁੰਚਣ ਅਤੇ ਹਰ ਸੰਭਵ ਤਰੀਕੇ ਨਾਲ ਸਹਾਇਤਾ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੇ। ਪੰਜਾਬ ਮੇਰੀ ਆਤਮਾ ਹੈ ਚਾਹੇ ਇਸ ਦੇ ਲਈ ਸਭ ਕੁਝ ਕੁਰਬਾਨ ਹੋ ਜਾਏ, ਮੈਂ ਪਿੱਛੇ ਨਹੀਂ ਹਟਾਂਗਾ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬੀ ਹਾਂ ਅਤੇ ਅਸੀਂ ਹਾਰ ਨਹੀਂ ਮੰਨਦੇ। ਸੂਦ ਨੇ ਕਿਹਾ ਕਿ ਉਸ ਦੀ ਭੈਣ ਮਾਲਵਿਕਾ ਸੂਦ ਪਹਿਲਾਂ ਹੀ ਰਾਹਤ ਸਮੱਗਰੀ ਪ੍ਰਦਾਨ ਕਰ ਰਹੀ ਹੈ। ਦੋਸਾਂਝ ਨੇ ਗੈਰ-ਸਰਕਾਰੀ ਸੰਗਠਨਾਂ ਅਤੇ ਸਥਾਨਕ ਪ੍ਰਸ਼ਾਸਨ ਦੇ ਸਹਿਯੋਗ ਨਾਲ ਗੁਰਦਾਸਪੁਰ ਅਤੇ ਅੰਮ੍ਰਿ?ਤਸਰ 'ਚ 10 ਹੜ੍ਹ ਪ੍ਰਭਾਵਿਤ ਪਿੰਡਾਂ ਨੂੰ ਗੋਦ ਲਿਆ ਹੈ। ਦੋਸਾਂਝ ਦੀ ਟੀਮ ਨੇ ਇੰਸਟਾਗ੍ਰਾਮ 'ਤੇ ਸੰਦੇਸ਼ ਸਾਂਝਾ ਕੀਤਾ ਕਿ ਉਹ ਤੁਰੰਤ ਰਾਹਤ ਪ੍ਰਦਾਨ ਕਰਨ 'ਤੇ ਕੰਮ ਕਰ ਰਹੀ ਹੈ। ਪਾਣੀ ਘੱਟਣ ਤੋਂ ਬਾਅਦ ਇਹ ਪ੍ਰਭਾਵਿਤ ਪਰਿਵਾਰਾਂ ਦੇ ਪੁਨਰਵਾਸ 'ਤੇ ਧਿਆਨ ਕੇਂਦਰਿਤ ਕਰੇਗੀ। ਗਿੱਪੀ ਗਰੇਵਾਲ ਨੇ ਅਜਨਾਲਾ ਵਿਚ ਹੜ੍ਹ ਪ੍ਰਭਾਵਿਤ ਖੇਤਰ 'ਚ ਪਸ਼ੂਆਂ ਲਈ ਸਾਈਲੇਜ ਦੇ ਟਰੱਕ ਭੇਜੇ। ਕਰਨ ਔਜਲਾ ਵੀ ਅੱਗੇ ਆਏ ਤੇ ਕਿਹਾ ਕਿ ਉਹ ਪ੍ਰਭਾਵਿਤ ਲੋਕਾਂ ਨੂੰ ਦਵਾਈਆਂ, ਕਿਸ਼ਤੀਆਂ, ਭੋਜਨ ਅਤੇ ਪਸ਼ੂਆਂ ਲਈ ਚਾਰੇ ਦੀ ਮਦਦ ਕਰ ਰਹੇ ਹਨ, ਉਨ੍ਹਾਂ ਨੇ ਕਿਹਾ ਕਿ ਮੈਂ ਅਤੇ ਮੇਰੀ ਟੀਮ ਪੰਜਾਬ ਦੇ ਨਾਲ ਖੜ੍ਹੇ ਹਾਂ। ਐਮੀ ਵਿਰਕ ਨੇ ਕਿਹਾ ਕਿ ਉਹ ਅਤੇ ਉਸ ਦੀ ਟੀਮ 200 ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਕਰਨਗੇ। ਐਮੀ ਵਿਰਕ ਵਲੋਂ 'ਐਕਸ' ਤੇ ਸਾਂਝਾ ਕੀਤੇ ਸੰਦੇਸ਼ ਵਿਚ ਕਿਹਾ ਗਿਆ ਕਿ ਸਾਡੇ ਲੋਕਾਂ ਨੂੰ ਬਿਨਾਂ ਛੱਤ ਦੇ ਦੇਖ ਕੇ ਮੈਂ ਬਹੁਤ ਦੁਖੀ ਹੋ ਗਿਆ ਹਾਂ। ਆਰਾਮ ਅਤੇ ਸਥਿਰਤਾ ਲਿਆਉਣ ਦੇ ਸਾਡੇ ਛੋਟੇ ਜਿਹੇ ਯਤਨ 'ਚ ਅਸੀਂ ਉਨ੍ਹਾਂ ਲੋਕਾਂ ਦੀ ਸਹਾਇਤਾ ਲਈ 200 ਘਰ ਗੋਦ ਲੈ ਰਹੇ ਹਾਂ ਜਿਨ੍ਹਾਂ ਨੇ ਸਭ ਕੁਝ ਗੁਆ ਦਿੱਤਾ ਹੈ।

# ਦਿੱਲੀ ਕਮੇਟੀ ਨੇ ਹੜ੍ਹ ਪ੍ਰਭਾਵਿਤਾਂ ਵਾਸਤੇ ਲਗਾਇਆ ਵਿਸ਼ੇਸ਼ ਸਹਾਇਤਾ ਕੈਂਪ



ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਭਿਆਨਕ ਹੜ੍ਹਾਂ 'ਚ ਫਸੇ ਪੰਜਾਬੀਆਂ ਦੀ ਮਦਦ ਕਰਨਾ ਸਾਡਾ ਮੁੱਢਲਾ ਫ਼ਰਜ਼ ਹੈ ਤੇ ਇਸ ਮਾਮਲੇ ਵਿਚ ਦਿੱਲੀ ਗੁਰਦੁਆਰਾ ਕਮੇਟੀ ਕਦੇ ਵੀ ਪਿੱਛੇ ਨਹੀਂ ਹਟੇਗੀ। ਉਨ੍ਹਾਂ ਦੱਸਿਆ ਕਿ ਹੜ੍ਹਾਂ ਤੋਂ ਪ੍ਰਭਾਵਿਤ ਇਲਾਕਿਆਂ ਲਈ ਅਸੀਂ ਰਾਸ਼ਨ ਤੇ ਜ਼ਰੂਰੀ ਸਮਾਨ ਵਾਲੀਆਂ ਟੀਮਾਂ ਪੰਜਾਬ ਲਈ ਰਵਾਨਾ ਕੀਤੀਆਂ। ਉਨ੍ਹਾਂ ਦੱਸਿਆ ਕਿ ਸਾਡੇ ਵਲੋਂ ਇਸ ਵੇਲੇ ਗੁਰਦਾਸਪੁਰ ਦੇ ਪਿੰਡ ਡੇਰਾ ਪਠਾਣਾ 'ਚ ਮੁੱਖ ਸੜਕ 'ਤੇ ਮੁੱਖ ਕੈਂਪ ਲਗਾਇਆ ਹੋਇਆ ਹੈ ਜਿਸ ਰਾਹੀਂ ਅਸੀਂ ਨੇੜਲੇ ਪਿੰਡਾਂ ਰੱਤਾ ਹਵੇਲੀਆਂ, ਤਲਵੰਡੀ ਰਸੀਕੇ, ਜੌੜਾ ਬਹਿਲੋਲਪੁਰ ਘੁੰਮਣ, ਟਾਹਲੀ ਸਾਹਿਬ ਅਬਦਾਲ, ਮੂਲੋਂਵਾਲੀ ਆਦਿ 'ਚ ਹੜ੍ਹਾਂ 'ਚ ਘਿਰੇ ਲੋਕਾਂ ਵਾਸਤੇ ਪੀਣ ਵਾਲਾ ਪਾਣੀ, ਸੁੱਕਾ ਦੁੱਧ, ਰਾਸ਼ਨ ਤੇ ਹੋਰ ਲੋੜੀਂਦਾ ਸਮਾਨ ਉਪਲਬਧ ਕਰਵਾ ਰਹੇ ਹਾਂ। ਉਨ੍ਹਾਂ ਦੱਸਿਆ ਕਿ ਹੜ੍ਹਾਂ ਦਾ ਪਾਣੀ ਉੱਤਰਨ ਮਗਰੋਂ ਪ੍ਰਭਾਵਿਤ ਇਲਾਕਿਆਂ ਵਿਚ ਬਿਮਾਰੀਆਂ ਫੈਲਣ ਦਾ ਵੀ ਖ਼ਦਸ਼ਾ ਹੈ ਜਿਸ ਵਾਸਤੇ ਅਸੀਂ ਮੈਡੀਕਲ ਟੀਮਾਂ ਵੀ ਤਾਇਨਾਤ ਕਰਾਂਗੇ ਤੇ ਦਵਾਈਆਂ ਵੀ ਉਪਲਬਧ ਕਰਾਵਾਂਗੇ। ਉਨ੍ਹਾਂ ਕਿਹਾ ਕਿ ਹੜ੍ਹਾਂ ਨਾਲ ਨਜਿੱਠਣ ਵਿਚ ਸੂਬਾ ਸਰਕਾਰ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ।

# ਹੜ੍ਹਾਂ ਦੀ ਮਾਰ 'ਚ ਫਸੇ ਲੋਕਾਂ ਦੀ ਸਹਾਇਤਾ ਲਈ ਬਾਬਾ ਬਲਬੀਰ ਸਿੰਘ 96 ਕਰੋੜੀ ਵੱਲੋਂ ਪਹੁੰਚਾਈ ਗਈ ਰਾਹਤ ਸਮੱਗਰੀ

ਅੰਮ੍ਰਿਤਸਰ : ਹੜ੍ਹਾਂ ਦੀ ਮਾਰ ਨਾਲ ਪਿਛਲੇ ਕਾਫੀ ਦਿਨਾਂ ਤੋਂ ਪੰਜਾਬ ਦੇ ਬਹੁਤ ਸਾਰੇ ਪਿੰਡ ਜਿੱਥੇ ਪਾਣੀ ਵਿੱਚ ਡੁੱਬੇ ਹੋਏ ਹਨ, ਉੱਥੇ ਹੀ ਮਨੁੱਖਾ ਜੀਵਨ ਦੇ ਨਾਲ-ਨਾਲ ਪਸ਼ੂ ਪੰਛੀ ਵੀ ਇਸ ਤ੍ਰਾਸਦੀ ਦੇ ਸ਼ਿਕਾਰ ਹੋਏ ਪਏ ਹਨ ਜਿਨ੍ਹਾਂ ਨੂੰ ਰਾਹਤ ਦੇਣ ਲਈ ਭਾਵੇਂ ਕਾਫੀ ਹੱਦ ਤੱਕ ਸਭਾ ਸੁਸਾਇਟੀਆਂ ਅਤੇ ਕਮੇਟੀਆਂ ਵੱਲੋਂ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਉੱਥੇ ਹੀ ਬੀਤੇ ਦਿਨ ਗੁਰਦੁਆਰਾ ਮੱਲ ਅਖਾੜਾ ਪਾਤਸ਼ਾਹੀ ਛੇਵੀਂ ਗੁਰਦੁਆਰਾ ਐਸੋਸੀਏਸ਼ਨ ਅਕਾਲੀ ਫੂਲਾ ਸਿੰਘ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ਹੇਠ ਵੱਡੀ ਮਾਤਰਾ ਵਿੱਚ ਰਾਹਤ ਸਮੱਗਰੀ ਦੇ ਟਰੱਕ ਅਤੇ ਟਰਾਲੀਆਂ ਭੇਜੀਆਂ ਗਈਆਂ, ਜਿਨ੍ਹਾਂ ਵਿੱਚ ਖਾਣ ਵਾਲੇ ਸਾਮਾਨ ਤੋਂ ਇਲਾਵਾ ਪਾਣੀ ਅਤੇ ਪਸ਼ੂਆਂ ਲਈ ਹਰਾ ਚਾਰਾ, ਰਮਦਾਸ, ਅਜਨਾਲਾ ਅਤੇ ਬਟਾਲਾ ਦੇ ਵੱਖ-ਵੱਖ ਪਿੰਡਾਂ ਲਈ ਭੇਜਿਆ ਗਿਆ। ਇਸ ਦੌਰਾਨ ਸ਼੍ਰੋਮਣੀ



ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸੰਤ ਬਾਬਾ ਬਲਬੀਰ ਸਿੰਘ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਇਹਨਾਂ ਥਾਵਾਂ ਉੱਤੇ ਜਾ ਕੇ ਜਿੱਥੇ ਲੋਕਾਂ ਦੀ ਸਾਰ ਲਈ, ਉੱਥੇ ਹੀ ਇਹ ਰਾਹਤ ਸਮੱਗਰੀ ਵੀ ਵੰਡੀ ਗਈ। ਬਾਬਾ ਬਲਬੀਰ ਸਿੰਘ ਨੇ ਮੁਸੀਬਤ ਵਿੱਚ ਘਿਰੇ ਪੰਜਾਬੀਆਂ ਦੀ ਸਹਾਇਤਾ ਲਈ ਅੱਗੇ ਆਈਆਂ ਸਮਾਜ ਸੇਵੀ ਸੰਸਥਾਵਾਂ, ਸਿੱਖ ਜਥੇਬੰਦੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਇਹਨਾਂ ਹੜ੍ਹਾਂ ਦੇ ਹਾਲਾਤਾਂ 'ਤੇ ਕਾਬੂ ਪਾਉਣ ਲਈ ਸੰਗਤਾਂ ਵੱਲੋਂ ਕੀਤੀ ਗਈ ਅਰਦਾਸ ਨੂੰ ਜਲਦ ਪ੍ਰਵਾਨ ਕਰਨ।

# ਡੈਮਾਂ ਤੋਂ ਵਾਧੂ ਪਾਣੀ ਛੱਡਣ ਨਾਲ ਸਤਲੁਜ, ਬਿਆਸ ਤੇ ਰਾਵੀ 'ਚ ਪਾਣੀ ਦਾ ਪੱਧਰ ਵਧਿਆ

## • ਲੱਖਾਂ ਲੋਕ ਬੇਘਰ ਹੋਏ, ਖੇਤੀਬਾੜੀ ਤਬਾਹ ਹੋ ਰਹੀ ਹੈ ਤੇ ਕਈ ਥਾਈਂ ਆਵਾਜਾਈ ਹੋਈ ਠੱਪ





ਗੁਰਦਾਸਪੁਰ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ 15 ਦਿਨਾਂ ਦੇ ਬੱਚੇ ਨੂੰ ਸੁਰੱਖਿਅਤ ਥਾਂ 'ਤੇ ਲਿਜਾਂਦੇ ਹੋਏ ਫ਼ੌਜ ਦੇ ਜਵਾਨ।

ਚੰਡੀਗੜ੍ਹ : ਪੰਜਾਬ 'ਚ ਲਗਾਤਾਰ ਪੈ ਰਹੇ ਭਾਰੀ ਮੀਂਹ ਕਾਰਨ ਹੜ੍ਹਾਂ ਨੇ ਭਿਆਨਕ ਰੂਪ ਧਾਰਨ ਕਰ ਲਿਆ ਹੈ। ਸਤਲੁਜ, ਬਿਆਸ ਅਤੇ ਰਾਵੀ ਦਰਿਆ ਖ਼ਤਰੇ ਦੇ ਨਿਸ਼ਾਨ 'ਤੇ ਹਨ। ਜਿਸ ਨਾਲ ਨੀਵੇਂ ਇਲਾਕੇ ਪੂਰੀ ਤਰ੍ਹਾਂ ਪਾਣੀ ਦੀ ਮਾਰ ਹੇਠ ਹਨ। ਪੰਜਾਬ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਇਕ ਅਧਿਕਾਰਤ ਪੱਤਰ ਜਾਰੀ ਕਰਕੇ ਪੂਰੇ ਸੂਬੇ ਨੂੰ ਆਫ਼ਤ ਪ੍ਰਭਾਵਿਤ ਐਲਾਨਿਆ ਹੈ। ਇਸ ਤਹਿਤ ਸਾਰੇ ਕਰਮਚਾਰੀਆਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਪੱਤਰ 'ਚ ਕਿਹਾ ਗਿਆ ਹੈ ਕਿ ਲਗਾਤਾਰ ਮੀਂਹ ਤੇ ਡੈਮ ਤੋਂ ਪਾਣੀ ਛੱਡੇ ਜਾਣ ਕਾਰਨ, ਸੂਬੇ ਦੇ 1400 ਤੋਂ ਵੱਧ ਪਿੰਡ ਹੜ੍ਹਾਂ ਦੀ ਲਪੇਟ 'ਚ ਹਨ ਤੇ ਲੱਖਾਂ ਲੋਕ ਪ੍ਰਭਾਵਿਤ ਹਨ। ਉਨ੍ਹਾਂ ਨੇ ਪੱਤਰ 'ਚ ਅਧਿਕਾਰੀਆਂ ਅਤੇ ਵਿਭਾਗਾਂ ਨੂੰ 6 ਹਦਾਇਤਾਂ ਵੀ ਦਿੱਤੀਆਂ ਹਨ।

**ਰਾਹਤ ਤੇ ਬਚਾਅ ਕਾਰਜ ਤੇਜ਼ :** ਐਨ. ਡੀ. ਆਰ. ਐਫ., ਐੱਸ. ਡੀ. ਆਰ. ਐਫ. ਅਤੇ ਫ਼ੌਜ ਦੀਆਂ ਟੀਮਾਂ ਨੂੰ ਹੜ੍ਹ-ਪ੍ਰਭਾਵਿਤ ਇਲਾਕਿਆਂ 'ਚ ਤਾਇਨਾਤ ਕੀਤਾ ਗਿਆ ਹੈ। ਹੁਣ ਤੱਕ ਹਜ਼ਾਰਾਂ ਲੋਕਾਂ ਨੂੰ ਕਿਸ਼ਤੀਆਂ ਰਾਹੀਂ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। 300 ਤੋਂ ਵੱਧ ਰਾਹਤ ਕੈਂਪ ਬਣਾਏ ਗਏ ਹਨ, ਜਿਥੇ ਲੋਕਾਂ ਨੂੰ ਰੋਟੀ, ਪਾਣੀ ਤੇ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਗੁਰਦੁਆਰਿਆਂ ਤੇ ਸਮਾਜਿਕ ਸੰਸਥਾਵਾਂ ਵਲੋਂ ਲੰਗਰ ਸੇਵਾ ਲਗਾਤਾਰ ਜਾਰੀ ਹੈ। ਸਿਹਤ ਵਿਭਾਗ ਨੇ ਖ਼ਾਸ ਮੋਬਾਈਲ ਯੂਨਿਟਾਂ ਤਾਇਨਾਤ ਕੀਤੀਆਂ ਹਨ ਤਾਂ ਜੋ ਬਿਮਾਰੀਆਂ ਦੇ ਖ਼ਤਰੇ ਨੂੰ ਘਟਾਇਆ ਜਾ ਸਕੇ। ਉੱਧਰ ਵਿਰੋਧੀ ਧਿਰ ਨੇ ਦੋਸ਼ ਲਗਾਇਆ ਹੈ ਕਿ ਸਰਕਾਰ ਨੇ ਸਮੇਂ ਸਿਰ ਬੰਨ੍ਹਾਂ ਦੀ ਮੁਰੰਮਤ ਨਹੀਂ ਕੀਤੀ ਜਿਸ ਨਾਲ ਹਾਲਾਤ ਹੋਰ ਵੀ ਗੰਭੀਰ ਹੋਏ ਹਨ। ਇਸਦੇ ਉਲਟ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਵੱਡੇ ਪੱਧਰ 'ਤੇ ਰਾਹਤ ਕਾਰਜਾਂ 'ਚ ਜੁਟੀਆਂ ਹੋਈਆਂ ਹਨ।

ਬੁਨਿਆਦੀ ਢਾਂਚਾ ਅਤੇ ਆਵਾਜਾਈ ਪ੍ਰਭਾਵਿਤ ਹੜ੍ਹ ਕਾਰਨ ਸੂਬੇ ਦੀਆਂ ਸੈਂਕੜੇ ਸੜਕਾਂ ਤੇ ਪੁਲ ਬਰਬਾਦ ਹੋ ਗਏ ਹਨ। ਜਲੰਧਰ-ਲੁਧਿਆਣਾ, ਫਿਰੋਜ਼ਪੁਰ-ਅੰਮ੍ਰਿਤਸਰ ਅਤੇ ਰੋਪੜ-ਚੰਡੀਗੜ੍ਹ ਰਾਸ਼ਟਰੀ ਰਾਜ ਮਾਰਗਾਂ 'ਤੇ ਆਵਾਜਾਈ ਠੱਪ ਹੋ ਗਈ ਹੈ। ਕਈ ਰੇਲ ਮਾਰਗਾਂ 'ਤੇ ਪਾਣੀ ਆ ਜਾਣ ਕਰਕੇ ਰੇਲਵੇ ਨੇ ਰੇਲ ਗੱਡੀਆਂ ਨੂੰ ਰੱਦ ਕਰ ਦਿੱਤਾ ਹੈ। ਇਸ ਨਾਲ ਸਪਲਾਈ ਚੇਨ ਟੁੱਟਣ ਕਾਰਨ ਜ਼ਰੂਰੀ ਸਾਮਾਨ ਦੀਆਂ ਕੀਮਤਾਂ ਵੀ ਵਧ ਰਹੀਆਂ ਹਨ।













ਹੜ ਪੀੜਤਾਂ ਦੀ ਮਦਦ 'ਚ ਅੱਗੇ ਆਈ ਮਿਲਟਰੀ ਅਤੇ ਪਿੰਡਾਂ ਦੇ ਲੋਕ







# ਅੰਮ੍ਰਿਤਸਰ 'ਚ ਭਾਰੀ ਮਾਨਸੂਨ ਦੀ ਬਾਰਿਸ਼



ਅੰਮ੍ਰਿਤਸਰ : ਪੰਜਾਬ ਵਿੱਚ ਹੋ ਰਹੀ ਭਾਰੀ ਮਾਨਸੂਨ ਦੀ ਬਾਰਿਸ਼ ਨੇ ਜਿੱਥੇ ਆਮ ਜਨਜੀਵਨ ਨੂੰ ਪ੍ਰਭਾਵਿਤ ਕੀਤਾ ਅੰਮ੍ਰਿਤਸਰ ਵਿੱਚ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਸੜਕਾਂ 'ਤੇ ਪਾਣੀ ਭਰ ਗਿਆ, ਜਿਸ ਦੌਰਾਨ ਸ਼ਹਿਰ ਦੇ ਪ੍ਰਵੇਸ਼ ਦੁਆਰ 'ਤੇ ਬਣੇ ਗੋਲਡਨ ਗੇਟ ਦਾ ਪ੍ਰਤੀਬਿੰਬ ਪਾਣੀ ਵਿੱਚ ਦਿਖਾਈ ਦਿੱਤਾ। ਤੇਜ਼ ਬਾਰਿਸ਼ ਤੋਂ ਬਾਅਦ, ਸ਼ਹਿਰ ਦੀਆਂ ਕਈ ਸੜਕਾਂ ਅਤੇ ਨੀਵੇਂ ਇਲਾਕਿਆਂ ਵਿੱਚ ਪਾਣੀ ਜਮ੍ਹਾਂ ਹੋ ਗਿਆ। ਇਸੇ ਦੌਰਾਨ, ਜਲੰਧਰ-ਅੰਮ੍ਰਿਤਸਰ ਜੀ.ਟੀ. ਰੋਡ 'ਤੇ ਸਥਿਤ ਗੋਲਡਨ ਗੇਟ ਦੇ ਸਾਹਮਣੇ ਸੜਕ 'ਤੇ ਖੜ੍ਹੇ ਬਾਰਿਸ਼ ਦੇ ਪਾਣੀ ਵਿੱਚ ਗੇਟ ਦਾ ਪ੍ਰਤੀਬਿੰਬ ਇੱਕ ਅਨੋਖਾ ਦ੍ਰਿਸ਼ ਪੇਸ਼ ਕਰ ਰਿਹਾ ਸੀ।

ਜ਼ਿਕਰਯੋਗ ਹੈ ਕਿ ਪਿਛਲੇ ਦਿਨਾਂ ਤੋਂ ਪੰਜਾਬ ਦੇ ਕਈ ਹਿੱਸਿਆਂ ਵਿੱਚ ਭਾਰੀ ਮੀਂਹ ਪੈ ਰਿਹਾ ਹੈ, ਜਿਸ ਕਾਰਨ ਕਈ ਥਾਵਾਂ 'ਤੇ ਹੜ੍ਹ ਵਰਗੀ ਸਥਿਤੀ ਬਣੀ ਹੋਈ ਹੈ ਅਤੇ ਆਮ ਜਨਤਾ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਪੰਜਾਬ ਸਰਕਾਰ ਨੇ ਸੂਬੇ ਨੂੰ ਆਫਤ ਪ੍ਰਭਾਵਿਤ ਐਲਾਨਿਆ

## ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ ਦੇ 1400 ਤੋਂ ਵੱਧ ਪਿੰਡ ਹੜ੍ਹਾਂ ਦੀ ਲਪੇਟ 'ਚ ਆਏ

ਚੰਡੀਗੜ੍ਹ : ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਦੇ ਨਾਲ ਨਾਲ ਪੰਜਾਬ ਦੇ ਮੈਦਾਨੀ ਇਲਾਕੇ ਵਿੱਚ ਵੀ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਹ ਕਰਕੇ ਸਮੁੱਚਾ ਪੰਜਾਬ ਹੜ੍ਹਾਂ ਦੀ ਲਪੇਟ ਵਿੱਚ ਆ ਚੁੱਕਾ ਹੈ। ਪੰਜਾਬ ਦੇ 23 ਜ਼ਿਲ੍ਹਿਆਂ ਦੇ 1400 ਤੋਂ ਵੱਧ ਪਿੰਡ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਅਤੇ ਸਥਿਤੀ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਹੈ। ਅਜਿਹੇ ਹਾਲਾਤ ਨੂੰ ਵੇਖਦਿਆਂ ਪੰਜਾਬ ਸਰਕਾਰ ਨੇ ਪੂਰੇ ਸੂਬੇ ਨੂੰ ਆਫਤ ਪ੍ਰਭਾਵੀ ਸੂਬਾ ਐਲਾਨ ਦਿੱਤਾ ਹੈ। ਇਸ ਦੇ ਨਾਲ ਹੀ ਰਾਹਤ ਕਾਰਜ ਹੋਰ ਤੇਜ਼ ਕਰ ਦਿੱਤੇ ਹਨ।



ਪੰਜਾਬ ਵਿੱਚ ਪਿਛਲੇ ਤਿੰਨ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਕਰਕੇ ਸੂਬੇ ਦੇ ਦਰਜਨਾਂ ਸ਼ਹਿਰ ਜਲਥਲ ਹੋਏ ਪਏ ਹਨ। ਇਸ ਦੇ ਨਾਲ ਹੀ ਹਿਮਾਚਲ ਦੀਆਂ ਪਹਾੜੀਆਂ ਵਿੱਚੋਂ ਆ ਰਹੇ ਪਾਣੀ ਕਰਕੇ ਰਾਵੀ ਅਤੇ ਬਿਆਸ ਤੋਂ ਬਾਅਦ ਸਤਲੁਜ ਦਰਿਆ ਵਿੱਚ ਵੀ ਪਾਣੀ ਦਾ ਪੱਧਰ ਵਧਣਾ ਸ਼ੁਰੂ ਹੋ ਗਿਆ ਹੈ। ਦੂਜੇ ਪਾਸੇ ਘੱਗਰ ਨਦੀ ਵਿੱਚ ਵੀ ਪਾਣੀ ਦਾ ਪੱਧਰ ਲਗਾਤਾਰ ਵਧਦਾ ਜਾ ਰਿਹਾ ਹੈ। ਸਤਲੁਜ ਅਤੇ ਘੱਗਰ ਨਦੀ ਵਿੱਚ ਪਾਣੀ ਵਧਣ ਕਰਕੇ ਮਾਲਵਾ ਖਿੱਤੇ ਦੇ ਲੋਕਾਂ ਦੇ ਮਨਾਂ ਵਿੱਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਲੋਕ ਵਾਰੋ ਵਾਰੀ ਸਤਲੁਜ ਤੇ ਘੱਗਰ ਦਰਿਆ ਦੇ ਕੰਢੇ ਜਾ ਜਾ ਕੇ ਪਾਣੀ ਦੇ ਪੱਧਰ 'ਤੇ ਨਜ਼ਰ ਮਾਰ ਰਹੇ ਹਨ ਉਥੇ ਹੀ ਸਥਾਨਕ ਪ੍ਰਸ਼ਾਸਨ ਵੱਲੋਂ ਵੀ 24 ਘੰਟੇ ਪਾਣੀ ਦੇ ਪੱਧਰ 'ਤੇ ਨਜ਼ਰ ਰੱਖੀ ਜਾ ਰਹੀ ਹੈ।

ਜਾਣਕਾਰੀ ਅਨੁਸਾਰ ਪੰਜਾਬ ਦੇ 23 ਜ਼ਿਲ੍ਹਿਆਂ ਦੇ 1400 ਤੋਂ ਵੱਧ ਪਿੰਡ ਹੜ੍ਹਾਂ ਦੀ ਮਾਰ ਹੇਠ ਹਨ। ਇਸ ਦੌਰਾਨ 4 ਲੱਖ ਏਕੜ ਦੇ ਕਰੀਬ ਫਸਲ ਪ੍ਰਭਾਵਿਤ ਹੋ ਚੁੱਕੀ ਅਤੇ ਸਾਢੇ ਤਿੰਨ ਲੱਖ ਤੋਂ ਵੱਧ ਲੋਕ ਅਸਰਅੰਦਾਜ਼ ਹੋ ਚੁੱਕੇ ਹਨ। ਇਸ ਦੇ ਨਾਲ ਹੀ ਹੜ੍ਹਾਂ ਕਰਕੇ 30 ਲੋਕਾਂ ਦੀ ਹੁਣ ਤੱਕ ਮੌਤ ਹੋ ਚੁੱਕੀ ਹੈ। ਹਾਲਾਂਕਿ ਸੂਬਾ ਸਰਕਾਰ ਵੱਲੋਂ 20 ਹਜ਼ਾਰ ਦੇ ਕਰੀਬ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਮੌਜੂਦਾ ਸਮੇਂ 174 ਰਾਹਤ ਕੈਂਪ ਚਲਾਏ ਜਾ ਰਹੇ ਹਨ।

# ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਹੜ੍ਹ ਪੀੜਤਾਂ ਲਈ ਭੇਜੀ ਰਾਹਤ ਸਮੱਗਰੀ










ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਫਤਿਹਗੜ੍ਹ ਸਾਹਿਬ ਤੋਂ ਪੰਜ ਟਰੱਕ ਭਰਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਰਾਹਤ ਸਮੱਗਰੀ ਭੇਜੀ ਗਈ, ਜਿਸ ਵਿੱਚ ਪਸ਼ੂਆਂ ਲਈ ਚਾਰਾ, ਆਟਾ, ਦਾਲਾਂ, ਪਾਣੀ ਅਤੇ ਹੋਰ ਜ਼ਰੂਰੀ ਸਾਮਾਨ ਸ਼ਾਮਲ ਸੀ। ਇਹ ਸਾਰੀ ਸਮੱਗਰੀ ਸ. ਅਮਰਿੰਦਰ ਸਿੰਘ ਲਿਬੜਾ ਜੀ ਵੱਲੋਂ ਇਲਾਕੇ ਦੇ ਅਕਾਲੀ ਵਰਕਰਾਂ ਅਤੇ ਸਾਥੀਆਂ ਦੇ ਸਹਿਯੋਗ ਨਾਲ ਇਕੱਠੀ ਕੀਤੀ ਗਈ। ਇਸ ਮੌਕੇ ਸ. ਸੁਰਜੀਤ ਸਿੰਘ ਰੱਖੜਾ, ਜਸਟਿਸ ਸ. ਨਿਰਮਲ ਸਿੰਘ ਜੀ, ਸ. ਕਰਨੈਲ ਸਿੰਘ ਪੰਜੋਲੀ. ਪੂਨੀਆ ਜੀ ਅਤੇ ਹੋਰ ਵੀ ਵਰਕਰ ਸਾਹਿਬਾਨ ਹਾਜ਼ਰ ਰਹੇ। ਮੈਂ ਸਾਰਿਆਂ ਦਾ ਤਹਿ-ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਹੜ੍ਹ ਪੀੜਤ ਭਰਾਵਾਂ ਲਈ ਸੇਵਾ ਦੇ ਇਸ ਮਹਾਨ ਕੰਮ ਵਿੱਚ ਯੋਗਦਾਨ ਪਾਇਆ।



ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਲੋਕ ਆਪਣੇ ਸਮਾਨ ਸਮੇਤ ਸੁਰੱਖਿਅਤ ਥਾਂ 'ਤੇ ਚਲੇ ਗਏ।





ਪੰਜਾਬ ਦੇ ਸੁਲਤਾਨਪੁਰ ਲੋਧੀ ਅਤੇ ਕਪੂਰਥਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਜਾ ਰਿਹਾ ਹੈ।

# ਗੈਂਗਸਟਰ ਵਜੋਂ ਮੇਰਾ 'ਐਨਕਾਊਂਟਰ' ਕਰਨਾ ਚਾਹੁੰਦੀ ਸੀ ਪੰਜਾਬ ਪੁਲਿਸ : ਹਰਮੀਤ ਸਿੰਘ ਪਠਾਣਮਾਜਰਾ

## • ਪੰਜਾਬ ਸਰਕਾਰ ਨੂੰ ਵਰਤ ਚੁੱਕੇ ਨੇ ਦਿੱਲੀ ਵਾਲੇ • ਫਰਾਰ ਚੱਲ ਰਹੇ ਵਿਧਾਇਕ ਨੇ ਵੀਡੀਓ ਜਾਰੀ ਕਰ ਕੇ ਲਗਾਏ ਗੰਭੀਰ ਦੋਸ਼

ਪਟਿਆਲਾ : ਜਬਰ ਜਨਾਹ ਦੇ ਮਾਮਲੇ 'ਚ ਫਰਾਰ ਚੱਲ ਰਹੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਜਾਰੀ ਕਰ ਕੇ ਪੁਲਿਸ ਤੋਂ ਆਪਣੀ ਜਾਨ ਨੂੰ ਖ਼ਤਰਾ ਦੱਸਿਆ ਹੈ। ਪਠਾਣਮਾਜਰਾ ਨੇ ਵੀਡੀਓ ਰਾਹੀਂ ਆਪਣਾ ਪੱਖ ਰੱਖਦਿਆਂ ਆਖਿਆ ਕਿ ਮੈਨੂੰ ਪਤਾ ਲੱਗ ਗਿਆ ਸੀ ਕਿ ਪੁਲਿਸ ਉਨ੍ਹਾਂ ਦਾ ਰਾਹ 'ਚ ਐਨਕਾਊਂਟਰ ਕਰ ਸਕਦੀ ਹੈ। ਇਸ ਕਰ ਕੇ ਉਹ ਫ਼ਰਾਰ ਹੋਣ 'ਚ ਕਾਮਯਾਬ ਹੋ ਗਏ। ਇਸ ਦੌਰਾਨ ਇਕ ਪੁਲਿਸ ਮੁਲਾਜ਼ਮ ਨੇ ਹਥਿਆਰ ਚਲਾਉਣ ਦੀ ਕੋਸ਼ਿਸ਼ ਕੀਤੀ, ਪਰ ਹਥਿਆਰ ਨਹੀਂ ਚਲਿਆ। ਬਾਅਦ 'ਚ ਪੁਲਿਸ ਨੇ ਉਨ੍ਹਾਂ ਦੇ ਭਰਾਵਾਂ ਦੇ ਹਥਿਆਰ ਫੜ੍ਹ ਕੇ ਉਨ੍ਹਾਂ 'ਤੇ ਝੂਠਾ ਦੋਸ਼ ਲਗਾਇਆ ਕਿ ਗੋਲੀ ਚੱਲੀ ਹੈ। ਉਨ੍ਹਾਂ ਕਿਹਾ ਕਿ ਉਹ ਪੰਜਾਬ ਪੁਲਿਸ ਦਾ ਬਹੁਤ ਸਤਿਕਾਰ ਕਰਦੇ ਹਨ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ 10 ਐਸ.ਪੀ., 5 ਡੀ.ਐਸ.ਪੀ. ਤੇ 500 ਦੇ ਕਰੀਬ ਪੁਲਿਸ ਮੁਲਾਜ਼ਮ ਉਨ੍ਹਾਂ ਦੇ ਪਿੱਛੇ ਲਗਾ ਦਿੱਤੇ ਗਏ ਜਿਵੇਂ ਕਿ ਉਹ ਗੈਂਗਸਟਰ ਹੋਣ।



ਇਹ ਸਾਰਾ ਕੁਝ ਉਨ੍ਹਾਂ ਨੂੰ ਗੈਂਗਸਟਰ ਦਿਖਾ ਕੇ ਐਨਕਾਊਂਟਰ ਕਰਨ ਦੀ ਇਕ ਚਾਲ ਸੀ, ਜਿਸ ਤਹਿਤ ਡੀ.ਐਸ.ਪੀ. ਬਿਕਰਮ ਸਿੰਘ ਬਰਾੜ ਦੀ ਅਗਵਾਈ 'ਚ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਨੂੰ ਉਨ੍ਹਾਂ ਦੀ ਭਾਲ ਲਈ ਭੇਜਿਆ ਗਿਆ ਜਿਵੇਂ ਕਿ ਉਹ ਬਹੁਤ ਵੱਡੇ ਗੈਂਗਸਟਰ ਹੋਣ। ਉਨ੍ਹਾਂ ਵੀਡੀਓ 'ਚ ਪੰਜਾਬ ਦੇ ਵਿਧਾਇਕਾਂ ਨੂੰ ਵੀ ਅਪੀਲ ਕੀਤੀ ਕਿ ਮੁੱਖ ਮੰਤਰੀ ਤਾਂ ਚੁੱਪ ਹੈ ਤੁਸੀਂ ਤਾਂ ਦਿੱਲੀ ਵਾਲਿਆਂ ਖ਼ਿਲਾਫ਼ ਆਵਾਜ਼ ਉਠਾਓ। ਇਕ ਹੋਰ ਵੀਡੀਓ 'ਚ ਉਨ੍ਹਾਂ ਦੱਸਿਆ ਕਿ ਪੰਜਾਬ 'ਚ ਸਾਰਾ ਕੁਝ ਦਿੱਲੀ ਵਾਲਿਆਂ ਦੇ ਕਹਿਣ ਅਨੁਸਾਰ ਹੋ ਰਿਹਾ ਹੈ ਤੇ ਬਹੁਤੇ ਵਿਧਾਇਕਾਂ ਦੇ ਹੱਥ-ਪੱਲੇ ਕੁਝ ਵੀ ਨਹੀਂ। ਪਠਾਣਮਾਜਰਾ ਦਾ ਕਹਿਣਾ ਸੀ ਕਿ ਪੰਜ ਵਿਧਾਇਕਾਂ ਦੇ ਅਸਤੀਫ਼ੇ ਤਾਂ ਉਨ੍ਹਾਂ ਪਹਿਲਾਂ ਹੀ ਲੈ ਰੱਖੇ ਹਨ। ਉਨ੍ਹਾਂ ਕਿਹਾ ਕਿ ਜਿੱਥੇ ਕੋਈ ਲੜਾਈ ਝਗੜੇ ਵਾਲੀ ਗੱਲ ਹੁੰਦੀ ਸੀ ਤਾਂ ਪਠਾਣਮਾਜਰਾ ਨੂੰ ਭੇਜਿਆ ਜਾਂਦਾ ਸੀ ਜਦੋਂ ਉਨ੍ਹਾਂ ਦੇ ਹਲਕੇ ਦੀ ਗੱਲ ਹੋਈ ਤਾਂ ਉਨ੍ਹਾਂ ਨੂੰ ਅਣਗੌਲਿਆ ਕੀਤਾ ਗਿਆ। ਦਿੱਲੀ ਵਾਲਿਆਂ ਨੇ ਪੰਜਾਬ 'ਚ ਫਾਸਟਵੇ ਬੰਦ ਕਰਵਾਉਣ ਲਈ ਮੈਨੂੰ ਵਰਤਿਆ ਤੇ ਬਾਅਦ 'ਚ ਖੁਦ ਹੀ ਸਮਝੌਤਾ ਕਰ ਕੇ ਇੱਥੋਂ ਦਾ ਮਾਲੀਆ ਲੁੱਟ ਕੇ ਲੈ ਗਏ। ਪਠਾਣਮਾਜਰਾ ਨੇ ਦੋਸ਼ ਲਗਾਇਆ ਕਿ ਹੁਣ ਉਹ ਸਾਰੇ ਬੀ.ਡੀ.ਓਜ਼ ਤੋਂ ਪੰਚਾਇਤੀ ਜ਼ਮੀਨਾਂ ਤੇ ਸ਼ਾਮਲਾਟ ਦਾ ਰਿਕਾਰਡ ਮੰਗ ਰਹੇ ਹਨ। ਜੇਕਰ ਹੁਣ ਵੀ ਪੰਜਾਬ ਦੇ ਵਿਧਾਇਕ ਜਾਂ ਮੁੱਖ ਮੰਤਰੀ ਨਾ ਬੋਲੇ ਤਾਂ ਅਸੀਂ ਖ਼ਤਮ ਹੋ ਜਾਵਾਂਗੇ। ਦਿੱਲੀ ਵਾਲਿਆਂ ਦੀ ਜ਼ਿਆਦਾ ਦਖ਼ਲਅੰਦਾਜ਼ੀ ਨੇ ਪੰਜਾਬ ਦੀ ਰਾਜਨੀਤੀ ਉਨ੍ਹਾਂ ਦੇ ਹੱਥ 'ਚ ਦੇ ਦਿਤੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਾਲੇ ਪੰਜਾਬ ਸਰਕਾਰ ਨੂੰ ਵਰਤ ਰਹੇ ਹਨ ਤੇ ਉਹ ਸੂਬੇ ਦੇ ਸਾਰੇ ਵਿਧਾਇਕਾਂ ਨੂੰ ਬੇਨਤੀ ਕਰਦੇ ਹਨ ਕਿ ਇਕੱਠੇ ਹੋ ਕੇ ਪੰਜਾਬ ਸਰਕਾਰ ਨੂੰ ਜਗਾਓ।

### ਪਠਾਣਮਾਜਰਾ ਦੀ ਸਰਕਾਰੀ ਤੇ ਨਿੱਜੀ ਕੋਠੀ 'ਤੇ ਵੀ ਪੁਲਿਸ ਦੀ ਤਿੱਖੀ ਨਜ਼ਰ

ਪੁਲਿਸ ਨੇ ਵਿਧਾਇਕ ਪਠਾਣਮਾਜਰਾ ਦੀ ਪੰਜਾਬੀ ਬਾਗ ਪਟਿਆਲਾ 'ਚ ਸਥਿਤ ਕੋਠੀ ਦੇ ਗੇਟ ਬੰਦ ਕਰ ਦਿੱਤੇ ਹਨ ਤੇ ਕਿਸੇ ਨੂੰ ਵੀ ਅੰਦਰ-ਬਾਹਰ ਨਹੀਂ ਜਾਣ ਦਿੱਤਾ ਜਾ ਰਿਹਾ ਹੈ। ਪੁਲਿਸ ਟੀਮਾਂ ਵਲੋਂ ਉਥੇ ਲੱਗੇ 'ਆਪ' ਦੇ ਵੱਡੇ-ਵੱਡੇ ਬੋਰਡ ਵੀ ਉਤਾਰ ਦਿੱਤੇ ਗਏ ਹਨ। ਇਹ ਵੀ ਪਤਾ ਲੱਗਾ ਹੈ ਕਿ ਵਿਧਾਇਕ ਦੀ ਪਿੰਡ ਪਠਾਣਮਾਜਰਾ (ਜ਼ਿਲ੍ਹਾ ਪਟਿਆਲਾ) ਵਿਖੇ ਸਥਿਤ ਕੋਠੀ 'ਚ ਵੀ ਪੁਲਿਸ ਟੀਮਾਂ ਪਹੁੰਚੀਆਂ ਹਨ, ਪਰ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਕੋਠੀ 'ਚ ਹੀ ਹਨ ਜਾਂ ਫੇਰ ਰੂਪੋਸ਼ ਹੋ ਗਏ ਹਨ।

### ਪੰਜ ਸੂਬਿਆਂ 'ਚ ਵਿਧਾਇਕ ਨੂੰ ਭਾਲ ਰਹੀ ਹੈ ਪੁਲਿਸ

ਐਂਟੀ ਗੈਂਗਸਟਰ ਟਾਸਕ ਫੋਰਸ ਤੇ ਪਟਿਆਲਾ ਦੇ ਐਸ.ਪੀ. (ਡੀ) ਗੁਰਬੰਸ ਸਿੰਘ ਬੈਂਸ ਦੀ ਅਗਵਾਈ ਵਾਲੀਆਂ ਪੁਲਿਸ ਟੀਮਾਂ ਵਿਧਾਇਕ ਪਠਾਣਮਾਜਰਾ ਦੀ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਯੂ.ਪੀ. 'ਚ ਭਾਲ ਕਰ ਰਹੀਆਂ ਹਨ। ਇਸ ਤੋਂ ਇਲਾਵਾ ਮੋਬਾਈਲ ਲੋਕੇਸ਼ਨਾਂ ਤੇ ਅਸਿੱਧੇ ਤੌਰ 'ਤੇ ਵਿਧਾਇਕ ਦੇ ਨੇੜਲੇ ਵਿਅਕਤੀਆਂ ਦੀਆਂ ਮੋਬਾਈਲ ਲੋਕੇਸ਼ਨਾਂ ਰਾਹੀਂ ਵਿਧਾਇਕ ਦੀ ਪੈੜ ਨੱਪੀ ਜਾ ਰਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਕਰਨਾਲ 'ਚ ਵੀ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਖੰਗਾਲਿਆ ਜਾ ਰਿਹਾ ਹੈ।

# ਪੰਜਾਬ 'ਚ ਵਾਰ-ਵਾਰ ਹੜ੍ਹ ਆਉਣ ਦੇ ਕਾਰਨਾਂ ਦੀ ਕੀਤੀ ਜਾਵੇ ਜਾਂਚ, ਸੱਚ ਲਿਆਇਆ ਜਾਵੇ ਸਾਹਮਣੇ : ਜਥੇਦਾਰ ਕੁਲਦੀਪ ਸਿੰਘ ਗੜਗੱਜ

ਸ੍ਰੀ ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਪੰਜਾਬ ਅੰਦਰ ਮੌਜੂਦਾ ਹੜ੍ਹ ਦੀ ਸਥਿਤੀ ਵਿੱਚ ਸਮੂਹ ਪੰਜਾਬੀਆਂ ਖਾਸਕਰ ਸਿੱਖ ਜਥੇਬੰਦੀਆਂ ਨੂੰ ਵਿਸ਼ੇਸ਼ ਅਪੀਲ ਕੀਤੀ ਗਈ ਹੈ ਕਿ ਇਸ ਆਫ਼ਤ ਦੇ ਸਮੇਂ ਵਿੱਚ ਪੰਜਾਬ ਦੇ ਕਿਸੇ ਵੀ ਪਿੰਡ ਵਿੱਚ ਕੋਈ ਮੁਸੀਬਤ ਵਿੱਚ ਫਸਿਆ ਪੰਜਾਬੀ ਬਿਨਾਂ ਛੱਤ ਅਤੇ ਬਿਨਾਂ ਪਰਸ਼ਾਦੇ ਤੋਂ ਨਾ ਰਹੇ। ਉਨ੍ਹਾਂ ਕਿਹਾ ਕਿ ਕਿਸੇ ਦੇ ਵੀ ਪਸ਼ੂ ਚਾਰੇ ਤੋਂ ਬਿਨਾਂ ਭੁੱਖੇ ਨਾ ਰਹਿਣ। ਉਨ੍ਹਾਂ ਸੇਵਾ ਕਰ ਰਹੀਆਂ ਸੰਸਥਾਵਾਂ ਨੂੰ ਆਖਿਆ ਕਿ ਹੜ੍ਹ ਪੀੜਤ ਲੋਕਾਂ ਨੂੰ ਮਦਦ ਅਤੇ ਸਹਿਯੋਗ ਦੀ ਸਭ ਤੋਂ ਵੱਧ ਲੋੜ ਪਿੰਡਾਂ ਵਿੱਚੋਂ ਪਾਣੀ ਉਤਰ ਜਾਣ ਤੋਂ ਬਾਅਦ ਪਵੇਗੀ, ਇਸ ਲਈ ਬਾਅਦ ਵਿੱਚ ਪ੍ਰਭਾਵਿਤ ਲੋਕਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਭਾਈਚਾਰੇ, ਮੁਹੱਬਤ ਅਤੇ ਇਤਫ਼ਾਕ ਕਰਕੇ ਜਾਣਿਆ ਜਾਂਦਾ ਹੈ ਜੋ ਪਹਿਲਾਂ ਵੀ ਬਹੁਤ ਮੁਸੀਬਤਾਂ ਵਿੱਚੋਂ ਨਿਕਲਿਆ ਹੈ ਅਤੇ ਹੁਣ ਵੀ ਪੰਜਾਬ ਦੀ ਬਨਸਪਤੀ, ਲੋਕ, ਪਸ਼ੂ ਪੰਛੀ ਅਤੇ ਇਹ ਧਰਤੀ ਹੜ੍ਹਾਂ ਦੀ ਮੌਜੂਦਾ ਮੁਸੀਬਤ ਵਿੱਚੋਂ ਵੀ ਬਾਹਰ ਆ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਹੜ੍ਹਾਂ ਦੀ ਮਾਰ ਹੈ ਅਤੇ ਪ੍ਰਭਾਵਿਤ ਇਲਾਕਿਆਂ ਦੇ ਪਿੰਡਾਂ ਵਿੱਚ ਪਾਣੀ ਲੋਕਾਂ ਦੇ ਘਰਾਂ ਵਿੱਚ ਵੜਿਆ ਹੈ, ਇਸ ਕਾਰਨ ਜਿੱਥੇ ਘਰਾਂ ਨੂੰ ਨੁਕਸਾਨ ਪੁੱਜਿਆ ਹੈ ਉੱਥੇ ਹੀ ਪਸ਼ੂ ਮਾਰੇ ਗਏ ਹਨ ਤੇ ਕਿਸਾਨਾਂ ਦੀਆਂ ਫ਼ਸਲਾਂ ਵੀ ਤਬਾਹ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਸਥਿਤੀ ਵਿੱਚ ਆਪਸੀ ਪ੍ਰੇਮ, ਇਤਫ਼ਾਕ ਤੇ ਭਾਈਚਾਰੇ ਦੀ ਬਹੁਤ ਲੋੜ ਹੈ। ਉਨ੍ਹਾਂ ਕਿਹਾ ਕਿ ਭਾਈਚਾਰਕ ਸਾਂਝ ਨਾਲ ਪੰਜਾਬ ਨੇ ਹਮੇਸ਼ਾ ਹੀ ਹਰ ਮੁਸ਼ਕਿਲ ਹੱਲ ਕੀਤੀ ਹੈ।



ਅੱਜ ਵੀ ਪੰਜਾਬੀਆਂ ਨੇ ਪੂਰੇ ਸੰਸਾਰ ਦੇ ਲੋਕਾਂ ਨੂੰ ਇਹ ਦੱਸਿਆ ਹੈ ਕਿ ਅਸੀਂ ਔਖੇ ਤੋਂ ਔਖੇ ਸਮੇਂ ਵਿੱਚ ਇੱਕ ਦੂਜੇ ਦੇ ਨਾਲ ਖੜ੍ਹੇ ਹਾਂ ਤੇ ਮਦਦ ਕਰ ਰਹੇ ਹਾਂ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਕਰ ਰਹੀਆਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਤੇ ਸ਼ਖ਼ਸੀਅਤਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਤੇ ਆਖਿਆ ਕਿ ਜਦੋਂ ਤੱਕ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਨਹੀਂ ਹੋ ਜਾਂਦੀਆਂ ਸੇਵਾ ਕਾਰਜ ਲਗਾਤਾਰ ਜਾਰੀ ਰੱਖੇ ਜਾਣ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਹ ਗੱਲ ਵੀ ਜ਼ਰੂਰ ਜਾਂਚੀ ਜਾਵੇ ਕਿ ਵਾਰ-ਵਾਰ ਪੰਜਾਬ ਵਿੱਚ ਹੜ੍ਹ ਕਿਉਂ ਆ ਰਹੇ ਹਨ, ਇਸ ਦੇ ਕਾਰਨ ਸਾਹਮਣੇ ਆਉਣੇ ਚਾਹੀਦੇ ਹਨ ਤਾਂ ਜੋ ਪੰਜਾਬ ਵਾਸੀ ਸੁਚੇਤ ਹੋ ਕੇ ਅਗਾਂਹ ਵਾਸਤੇ ਸੁਰੱਖਿਆ ਦੇ ਪ੍ਰਬੰਧ ਪੁਖਤਾ ਕਰ ਸਕਣ। ਉਨ੍ਹਾਂ ਗੁਰੂ ਸਾਹਿਬ ਦੇ ਸਨਮੁਖ ਅਰਦਾਸ ਕੀਤੀ ਕਿ ਪੰਜਾਬ ਹੜ੍ਹ ਵਾਲੀ ਸਥਿਤੀ ਵਿੱਚੋਂ ਛੇਤੀ ਹੀ ਬਾਹਰ ਆਵੇ ਤੇ ਇੱਥੇਂ ਦੇ ਲੋਕ ਖ਼ੁਸ਼ਹਾਲ ਜੀਵਨ ਬਤੀਤ ਕਰਨ।

# 'ਦੂਜੀ ਆਲਮੀ ਪੰਜਾਬੀ ਕਾਨ.ਫਰੰਸ' ਬਾਬਾ ਬੁੱਲ੍ਹੇ ਸ਼ਾਹ ਅਦਬੀ ਸੰਗਤ ਦੀ ਰਹਿਨੁਮਾਈ 'ਚ





ਕਸੂਰ : ਮਾਦਰੀ ਜ਼ਬਾਨ ਦੀ ਤਰੱਕੀ ਵਾਸਤੇ ਪੰਜਾਬੀ ਨੂੰ ਮੁੱਢਲੇ ਪੱਧਰ ਤੋਂ ਲਾਗੂ ਕੀਤਾ ਜਾਵੇ। ਇਹਨਾਂ ਖ਼ਿਆਲਾਂ ਦਾ ਇਜ਼ਹਾਰ ਮਾਣਯੋਗ ਬੁਲਾਰੇ ਡਾਕਟਰ ਮੁਹੰਮਦ ਰਿਆਜ਼ ਅੰਜੁਮ ਸਦਰ ਬੁੱਲ੍ਹੇ ਸ਼ਾਹ ਅਦਬੀ ਸੰਗਤ ਰਜਿਸਟਰਡ ਕਸੂਰ, ਮੁਹੰਮਦ ਇਕਬਾਲ ਨਜਮੀ, ਮੁਹੰਮਦ ਸ਼ੋਇਬ ਮਿਰਜ਼ਾ, ਡਾਕਟਰ ਹਫ਼ੀਜ਼ ਅਹਿਮਦ, ਤੁਫ਼ੈਲ ਸਰੂਰ ਬਲੋਚ, ਡਾਕਟਰ ਇਰਫ਼ਾਨ ਅਲਹਕ, ਡਾਕਟਰ ਮੁਹੰਮਦ ਰਿਆਜ਼ ਸ਼ਾਹਿਦ, ਡਾਕਟਰ ਕਲਿਆਣ ਸਿੰਘ ਕਲਿਆਣ,ਨਾਜ਼ ਔਕਾੜਵੀ, ਡਾਕਟਰ ਮੁਹੰਮਦ ਅੱਯੂਬ, ਡਾਕਟਰ ਸਆਦਤ ਅਲੀ ਸਾਕਿਬ, ਪ੍ਰੋਫ਼ੈਸਰ ਡਾਕਟਰ ਅਰਸ਼ਦ ਇਕਬਾਲ ਅਰਸ਼ਦ, ਡਾਕਟਰ ਅਹਿਸਾਨ ਅੱਲ੍ਹਾ ਤਾਹਿਰ, ਸ਼ੌਕਤ ਨਕਸ਼ਬੰਦੀ ਡਾਕਟਰ ਸੱਯਦ ਫ਼ਰਮਾਨ ਅਲੀ, ਮੁਹੰਮਦ ਸਾਜਿਦ ਵਗ਼ੈਰਾ ਨੇ ਬੁੱਲ੍ਹੇ ਸ਼ਾਹ ਅਦਬੀ ਸੰਗਤ ਵੱਲੋਂ ਪਾਕਿਸਤਾਨ ਮਾਡਲ ਹਾਈ ਸਕੂਲ ਰਾਏ ਵਿੰਡ ਰੋਡ ਕਸੂਰ ਵਿਖੇ ਕਰਵਾਈ ਗਈ ਦੂਸਰੀ ਆਲਮੀ ਪੰਜਾਬੀ ਕਾਨਫ਼ਰੰਸ ਵਿਚ ਬੋਲਦਿਆਂ ਕੀਤਾ। ਉਹਨਾਂ ਨੇ ਕਿਹਾ ਕਿ ਪੰਜਾਬੀ ਦੁਨੀਆ ਦੀਆਂ ਵੱਡੀਆਂ ਜ਼ਬਾਨੋਂ ਵਿੱਚੋਂ ਇਕ ਹੈ। ਪੰਜਾਬੀ ਸਾਹਿਤ ਦੀ ਤਰੱਕੀ ਵਾਸਤੇ ਬਾਬਾ ਬੁੱਲ੍ਹੇ ਸ਼ਾਹ ਦੇ ਉਦੇਸ਼ ਨੂੰ ਫੈਲਾਉਣ ਲਈ ਅਦਬੀ ਸੰਗਤ ਅਪਣਾ ਕਿਰਦਾਰ ਅਦਾ ਕਰ ਰਹੀ ਹੈ। ਉਹਨਾਂ ਨੇ ਕਿਹਾ ਕਿ ਦੁਨੀਆ ਦੇ ਹਰ ਸ਼ਹਿਰ ਵਿਚ ਪੰਜਾਬੀ ਬੋਲਣ ਵਾਲੇ ਵੱਡੀ ਪੱਧਰ ਤੇ ਰਹਿੰਦੇ ਹਨ। ਅਸੀਂ ਹਕੂਮਤ ਤੋਂ ਮੰਗ ਕਰਦੇ ਹਾਂ ਕਿ ਇਸ ਜ਼ਬਾਨ ਦੀ ਅਹਿਮੀਅਤ ਨੂੰ ਸਮਝਦੇ ਹੋਏ ਪ੍ਰਾਇਮਰੀ ਸਕੂਲਾਂ ਵਿਚ ਪੰਜਾਬੀ ਲਾਜ਼ਮੀ ਲਾਗੂ ਕੀਤੀ ਜਾਏ। ਪ੍ਰੋਗਰਾਮ ਦੇ ਦੂਸਰੇ ਦੌਰ ਵਿੱਚ ਸਲੀਮ ਆਫ਼ਤਾਬ ਸਲੀਮ ਕਸੂਰੀ, ਇਸ਼ਤੇਆਕ ਅਸਰ, ਮੁਹੰਮਦ ਬੂਟਾ ਸ਼ਾਕਿਰ ਅਤੇ ਇਕੱਤਰ ਸ਼ਾਇਰਾਂ ਨੇ ਬਾਬਾ ਜੀ ਦੀ ਹਜ਼ੂਰੀ ਵਿੱਚ ਅਪਣਾ ਕਲਾਮ ਪੇਸ਼ ਕੀਤਾ ਅਤੇ ਹਾਜ਼ਰੀਨ ਤੋਂ ਭਰਪੂਰ ਦਾਦ ਵਸੂਲ ਕੀਤੀ। ਇਸ ਮੌਕੇ ਤੇ ਹਾਜ਼ਰੀਨ ਵਿਚ ਪਹਿਲੀ ਕਾਨਫ਼ਰੰਸ 'ਚ ਪੜ੍ਹੇ ਗਏ ਕਲਾਮਾਂ ਦੀ ਕਿਤਾਬ "ਪੰਜਾਬੀ ਜ਼ਬਾਨ ਓ ਅਦਬ ਦਾ ਅਜੋਕਾ ਮੁਹਾੜ" ਅਤੇ ਬੁਲ੍ਹੇ ਸ਼ਾਹ ਅਦਬੀ ਸੰਗਤ ਵੱਲੋਂ ਛਾਪਿਆ ਜਾਣ ਵਾਲਾ ਮਹੀਨਾਵਾਰ ਰਸਾਲਾ 'ਬੁੱਲ੍ਹਾ' ਮੁਫ਼ਤ ਤਕਸੀਮ ਕੀਤਾ ਗਏ। ਇਸ ਮੌਕਾ ਤੇ ਬੁੱਲ੍ਹੇ ਸ਼ਾਹ ਅਦਬੀ ਸੰਗਤ ਦੇ ਸਦਰ ਡਾਕਟਰ ਮੁਹੰਮਦ ਰਿਆਜ਼ ਅੰਜੁਮ ਨੇ ਦੂਰ ਦਰਾਜ਼ ਤੋਂ ਤਸ਼ਰੀਫ਼ ਲਿਆਉਣ ਵਾਲੇ ਸ਼ਾਇਰਾਂ ਅਤੇ ਪਰਚਾ ਪੜ੍ਹਨ ਵਾਲੇ ਵਿਦਵਾਨਾਂ ਨੂੰ ਬੁਲ੍ਹੇ ਸ਼ਾਹ ਐਵਾਰਡ ਨਾਲ ਨਿਵਾਜਿਆ ਅਤੇ ਹਾਜ਼ਰੀਨ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕੀਤਾ।

## ਹੁਕਮਰਾਨ ਪੰਜਾਬ ਨੂੰ ਭਾਰਤ ਦਾ ਹਿੱਸਾ ਹੀ ਨਹੀਂ ਮੰਨਦੇ

# ਜੇਕਰ ਗੁਜਰਾਤ 'ਚ ਕੋਈ ਬਿਪਤਾ ਪਈ ਹੁੰਦੀ ਤਾਂ ਕੇਂਦਰ ਨੇ ਕਰੋੜਾਂ ਦੇ ਪੈਕੇਜ ਜਾਰੀ ਕਰ ਦੇਣੇ ਸੀ : ਗਿਆਨੀ ਰਘਬੀਰ ਸਿੰਘ

ਸ੍ਰੀ ਅੰਮ੍ਰਿਤਸਰ : ਸ੍ਰੀ ਅਕਾਲ ਤਖਤ ਸਾਹਿਬ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਹੈ ਕਿ ਜਦੋਂ ਪੰਜਾਬ 'ਚ ਬਿਪਤਾ ਪੈਂਦੀ ਹੈ ਤਾਂ ਪੰਜਾਬ ਵਾਸੀ ਆਪਣੀ ਜਾਨ ਜੋਖਮ ਵਿਚ ਪਾ ਕੇ ਉਥੇ ਪਹੁੰਚਦੇ ਹਨ। ਕੋਈ ਵੀ ਸਹਾਇਤਾ ਦੀ ਲੋੜ ਹੁੰਦੀ ਹੈ ਉਹ ਕਰਦੇ ਹਨ। ਇਥੋਂ ਤੱਕ ਕਿ ਸਾਰੀਆਂ ਜਥੇਬੰਦੀਆਂ ਲੋਕਾਂ ਨੂੰ ਘਰ ਬਣਾ ਕੇ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਇਹ ਹੈ ਕਿ ਅੱਜ ਪੰਜਾਬ ਵਿਚ ਬਿਪਤਾ ਬਣੀ ਹੋਈ ਹੈ ਪਰ ਕਿਸੇ ਨੇ ਵੀ ਪੰਜਾਬ ਦੀ ਆ ਕੇ ਬਾਂਹ ਨਹੀਂ ਫੜੀ। ਉਨ੍ਹਾਂ ਕਿਹਾ ਕਿ ਸੈਂਟਰ ਦੀ ਸਰਕਾਰ ਵੀ ਨਹੀਂ ਪਹੁੰਚੀ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਇਹ ਹਾਲਾਤ ਗੁਜਰਾਤ ਦੇ ਹੁੰਦੇ ਤਾਂ



ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਹੈਲੀਕਾਪਟਰ ਲੈ ਕੇ ਦੌਰਾ ਕਰਦਾ ਤੇ ਹੁਣ ਤੱਕ ਹਜ਼ਾਰਾਂ ਕਰੋੜ ਦੇ ਰਾਹਤ ਪੈਕੇਜ ਜਾਰੀ ਹੋ ਜਾਣੇ ਸੀ। ਪਰ ਪੰਜਾਬ ਨੂੰ ਤਾਂ ਭਾਰਤ ਦਾ ਹਿਸਾ ਹੀ ਨਹੀਂ ਮੰਨਦੇ। ਪਹਿਲਾਂ ਵੀ ਪੰਜਾਬ ਨਾਲ ਵਿਤਕਰਾ ਹੋਇਆ ਅਤੇ ਅੱਜ ਵੀ ਬਹੁਤ ਵੱਡਾ ਵਿਤਕਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੈਂਟਰ ਦੀ ਸਰਕਾਰ ਵਲੋਂ ਕੋਈ ਪੈਕੇਜ ਦੇਣ ਲਈ ਨਾ ਕੋਈ ਸਰਵੇ ਕੀਤਾ ਗਿਆ ਅਤੇ ਨਾ ਹੀ ਕੋਈ ਬਿਆਨ ਦਿੱਤਾ ਗਿਆ। ਉਨ੍ਹਾਂ ਕਿਸੇ ਪ੍ਰਕਾਰ ਦੀ ਕੋਈ ਸਹਾਇਤਾ ਜਾਰੀ ਨਹੀਂ ਕੀਤੀ।

# ਪ੍ਰਧਾਨ ਮੰਤਰੀ ਦਾ ਪੰਜਾਬ ਵੱਲ ਧਿਆਨ ਨਾ ਦੇਣਾ ਦੁਖਦਾਈ: ਗਿਆਨੀ ਹਰਪ੍ਰੀਤ ਸਿੰਘ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਦੀ ਭਰਤੀ ਕਮੇਟੀ ਵੱਲੋਂ ਗਠਿਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਕਿਹਾ ਹੈ ਕਿ ਉਨ੍ਹਾਂ ਵੱਲੋਂ ਪੰਜਾਬ ਦੇ ਹੜ੍ਹ ਪੀੜਤ ਲੋਕਾਂ ਅਤੇ ਮੌਜੂਦਾ ਹੜ੍ਹ ਪ੍ਰਭਾਵਿਤ ਸਥਿਤੀ ਵੱਲ ਧਿਆਨ ਨਾ ਦੇਣਾ ਅਤੀ ਦੁਖਦਾਈ ਹੈ।


ਉਨ੍ਹਾਂ ਨੇ ਇਹ ਪ੍ਰਗਟਾਵਾ ਆਪਣੇ ਸੋਸ਼ਲ ਮੀਡੀਆ ਖਾਤੇ 'ਐਕਸ' ਰਾਹੀਂ ਕੀਤਾ ਹੈ। ਸਾਬਕਾ ਜਥੇਦਾਰ ਨੇ ਆਪਣਾ ਇਹ ਪ੍ਰਤੀਕਰਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਐਕਸ ਤੇ ਅਫਗਾਨਿਸਤਾਨ ਵਿੱਚ ਆਏ ਭੁਚਾਲ ਵਿੱਚ ਹੋਏ ਜਾਨੀ ਨੁਕਸਾਨ ਤੇ ਕੀਤੇ ਗਏ ਦੁੱਖ ਦੇ ਪ੍ਰਗਟਾਵੇ ਦੇ ਪ੍ਰਤੀਕਰਮ ਵਜੋਂ ਕੀਤਾ ਹੈ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨੇ ਅਫਗਾਨੀਸਤਾਨ ਵਿਚ ਜ਼ਖਮੀਆਂ ਲਈ ਸਿਹਤਯਾਬੀ ਦੀ ਕਾਮਨਾ ਕੀਤੀ ਹੈ ਅਤੇ ਪ੍ਰਭਾਵਿਤ ਪਰਿਵਾਰਾਂ ਨਾਲ ਆਪਣੇ ਹਮਦਰਦੀ ਅਤੇ ਸੰਵੇਦਨਾ ਦਾ ਪ੍ਰਗਟਾਵਾ ਕੀਤਾ ਹੈ। ਪ੍ਰਧਾਨ ਮੰਤਰੀ ਨੇ ਆਪਣੀ ਪੋਸਟ ਵਿਚ ਕਿਹਾ ਹੈ ਕਿ, "ਦੁੱਖ ਦੀ ਘੜੀ ਵਿੱਚ ਭਾਰਤ ਅਫਗਾਨਿਸਤਾਨ ਦੇ ਲੋਕਾਂ ਨਾਲ ਖੜ੍ਹਾ ਹੈ ਅਤੇ ਪ੍ਰਭਾਵਿਤ ਮਨੁੱਖਤਾ ਦੀ ਹਰ ਸੰਭਵ ਮਦਦ ਤੇ ਪ੍ਰਭਾਵਿਤ ਲੋਕਾਂ ਨੂੰ ਰਾਹਤ ਮੁਹਈਆ ਕਰਨ ਲਈ ਯਤਨ ਕੀਤਾ ਜਾਵੇਗਾ।"




ਪ੍ਰਧਾਨ ਮੰਤਰੀ ਦੇ ਇਸ ਬਿਆਨ ਤੋਂ ਬਾਅਦ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ, "ਪ੍ਰਧਾਨ ਮੰਤਰੀ ਵੱਲੋਂ ਅਫਗਾਨਿਸਤਾਨ ਵਿੱਚ ਵਾਪਰੀ ਦੁਖਦਾਈ ਘਟਨਾ ਤੇ ਦੁਖ ਦਾ ਪ੍ਰਗਟਾਵਾ ਕਰਨਾ ਤੇ ਹਮਦਰਦੀ ਜਾਹਿਰ ਕਰਨਾ ਚੰਗੀ ਗੱਲ ਹੈ ਪਰ ਪੰਜਾਬ ਭਾਰਤ ਦਾ ਹਿੱਸਾ ਹੈ ਜਿੱਥੇ ਪੰਜਾਬ ਵਿੱਚ ਹੜ੍ਹਾਂ ਕਾਰਨ ਲਗਪਗ 1500 ਪਿੰਡ ਪ੍ਰਭਾਵਿਤ ਹੋਏ ਹਨ ਅਤੇ ਲਗਭਗ 3 ਲੱਖ ਲੋਕ ਹੜ੍ਹਾਂ ਦੀ ਮਾਰ ਹੇਠ ਹਨ।" ਉਨ੍ਹਾਂ ਕਿਹਾ ਕਿ 17 ਅਗਸਤ ਤੋਂ ਪੰਜਾਬ ਅਜਿਹੀ ਸਥਿਤੀ ਨਾਲ ਜੂਝ ਰਿਹਾ ਹੈ। ਪਰ ਪ੍ਰਧਾਨ ਮੰਤਰੀ ਵੱਲੋਂ ਪੰਜਾਬ ਦੀ ਅਜਿਹੀ ਸਥਿਤੀ ਵੱਲ ਰੱਤੀ ਭਰ ਵੀ ਧਿਆਨ ਨਾ ਦੇਣਾ ਅਤੀ ਦੁਖਦਾਈ ਹੈ।

## ਪੰਜਾਬ ਸਰਕਾਰ ਨੇ ਹਾੜੀ ਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (MSP) ਵਿੱਚ ਵਾਧੇ ਦਾ ਐਲਾਨ ਕੀਤਾ


(ਫਾਈਲ ਫੋਟੋ)

ਚੰਡੀਗੜ੍ਹ : ਪੰਜਾਬ ਸਰਕਾਰ ਨੇ ਆਉਣ ਵਾਲੇ ਹਾੜੀ ਦੇ ਸੀਜ਼ਨ ਤੋਂ ਪਹਿਲਾਂ ਕਿਸਾਨਾਂ ਨੂੰ ਵੱਡੀ ਰਾਹਤ ਦਿੰਦਿਆਂ ਕਣਕ ਸਮੇਤ ਕਈ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (MSP) ਵਿੱਚ ਵਾਧਾ ਕਰਨ ਦਾ ਐਲਾਨ ਕੀਤਾ ਹੈ। ਅੱਜ ਚੰਡੀਗੜ੍ਹ ਵਿੱਚ ਹੋਈ ਇੱਕ ਮੀਟਿੰਗ ਤੋਂ ਬਾਅਦ ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਕਣਕ ਦੀ MSP ਵਿੱਚ 150 ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਛੋਲੇ ਅਤੇ ਸਰ੍ਹੋਂ ਦੇ ਸਮਰਥਨ ਮੁੱਲ ਵਿੱਚ ਵੀ ਵਾਧਾ ਕੀਤਾ ਗਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਫੈਸਲੇ ਨਾਲ ਕਿਸਾਨਾਂ ਦੀ ਆਮਦਨ ਵਧੇਗੀ ਅਤੇ ਉਨ੍ਹਾਂ ਨੂੰ ਫ਼ਸਲੀ ਵਿਭਿੰਨਤਾ ਲਈ ਉਤਸ਼ਾਹ ਮਿਲੇਗਾ।

## ਵਾਸ਼ਿੰਗਟਨ ਡੀ.ਸੀ.: ਅਮਰੀਕੀ ਪ੍ਰਸ਼ਾਸਨ ਨੇ H-AB ਵੀਜ਼ਾ ਨਿਯਮਾਂ ਵਿੱਚ ਸਖ਼ਤੀ ਦੇ ਸੰਕੇਤ ਦਿੱਤੇ




ਅਮਰੀਕਾ ਦੇ ਨਵੇਂ ਪ੍ਰਸ਼ਾਸਨ ਨੇ H-AB ਵੀਜ਼ਾ ਪ੍ਰੋਗਰਾਮ ਵਿੱਚ ਵੱਡੇ ਬਦਲਾਅ ਕਰਨ ਦੀ ਯੋਜਨਾ ਦਾ ਸੰਕੇਤ ਦਿੱਤਾ ਹੈ, ਜਿਸਦਾ ਸਿੱਧਾ ਅਸਰ ਭਾਰਤੀ ਤਕਨੀਕੀ ਪੇਸ਼ੇਵਰਾਂ 'ਤੇ ਪੈ ਸਕਦਾ ਹੈ। ਨਵੇਂ ਪ੍ਰਸਤਾਵ ਅਨੁਸਾਰ, ਵੀਜ਼ਾ ਲਾਟਰੀ ਸਿਸਟਮ ਦੀ ਥਾਂ 'ਤੇ ਉੱਚ ਤਨਖਾਹ ਅਤੇ ਉੱਚ ਹੁਨਰ ਵਾਲੇ ਬਿਨੈਕਾਰਾਂ ਨੂੰ ਪਹਿਲ ਦਿੱਤੀ ਜਾ ਸਕਦੀ ਹੈ। ਵ੍ਹਾਈਟ ਹਾਊਸ ਦੇ ਬੁਲਾਰੇ ਨੇ ਕਿਹਾ ਕਿ ਇਸ ਕਦਮ ਦਾ ਮਕਸਦ ਅਮਰੀਕੀ ਨੌਕਰੀਆਂ ਦੀ ਸੁਰੱਖਿਆ ਕਰਨਾ ਅਤੇ ਸਿਰਫ਼ ਸਭ ਤੋਂ ਵਧੀਆ ਪ੍ਰਤਿਭਾ ਨੂੰ ਦੇਸ਼ ਵਿੱਚ ਲਿਆਉਣਾ ਹੈ। ਇਸ ਖ਼ਬਰ ਤੋਂ ਬਾਅਦ ਕੈਲੀਫੋਰਨੀਆ ਦੀਆਂ ਤਕਨੀਕੀ ਕੰਪਨੀਆਂ ਅਤੇ ਇੱਥੇ ਕੰਮ ਕਰ ਰਹੇ ਹਜ਼ਾਰਾਂ ਭਾਰਤੀ ਪੇਸ਼ੇਵਰਾਂ ਵਿੱਚ ਚਿੰਤਾ ਦਾ ਮਾਹੌਲ ਹੈ।

# ਕਰਮਾਂ ਵਾਲਿਆਂ ਦੇ ਹਿੱਸੇ ਆਉਂਦਾ ਦਾਦਾ-ਦਾਦੀ, ਨਾਨਾ ਨਾਨੀ ਦਾ ਪਿਆਰ

ਜਨਮ ਲੈਣ ਤੋਂ ਹੀ ਅਸੀਂ ਰਿਸ਼ਤਿਆਂ ਦਾ ਨਿੱਘ ਮਾਨਣਾ ਸ਼ੁਰੂ ਕਰ ਦਿੰਦੇ ਹਾਂ।

ਜਦੋਂ ਬੱਚੇ ਦੀ ਪੈਦਾਇਸ਼ ਹੁੰਦੀ ਹੈ ਤਾਂ ਉਸ ਲਈ ਸਭ ਤੋਂ ਨੇੜੇ ਦਾ ਅਹਿਮ ਰਿਸ਼ਤਾ ਮਾਂ ਦਾ ਹੁੰਦਾ ਹੈ ਕਿਉਂਕਿ ਮਾਂ ਨਾਲ ਬੱਚੇ ਦੀ ਸਾਂਝ ਜਨਮ ਤੋਂ ਪਹਿਲਾ ਹੀ ਪੈ ਜਾਂਦੀ ਹੈ। ਮਾਂ 9 ਮਹੀਨੇ ਬੱਚੇ ਨੂੰ ਆਪਣੇ ਲਹੂ ਨਾਲ ਸਿੰਜਦੀ ਹੈ। ਇਸ ਤੋਂ ਬਾਅਦ ਬਾਕੀ ਰਿਸ਼ਤਿਆਂ ਦਾ ਨੰਬਰ ਆਉਂਦਾ ਹੈ। ਰਿਸ਼ਤਿਆਂ ਦੀ ਲੰਮੀ ਕਤਾਰ ਵਿਚ ਪਿਆਰ, ਅਪਣੱਤ ਅਤੇ ਮੋਹ ਭਰਿਆ ਹੁੰਦਾ ਹੈ, ਬੱਚੇ ਨਾਲ ਦਾਦੀ ਅਤੇ ਨਾਨੀ ਦਾ ਰਿਸ਼ਤਾ।

ਦਾਦੀ ਦੀ ਗੋਦੀ ਵਿਚ ਬਿਤਾਇਆ ਹੋਇਆ ਬਚਪਨ ਉਮਰ ਭਰ ਬੜਾ ਯਾਦ ਆਉਂਦਾ ਹੈ, ਤਿਵੇਂ ਹੀ ਨਾਨੀ ਦਾ ਰਿਸ਼ਤਾ ਵੀ ਦੋਹਤੇ-ਦੋਹਤੀਆਂ ਲਈ ਬੜਾ ਮੋਹ ਭਰਿਆ ਹੁੰਦਾ ਹੈ। ਆਖਰ ਨਾਨੀ ਦੀ ਧੀ ਦੀ ਆਗਮ ਜੂ ਹੋਈ ਜਿਸ ਨੂੰ ਵੇਖ ਕੇ ਨਾਨੀ ਦਾ ਖੁਸ਼ ਹੋਣਾ ਸੁਭਾਵਿਕ ਹੈ। ਧੀ ਦੀ ਪਲੇਠੀ ਔਲਾਦ ਹੋਣ 'ਤੇ ਨਾਨੀ ਦੀ ਖੁਸ਼ੀ ਕਿਤੇ ਦਾਦੀ ਨਾਲੋਂ ਘੱਟ ਨਹੀਂ ਹੁੰਦੀ। ਭਾਵੇਂ ਧੀ ਹੋਵੇ ਭਾਵੇਂ ਪੁੱਤਰ, ਨਾਨੀ ਦੀ ਖ਼ੁਸ਼ੀ ਵੀ ਵੇਖਣ ਵਾਲੀ ਹੁੰਦੀ ਹੈ।

ਜੇਕਰ ਬੱਚੇ ਦਾ ਜਨਮ ਦਾਦਕੇ ਘਰ ਹੋਇਆ ਹੋਵੇ, ਨਾਨਕਿਆਂ ਵਲੋਂ ਬੱਚੇ ਲਈ ਚਾਂਦੀ ਦੇ ਕੰਗਣ, ਕੱਪੜੇ, ਜਵਾਈ ਲਈ ਸੋਨੇ ਦੀ ਮੁੰਦਰੀ ਧੀ ਲਈ ਗਹਿਣੇ ਕੱਪੜੇ ਸਾਰੇ ਟੱਬਰ ਦੇ ਸਨਮਾਨ ਵਜੋਂ ਕਪੜੇ ਅਤੇ ਧੀ ਦੇ ਖਾਣ ਲਈ ਉਚੇਚੀ ਖ਼ੁਰਾਕ ਮਾਪੇ, ਧੀ ਦੇ ਸਹੁਰੇ ਘਰ ਲੈ ਕੇ ਆਉਂਦੇ ਹਨ।

ਜਿਉਂ-ਜਿਉਂ ਬੱਚਾ ਵੱਡਾ ਹੁੰਦਾ ਜਾਂਦਾ ਹੈ, ਤਿਉਂ-ਤਿਉਂ ਉਸ ਦਾ ਆਪਣੀ ਦਾਦੀ ਅਤੇ ਨਾਨੀ ਨਾਲ ਵੀ ਮਾਂ ਵਰਗਾ ਹੀ ਮੋਹ ਪੈਦਾ ਹੋਣ ਲੱਗਦਾ ਹੈ। ਇਨ੍ਹਾਂ ਦੋਵਾਂ ਔਰਤਾਂ ਦਾ ਬੱਚਿਆਂ ਉੱਪਰ ਮਾਂ ਤੋਂ ਬਾਅਦ ਸਭ ਤੋਂ ਵੱਧ ਪ੍ਰਭਾਵ ਹੁੰਦਾ ਹੈ। ਇਹ ਉਹ ਰਿਸ਼ਤੇ ਹਨ ਜਿਨ੍ਹਾਂ ਦੇ ਹੱਥਾਂ ਅਤੇ ਗੋਦ ਵਿਚ ਆ ਕੇ ਬੱਚਾ ਆਪਣੀ ਮਾਂ ਵਰਗੀ ਸੁਰੱਖਿਆ ਅਨੁਭਵ ਕਰਦਾ ਹੈ। ਦਾਦੀਆਂ-ਨਾਨੀਆਂ ਮੋਹ-ਪਿਆਰ ਨਾਲ ਭਿੱਜੀਆਂ ਲੋਰੀਆਂ ਸੁਣਾ ਕੇ ਉਸ ਨੂੰ ਵਰਚਾਉਂਦੀਆਂ ਹੀ ਨਹੀਂ ਸਗੋਂ ਮਨੋਰੰਜਨ ਕਰਦੀਆਂ ਹੋਈਆਂ ਮੋਢੇ ਨਾਲ ਲਗਾ ਕੇ ਇਉਂ ਥਾਪੜਦੀਆਂ ਹਨ ਕਿ ਰੋਂਦਾ ਹੋਇਆ ਬੱਚਾ ਪਲਾਂ ਛਿਣਾਂ ਵਿਚ ਹੀ ਸੁਪਨਮਈ ਸੰਸਾਰ ਵਿਚ ਚਲਾ ਜਾਂਦਾ ਹੈ।

ਬੱਚਾ ਆਪਣੀਆਂ ਅੱਖਾਂ ਦਾਦੀ ਜਾ ਨਾਨੀ ਦੇ ਹੱਥਾਂ ਵਿਚ ਹੀ ਖੋਲ੍ਹਦਾ ਹੈ। ਇਨ੍ਹਾਂ ਔਰਤਾਂ ਦੇ ਪਿਆਰ ਦੇ ਨਾਲ-ਨਾਲ ਤਜਰਬੇ ਵੀ ਬੱਚੇ ਨੂੰ ਪ੍ਰਾਪਤ ਹੁੰਦੇ ਰਹਿੰਦੇ ਹਨ। ਨਿੱਕੇ ਬੱਚੇ, ਜੋ ਬੋਲ ਕੇ ਆਪਣੀ ਪੀੜ ਨਹੀਂ ਦੱਸ ਪਾਉਂਦੇ, ਇਹ ਆਪਣੀ ਜ਼ਿੰਦਗੀ ਦੇ ਤਜਰਬੇ ਨਾਲ ਉਸ ਪੀੜਾ ਨੂੰ ਸਮਝ ਕੇ ਉਸ ਦਾ ਫੌਰੀ ਹੱਲ ਦੱਸਦੀਆਂ ਹਨ। ਤਜਰਬੇ ਕਾਰਨ ਇਹ ਵੈਦ ਹਕੀਮ ਦੀ ਭੂਮਿਕਾ ਵੀ ਨਿਭਾਉਂਦੀਆਂ ਹਨ। ਦੇਸੀ ਓਹੜ-ਪੋਹੜ ਨਾਲ ਇਹ ਕਈ ਵਾਰ ਕਿਸੇ ਬਿਮਾਰੀ ਦਾ ਹੱਲ ਕਰਨ ਦੇ ਸਮਰੱਥ ਹੁੰਦੀਆਂ ਹਨ।

ਜਦੋਂ ਬੱਚਾ ਤੁਰਨ-ਫਿਰਨ ਲੱਗਦਾ ਹੈ ਤਾਂ ਦਾਦੀਆਂ-ਨਾਨੀਆਂ ਦੀਆਂ ਲੋਰੀਆਂ ਦੀ ਥਾਂ ਕਹਾਣੀਆਂ ਲੈ ਲੈਂਦੀਆਂ ਹਨ। ਕੋਈ ਸਮਾਂ ਸੀ ਜਦੋਂ ਸਾਂਝੇ ਪਰਿਵਾਰਾਂ ਵਿਚ ਦਾਦੀ-ਨਾਨੀ ਕੋਲ ਰਾਤ ਨੂੰ ਬਹਿ ਕੇ ਬੱਚੇ ਕਹਾਣੀਆਂ ਸੁਣਦੇ ਸਨ। ਮੰਜਿਆਂ 'ਤੇ ਬਹਿ ਕੇ ਦੇਰ ਰਾਤ ਤਕ ਰਾਜੇ-ਰਾਣੀਆਂ, ਚਿੜੀ-ਜਨੌਰਾਂ, ਭੂਤਾਂ-ਪ੍ਰੇਤਾਂ, ਪਰੀਆਂ, ਰਾਜਕੁਮਾਰਾਂ ਅਤੇ ਜਾਦੂਗਰਾਂ ਆਦਿ ਦੀਆਂ ਕਹਾਣੀਆਂ ਸੁਣਾਈਆਂ ਜਾਂਦੀਆਂ। ਕਹਾਣੀਆਂ ਬੱਚਿਆਂ ਦਾ ਕੇਵਲ ਮਨੋਰੰਜਨ ਹੀ ਨਹੀਂ ਸਨ ਕਰਦੀਆਂ ਸਗੋਂ ਉਨ੍ਹਾਂ ਨੂੰ ਇਸ ਪੱਖੋਂ ਵੀ ਸੁਰੱਖਿਅਤ ਕਰਦੀਆਂ ਸਨ ਕਿ ਕਦੇ ਵੀ ਸੰਕਟ ਦੀ ਘੜੀ ਵਿਚ ਹਾਰ ਨਹੀਂ ਮੰਨਣੀ ਚਾਹੀਦੀ। ਸਗੋਂ ਸੂਝ-ਬੂਝ ਅਤੇ ਹਾਜ਼ਰ ਦਿਮਾਗੀ ਨਾਲ ਹਾਲਾਤ ਉੱਪਰ ਕਾਬੂ ਪਾਉਣਾ ਚਾਹੀਦਾ ਹੈ। ਦਾਦੀਆਂ-ਨਾਨੀਆਂ ਦੇ ਰਿਸ਼ਤੇ ਨੂੰ ਗੁਣਾਂ ਅਤੇ ਅਨੁਭਵ ਦੀ ਗੁਥਲੀ ਨਾਲ ਉਪਮਾ ਦਿੱਤੀ ਜਾਂਦੀ ਹੈ।

ਅਸਲ ਵਿਚ ਦਾਦੀਆਂ-ਨਾਨੀਆਂ ਵਲੋਂ ਬੱਚਿਆਂ ਨੂੰ ਕਹਾਣੀਆਂ ਸੁਣਾਉਣ ਦੀ ਰਵਾਇਤ ਪਿੱਛੇ ਵੀ ਇਹ ਭਾਵਨਾ ਹੁੰਦੀ ਸੀ ਕਿ ਬੱਚੇ ਦੇ ਮਨ ਵਿਚ ਆਤਮ-ਵਿਸ਼ਵਾਸ ਪੈਦਾ ਹੋਵੇ ਅਤੇ ਉਸ ਦੀ ਕਲਪਨਾ ਸ਼ਕਤੀ ਦਾ ਵਿਕਾਸ ਹੋਵੇ। ਇਤਿਹਾਸ ਗਵਾਹ ਹੈ ਕਿ ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਨੂੰ ਸਾਖੀਆਂ, ਕਹਾਣੀਆਂ ਸੁਣਾ ਕੇ ਉਨ੍ਹਾਂ ਨੂੰ ਧਰਮ 'ਤੇ ਡਟੇ ਰਹਿਣ ਲਈ ਪ੍ਰਪੱਕ ਕੀਤਾ ਸੀ। ਕਾਫ਼ੀ ਆਦਤਾਂ ਵਿਚ ਸਮਾਨਤਾ ਹੋਣ ਕਰਕੇ ਬਜ਼ੁਰਗ ਅਤੇ ਛੋਟੇ ਬੱਚੇ ਛੇਤੀ ਇਕ-ਦੂਜੇ ਦੇ ਪਿਆਰ ਵਿਚ ਗੜੁੱਚ ਹੋ ਜਾਂਦੇ। ਦੋਵਾਂ ਕੋਲ ਵਿਹਲਾ ਵਕਤ ਹੋਣ ਕਰਕੇ ਕਾਫ਼ੀ ਚਿਰ ਇਕੱਠੇ ਰਹਿਣਾ ਇਨ੍ਹਾਂ ਨੂੰ ਛੇਤੀ ਹੀ ਘਿਓ-ਖਿੱਚੜੀ



ਬਣਾ ਦਿੰਦਾ। ਬਜ਼ੁਰਗਾਂ ਕੋਲ ਬੋਲਣ ਨੂੰ ਕਾਫ਼ੀ ਕੁਝ ਹੋਣਾ ਅਤੇ ਬੱਚਿਆਂ ਕੋਲ ਲਫ਼ਜ਼ ਘੱਟ ਹੋਣ ਕਰਕੇ ਸੁਣਨ ਦਾ ਜ਼ਿਆਦਾ ਸ਼ੌਕ ਹੋਣ ਕਰਕੇ ਵੀ ਇਹ ਜੋੜੀਆਂ ਖ਼ੂਬ ਫੱਬਦੀਆਂ। ਪੁਰਾਣੇ ਸਮਿਆਂ ਵਿਚ ਇਕੱਠੇ ਰਹਿਣ ਕਰਕੇ ਬੱਚਿਆਂ ਦਾ ਦਾਦਾ-ਦਾਦੀ, ਨਾਨਾ-ਨਾਨੀ ਨਾਲ ਪਿਆਰ ਵੀ ਵਧਦਾ।

ਮਾਂ-ਬਾਪ ਨਾਲੋਂ ਵਧ ਕੇ ਬੱਚੇ ਨਾਲ ਲਾਡ ਕਰਨਾ ਇਨ੍ਹਾਂ ਦੇ ਹਿੱਸੇ ਆਇਆ ਹੈ ਬੱਚਿਆਂ ਦੀ ਜੇਬ ਖ਼ਰਚ ਤੋਂ ਲੈ ਕੇ ਹੋਰ ਖ਼ਰਚ ਦੀਆਂ ਜ਼ਰੂਰਤਾਂ ਦਾਦੀ ਅਤੇ ਨਾਨੀ ਮਾਂ ਹੀ ਪੂਰਾ ਕਰਦੀਆਂ ਹਨ। ਕਈ ਵਾਰ ਇਹ ਆਪਣੇ ਵਿਸ਼ੇਸ਼ ਅਧਿਕਾਰ ਵਰਤ ਕੇ ਬੱਚੇ ਦੀ ਮੰਗ ਵੀ ਪੂਰੀ ਕਰਵਾ ਦਿੰਦੀਆਂ ਹਨ। ਕਈ ਲੋਕ ਕਹਿ ਦਿੰਦੇ ਹਨ ਬੱਚੇ ਨੂੰ ਵਿਗਾੜਣ ਵਿਚ ਦਾਦੀ ਅਤੇ ਨਾਨੀ ਦਾ ਹੱਥ ਹੁੰਦਾ ਹੈ। ਕੀ ਮਜਾਲ ਕੋਈ ਪੋਤੇ-ਪੋਤੀ ਨੂੰ ਘੂਰ ਜਾਏ। ਬੱਚਿਆਂ ਨੂੰ ਵੀ ਪਤਾ ਹੁੰਦਾ ਸੀ ਕਿ ਗ਼ਲਤੀ ਕਰਨ 'ਤੇ ਜੇਕਰ ਮਾਂ ਬਾਪ ਦੀ ਕੁੱਟ ਤੋਂ ਬਚਣਾ ਹੈ ਤਾਂ ਦਾਦੇ-ਦਾਦੀ ਕੋਲ ਪਹੁੰਚ ਜਾਓ। ਕਈ ਵਾਰ ਇਸ ਗੱਲ ਤੋਂ ਮਾਂ-ਪੁੱਤ, ਨੂੰਹ-ਸੱਸ ਦੀ ਜਾਂ ਪਿਓ-ਪੁੱਤ ਦੀ ਤੂੰ-ਤੂੰ ਮੈਂ ਹੋ ਜਾਂਦੀ। ਪਰ ਦਾਦੇ-ਦਾਦੀ ਨੂੰ ਪੋਤੇ-ਪੋਤੀ ਨੂੰ ਉਸ ਕੁੱਟ ਤੋਂ ਬਚਾ ਕੇ, ਇੰਜ ਦਾ ਅਹਿਸਾਸ ਹੁੰਦਾ ਹੈ ਜਿਵੇਂ ਜੰਗ ਜਿੱਤੀ ਹੋਵੇ ਤੇ ਹੌਲੀ ਜਿਹੀ ਪੋਤੇ-ਪੋਤੀ ਦੇ ਕੰਨ ਵਿਚ ਅੱਗੇ ਤੋਂ ਗ਼ਲਤ ਕੰਮ ਨਾ ਕਰਨ ਦੀ ਗੱਲ ਵੀ ਕਹਿ ਦੇਣਗੇ। ਬੱਚੇ ਪਿਆਰ ਦੀ ਭਾਸ਼ਾ ਬਹੁਤ ਜਲਦੀ ਸਮਝਦੇ ਹਨ, ਦਾਦੇ-ਦਾਦੀ, ਨਾਨਾ-ਨਾਨੀ ਦੀ ਦਿੱਤੀ ਨਸੀਹਤ ਵੀ ਪੱਲੇ ਬੰਨ੍ਹ ਲੈਂਦੇ ਹਨ।

ਹੌਲੀ-ਹੌਲੀ ਆਧੁਨਿਕੀਕਰਨ ਦੇ ਪ੍ਰਭਾਵ ਨੇ ਸੰਯੁਕਤ ਪਰਿਵਾਰਾਂ ਨੂੰ ਛੋਟੇ-ਛੋਟੇ ਪਰਿਵਾਰਾਂ ਵਿਚ ਵੰਡ ਦਿੱਤਾ ਹੈ ਹਰ ਜੀਅ ਲਈ ਆਪਣਾ ਵੱਖਰਾ ਕਮਰਾ ਹੁੰਦਾ ਹੈ। ਅੱਜ ਦੇ ਬੱਚੇ ਇਨ੍ਹਾਂ ਸਾਰੀਆਂ ਖ਼ੂਬੀਆਂ ਤੋਂ ਵਾਂਝੇ ਹਨ। ਪੜ੍ਹਾਈ ਦਾ ਬੋਝ ਬੱਚਿਆਂ ਦੀ ਮੱਤ ਮਾਰ ਰਿਹਾ ਹੈ। ਬੱਚਿਆਂ ਕੋਲ ਸਮਾਂ ਹੀ ਨਹੀਂ। ਸਕੂਲ ਤੋਂ ਆ ਕੇ ਬੱਚਾ ਹੋਮਵਰਕ ਕਰਦਾ ਹੈ, ਫਿਰ ਟਿਊਸ਼ਨ ਪੜ੍ਹਨ ਜਾਂਦਾ ਹੈ। ਛੋਟੀ ਤੋਂ ਛੋਟੀ ਉਮਰ ਦਾ ਬੱਚਾ ਮੋਬਾਈਲ ਨੂੰ ਚਲਾ ਲੈਂਦਾ ਹੈ। ਅਗਾਂਹਵਧੂ ਜ਼ਮਾਨੇ ਨੇ ਸਾਡਾ ਵਿਰਸਾ ਸਾਥੋਂ ਖੋਹ ਲਿਆ ਹੈ। ਅੱਜ ਦੇ ਬੱਚੇ ਆਪੋ-ਆਪਣੇ ਕਮਰਿਆਂ ਵਿਚ ਤੜ ਕੇ ਰਹਿ ਗਏ ਹਨ, ਐਸੇ ਮਨ ਪ੍ਰਚਾਵੇ ਦੇ ਸਾਧਨ ਆ ਗਏ ਹਨਫੇਸਬੁੱਕ, ਵੱਟਸਐਪ ਤੇ ਟੈਲੀਵਿਜ਼ਨਾਂ 'ਤੇ ਲਗਾਤਾਰ ਚੱਲ ਰਹੇ ਲੜੀਵਾਰਾਂ ਨੇ ਉਨ੍ਹਾਂ ਨੂੰ ਉਲਝਾ ਕੇ ਰੱਖ ਦਿੱਤਾ ਹੈ।

ਅੱਜ ਦੇ ਸਮੇਂ ਨੇ ਬੱਚਿਆਂ ਵਿਚੋਂ ਸਹਿਣਸ਼ੀਲਤਾ ਤੇ ਨਿਮਰਤਾ ਖ਼ਤਮ ਕਰ ਦਿੱਤੀ ਹੈ। ਸੰਯੁਕਤ ਪਰਿਵਾਰ ਬੀਤੇ ਦੀਆਂ ਬਾਤਾਂ ਹੋ ਕੇ ਰਹਿ ਗਏ ਹਨ। ਪਰਿਵਾਰਕ ਮੋਹ ਦੀਆਂ ਤੰਦਾਂ ਟੁੱਟਦੀਆਂ ਜਾ ਰਹੀਆਂ ਹਨ। ਪੱਛਮੀ ਸੱਭਿਆਚਾਰ ਦਾ ਬੋਲਬਾਲਾ ਹੈ। ਬੱਚੇ ਆਪਣੇ ਸੱਭਿਆਚਾਰ, ਵਿਰਸੇ, ਮਾਂ ਬੋਲੀ ਦੇ ਖ਼ਜ਼ਾਨੇ-ਕਿੱਸੇ, ਕਹਾਣੀਆਂ, ਬਾਤਾਂ ਤੋਂ ਦੂਰ ਜਾ ਰਹੇ ਹਨ। ਵਿਗਿਆਨ ਦੇ ਸਾਧਨ ਜਿਵੇਂ ਟੀ.ਵੀ., ਕੰਪਿਊਟਰ, ਮੋਬਾਈਲ ਅਤੇ ਕੇਬਲ ਸੱਭਿਆਚਾਰ ਨੇ ਸਮੂਹਿਕ ਤੌਰ 'ਤੇ ਮਾਣੇ ਜਾਣ ਵਾਲੇ ਮਨੋਰੰਜਨ ਦੇ ਸਾਧਨ ਕਿਸੇ ਹੱਦ ਤਕ ਖ਼ਤਮ ਕਰ ਦਿੱਤੇ ਹਨ, ਜਿਸ ਕਾਰਨ ਬੁਝਾਰਤਾਂ ਪਾਉਣ ਅਤੇ ਬੁੱਝਣ ਦੀ ਪਰੰਪਰਾ ਵੀ ਖ਼ਤਮ ਹੋ ਰਹੀ ਹੈ।

ਅੱਜ ਦਾਦੀ ਤੇ ਨਾਨੀ ਦੋਵੇਂ ਹੀ ਉਦਾਸ ਹਨ। ਘਰ ਵਿਚ ਬੱਚੇ ਹਨ, ਪਰ ਉਨ੍ਹਾਂ ਦੀ ਗੋਦ ਵਿਚ ਕੋਈ ਨਹੀਂ ਬੈਠਦਾ। ਇਹ ਸਾਡੇ ਸਮਾਜ ਦਾ ਦੁਖਾਂਤ ਹੈ। ਵਰਤਮਾਨ ਸਮੇਂ ਦਾਦੀ-ਨਾਨੀ ਨਾਲ ਬੱਚਿਆਂ ਦੀ ਪਹਿਲਾਂ ਵਾਲੇ ਅਪਣੱਤ ਅਤੇ ਸਾਂਝ ਵਿਚ ਫ਼ਰਕ ਪੈਦਾ ਹੋ ਰਿਹਾ ਹੈ ਅਕਸਰ ਘਰਾਂ ਵਿਚ ਛੋਟੇ ਬੱਚਿਆਂ ਵਲੋਂ ਦਾਦੀ ਜਾਂ ਨਾਨੀ ਨੂੰ ਚਿੜਾਉਂਦੇ ਦੇਖਿਆ ਜਾ ਸਕਦਾ ਹੈ। ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਅਜਿਹੇ ਬੱਚਿਆਂ ਵਲੋਂ ਉਨ੍ਹਾਂ ਨੂੰ ਗੱਲ-ਗੱਲ 'ਤੇ ਝਿੜਕਣਾ ਬੱਚਿਆਂ ਦੀ ਫ਼ਿਤਰਤ ਬਣ ਜਾਂਦੀ ਹੈ। ਬੱਚਿਆਂ ਦਾ ਆਪਣੀਆਂ ਦਾਦੀਆਂ-ਨਾਨੀਆਂ ਦੇ ਖੰਘਣ, ਥੋੜ੍ਹਾ-ਬਹੁਤਾ ਉੱਚੀ ਬੋਲਣ ਅਤੇ ਉਨ੍ਹਾਂ ਦੀ ਨਾਜਾਇਜ਼ ਮੰਗ ਨੂੰ ਠੁਕਰਾਉਣ ਪ੍ਰਤੀ ਬੇਇੱਜ਼ਤ ਕਰਨਾ ਮਾਮੂਲੀ ਗੱਲ ਹੈ। ਅਜਿਹੀ ਪ੍ਰਵਿਰਤੀ ਇਨ੍ਹਾਂ ਬਜ਼ੁਰਗਾਂ ਨੂੰ ਮਨੋਵਿਗਿਆਨਕ ਅਤੇ ਭਾਵਨਾਤਮਕ ਤੌਰ 'ਤੇ ਠੇਸ ਪਹੁੰਚਾਉਂਦੀ ਹੈ। ਆਪਣੀ ਸੰਤਾਨ ਦੀ ਸੰਤਾਨ ਦਾ ਆਪਣੇ ਪ੍ਰਤੀ ਅਜਿਹਾ ਘਟੀਆ ਵਤੀਰਾ ਦਾਦੀ-ਨਾਨੀ ਦੀਆਂ ਅੱਖਾਂ ਵਿਚ ਹੰਝੂ ਲੈ ਆਉਂਦਾ ਹੈ।

ਬਜ਼ੁਰਗ ਘਰ ਦਾ ਜਿੰਦਰਾ ਹੁੰਦੇ ਹਨ। ਬਜ਼ੁਰਗ ਸਾਡਾ ਕੀਮਤੀ ਸਰਮਾਇਆ ਹਨ। ਕਹਿੰਦੇ ਹਨ ਕਿ ਕਰਮਾਂ ਵਾਲੇ ਹੁੰਦੇ ਬੱਚੇ ਜਿਨ੍ਹਾਂ ਨੂੰ ਦਾਦੀ-ਨਾਨੀ ਦਾ ਪਿਆਰ ਮਿਲਦਾ। ਆਓ ਇਨ੍ਹਾਂ ਬਜ਼ੁਰਗਾਂ ਨੂੰ ਬਣਦਾ ਮਾਨ ਸਨਮਾਨ ਦੇਈਏ ਅਤੇ ਪਹਿਲਾ ਵਾਲੀਆਂ ਸਾਕ ਸਕੀਰੀਆਂ ਮੁੜ ਸੁਰਜੀਤ ਕਰੀਏ।

**-ਸ਼ੰਕਰ ਮਹਿਰਾ**

# ਲਿਸਬਨ ਵਿੱਚ ਫਨੀਕੂਲਰ ਪਟੜੀ ਤੋਂ ਉਤਰੀ, ਹਾਦਸੇ 'ਚ ਘੱਟੋ-ਘੱਟ 15 ਦੀ ਮੌਤ: ਅਧਿਕਾਰੀ






(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਲਿਸਬਨ: ਪੁਰਤਗਾਲ ਦੇ ਸਿਹਤ ਮੰਤਰਾਲੇ ਅਨੁਸਾਰ, ਬੁੱਧਵਾਰ ਸ਼ਾਮ ਨੂੰ ਲਿਸਬਨ ਵਿੱਚ ਇੱਕ ਮਸ਼ਹੂਰ ਫਨੀਕੂਲਰ (ਪਹਾੜੀ ਰੇਲ) ਦੇ ਪਟੜੀ ਤੋਂ ਉਤਰਨ ਅਤੇ ਹਾਦਸਾਗ੍ਰਸਤ ਹੋਣ ਕਾਰਨ ਘੱਟੋ-ਘੱਟ 15 ਲੋਕਾਂ ਦੀ ਮੌਤ ਹੋ ਗਈ ਅਤੇ 18 ਹੋਰ ਜ਼ਖਮੀ ਹੋ ਗਏ, ਜਿਨ੍ਹਾਂ ਵਿੱਚੋਂ ਪੰਜ ਦੀ ਹਾਲਤ ਗੰਭੀਰ ਹੈ। ਲਿਸਬਨ ਦੀਆਂ ਤਿੰਨ ਫਨੀਕੂਲਰ ਲਾਈਨਾਂ ਵਿੱਚੋਂ ਇਹ ਇੱਕ, ਸੈਲਾਨੀਆਂ ਲਈ ਖਿੱਚ ਦਾ ਇੱਕ ਪ੍ਰਮੁੱਖ ਕੇਂਦਰ ਹੈ।

ਇਹ ਹਾਦਸਾ 'ਐਲੀਵੇਡਰ ਦਾ ਗਲੋਰੀਆ' (Elevador da Glória) ਫਨੀਕੂਲਰ ਨਾਲ ਵਾਪਰਿਆ, ਜੋ ਰੈਸਟੋਰੇਡੋਰਸ ਸਕੁਏਅਰ ਅਤੇ ਐਵੇਨੀਡਾ ਦਾ ਲਿਬਰਡੇਡ ਤੋਂ ਇੱਕ ਖੜ੍ਹੀ ਪਹਾੜੀ 'ਤੇ ਚੜ੍ਹ ਕੇ ਬੈਰੋ ਆਲਟੋ ਇਲਾਕੇ ਦੇ ਖੂਬਸੂਰਤ ਨਜ਼ਾਰਿਆਂ ਤੱਕ ਪਹੁੰਚਾਉਂਦੀ ਹੈ। ਲਿਸਬਨ ਫਾਇਰਫਾਈਟਰਜ਼ ਰੈਜੀਮੈਂਟ ਨੇ ਦੱਸਿਆ ਕਿ ਇਹ ਹਾਦਸਾ ਸ਼ਾਮ 6 ਵਜੇ ਤੋਂ ਠੀਕ ਬਾਅਦ ਵਾਪਰਿਆ ਅਤੇ ਇਸਦਾ ਕਾਰਨ ਫਨੀਕੂਲਰ ਦੇ ਢਾਂਚੇ ਵਿੱਚ 'ਇੱਕ ਕੇਬਲ ਦਾ ਢਿੱਲਾ ਹੋ ਜਾਣਾ' ਸੀ, ਜਿਸ ਕਾਰਨ ਇਹ ਕਾਬੂ ਤੋਂ ਬਾਹਰ ਹੋ ਕੇ ਇੱਕ ਇਮਾਰਤ ਨਾਲ ਜਾ ਟਕਰਾਈ।

ਸਿਹਤ ਮੰਤਰਾਲੇ ਦੇ ਮੁਖੀ, ਟਿਆਗੋ ਅਗਸਤੋ ਨੇ ਬੁੱਧਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਪੀੜਤਾਂ ਵਿੱਚ ਪੁਰਤਗਾਲੀ ਅਤੇ ਵਿਦੇਸ਼ੀ ਨਾਮ ਸ਼ਾਮਲ ਹਨ, ਪਰ ਉਨ੍ਹਾਂ ਦੀ ਕੌਮੀਅਤ ਅਜੇ ਸਪੱਸ਼ਟ ਨਹੀਂ ਹੋਈ ਹੈ। ਉਨ੍ਹਾਂ ਕਿਹਾ ਕਿ ਮਰਨ ਵਾਲਿਆਂ ਵਿੱਚ ਕੋਈ ਬੱਚਾ ਸ਼ਾਮਲ ਨਹੀਂ ਸੀ।

'ਐਲੀਵੇਡਰ ਦਾ ਗਲੋਰੀਆ', ਜੋ 1885 ਵਿੱਚ ਸ਼ੁਰੂ ਹੋਈ ਸੀ, ਲਿਸਬਨ ਦੇ ਦੋ ਸਭ ਤੋਂ ਅਮੀਰ ਅਤੇ ਪ੍ਰਸਿੱਧ ਖੇਤਰਾਂ ਨੂੰ ਜੋੜਦੀ ਹੈ। ਇਹ ਸ਼ਹਿਰ ਦੀਆਂ ਖੜ੍ਹੀਆਂ ਪਹਾੜੀਆਂ 'ਤੇ ਲੋਕਾਂ ਨੂੰ ਉੱਪਰ-ਹੇਠਾਂ ਲਿਜਾਣ ਵਾਲੀਆਂ ਤਿੰਨ ਫਨੀਕੂਲਰਾਂ ਵਿੱਚੋਂ ਇੱਕ ਹੈ। ਇਸ ਨੂੰ ਚਲਾਉਣ ਵਾਲੀ ਕੰਪਨੀ, ਕੈਰਿਸ (Carris) ਅਨੁਸਾਰ, ਇਸ ਦੀਆਂ ਕਾਰਾਂ ਵਿੱਚ 42 ਯਾਤਰੀ ਸਫ਼ਰ ਕਰ ਸਕਦੇ ਹਨ। ਇਹ ਫਨੀਕੂਲਰ ਸ਼ਹਿਰ ਦਾ ਪ੍ਰਤੀਕ ਬਣ ਚੁੱਕੀਆਂ ਹਨ ਅਤੇ ਸਾਲ ਵਿੱਚ 35 ਲੱਖ ਤੋਂ ਵੱਧ ਯਾਤਰੀਆਂ ਨੂੰ ਆਕਰਸ਼ਿਤ ਕਰਦੀਆਂ ਹਨ।

ਸੋਸ਼ਲ ਮੀਡੀਆ 'ਤੇ ਪੋਸਟ ਕੀਤੀਆਂ ਗਈਆਂ ਤਸਵੀਰਾਂ ਅਤੇ ਫੁਟੇਜ ਵਿੱਚ ਪੀਲੇ ਰੰਗ ਦੀ ਇੱਕ ਕਾਰ ਪਟੜੀ ਦੇ ਕੋਲ ਪਲਟੀ ਹੋਈ ਅਤੇ ਮਲਬੇ ਤੇ ਧੂੰਏਂ ਨਾਲ ਘਿਰੀ ਹੋਈ ਦਿਖਾਈ ਦਿੱਤੀ। ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ, ਹਾਦਸਾਗ੍ਰਸਤ ਹੋਈ ਕਾਰ ਵਿੱਚ ਸਵਾਰ ਯਾਤਰੀ ਅਤੇ ਨੇੜੇ ਦੇ ਪੈਦਲ ਚੱਲ ਰਹੇ ਲੋਕ ਪੀੜਤਾਂ ਵਿੱਚ ਸ਼ਾਮਲ ਸਨ।

ਇੱਕ ਚਸ਼ਮਦੀਦ ਨੇ ਪੁਰਤਗਾਲੀ ਨਿਊਜ਼ ਆਊਟਲੈਟ 'ਕੋਰੀਓ ਦਾ ਮਾਨਹਾ' ਨੂੰ ਦੱਸਿਆ ਕਿ ਕਾਰ ਆਪਣੀ ਉਤਰਾਈ ਪੂਰੀ ਕਰਨ ਤੋਂ ਠੀਕ ਪਹਿਲਾਂ ਕਾਬੂ ਤੋਂ ਬਾਹਰ ਹੋ ਗਈ, ਅਤੇ ਜਦੋਂ ਇਹ ਫੁੱਟਪਾਥ ਨਾਲ ਟਕਰਾਈ ਤਾਂ ਅੰਦਰ ਬੈਠੇ ਯਾਤਰੀ ਚੀਕਣ ਲੱਗੇ।

ਐਵੇਨੀਡਾ ਦਾ ਲਿਬਰਡੇਡ 'ਤੇ ਇੱਕ ਇਮਾਰਤ ਵਿੱਚ ਸੁਰੱਖਿਆ ਗਾਰਡ, 60 ਸਾਲਾ ਪਾਓਲੋ ਵਲੇਰੀਓ ਨੇ ਦੱਸਿਆ ਕਿ ਉਸਨੇ ਸ਼ਾਮ 6 ਵਜੇ ਦੇ ਕਰੀਬ ਇੱਕ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣੀ। ਪਹਿਲਾਂ ਉਸਨੂੰ ਲੱਗਿਆ ਕਿ ਕੋਈ ਕਾਰ ਉਸਦੀ ਇਮਾਰਤ ਦੀ ਗੈਰਾਜ ਵਿੱਚ ਹਾਦਸਾਗ੍ਰਸਤ ਹੋ ਗਈ ਹੈ, ਪਰ ਜਦੋਂ ਉਹ ਬਾਹਰ ਭੱਜਿਆ ਤਾਂ ਉਸਨੇ ਕੁਝ ਲਾਸ਼ਾਂ ਜ਼ਮੀਨ 'ਤੇ ਪਈਆਂ ਵੇਖੀਆਂ। ਮਲਬੇ ਨੂੰ ਦੇਖ ਕੇ ਲੱਗ ਰਿਹਾ ਸੀ ਕਿ ਟਰਾਲੀ ਨੂੰ ਫੜਨ ਵਾਲੀ ਇੱਕ ਕੇਬਲ ਟੁੱਟ ਗਈ ਸੀ, ਜਿਸ ਕਾਰਨ ਉਹ ਬੇਕਾਬੂ ਹੋ ਕੇ ਪਹਾੜੀ ਤੋਂ ਹੇਠਾਂ ਆ ਗਈ।

ਲਿਸਬਨ ਦੇ ਮੇਅਰ, ਕਾਰਲੋਸ ਮੋਏਡਾਸ ਨੇ ਸੋਸ਼ਲ ਮੀਡੀਆ 'ਤੇ ਕਿਹਾ, 'ਲਿਸਬਨ ਸੋਗ ਵਿੱਚ ਹੈ। ਇਹ ਸ਼ਹਿਰ ਲਈ ਇੱਕ ਦੁਖਦਾਈ ਪਲ ਹੈ।' ਰਾਤ 8:30 ਵਜੇ ਤੱਕ ਸਾਰੇ ਪੀੜਤਾਂ ਨੂੰ ਹਸਪਤਾਲ ਪਹੁੰਚਾ ਦਿੱਤਾ ਗਿਆ ਸੀ।

ਪੁਰਤਗਾਲ ਦੇ ਰਾਸ਼ਟਰਪਤੀ ਮਾਰਸੇਲੋ ਰੇਬੇਲੋ ਡੀ ਸੂਸਾ ਨੇ ਇਸ ਤ੍ਰਾਸਦੀ ਤੋਂ ਪ੍ਰਭਾਵਿਤ ਪਰਿਵਾਰਾਂ ਨਾਲ ਹਮਦਰਦੀ ਅਤੇ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਟਰਾਂਸਪੋਰਟ ਕੰਪਨੀ ਕੈਰਿਸ ਦੇ ਪ੍ਰਧਾਨ, ਪੇਡਰੋ ਡੀ ਬ੍ਰਿਟੋ ਬੋਗਾਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਫਨੀਕੂਲਰ ਦੀ ਆਖਰੀ ਵਾਰ ਸਾਂਭ-ਸੰਭਾਲ 2024 ਵਿੱਚ ਕੀਤੀ ਗਈ ਸੀ।

ਚਸ਼ਮਦੀਦ ਗਵਾਹ, ਸ੍ਰੀ ਵਲੇਰੀਓ ਨੇ ਕਿਹਾ ਕਿ ਇਹ ਹਾਦਸਾ ਸ਼ਹਿਰ ਦੀ ਸਭ ਤੋਂ ਕੀਮਤੀ ਵਿਸ਼ੇਸ਼ਤਾਵਾਂ ਵਿੱਚੋਂ ਇੱਕ 'ਤੇ ਡੂੰਘਾ ਨਿਸ਼ਾਨ ਛੱਡ ਜਾਵੇਗਾ। ਉਸਨੇ ਕਿਹਾ, 'ਇਹ ਕਈ ਸਾਲਾਂ ਤੱਕ ਯਾਦ ਰੱਖਿਆ ਜਾਵੇਗਾ। ਹੁਣ ਡਰ ਦਾ ਮਾਹੌਲ ਹੋਵੇਗਾ। ਸ਼ਹਿਰ ਵਿੱਚ ਸਿਰਫ ਇਹੀ ਇੱਕ ਨਹੀਂ ਹੈ।'

# ਕੈਲੀਫੋਰਨੀਆ 'ਚ ਗਰਮ ਅਤੇ ਤੇਜ਼ ਹਵਾਵਾਂ ਕਾਰਨ ਜੰਗਲੀ ਅੱਗਾਂ ਦਾ ਖ਼ਤਰਾ ਵਧਿਆ, ਰੈੱਡ ਫਲੈਗ ਚੇਤਾਵਨੀ ਜਾਰੀ




ਕੈਲੀਫੋਰਨੀਆ ਵਿੱਚ ਤਾਪਮਾਨ ਵਧਣ ਅਤੇ ਤੇਜ਼ ਹਵਾਵਾਂ ਚੱਲਣ ਕਾਰਨ ਜੰਗਲੀ ਅੱਗਾਂ ਦਾ ਖ਼ਤਰਾ ਇੱਕ ਵਾਰ ਫਿਰ ਵੱਧ ਗਿਆ ਹੈ। 'ਕੈਲ ਫਾਇਰ' (Cal Fire) ਨੇ ਬੇਅ ਏਰੀਆ ਸਮੇਤ ਰਾਜ ਦੇ ਕਈ ਹਿੱਸਿਆਂ ਵਿੱਚ 'ਰੈੱਡ ਫਲੈਗ ਚੇਤਾਵਨੀ' ਜਾਰੀ ਕੀਤੀ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ ਅਤੇ ਕਿਸੇ ਵੀ ਅਜਿਹੀ ਗਤੀਵਿਧੀ ਤੋਂ ਬਚਣ ਲਈ ਕਿਹਾ ਹੈ ਜਿਸ ਨਾਲ ਅੱਗ ਲੱਗਣ ਦਾ ਖਤਰਾ ਹੋਵੇ। ਫਾਇਰ ਵਿਭਾਗ ਦੀਆਂ ਟੀਮਾਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ ਅਤੇ ਲੋਕਾਂ ਨੂੰ ਕਿਸੇ ਵੀ ਸੰਕਟਕਾਲੀਨ ਸਥਿਤੀ ਲਈ ਤਿਆਰ ਰਹਿਣ ਲਈ ਕਿਹਾ ਗਿਆ ਹੈ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਦੁਵੱਲੀ ਬੈਠਕ



ਤਿਆਨਜਿਨ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵਿਚਾਲੇ ਇੱਥੇ ਸ਼ੰਘਾਈ ਸਹਿਯੋਗ ਸੰਗਠਨ (SCO) ਦੇ ਢਾਂਚੇ ਤਹਿਤ ਇੱਕ ਅਹਿਮ ਦੁਵੱਲੀ ਬੈਠਕ ਹੋਈ। ਇਸ ਮੀਟਿੰਗ ਵਿੱਚ ਭਾਰਤ ਅਤੇ ਰੂਸ ਦੇ ਮਜ਼ਬੂਤ ਅਤੇ ਸਥਾਈ ਸਬੰਧਾਂ 'ਤੇ ਜ਼ੋਰ ਦਿੱਤਾ ਗਿਆ।

ਦੋਵਾਂ ਆਗੂਆਂ ਨੇ ਭਾਰਤ ਅਤੇ ਰੂਸ ਵਿਚਾਲੇ 'ਵਿਸ਼ੇਸ਼ ਅਤੇ ਤਰਜੀਹੀ ਰਣਨੀਤਕ ਭਾਈਵਾਲੀ' ਦੀ ਮਹੱਤਤਾ ਨੂੰ ਦੁਹਰਾਇਆ। ਇਸ ਗੱਲ 'ਤੇ ਚਾਨਣਾ ਪਾਇਆ ਗਿਆ ਕਿ ਦੋਵਾਂ ਦੇਸ਼ਾਂ ਦਰਮਿਆਨ ਉੱਚ-ਪੱਧਰੀ ਗੱਲਬਾਤ ਅਤੇ ਸੂਚਨਾ ਦਾ ਆਦਾਨ-ਪ੍ਰਦਾਨ ਲਗਾਤਾਰ ਜਾਰੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਜ਼ਿਕਰ ਕੀਤਾ ਕਿ ਦਸੰਬਰ ਵਿੱਚ ਹੋਣ ਵਾਲੇ 23ਵੇਂ ਸਿਖਰ ਸੰਮੇਲਨ ਦੀ ਉਡੀਕ 140 ਕਰੋੜ ਭਾਰਤੀ ਬੇਸਬਰੀ ਨਾਲ ਕਰ ਰਹੇ ਹਨ। ਮੀਟਿੰਗ ਦੌਰਾਨ ਕਿਹਾ ਗਿਆ ਕਿ ਇਹ ਰਿਸ਼ਤਾ ਹਰ ਮੁਸ਼ਕਿਲ ਹਾਲਾਤ ਵਿੱਚ ਵੀ ਮਜ਼ਬੂਤੀ ਨਾਲ ਖੜ੍ਹਾ ਰਿਹਾ ਹੈ ਅਤੇ ਇਹ ਸਿਰਫ਼ ਦੋਵਾਂ ਦੇਸ਼ਾਂ ਦੇ ਲੋਕਾਂ ਲਈ ਹੀ ਨਹੀਂ, ਸਗੋਂ ਵਿਸ਼ਵ ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਲਈ ਵੀ ਬਹੁਤ ਮਹੱਤਵਪੂਰਨ ਹੈ। ਇਸ ਦੌਰਾਨ ਯੂਕਰੇਨ ਵਿੱਚ ਚੱਲ ਰਹੇ ਸੰਘਰਸ਼ 'ਤੇ ਵੀ ਚਰਚਾ ਹੋਈ। ਦੋਵਾਂ ਧਿਰਾਂ ਨੇ ਹਾਲ ਹੀ ਵਿੱਚ ਹੋਈਆਂ ਸ਼ਾਂਤੀ ਕੋਸ਼ਿਸ਼ਾਂ ਦਾ ਸਵਾਗਤ ਕੀਤਾ ਅਤੇ ਇੱਕ ਸਥਾਈ ਹੱਲ ਲਈ ਸਾਰਥਕ ਤਰੱਕੀ ਦੀ ਉਮੀਦ ਜਤਾਈ। ਇਸ ਮੀਟਿੰਗ ਨੂੰ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਇੱਕ ਮੌਕੇ ਵਜੋਂ ਦੇਖਿਆ ਜਾ ਰਿਹਾ ਹੈ।

# ਕੈਪਟਨ ਅਮਰਿੰਦਰ ਸਿੰਘ ਤੇ ਰਣਇੰਦਰ ਸਿੰਘ ਦੇ ਵਿਦੇਸ਼ੀ ਖਾਤਿਆਂ ਸੰਬੰਧੀ ਦਸਤਾਵੇਜ਼ਾਂ ਦੀ ਜਾਂਚ ਲਈ ਪ੍ਰਵਾਨਗੀ





ਚੰਡੀਗੜ੍ਹ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਦੀ ਪਟੀਸ਼ਨ ਨੂੰ ਰੱਦ ਕਰਦੇ ਹੋਏ ਇਨਫ਼ੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੂੰ ਆਮਦਨ ਕਰ ਵਿਭਾਗ ਵਲੋਂ ਸ਼ਿਕਾਇਤ ਦੇ ਨਾਲ ਮੈਜਿਸਟ੍ਰੇਟ ਅਦਾਲਤ 'ਚ ਦਾਇਰ ਕੀਤੇ ਗਏ ਦਸਤਾਵੇਜ਼ਾਂ ਦੀ ਜਾਂਚ ਕਰਨ ਦੀ ਆਗਿਆ ਦੇ ਦਿੱਤੀ ਹੈ। ਇਹ ਸ਼ਿਕਾਇਤ ਆਮਦਨ ਕਰ ਐਕਟ ਦੀ ਧਾਰਾ 277 ਅਤੇ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ ਤਹਿਤ ਦਾਇਰ ਕੀਤੀ ਗਈ ਸੀ। ਇਹ ਮਾਮਲਾ ਉਸ ਜਾਣਕਾਰੀ ਨਾਲ ਸੰਬੰਧਿਤ ਹੈ, ਜੋ ਫਰਾਂਸੀਸੀ ਟੈਕਸ ਅਥਾਰਟੀ ਵਲੋਂ ਭਾਰਤ ਨੂੰ ਮੁਹੱਈਆ ਕਰਵਾਈ ਗਈ ਸੀ ਅਤੇ ਜਿਸ 'ਚ ਇਹ ਦੋਸ਼ ਲਗਾਇਆ ਗਿਆ ਸੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਵਿਦੇਸ਼ੀ ਵਪਾਰਕ ਸੰਸਥਾਵਾਂ ਰਾਹੀਂ ਚਲਾਈਆਂ ਜਾਂਦੀਆਂ ਜਾਇਦਾਦਾਂ ਦੇ ਲਾਭਪਾਤਰੀ ਹਨ। ਕਾਰਵਾਈ ਦੌਰਾਨ ਈ.ਡੀ. ਨੇ ਇਨ੍ਹਾਂ ਦਸਤਾਵੇਜ਼ਾਂ ਦੀ ਜਾਂਚ ਦੀ ਮੰਗ ਕਰਨ ਵਾਲੀ ਅਰਜ਼ੀ ਦਾਇਰ ਕੀਤੀ ਤਾਂ ਜੋ ਜਾਂਚ ਨੂੰ ਅੱਗੇ ਵਧਾਇਆ ਜਾ ਸਕੇ। ਮੈਜਿਸਟ੍ਰੇਟ ਨੇ ਅਰਜ਼ੀ ਸਵੀਕਾਰ ਕਰ ਲਈ, ਜਿਸ ਤੋਂ ਬਾਅਦ ਪਟੀਸ਼ਨਰਾਂ ਨੇ ਇਸ ਹੁਕਮ ਨੂੰ ਚੁਣੌਤੀ ਦਿੱਤੀ ਸੀ। ਜਸਟਿਸ ਤ੍ਰਿਭੁਵਨ ਦਹੀਆ ਨੇ ਕਿਹਾ ਕਿ ਇਹ ਜਾਣਕਾਰੀ ਜਨਤਕ ਕਰਨ ਦਾ ਮਾਮਲਾ ਨਹੀਂ ਹੈ, ਸਗੋਂ ਇਸ ਦੀ ਵਰਤੋਂ ਜਾਂਚ ਲਈ ਕਰਨ ਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਪਟੀਸ਼ਨਰ 'ਦੋਹਰੇ ਟੈਕਸੇਸ਼ਨ ਤੋਂ ਬਚਣ ਲਈ ਸਮਝੌਤੇ' (ਭਾਰਤ-ਫਰਾਂਸ ਟੈਕਸ ਸੰਧੀ) ਦਾ ਹਵਾਲਾ ਦੇ ਕੇ ਇਤਰਾਜ਼ ਨਹੀਂ ਕਰ ਸਕਦੇ। ਜੇਕਰ ਸਮਝੌਤੇ ਦੀ ਕੋਈ ਉਲੰਘਣਾ ਹੁੰਦੀ ਹੈ ਤਾਂ ਇਸ ਦਾ ਵਿਰੋਧ ਆਮਦਨ ਕਰ ਵਿਭਾਗ ਵਲੋਂ ਕੀਤਾ ਜਾ ਸਕਦਾ ਹੈ ਨਾ ਕਿ ਪਟੀਸ਼ਨਰ ਦੁਆਰਾ।

# ਕੈਲੀਫੋਰਨੀਆ ਦੇ ਕੈਲੀਫੋਰਨੀਆ ਦੇ ਫੈਡਰਲ ਜੱਜ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਦੀ ਲਾਸ ਏਂਜਲਸ (LA) ਵਿੱਚ ਫੌਜ ਦੀ ਤੈਨਾਤੀ ਗੈਰ-ਕਾਨੂੰਨੀ ਸੀ






ਕੈਲੀਫੋਰਨੀਆ ਦੇ ਇੱਕ ਸੰਘੀ ਜੱਜ ਨੇ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਨੇ ਜੂਨ ਵਿੱਚ ਇਮੀਗ੍ਰੇਸ਼ਨ ਵਿਰੋਧ ਪ੍ਰਦਰਸ਼ਨਾਂ ਦੇ ਜਵਾਬ ਵਿੱਚ ਲਾਸ ਏਂਜਲਸ ਵਿੱਚ ਲਗਭਗ 5,000 ਮਰੀਨ ਅਤੇ ਨੈਸ਼ਨਲ ਗਾਰਡ ਦੇ ਸੈਨਿਕਾਂ ਨੂੰ ਤੈਨਾਤ ਕਰਕੇ ਕਾਨੂੰਨ ਤੋੜਿਆ ਹੈ। ਜੱਜ ਨੇ ਮੰਗਲਵਾਰ ਨੂੰ ਕਿਹਾ ਕਿ ਟਰੰਪ, ਰੱਖਿਆ ਸਕੱਤਰ ਪੀਟ ਹੇਗਸੇਥ ਅਤੇ ਰੱਖਿਆ ਵਿਭਾਗ ਨੇ 'ਪੋਸੇ ਕੌਮਿਟੈਟਸ ਐਕਟ' ਦੀ ਉਲੰਘਣਾ ਕੀਤੀ ਹੈ, ਜੋ ਆਮ ਤੌਰ 'ਤੇ ਘਰੇਲੂ ਕਾਨੂੰਨ ਨੂੰ ਲਾਗੂ ਕਰਨ ਲਈ ਫੌਜ ਦੀ ਵਰਤੋਂ 'ਤੇ ਰੋਕ ਲਗਾਉਂਦਾ ਹੈ। ਜੱਜ ਨੇ ਉਨ੍ਹਾਂ ਨੂੰ ਕਿਸੇ ਵੀ ਕਾਨੂੰਨ-ਲਾਗੂ ਕਰਨ ਵਾਲੇ ਮਕਸਦ ਲਈ ਫੌਜਾਂ ਦੀ ਵਰਤੋਂ ਕਰਨ ਤੋਂ ਰੋਕ ਦਿੱਤਾ, ਪਰ ਇਸ ਹੁਕਮ 'ਤੇ 10 ਦਿਨਾਂ ਲਈ ਰੋਕ ਲਗਾ ਦਿੱਤੀ। ਪ੍ਰਸ਼ਾਸਨ ਵੱਲੋਂ ਅਪੀਲ ਕੀਤੇ ਜਾਣ ਦੀ ਉਮੀਦ ਹੈ।

ਇੱਕ ਬਿਆਨ ਵਿੱਚ, ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਜੱਜ ਬ੍ਰੇਅਰ ਦੇ ਫੈਸਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ, 'ਅੱਜ, ਅਦਾਲਤ ਨੇ ਲੋਕਤੰਤਰ ਅਤੇ ਸੰਵਿਧਾਨ ਦਾ ਪੱਖ ਲਿਆ। ਕੋਈ ਵੀ ਰਾਸ਼ਟਰਪਤੀ ਰਾਜਾ ਨਹੀਂ ਹੁੰਦਾ — ਟਰੰਪ ਵੀ ਨਹੀਂ — ਅਤੇ ਕੋਈ ਵੀ ਰਾਸ਼ਟਰਪਤੀ ਆਪਣੇ ਲੋਕਾਂ ਦੀ ਰੱਖਿਆ ਲਈ ਰਾਜ ਦੀ ਸ਼ਕਤੀ ਨੂੰ ਕੁਚਲ ਨਹੀਂ ਸਕਦਾ।' ਉਨ੍ਹਾਂ ਅੱਗੇ ਕਿਹਾ: 'ਟਰੰਪ ਦੀ ਸੰਘੀ ਫੌਜਾਂ ਨੂੰ ਆਪਣੀ ਨਿੱਜੀ ਪੁਲਿਸ ਫੋਰਸ ਵਜੋਂ ਵਰਤਣ ਦੀ ਕੋਸ਼ਿਸ਼ ਗੈਰ-ਕਾਨੂੰਨੀ, ਤਾਨਾਸ਼ਾਹੀ ਹੈ, ਅਤੇ ਇਸ ਨੂੰ ਦੇਸ਼ ਭਰ ਦੀ ਹਰ ਅਦਾਲਤ ਵਿੱਚ ਰੋਕਿਆ ਜਾਣਾ ਚਾਹੀਦਾ ਹੈ।'

ਜੱਜ ਬ੍ਰੇਅਰ ਦਾ ਫੈਸਲਾ 12 ਸਤੰਬਰ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ, ਸ਼ਾਇਦ ਪ੍ਰਸ਼ਾਸਨ ਨੂੰ ਅਪੀਲ ਕਰਨ ਲਈ ਸਮਾਂ ਦੇਣ ਲਈ। ਪਰ ਇਸ ਵਿੱਚ ਪਾਇਆ ਗਿਆ ਕਿ ਟਰੰਪ ਪ੍ਰਸ਼ਾਸਨ ਨੇ ਘਰੇਲੂ ਪੁਲਿਸ ਦੇ ਕੰਮ ਲਈ ਫੌਜ ਦੀ ਵਰਤੋਂ ਵਿਰੁੱਧ ਸੰਘੀ ਕਾਨੂੰਨਾਂ ਦੀ ਸਪੱਸ਼ਟ ਉਲੰਘਣਾ ਕੀਤੀ ਸੀ, ਅਤੇ ਉਹ ਜਾਣਦੇ ਸਨ ਕਿ ਉਹ ਕੀ ਕਰ ਰਹੇ ਸਨ। ਉਨ੍ਹਾਂ ਲਿਖਿਆ ਕਿ ਰਾਸ਼ਟਰਪਤੀ ਟਰੰਪ, ਰੱਖਿਆ ਸਕੱਤਰ ਪੀਟ ਹੇਗਸੇਥ ਅਤੇ ਰੱਖਿਆ ਵਿਭਾਗ ਨੇ 'ਨੈਸ਼ਨਲ ਗਾਰਡ ਅਤੇ ਮਰੀਨ ਨੂੰ ਲਾਸ ਏਂਜਲਸ ਵਿੱਚ ਤੈਨਾਤ ਕੀਤਾ, ਦਿਖਾਵੇ ਲਈ ਇੱਕ ਬਗਾਵਤ ਨੂੰ ਦਬਾਉਣ ਅਤੇ ਇਹ ਯਕੀਨੀ ਬਣਾਉਣ ਲਈ ਕਿ ਸੰਘੀ ਇਮੀਗ੍ਰੇਸ਼ਨ ਕਾਨੂੰਨ ਲਾਗੂ ਕੀਤਾ ਗਿਆ ਸੀ।'

ਉਨ੍ਹਾਂ ਲਿਖਿਆ, 'ਲਾਸ ਏਂਜਲਸ ਵਿੱਚ ਸੱਚਮੁੱਚ ਵਿਰੋਧ ਪ੍ਰਦਰਸ਼ਨ ਹੋਏ, ਅਤੇ ਕੁਝ ਵਿਅਕਤੀ ਹਿੰਸਾ ਵਿੱਚ ਸ਼ਾਮਲ ਹੋਏ। ਫਿਰ ਵੀ ਕੋਈ ਬਗਾਵਤ ਨਹੀਂ ਸੀ ਅਤੇ ਨਾ ਹੀ ਸਿਵਲ ਕਾਨੂੰਨ ਲਾਗੂ ਕਰਨ ਵਾਲੇ ਪ੍ਰਦਰਸ਼ਨਾਂ ਦਾ ਜਵਾਬ ਦੇਣ ਅਤੇ ਕਾਨੂੰਨ ਲਾਗੂ ਕਰਨ ਵਿੱਚ ਅਸਮਰੱਥ ਸਨ।'

ਜੱਜ ਬ੍ਰੇਅਰ ਦਾ ਫੈਸਲਾ ਲਾਸ ਏਂਜਲਸ ਦੀ ਤੈਨਾਤੀ ਦੀ ਨਿੰਦਾ ਵਿੱਚ ਸਪੱਸ਼ਟ ਹੈ, ਪਰ ਹੁਕਮ ਖੁਦ ਸੀਮਤ ਹੈ। ਹਾਲਾਂਕਿ ਜੱਜ ਨੇ ਕਿਹਾ ਕਿ ਵਾਸ਼ਿੰਗਟਨ ਵਿੱਚ ਹਾਲ ਹੀ ਵਿੱਚ ਨੈਸ਼ਨਲ ਗਾਰਡ ਦੀ ਤੈਨਾਤੀ 'ਗੰਭੀਰ ਚਿੰਤਾਵਾਂ' ਪੈਦਾ ਕਰਦੀ ਹੈ, ਉਨ੍ਹਾਂ ਨੇ ਇਸ਼ਾਰਾ ਕੀਤਾ ਕਿ ਉਨ੍ਹਾਂ ਦਾ ਫੈਸਲਾ ਸਿਰਫ ਕੈਲੀਫੋਰਨੀਆ 'ਤੇ ਲਾਗੂ ਹੁੰਦਾ ਹੈ, ਨਾ ਕਿ ਰਾਸ਼ਟਰੀ ਪੱਧਰ 'ਤੇ। ਨਾ ਹੀ ਇਹ ਰਾਜ ਵਿੱਚ ਅਜੇ ਵੀ ਮੌਜੂਦ 300 ਨੈਸ਼ਨਲ ਗਾਰਡ ਸੈਨਿਕਾਂ ਨੂੰ ਹਟਾਉਣ ਦੀ ਮੰਗ ਕਰਦਾ ਹੈ। ਇਹ ਸਿਰਫ਼ ਪ੍ਰਸ਼ਾਸਨ ਨੂੰ ਉਨ੍ਹਾਂ ਦੀ ਵਰਤੋਂ ਕਾਨੂੰਨੀ ਉਦੇਸ਼ਾਂ, ਜਿਵੇਂ ਕਿ ਸੰਘੀ ਜਾਇਦਾਦ ਦੀ ਰਾਖੀ ਲਈ ਕਰਨ ਦੀ ਲੋੜ ਹੈ।

ਇੱਕ ਸੰਘੀ ਜੱਜ ਨੇ ਮੰਗਲਵਾਰ ਨੂੰ ਕਿਹਾ ਕਿ ਟਰੰਪ ਪ੍ਰਸ਼ਾਸਨ ਨੇ ਦੱਖਣੀ ਕੈਲੀਫੋਰਨੀਆ ਵਿੱਚ ਹਜ਼ਾਰਾਂ ਫੌਜੀ ਸੈਨਿਕਾਂ ਦੀ ਗੈਰ-ਕਾਨੂੰਨੀ ਤੌਰ 'ਤੇ ਵਰਤੋਂ ਕੀਤੀ, ਇੱਕ ਫੈਸਲੇ ਵਿੱਚ ਰਾਸ਼ਟਰਪਤੀ 'ਤੇ ਲਗਭਗ 5,000 ਮਰੀਨ ਅਤੇ ਨੈਸ਼ਨਲ ਗਾਰਡ ਦੇ ਸਿਪਾਹੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਇੱਕ ਰਾਸ਼ਟਰੀ ਪੁਲਿਸ ਬਲ ਵਿੱਚ ਬਦਲਣ ਦਾ ਦੋਸ਼ ਲਗਾਇਆ ਗਿਆ।

ਸੈਨ ਫਰਾਂਸਿਸਕੋ ਦੀ ਫੈਡਰਲ ਡਿਸਟ੍ਰਿਕਟ ਕੋਰਟ ਦੇ ਜੱਜ ਚਾਰਲਸ ਆਰ. ਬ੍ਰੇਅਰ ਦਾ ਇਹ ਫੈਸਲਾ, ਇੱਕ ਵਿਵਾਦਪੂਰਨ ਤੈਨਾਤੀ ਦੇ ਦੋ ਮਹੀਨਿਆਂ ਤੋਂ ਵੱਧ ਸਮੇਂ ਬਾਅਦ ਆਇਆ ਹੈ, ਜੋ ਜੂਨ ਵਿੱਚ ਇਮੀਗ੍ਰੇਸ਼ਨ ਵਿਰੋਧ ਪ੍ਰਦਰਸ਼ਨਾਂ ਕਾਰਨ ਸ਼ੁਰੂ ਹੋਈ ਸੀ ਅਤੇ ਉਦੋਂ ਤੋਂ ਘੱਟ ਕੇ ਲਗਭਗ 300 ਨੈਸ਼ਨਲ ਗਾਰਡ ਸਿਪਾਹੀ ਰਹਿ ਗਏ ਹਨ। ਜੱਜ ਨੇ ਹੁਕਮ ਦਿੱਤਾ ਕਿ ਬਾਕੀ ਬਚੇ ਸੈਨਿਕਾਂ ਨੂੰ ਜਾਂ ਤਾਂ ਛੱਡ ਦਿੱਤਾ ਜਾਵੇ ਜਾਂ ਸੰਘੀ ਇਮਾਰਤਾਂ ਦੀ ਰਾਖੀ ਤੱਕ ਸੀਮਤ ਰੱਖਿਆ ਜਾਵੇ, ਪਰ ਉਸਨੇ ਆਪਣੇ ਹੁਕਮ 'ਤੇ 10 ਦਿਨਾਂ ਲਈ ਰੋਕ ਲਗਾ ਦਿੱਤੀ।

ਫੈਸਲਾ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਲਈ ਇੱਕ ਜਿੱਤ ਸੀ, ਜੋ ਇੱਕ ਸੰਭਾਵੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਹਨ, ਜਿਨ੍ਹਾਂ ਨੇ ਮੁਕੱਦਮਾ ਦਾਇਰ ਕੀਤਾ ਸੀ ਅਤੇ ਜਿਨ੍ਹਾਂ ਨੇ ਟਰੰਪ ਨੂੰ ਲਾਸ ਏਂਜਲਸ ਵਿੱਚ ਫੌਜ ਭੇਜਣ ਲਈ ਝਿੜਕਿਆ ਸੀ। ਪਰ ਨਿਆਂ ਵਿਭਾਗ, ਜਿਸ ਨੇ ਮੁਕੱਦਮੇ ਵਿੱਚ ਟਰੰਪ ਪ੍ਰਸ਼ਾਸਨ ਦਾ ਬਚਾਅ ਕੀਤਾ, ਵੱਲੋਂ ਫੈਸਲੇ ਦੀ ਅਪੀਲ ਕੀਤੇ ਜਾਣ ਦੀ ਉਮੀਦ ਹੈ ਅਤੇ ਉਸਨੂੰ ਯੂ.ਐਸ. ਕੋਰਟ ਆਫ਼ ਅਪੀਲਜ਼ ਫਾਰ ਦ ਨਾਈਨਥ ਸਰਕਟ ਤੋਂ ਵਧੇਰੇ ਅਨੁਕੂਲ ਵਿਚਾਰ ਪ੍ਰਾਪਤ ਹੋ ਸਕਦਾ ਹੈ।

**ਐਪਸਟੀਨ ਮਾਮਲੇ 'ਤੇ ਕਮੇਟੀ ਪੀੜਤਾਂ ਨਾਲ ਮੁਲਾਕਾਤ ਕਰੇਗੀ :** ਇੱਕ ਹਾਊਸ ਕਮੇਟੀ ਮੰਗਲਵਾਰ ਨੂੰ 10 ਲੋਕਾਂ ਨਾਲ ਮੁਲਾਕਾਤ ਕਰਨ ਦੀ ਯੋਜਨਾ ਬਣਾ ਰਹੀ ਹੈ ਜਿਨ੍ਹਾਂ ਨੇ ਬਦਨਾਮ ਵਿੱਤਕਾਰ ਜੈਫਰੀ ਐਪਸਟੀਨ 'ਤੇ ਜਿਨਸੀ ਤਸਕਰੀ ਦਾ ਦੋਸ਼ ਲਗਾਇਆ ਹੈ, ਜਿਸ ਨਾਲ ਇਸ ਮੁੱਦੇ 'ਤੇ ਹੋਰ ਧਿਆਨ ਕੇਂਦਰਿਤ ਹੋਵੇਗਾ ਜਿਸ ਨੂੰ ਰਾਸ਼ਟਰਪਤੀ ਟਰੰਪ ਘੱਟ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਟਰੰਪ ਦੇ ਸਮਰਥਕ ਸਾਜ਼ਿਸ਼ੀ ਸਿਧਾਂਤਾਂ ਤੋਂ ਉਤਸ਼ਾਹਿਤ ਹੋਏ ਹਨ ਕਿ ਐਪਸਟੀਨ ਅਮਰੀਕੀ ਸਮਾਜ ਦੇ ਉੱਚ ਪੱਧਰਾਂ ਵਿੱਚ ਪੀਡੋਫਾਈਲਾਂ ਦੇ ਇੱਕ ਸਮੂਹ ਵਿੱਚੋਂ ਸਿਰਫ਼ ਇੱਕ ਸੀ। ਐਪਸਟੀਨ ਦੀ 2019 ਵਿੱਚ ਜਿਨਸੀ ਤਸਕਰੀ ਦੇ ਦੋਸ਼ਾਂ ਵਿੱਚ ਮੁਕੱਦਮੇ ਦੀ ਉਡੀਕ ਕਰਦੇ ਹੋਏ ਜੇਲ੍ਹ ਵਿੱਚ ਮੌਤ ਹੋ ਗਈ ਸੀ।

ਅਟਾਰਨੀ ਜਨਰਲ ਪੈਮ ਬੋਂਡੀ ਨੇ ਫਰਵਰੀ ਵਿੱਚ ਲਗਭਗ 200 ਪੰਨਿਆਂ ਦੇ ਦਸਤਾਵੇਜ਼ ਜਾਰੀ ਕੀਤੇ ਸਨ। ਨਿਆਂ ਵਿਭਾਗ ਅਤੇ ਐਫ.ਬੀ.ਆਈ. ਨੇ ਜੁਲਾਈ ਵਿੱਚ ਸਿੱਟਾ ਕੱਢਿਆ ਸੀ ਕਿ ਐਪਸਟੀਨ ਦੇ ਗਾਹਕਾਂ ਦੀ ਕੋਈ ਸੂਚੀ ਨਹੀਂ ਸੀ, ਅਤੇ ਨਾ ਹੀ ਇਸ ਗੱਲ ਦਾ ਕੋਈ ਸਬੂਤ ਸੀ ਕਿ ਐਪਸਟੀਨ ਨੇ ਪ੍ਰਮੁੱਖ ਵਿਅਕਤੀਆਂ ਨੂੰ ਬਲੈਕਮੇਲ ਕੀਤਾ ਸੀ।

ਮੰਗਲਵਾਰ ਦੀ ਮੀਟਿੰਗ ਤੋਂ ਪਤਾ ਲੱਗਦਾ ਹੈ ਕਿ ਦੋਵਾਂ ਪਾਰਟੀਆਂ ਦੇ ਕੁਝ ਸੰਸਦ ਮੈਂਬਰ ਟਰੰਪ ਲਈ ਇੱਕ ਅਸੁਵਿਧਾਜਨਕ ਵਿਸ਼ੇ 'ਤੇ ਧਿਆਨ ਕੇਂਦਰਿਤ ਰੱਖਣ ਲਈ ਉਤਸੁਕ ਹਨ।

**ਟਰੰਪ, ਰੂਡੋਲਫ ਗਿਉਲਿਆਨੀ ਨੂੰ ਦੇਣਗੇ ਰਾਸ਼ਟਰਪਤੀ ਮੈਡਲ ਆਫ਼ ਫਰੀਡਮ :** ਰਾਸ਼ਟਰਪਤੀ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਉਹ ਆਪਣੇ ਇੱਕ ਸਮੇਂ ਦੇ ਵਕੀਲ ਅਤੇ ਨਿਊਯਾਰਕ ਸਿਟੀ ਦੇ ਸਾਬਕਾ ਮੇਅਰ, ਰੂਡੋਲਫ ਡਬਲਯੂ. ਗਿਉਲਿਆਨੀ ਨੂੰ ਰਾਸ਼ਟਰਪਤੀ ਮੈਡਲ ਆਫ਼ ਫਰੀਡਮ ਨਾਲ ਸਨਮਾਨਿਤ ਕਰਨਗੇ, ਜਦਕਿ ਦੋ ਦਿਨ ਪਹਿਲਾਂ ਗਿਉਲਿਆਨੀ ਇੱਕ ਕਾਰ ਹਾਦਸੇ ਵਿੱਚ ਜ਼ਖਮੀ ਹੋ ਗਏ ਸਨ।

ਟਰੂਥ ਸੋਸ਼ਲ 'ਤੇ ਪੋਸਟ ਕੀਤੇ ਇੱਕ ਬਿਆਨ ਵਿੱਚ, ਟਰੰਪ ਨੇ ਗਿਉਲਿਆਨੀ ਨੂੰ 'ਨਿਊਯਾਰਕ ਸਿਟੀ ਦੇ ਇਤਿਹਾਸ ਵਿੱਚ ਸਭ ਤੋਂ ਮਹਾਨ ਮੇਅਰ ਅਤੇ ਇੱਕ ਬਰਾਬਰ ਦੇ ਮਹਾਨ ਅਮਰੀਕੀ ਦੇਸ਼ਭਗਤ' ਕਿਹਾ।

ਇਹ ਐਲਾਨ ਉਨ੍ਹਾਂ ਦਿਨਾਂ ਬਾਅਦ ਹੋਇਆ ਜਦੋਂ ਗਿਉਲਿਆਨੀ ਮੈਨਚੈਸਟਰ, ਐਨ.ਐਚ. ਵਿੱਚ ਇੱਕ ਕਾਰ ਹਾਦਸੇ ਵਿੱਚ ਸ਼ਾਮਲ ਸਨ, ਜਿੱਥੇ ਉਹ ਜਿਸ ਵਾਹਨ ਵਿੱਚ ਯਾਤਰੀ ਵਜੋਂ ਸਫਰ ਕਰ ਰਹੇ ਸਨ, ਉਸਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ ਗਈ ਸੀ। ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਅਤੇ ਰੀੜ੍ਹ ਦੀ ਹੱਡੀ ਦੇ ਫਰੈਕਚਰ ਦਾ ਇਲਾਜ ਕੀਤਾ ਗਿਆ ਅਤੇ ਸੋਮਵਾਰ ਨੂੰ ਛੁੱਟੀ ਦੇ ਦਿੱਤੀ ਗਈ।

ਹਾਲ ਹੀ ਦੇ ਸਾਲਾਂ ਵਿੱਚ ਉਹ ਟਰੰਪ ਨਾਲ ਨੇੜਿਓਂ ਜੁੜੇ ਹੋਏ ਹਨ ਅਤੇ ਰਾਸ਼ਟਰਪਤੀ ਦੇ ਕੁਝ ਸਭ ਤੋਂ ਨਿੱਜੀ ਜਨੂੰਨ ਨਾਲ ਜੁੜੇ ਇੱਕ ਵਿਵਾਦਗ੍ਰਸਤ ਰਾਜਨੀਤਿਕ ਅਦਾਕਾਰ ਵਜੋਂ ਉੱਭਰੇ ਹਨ।

ਰਾਸ਼ਟਰਪਤੀ ਮੈਡਲ ਆਫ਼ ਫਰੀਡਮ ਨੂੰ ਲੰਬੇ ਸਮੇਂ ਤੋਂ ਅਮਰੀਕਾ ਦਾ ਸਭ ਤੋਂ ਉੱਚ ਨਾਗਰਿਕ ਸਨਮਾਨ ਮੰਨਿਆ ਜਾਂਦਾ ਹੈ ਅਤੇ ਇਹ ਮੌਜੂਦਾ ਰਾਸ਼ਟਰਪਤੀ ਦੁਆਰਾ ਉਨ੍ਹਾਂ ਦੇ ਵਿਵੇਕ 'ਤੇ ਦਿੱਤਾ ਜਾਂਦਾ ਹੈ। 1963 ਵਿੱਚ ਰਾਸ਼ਟਰਪਤੀ ਜੌਨ ਐਫ. ਕੈਨੇਡੀ ਦੁਆਰਾ ਇਸਦੀ ਸਥਾਪਨਾ ਤੋਂ ਬਾਅਦ 700 ਤੋਂ ਘੱਟ ਲੋਕਾਂ ਨੂੰ ਇਹ ਸਨਮਾਨ ਦਿੱਤਾ ਗਿਆ ਹੈ।

**ਲੇਬਰ ਡੇ, ਜੋ 2025 ਵਿੱਚ ਸੋਮਵਾਰ, 1 ਸਤੰਬਰ ਨੂੰ ਮਨਾਇਆ ਗਿਆ, ਸੰਯੁਕਤ ਰਾਜ ਅਮਰੀਕਾ ਵਿੱਚ ਇੱਕ ਸੰਘੀ ਛੁੱਟੀ ਹੈ। ਇਹ ਦਿਨ ਅਮਰੀਕੀ ਕਾਮਿਆਂ ਦੀਆਂ ਸਮਾਜਿਕ ਅਤੇ ਆਰਥਿਕ ਪ੍ਰਾਪਤੀਆਂ ਦਾ ਸਨਮਾਨ ਕਰਨ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਮਾਨਤਾ ਦੇਣ ਲਈ ਸਮਰਪਿਤ ਹੈ**

# ਲੇਬਰ ਡੇ ਅਮਰੀਕੀ ਕਿਰਤੀਆਂ ਦੀ ਮਿਹਨਤ, ਸਮਰਪਣ ਅਤੇ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਦਾ ਦਿਨ ਹੈ, ਜਿਨ੍ਹਾਂ ਨੇ ਦੇਸ਼ ਦੇ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ

**ਲੇਬਰ ਡੇ ਦਾ ਇਤਿਹਾਸ**

ਲੇਬਰ ਡੇ ਦੀ ਸ਼ੁਰੂਆਤ 19ਵੀਂ ਸਦੀ ਦੇ ਅਖੀਰ ਵਿੱਚ ਮਜ਼ਦੂਰ ਲਹਿਰ ਦੌਰਾਨ ਹੋਈ ਸੀ। ਉਸ ਸਮੇਂ, ਉਦਯੋਗਿਕ ਕ੍ਰਾਂਤੀ ਦੇ ਸਿਖਰ 'ਤੇ, ਅਮਰੀਕੀ ਕਾਮਿਆਂ ਨੂੰ ਬਹੁਤ ਲੰਬੇ ਸਮੇਂ ਤੱਕ, ਹਫ਼ਤੇ ਦੇ ਸੱਤੇ ਦਿਨ, ਅਕਸਰ ਅਸੁਰੱਖਿਅਤ ਅਤੇ ਗੈਰ-ਸਿਹਤਮੰਦ ਹਾਲਤਾਂ ਵਿੱਚ ਕੰਮ ਕਰਨਾ ਪੈਂਦਾ ਸੀ। ਇਸਦੇ ਜਵਾਬ ਵਿੱਚ, ਮਜ਼ਦੂਰ ਯੂਨੀਅਨਾਂ ਦਾ ਗਠਨ ਹੋਣਾ ਸ਼ੁਰੂ ਹੋਇਆ, ਜਿਨ੍ਹਾਂ ਨੇ ਬਿਹਤਰ ਤਨਖਾਹ, ਸੁਰੱਖਿਅਤ ਕੰਮਕਾਜੀ ਮਾਹੌਲ ਅਤੇ ਅੱਠ ਘੰਟੇ ਦੇ ਕੰਮ ਦਿਨ ਦੀ ਮੰਗ ਲਈ ਆਵਾਜ਼ ਬੁਲੰਦ ਕੀਤੀ।

ਪਹਿਲੀ ਲੇਬਰ ਡੇ ਪਰੇਡ 5 ਸਤੰਬਰ, 1882 ਨੂੰ ਨਿਊਯਾਰਕ ਸ਼ਹਿਰ ਵਿੱਚ ਹੋਈ ਸੀ। ਇਸ ਤੋਂ ਬਾਅਦ, ਇਹ ਵਿਚਾਰ ਦੂਜੇ ਸ਼ਹਿਰਾਂ ਵਿੱਚ ਫੈਲ ਗਿਆ। ਕਈ ਸਾਲਾਂ ਦੇ ਸੰਘਰਸ਼ ਤੋਂ ਬਾਅਦ, 1894 ਵਿੱਚ ਰਾਸ਼ਟਰਪਤੀ ਗਰੋਵਰ ਕਲੀਵਲੈਂਡ ਨੇ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਲੇਬਰ ਡੇ ਵਜੋਂ ਇੱਕ ਰਾਸ਼ਟਰੀ ਛੁੱਟੀ ਵਜੋਂ ਘੋਸ਼ਿਤ ਕਰਨ ਵਾਲੇ ਕਾਨੂੰਨ 'ਤੇ ਦਸਤਖਤ ਕੀਤੇ।

**ਅਜੋਕੇ ਸਮੇਂ ਵਿੱਚ ਮਹੱਤਵ**

ਅੱਜ, ਲੇਬਰ ਡੇ ਸਿਰਫ਼ ਇੱਕ ਛੁੱਟੀ ਤੋਂ ਵੱਧ ਹੈ। ਇਹ ਦਿਨ ਸਾਨੂੰ ਕਾਮਿਆਂ ਦੇ ਅਧਿਕਾਰਾਂ ਅਤੇ ਉਨ੍ਹਾਂ ਦੇ ਯੋਗਦਾਨ ਦੀ ਯਾਦ ਦਿਵਾਉਂਦਾ ਹੈ ਜਿਨ੍ਹਾਂ ਸਦਕਾ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਸੰਭਵ ਹੋਈ ਹੈ। ਇਹ ਦਿਨ ਸਾਨੂੰ ਮੌਜੂਦਾ ਮਜ਼ਦੂਰ ਮੁੱਦਿਆਂ, ਜਿਵੇਂ ਕਿ ਉਚਿਤ ਤਨਖਾਹ, ਕੰਮ ਵਾਲੀ ਥਾਂ 'ਤੇ ਸੁਰੱਖਿਆ, ਅਤੇ ਨੌਕਰੀ ਦੀ ਸੁਰੱਖਿਆ, ਬਾਰੇ ਸੋਚਣ ਦਾ ਮੌਕਾ ਦਿੰਦਾ ਹੈ।

ਇਸ ਤੋਂ ਇਲਾਵਾ, ਲੇਬਰ ਡੇ ਨੂੰ ਗੈਰ-ਰਸਮੀ ਤੌਰ 'ਤੇ ਗਰਮੀਆਂ ਦੇ ਮੌਸਮ ਦਾ ਅੰਤ ਵੀ ਮੰਨਿਆ ਜਾਂਦਾ ਹੈ। ਪਰ ਧਰਤੀ ਉਪਰ ਮੌਸਮ ਬਦਲਣ ਨਾਲ ਹੁਣ ਕੈਲੀਫੋਰਨੀਆਂ ਸਤੰਬਰ ਦੇ ਮਹੀਨੇ ਵਿੱਚ ਭਰ ਗਰਮੀ ਹੁੰਦੀ ਹੈ ?

**ਜਸ਼ਨ ਅਤੇ ਪਰੰਪਰਾਵਾਂ**

ਲੋਕ ਲੇਬਰ ਡੇ ਨੂੰ ਵੱਖ-ਵੱਖ ਤਰੀਕਿਆਂ ਨਾਲ ਮਨਾਉਂਦੇ ਹਨ। ਇਹ ਦਿਨ ਆਮ ਤੌਰ 'ਤੇ ਪਰਿਵਾਰ ਅਤੇ ਦੋਸਤਾਂ ਨਾਲ ਆਰਾਮ ਕਰਨ ਦਾ ਦਿਨ ਹੁੰਦਾ ਹੈ। ਆਮ ਜਸ਼ਨਾਂ ਵਿੱਚ ਸ਼ਾਮਲ ਹਨ:

- ਪਰੇਡਾਂ: ਬਹੁਤ ਸਾਰੇ ਸ਼ਹਿਰਾਂ ਵਿੱਚ ਮਜ਼ਦੂਰ ਯੂਨੀਅਨਾਂ ਅਤੇ ਹੋਰ ਸੰਸਥਾਵਾਂ ਦੁਆਰਾ ਪਰੇਡਾਂ ਦਾ ਆਯੋਜਨ ਕੀਤਾ ਜਾਂਦਾ ਹੈ।
- ਬਾਰਬੀਕਿਊ ਅਤੇ ਪਿਕਨਿਕ ਖਾਣਪੀਣ ਦੀ ਪਾਰਟੀ: ਪਰਿਵਾਰ ਅਤੇ ਦੋਸਤ ਇਕੱਠੇ ਹੋ ਕੇ ਖਾਣ-ਪੀਣ ਅਤੇ ਮੌਜ-ਮਸਤੀ ਕਰਦੇ ਹਨ।
- ਯਾਤਰਾ: ਕਿਉਂਕਿ ਇਹ ਤਿੰਨ ਦਿਨਾਂ ਦਾ ਲੰਬਾ ਵੀਕਐਂਡ ਹੁੰਦਾ ਹੈ, ਬਹੁਤ ਸਾਰੇ ਲੋਕ ਛੋਟੀਆਂ ਛੁੱਟੀਆਂ 'ਤੇ ਜਾਂਦੇ ਹਨ।
- ਖਰੀਦਦਾਰੀ: ਇਸ ਦਿਨ ਬਹੁਤ ਸਾਰੇ ਸਟੋਰਾਂ 'ਤੇ ਵਿਸ਼ੇਸ਼ ਸੇਲ ਅਤੇ ਛੋਟਾਂ ਹੁੰਦੀਆਂ ਹਨ।



**ਭਾਵੇਂ ਇਹ ਮਜ਼ਦੂਰਾਂ ਦੇ ਹੱਕਾਂ ਦੀ ਲੜਾਈ ਅਮਰੀਕਾ ਵਿੱਚ ਲੜੀ ਗਈ ਸੀ, ਪਰ ਅਸੀਂ ਪੰਜਾਬ ਦੇ ਕਿਸਾਨਾਂ ਦੀ ਫੋਟੋ ਲਗਾ ਕੇ ਪੰਜਾਬ ਦੇ ਮਿਹਨਤਕਸ਼ ਲੋਕਾਂ ਨੂੰ ਵੀ ਅੱਜ ਯਾਦ ਕਰ ਰਹੇ ਹਾਂ।**

- **ਸਤਨਾਮ ਸਿੰਘ ਖਾਲਸਾ**

ਖ਼ਤਰੇ ਦੇ ਨਿਸ਼ਾਨ

# ਸਮੁੱਚਾ ਪੰਜਾਬ ਹੜ੍ਹਾਂ ਦੀ ਮਾਰ ਹੇਠ





ਚੰਡੀਗੜ੍ਹ : ਭਿਆਨਕ ਹੜ੍ਹਾਂ ਨੇ ਹੁਣ ਸਮੁੱਚਾ ਪੰਜਾਬ ਆਪਣੀ ਲਪੇਟ ’ਚ ਲੈ ਲਿਆ ਹੈ। ਪਹਿਲਾਂ ਪਹਾੜਾਂ ਦੇ ਪਾਣੀ ਨੇ ਮਾਰ ਕੀਤੀ ਸੀ ਅਤੇ ਹੁਣ ਸੂਬੇ ’ਚ ਪਏ ਭਾਰੀ ਮੀਂਹ ਕਾਰਨ ਸੂਬੇ ਦਾ ਹਰ ਜ਼ਿਲ੍ਹਾ ਹੜ੍ਹਾਂ ਤੋਂ ਪ੍ਰਭਾਵਿਤ ਹੋ ਗਿਆ ਹੈ। ਸੂਬੇ ’ਚ 1400 ਪਿੰਡ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਜਦੋਂ ਕਿ ਗੁਰਦਾਸਪੁਰ ਜ਼ਿਲ੍ਹਾ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ ਜਿੱਥੋਂ ਦੇ 324 ਪਿੰਡ ਲਪੇਟ ’ਚ ਆਏ ਹਨ। ਅੰਮ੍ਰਿਤਸਰ ਦੇ 135 ਪਿੰਡ ਅਤੇ ਹੁਸ਼ਿਆਰਪੁਰ ਦੇ 119 ਪਿੰਡ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਹਨ। ਸਰਕਾਰੀ ਰਿਪੋਰਟ ਅਨੁਸਾਰ ਹੜ੍ਹਾਂ ਕਾਰਨ ਹੁਣ ਤੱਕ 30 ਜਾਨਾਂ ਚਲੀਆਂ ਗਈਆਂ ਹਨ। ਲੁਧਿਆਣਾ ਜ਼ਿਲ੍ਹੇ ’ਚ ਅੱਜ ਤਿੰਨ ਬੱਚੇ ਕਰੰਟ ਲੱਗਣ ਅਤੇ ਛੱਤ ਡਿੱਗਣ ਕਾਰਨ ਮੌਤ ਦੇ ਮੂੰਹ ਜਾ ਪਏ ਹਨ।

ਸੂਬੇ ਦੇ 3.54 ਲੱਖ ਲੋਕ ਹੜ੍ਹਾਂ ਤੋਂ ਪ੍ਰਭਾਵਿਤ ਹਨ। ਹੁਣ ਤੱਕ ਪਾਣੀ ’ਚ ਫਸੇ 19,597 ਵਿਅਕਤੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਜਾ ਚੁੱਕਾ ਹੈ ਅਤੇ 171 ਰਾਹਤ ਕੈਂਪਾਂ ’ਚ 5,167 ਲੋਕ ਪਹੁੰਚਾਏ ਗਏ ਹਨ। ਸੂਬੇ ’ਚ ਹੜ੍ਹਾਂ ਦਾ ਖ਼ਤਰਾ ਹਾਲੇ ਘਟਿਆ ਨਹੀਂ ਹੈ ਕਿਉਂਕਿ ਘੱਗਰ ਦਾ ਪਾਣੀ ਹੁਣ ਖ਼ਤਰੇ ਦੇ ਨਿਸ਼ਾਨ ਨੇੜੇ ਪਹੁੰਚ ਗਿਆ ਹੈ ਜਦੋਂ ਕਿ ਸਤਲੁਜ ਦਰਿਆ ’ਚ ਵਧੇ ਪਾਣੀ ਨੇ ਸੈਂਕੜੇ ਪਿੰਡਾਂ ਦੇ ਲੋਕਾਂ ਦੀ ਨੀਂਦ ਉਡਾ ਦਿੱਤੀ ਹੈ।

ਬੇਸ਼ੱਕ ਮੀਂਹ ਦੀ ਤੇਜ਼ ਰਫ਼ਤਾਰ ਨੂੰ ਠੱਲ੍ਹ ਪਈ ਹੈ ਪ੍ਰੰਤੂ ਕਪੂਰਥਲਾ ਤੇ ਰੋਪੜ ਜ਼ਿਲ੍ਹੇ ’ਚ ਸਤਲੁਜ ਨੇੜਲੇ ਖ਼ੇਤਰਿਆਂ ਦੇ ਲੋਕਾਂ ਨੂੰ ਅਲਰਟ ਕਰ ਦਿੱਤਾ ਗਿਆ ਹੈ। ਸਿਵਲ ਤੇ ਪੁਲੀਸ ਪ੍ਰਸ਼ਾਸਨ ਸਤਲੁਜ ’ਤੇ ਬਣੇ ਬੰਨ੍ਹਾਂ ’ਤੇ ਨਜ਼ਰ ਰੱਖ ਰਹੇ ਹਨ। ਮੌਸਮ ਵਿਭਾਗ ਨੇ ਭਲਕੇ ਪਠਾਨਕੋਟ ਤੇ ਗੁਰਦਾਸਪੁਰ ’ਚ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਪਹਾੜਾਂ ਤੋਂ ਇਲਾਵਾ ਪੰਜਾਬ ’ਚ ਪਈ ਬਾਰਸ਼ ਨੇ ਸਤਲੁਜ ਤੇ ਘੱਗਰ ’ਚ ਪਾਣੀ ਦੀ ਮਾਤਰਾ ਇਕਦਮ ਵਧਾ ਦਿੱਤੀ ਹੈ। ਵੇਰਵਿਆਂ ਅਨੁਸਾਰ ਘੱਗਰ ’ਚ ਮੀਂਹ ਦੇ ਪਾਣੀ ਅਤੇ ਟਾਂਗਰੀ-ਮਾਰਕੰਡਾ ਦੇ ਪਾਣੀ ਨੇ ਉਛਾਲ ਲਿਆਂਦਾ ਹੈ। ਜਲ ਸਰੋਤ ਵਿਭਾਗ ਨੇ ਘੱਗਰ ’ਤੇ 24 ਘੰਟੇ ਲਈ ਮੁਲਾਜ਼ਮਾਂ ਤੇ ਅਫ਼ਸਰਾਂ ਦੀ ਤਾਇਨਾਤੀ ਕਰ ਦਿੱਤੀ ਹੈ।

ਘੱਗਰ ’ਚ ਅੱਜ ਸਵੇਰੇ 8,722 ਕਿਊਸਕ ਪਾਣੀ ਆਇਆ ਸੀ ਪ੍ਰੰਤੂ ਪਿਛਲੇ ਦਿਨਾਂ ’ਚ 70 ਹਜ਼ਾਰ ਕਿਊਸਕ ਪਾਣੀ ਚੱਲਣ ਕਰਕੇ ਖਨੌਰੀ ਲਾਗੇ ਪਾਣੀ ਖ਼ਤਰੇ ਦੇ ਨਿਸ਼ਾਨ ਨੂੰ ਛੂਹ ਗਿਆ ਹੈ। ਖਨੌਰੀ ’ਚ 748 ਫੁੱਟ ’ਤੇ ਖ਼ਤਰੇ ਦਾ ਨਿਸ਼ਾਨ ਹੈ ਅਤੇ ਇਸ ਵੇਲੇ ਪਾਣੀ 747.8 ਫੁੱਟ ’ਤੇ ਪਹੁੰਚ ਗਿਆ ਹੈ। ਸਰਦੂਲਗੜ੍ਹ ਕੋਲ ਖ਼ਤਰੇ ਦਾ ਨਿਸ਼ਾਨ 20 ਫੁੱਟ ’ਤੇ ਹੈ ਅਤੇ ਪਾਣੀ 19.3 ਫੁੱਟ ਤੱਕ ਚੜ੍ਹ ਗਿਆ ਹੈ। ਘੱਗਰ ਲਈ ਵੱਡਾ ਖ਼ਤਰਾ ਟਾਂਗਰੀ ਤੇ ਮਾਰਕੰਡਾ ਨਦੀ ਬਣੀ ਹੈ। ਟਾਂਗਰੀ ਖ਼ਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਈ ਹੈ ਅਤੇ ਇਸ ਵੇਲੇ 41,396 ਕਿਊਸਕ ਪਾਣੀ ਚੱਲ ਰਿਹਾ ਹੈ। ਮਾਰਕੰਡਾ ’ਚ ਖ਼ਤਰੇ ਦੇ ਨਿਸ਼ਾਨ 22 ਫੁੱਟ ਦੀ ਥਾਂ ’ਤੇ ਇਸ ਵੇਲੇ 21.4 ਫੁੱਟ ਪਾਣੀ ਚੱਲ ਰਿਹਾ ਹੈ। ਕੈਬਨਿਟ ਮੰਤਰੀਆਂ ਬਰਿੰਦਰ ਕੁਮਾਰ ਗੋਇਲ ਅਤੇ ਅਮਨ ਅਰੋੜਾ ਨੇ ਅੱਜ ਘੱਗਰ ਦੇ ਖ਼ਤਰੇ ਦੇ ਮੱਦੇਨਜ਼ਰ ਪਿੰਡ ਮਕਰੋੜ ਸਾਹਿਬ ਕੋਲ ਘੱਗਰ ਦੇ ਪਾਣੀ ਦਾ ਜਾਇਜ਼ਾ ਲਿਆ।

ਪਟਿਆਲਾ, ਸੰਗਰੂਰ ਤੇ ਮਾਨਸਾ ਜ਼ਿਲ੍ਹਿਆਂ ’ਚ ਘੱਗਰ ਨੇ ਲੋਕਾਂ ਦੇ ਸਾਹ ਸੂਤ ਦਿੱਤੇ ਹਨ। ਮਾਲਵਾ ਖ਼ੇਤਰ ਇਸ ਵੇਲੇ ਘੱਗਰ ਕਾਰਨ ਜੋਖ਼ਮ ’ਚੋਂ ਗੁਜ਼ਰ ਰਿਹਾ ਹੈ। ਸਤਲੁਜ ਦਰਿਆ ਦਾ ਪਾਣੀ ਵੀ ਖ਼ਤਰੇ ਦੇ ਨਿਸ਼ਾਨ ’ਤੇ ਚੱਲ ਰਿਹਾ ਹੈ। ਭਾਖੜਾ ਡੈਮ ’ਚ ਪਾਣੀ ਦਾ ਪੱਧਰ 1677.29 ਫੁੱਟ ਹੈ ਅਤੇ ਪਹਾੜਾਂ ’ਚੋਂ ਹਾਲੇ ਵੀ ਇੱਕ ਲੱਖ ਕਿਊਸਕ ਪਾਣੀ ਦੀ ਡੈਮ ’ਚ ਆਮਦ ਹੈ। ਭਾਖੜਾ ’ਚੋਂ ਸਤਲੁਜ ’ਚ ਇਸ ਵੇਲੇ 65 ਹਜ਼ਾਰ ਕਿਊਸਕ ਪਾਣੀ ਛੱਡਿਆ ਜਾ ਰਿਹਾ ਹੈ। ਕੰਢੀ ਖੇਤਰ ’ਚ ਮੀਂਹ ਪੈਣ ਕਾਰਨ ਚੋਆਂ ਦਾ ਪਾਣੀ 24 ਘੰਟੇ ਤੋਂ ਇਕੱਠਾ ਹੋ ਕੇ ਸਤਲੁਜ ਵਿੱਚ ਪੈ ਰਿਹਾ ਹੈ ਜਿਸ ਨਾਲ ਸਤਲੁਜ ’ਚ ਪਾਣੀ 80 ਹਜ਼ਾਰ ਕਿਊਸਕ ਹੋ ਗਿਆ ਹੈ। ਚਿੱਟੀ ਵੇਈਂ ਤੇ ਕਾਲੀ ਵੇਈਂ ਵੀ ਓਵਰਫ਼ਲੋਅ ਹੋ ਗਈ ਹੈ ਅਤੇ ਚਿੱਟੀ ਵੇਈਂ ਦਾ ਪਾਣੀ ਵੀ ਗਿੱਦੜਪਿੰਡੀ ਕੋਲ ਸਤਲੁਜ ’ਚ ਪਿਆ ਹੈ। ਗਿੱਦੜਪਿੰਡੀ ਕੋਲ ਸਤਲੁਜ ’ਚ ਡੇਢ ਲੱਖ ਕਿਊਸਕ ਪਾਣੀ ਚੱਲ ਰਿਹਾ ਹੈ।

ਦੂਜੇ ਪਾਸੇ ਪੌਂਗ ਡੈਮ ਤੋਂ ਪਾਣੀ ਘਟਾਏ ਜਾਣ ਦੇ ਬਾਵਜੂਦ ਬਿਆਸ ਦਰਿਆ ’ਚ ਪਾਣੀ ਪੌਣੇ ਦੋ ਲੱਖ ਕਿਊਸਕ ਹੋ ਗਿਆ ਹੈ। ਪੰਜਾਬ ਸਰਕਾਰ ਦੀ ਬੇਚੈਨੀ ਵਧਣੀ ਸ਼ੁਰੂ ਹੋ ਗਈ ਹੈ

ਚਰਨਜੀਤ ਭੁੱਲਰ



ਕਿਉਂਕਿ ਹਰੀਕੇ ਕੋਲ ਬਿਆਸ ਤੇ ਸਤਲੁਜ ਦਾ ਪਾਣੀ ਮਿਲ ਕੇ ਤਿੰਨ ਲੱਖ ਕਿਊਸਕ ਨੂੰ ਪਾਰ ਕਰ ਚੁੱਕਾ ਹੈ। ਸਤਲੁਜ ਦਰਿਆ ’ਤੇ ਰੋਪੜ ਦੇ ਚਮਕੌਰ ਸਾਹਿਬ ਕੋਲ ਅਤੇ ਇਸੇ ਤਰ੍ਹਾਂ ਨਵਾਂਸ਼ਹਿਰ ਵਿੱਚ ਇੱਕ ਥਾਂ ਤੋਂ ਪੱਥਰਾਂ ਦੀ ਕੰਧ ਵਹਿਣ ਲੱਗ ਪਈ ਹੈ ਜਿਸ ਨੂੰ ਰੋਕਣ ਲਈ ਕੰਮ ਚੱਲ ਰਿਹਾ ਹੈ। ਰੋਪੜ ਦੇ ਪਿੰਡ ਦਾਊਦਪੁਰ ਕੋਲ ਪਾੜ ਪੈਣ ਦਾ ਖ਼ਤਰਾ ਬਣ ਗਿਆ ਹੈ ਜਿਸ ਕਾਰਨ ਫ਼ੌਜ ਸੱਦਣੀ ਪਈ ਹੈ। ਪੰਜਾਬ ਸਰਕਾਰ ਲਈ ਹੁਣ ਘੱਗਰ ਤੇ ਸਤਲੁਜ ਪ੍ਰੀਖਿਆ ਵਾਂਗ ਹਨ। ਇਸੇ ਤਰ੍ਹਾਂ ਮੁੜ ਬਾਰਸ਼ ਪੈਣ ਕਾਰਨ ਰਾਵੀ ਦਰਿਆ ਦਾ ਪਾਣੀ ਵੀ ਮੁੜ ਡਰਾਉਣ ਲੱਗ ਪਿਆ ਹੈ। ਇਹ ਫ਼ਿਕਰ ਵਾਲੀ ਗੱਲ ਹੈ ਕਿ ਰਾਵੀ ਦਰਿਆ ਦੇ ਕਈ ਬੰਨ੍ਹ ਪਾਣੀ ’ਚ ਰੁੜ੍ਹ ਗਏ ਹਨ ਅਤੇ ਇਸ ਵੇਲੇ ਪੌਣੇ ਦੋ ਲੱਖ ਕਿਊਸਕ ਪਾਣੀ ਰਾਵੀ ਵਿੱਚ ਵਹਿ ਰਿਹਾ ਹੈ। ਅਜਨਾਲਾ ਨੇੜਲੇ ਸੱਕੀ ਨਾਲੇ ਦਾ ਪਾਣੀ ਹੁਣ ਅੱਗੇ ਨਿਕਲਣ ਕਰਕੇ ਇਲਾਕੇ ’ਚ ਪਾਣੀ ਦਾ ਫਲੋਅ ਘਟਿਆ ਹੈ। ਹੜ੍ਹਾਂ ਦੀ ਕਰੋਪੀ ਦਾ ਸਭ ਤੋਂ ਵੱਧ ਸਾਹਮਣਾ ਪਠਾਨਕੋਟ, ਡੇਰਾ ਬਾਬਾ ਨਾਨਕ ਅਤੇ ਅਜਨਾਲਾ ਨੂੰ ਕਰਨਾ ਪਿਆ ਹੈ। ਫ਼ਾਜ਼ਿਲਕਾ ਦੇ ਦਰਜਨ ਪਿੰਡ ਸਤਲੁਜ ਦਰਿਆ ਤੇ ਪਿੰਡ ਕਾਵਾਂਵਾਲੀ ਕੋਲ ਪੁਲ ਓਵਰਫਲੋਅ ਹੋ ਗਿਆ ਹੈ ਜਿਸ ਨਾਲ ਦਰਜਨਾਂ ਪਿੰਡਾਂ ਦਾ ਸੰਪਰਕ ਪੰਜ-ਛੇ ਦਿਨਾਂ ਤੋਂ ਕੱਟਿਆ ਹੋਇਆ ਹੈ। ਰਣਜੀਤ ਸਾਗਰ ਡੈਮ ’ਚੋਂ ਵੀ ਪਾਣੀ ਸੰਜਮ ਨਾਲ ਹੀ 42,089 ਕਿਊਸਕ ਛੱਡਿਆ ਜਾ ਰਿਹਾ ਹੈ।

ਬੀਬੀਐੱਮਬੀ ਨਵੇਂ ਹਾਲਾਤ ’ਚ ਮੁੜ ਮੀਟਿੰਗ ਬੁਲਾ ਸਕਦਾ ਹੈ। ਸਮੁੱਚੇ ਹੜ੍ਹ ਪ੍ਰਭਾਵਿਤ ਖੇਤਰਾਂ ’ਚ ਸਿਆਸੀ ਧਿਰਾਂ ਤੋਂ ਇਲਾਵਾ ਆਮ ਲੋਕਾਂ ਅਤੇ ਸਮਾਜ ਸੇਵੀਆਂ ਵੱਲੋਂ ਰਾਹਤ ਕਾਰਜ ਕੀਤੇ ਜਾ ਰਹੇ ਹਨ। ਫ਼ੌਜ, ਐੱਨ ਡੀ ਆਰ ਐੱਫ ਅਤੇ ਪੁਲੀਸ ਦੀਆਂ ਟੀਮਾਂ ਵੀ ਰਾਹਤ ਕੰਮਾਂ ’ਚ ਜੁੱਟੀਆਂ ਹੋਈਆਂ ਹਨ। ਪੰਜਾਬ ਸਰਕਾਰ ਨੇ ਪੂਰੇ ਸੂਬੇ ਦੇ ਹੜ੍ਹ ਦੀ ਮਾਰ ਹੇਠ ਆਉਣ ਮਗਰੋਂ ਆਫ਼ਤ ਪ੍ਰਬੰਧਨ ਐਕਟ, 2025 ਤਹਿਤ ਐਮਰਜੈਂਸੀ ਪ੍ਰਕਿਰਿਆਵਾਂ ਨੂੰ ਸਰਗਰਮ ਕਰ ਦਿੱਤਾ ਹੈ। ਮੁੱਖ ਸਕੱਤਰ ਕੇ ਏ ਪੀ ਸਿਨਹਾ ਵੱਲੋਂ ਅੱਜ ਦੇਰ ਰਾਤ ਜਾਰੀ ਕੀਤੇ ਗਏ ਹੁਕਮ ਵਿੱਚ ਡਿਪਟੀ ਕਮਿਸ਼ਨਰਾਂ ਨੂੰ ਕਿਸੇ ਵੀ ਖ਼ਤਰਨਾਕ ਆਫ਼ਤ ਦੀ ਸਥਿਤੀ ਵਿੱਚ ਆਪਣੇ ਆਪ ਕਾਰਵਾਈ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਪੀਡਬਲਿਊਡੀ, ਜਲ ਸਰੋਤ ਅਤੇ ਬਿਜਲੀ ਵਿਭਾਗਾਂ ਨੂੰ ਜੰਗੀ ਪੱਧਰ ’ਤੇ ਮੁਰੰਮਤ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।



## ਕੇਂਦਰ ਫ਼ਸਲੀ ਨੁਕਸਾਨ ਦੀ ਭਰਪਾਈ ਕਰੇ: ਖੁੱਡੀਆਂ

ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਫ਼ਸਲੀ ਨੁਕਸਾਨ ਦਾ ਇਹ ਮੁੱਢਲਾ ਅੰਕੜਾ ਹੈ ਅਤੇ ਨੁਕਸਾਨ ਦੀ ਅਸਲ ਜਾਣਕਾਰੀ ਵਿਸ਼ੇਸ਼ ਗਿਰਦਾਵਰੀ ਮਗਰੋਂ ਹੀ ਪਤਾ ਲੱਗੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਤੋਂ ਇਸ ਫ਼ਸਲੀ ਨੁਕਸਾਨ ਦੀ ਭਰਪਾਈ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਾਣੀ ਦੀ ਮਾਰ ਲਗਾਤਾਰ ਵਧ ਰਹੀ ਹੈ ਅਤੇ ਫ਼ਸਲਾਂ ਪ੍ਰਭਾਵਿਤ ਹੋ ਰਹੀਆਂ ਹਨ।

**ਕਿਸਾਨਾਂ ਨੂੰ 3000 ਕਰੋੜ ਦਾ ਨੁਕਸਾਨ**

ਪੰਜਾਬ ’ਚ ਹੜ੍ਹਾਂ ਦੀ ਮਾਰ ਨੇ ਸਭ ਤੋਂ ਵੱਡਾ ਝਟਕਾ ਕਿਸਾਨੀ ਨੂੰ ਦਿੱਤਾ ਹੈ, ਜਿਨ੍ਹਾਂ ਦੀ ਹੁਣ ਤੱਕ ਕਰੀਬ ਤਿੰਨ ਹਜ਼ਾਰ ਕਰੋੜ ਰੁਪਏ ਦੀ ਫ਼ਸਲ ਨੁਕਸਾਨੀ ਜਾ ਚੁੱਕੀ ਹੈ। ਗੈਰ-ਸਰਕਾਰੀ ਤੌਰ ’ਤੇ ਦੇਖੀਏ ਤਾਂ ਇਹ ਵਿੱਤੀ ਸੱਟ ਹੋਰ ਵੀ ਕਿਤੇ ਵੱਡੀ ਹੈ। ਪੰਜਾਬ ਸਰਕਾਰ ਵੱਲੋਂ ਫ਼ਸਲੀ ਨੁਕਸਾਨ ਦਾ ਮੁੱਢਲਾ ਜਾਇਜ਼ਾ ਲਿਆ ਗਿਆ ਹੈ ਜਿਸ ਮੁਤਾਬਕ ਹੁਣ ਤੱਕ ਹੜ੍ਹਾਂ ਨਾਲ 4.33 ਲੱਖ ਏਕੜ ਰਕਬਾ ਪ੍ਰਭਾਵਿਤ ਹੋਇਆ ਹੈ। ਸਿਰਫ਼ ਚਾਰ ਜ਼ਿਲ੍ਹੇ ਮਾਲੇਰਕੋਟਲਾ, ਫ਼ਰੀਦਕੋਟ, ਨਵਾਂਸ਼ਹਿਰ ਅਤੇ ਫ਼ਤਿਹਗੜ੍ਹ ਸਾਹਿਬ ’ਚ ਹਾਲੇ ਤੱਕ ਫ਼ਸਲੀ ਨੁਕਸਾਨ ਸਾਹਮਣੇ ਨਹੀਂ ਆਇਆ ਹੈ। ਵੇਰਵਿਆਂ ਅਨੁਸਾਰ ਹੜ੍ਹਾਂ ਕਾਰਨ ਸਭ ਤੋਂ ਵੱਧ ਜ਼ਿਲ੍ਹਾ ਗੁਰਦਾਸਪੁਰ ’ਚ ਇੱਕ ਲੱਖ ਏਕੜ ਫ਼ਸਲ ਪ੍ਰਭਾਵਿਤ ਹੋਈ ਹੈ।

ਜ਼ਿਲ੍ਹਾ ਅੰਮ੍ਰਿਤਸਰ ’ਚ 70,537 ਏਕੜ, ਜ਼ਿਲ੍ਹਾ ਮਾਨਸਾ ’ਚ 55,707 ਏਕੜ ਅਤੇ ਜ਼ਿਲ੍ਹਾ ਫ਼ਾਜ਼ਿਲਕਾ ’ਚ 41,548 ਏਕੜ ਫ਼ਸਲ ਨੁਕਸਾਨੀ ਗਈ ਹੈ। ਕਿਸਾਨਾਂ ਮੁਤਾਬਕ ਪ੍ਰਭਾਵਿਤ ਰਕਬਾ ਕਿਤੇ ਜ਼ਿਆਦਾ ਹੈ। ਮੁੱਢਲੇ ਜਾਇਜ਼ੇ ਅਨੁਸਾਰ ਹੜ੍ਹਾਂ ਤੇ ਮੀਂਹ ਕਾਰਨ ਸਭ ਤੋਂ ਵੱਧ ਝੋਨੇ ਦੀ 3.31 ਲੱਖ ਏਕੜ ਫ਼ਸਲ ਦਾ ਨੁਕਸਾਨ ਹੋ ਚੁੱਕਿਆ ਹੈ। ਪਹਿਲੀ ਅਕਤੂਬਰ ਤੋਂ ਝੋਨੇ ਦੀ ਫ਼ਸਲ ਦੀ ਸਰਕਾਰੀ ਖ਼ਰੀਦ ਸ਼ੁਰੂ ਹੋਣੀ ਹੈ ਅਤੇ ਇਸ ਵੇਲੇ ਝੋਨੇ ਦੀ ਫ਼ਸਲ ਜੋਬਨ ’ਤੇ ਸੀ। ਇਸੇ ਤਰ੍ਹਾਂ 21,545 ਏਕੜ ਗੰਨੇ ਦੀ ਫ਼ਸਲ ਮਾਰ ਹੇਠ ਆਈ ਹੈ ਜਦੋਂ ਕਿ 49,496 ਏਕੜ ਨਰਮੇ ਦੀ ਫ਼ਸਲ ਪ੍ਰਭਾਵਿਤ ਹੋਈ ਹੈ। ਨਰਮਾ ਪੱਟੀ ਲਈ ਇਹ ਬਾਰਸ਼ ਘਾਤਕ ਸਾਬਤ ਹੋਈ ਹੈ। ਮੱਕੀ ਦੀ 11,417 ਏਕੜ ਫ਼ਸਲ ਮਾਰ ਹੇਠ ਆਈ ਹੈ। ਬਾਕੀ ਫ਼ਸਲਾਂ ਹੇਠਲਾ 19,101 ਏਕੜ ਰਕਬਾ ਵੀ ਲਪੇਟ ਵਿੱਚ ਆਇਆ ਹੈ। ਪੰਜਾਬ ਸਰਕਾਰ ਨੇ ਫ਼ਸਲਾਂ ਦੇ ਸਰਕਾਰੀ ਭਾਅ ਦੇ ਹਿਸਾਬ ਨਾਲ ਨੁਕਸਾਨੇ ਗਏ ਰਕਬੇ ਦਾ ਹਿਸਾਬ-ਕਿਤਾਬ ਲਗਾਇਆ ਹੈ ਜੋ ਕਰੀਬ ਤਿੰਨ ਹਜ਼ਾਰ ਕਰੋੜ ਰੁਪਏ ਬਣਿਆ ਹੈ। ਸਰਹੱਦੀ ਜ਼ਿਲ੍ਹਿਆਂ ਦੇ ਖੇਤਾਂ ’ਚ ਕਾਫ਼ੀ ਰੇਤ ਵੀ ਇਕੱਠੀ ਹੋ ਗਈ ਹੈ ਜਿੱਥੇ ਹੁਣ ਦੁਬਾਰਾ ਫ਼ਸਲ ਦੀ ਬਿਜਾਂਦ ਕਰਨੀ ਔਖੀ ਹੋ ਸਕਦੀ ਹੈ। ਨਿਯਮਾਂ ਅਨੁਸਾਰ ਕਿਸਾਨਾਂ ਨੂੰ ਸੌ ਫ਼ੀਸਦੀ ਫ਼ਸਲੀ ਖ਼ਰਾਬਾ ਹੋਣ ਦੀ ਸੂਰਤ ਵਿੱਚ 15 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਮਿਲਣਾ ਹੈ। ਕਿਸਾਨ ਆਗੂ ਮੰਗ ਕਰ ਰਹੇ ਹਨ ਕਿ ਅਸਲ ਨੁਕਸਾਨ ਦੇ ਲਿਹਾਜ਼ ਨਾਲ ਹੀ ਮੁਆਵਜ਼ਾ ਦਿੱਤਾ ਜਾਵੇ।

ਪ੍ਰਾਪਤ ਵੇਰਵਿਆਂ ਅਨੁਸਾਰ ਹੜ੍ਹ ਪ੍ਰਭਾਵਿਤ ਖੇਤਰਾਂ ’ਚ ਹੁਣ ਤੱਕ 365 ਪਸ਼ੂਆਂ ਦੀ ਮੌਤ ਹੋ ਚੁੱਕੀ ਹੈ। ਅੰਮ੍ਰਿਤਸਰ ਜ਼ਿਲ੍ਹੇ ’ਚ 57 ਹਜ਼ਾਰ ਪਸ਼ੂ ਪ੍ਰਭਾਵਿਤ ਹੋਏ ਹਨ। ਗੁਰਦਾਸਪੁਰ ਜ਼ਿਲ੍ਹੇ ’ਚ 17,900 ਮੁਰਗੀਆਂ ਅਤੇ ਹੋਰਾਂ ਦੀ ਮੌਤ ਦਾ ਸਮਾਚਾਰ ਹੈ। ਜ਼ਿਲ੍ਹੇ ’ਚ 254 ਪਸ਼ੂਆਂ ਦੀ ਮੌਤ ਹੋਈ ਹੈ ਜਦੋਂ ਕਿ ਪਠਾਨਕੋਟ ਜ਼ਿਲ੍ਹੇ ’ਚ 89 ਪਸ਼ੂ ਮਾਰੇ ਗਏ ਹਨ।

ਘੱਗਰ ਤੇ ਸਤਲੁਜ

# ਹੁਣ ਵਜਾਈ ਖ਼ਤਰੇ ਦੀ ਘੰਟੀ





ਚੰਡੀਗੜ੍ਹ : ਪੰਜਾਬ 'ਚ ਹੁਣ ਘੱਗਰ ਤੇ ਸਤਲੁਜ ਦਰਿਆ ਨੇ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ ਜਿਸ ਨਾਲ ਸੂਬੇ ਦੇ ਕਰੀਬ ਇੱਕ ਦਰਜਨ ਜ਼ਿਲ੍ਹੇ ਹੜ੍ਹਾਂ ਦੀ ਲਪੇਟ 'ਚ ਆ ਗਏ ਹਨ। ਰਾਵੀ ਦਰਿਆ ਦਾ ਪਾਣੀ ਹਾਲੇ ਸ਼ੂਕ ਹੀ ਰਿਹਾ ਹੈ ਤਾਂ ਉਧਰ ਭਾਰੀ ਬਾਰਸ਼ ਕਾਰਨ ਘੱਗਰ ਵੀ ਨੱਕੋ-ਨੱਕ ਭਰ ਗਿਆ ਹੈ। ਘੱਗਰ ਦੇ ਆਸ-ਪਾਸ ਵਸਦੇ ਸੈਂਕੜੇ ਪਿੰਡਾਂ ਨੂੰ ਅਲਰਟ ਕਰ ਦਿੱਤਾ ਗਿਆ ਹੈ। ਆਉਂਦੇ ਦਸ ਦਿਨਾਂ 'ਚ ਘੱਗਰ ਦਾ ਡਰਾਉਣਾ ਰੂਪ ਮੁੜ ਦਿਖ ਸਕਦਾ ਹੈ। ਬੀਬੀਐੱਮਬੀ ਦੀ ਅੱਜ ਹੋਈ ਐਮਰਜੈਂਸੀ ਮੀਟਿੰਗ 'ਚ ਸੂਬਾ ਸਰਕਾਰ ਨੇ ਉਸ ਨੂੰ ਭਾਖੜਾ ਡੈਮ 'ਚੋਂ ਸਤਲੁਜ ਦਰਿਆ 'ਚ ਹੋਰ ਪਾਣੀ ਛੱਡਣ ਤੋਂ ਰੋਕ ਦਿੱਤਾ ਅਤੇ ਪੌਂਗ ਡੈਮ 'ਚੋਂ ਬਿਆਸ 'ਚ ਘੱਟ ਪਾਣੀ ਛੱਡਣ ਲਈ ਰਜ਼ਾਮੰਦ ਕਰ ਲਿਆ ਹੈ। ਸਰਕਾਰ ਨੇ ਹੜ੍ਹਾਂ ਦੇ ਮੱਦੇਨਜ਼ਰ ਸਕੂਲਾਂ ਤੋਂ ਇਲਾਵਾ ਹੁਣ ਸਾਰੇ ਕਾਲਜਾਂ, ਯੂਨੀਵਰਸਿਟੀਆਂ ਅਤੇ ਬਹੁ-ਤਕਨੀਕੀ ਸੰਸਥਾਵਾਂ ਨੂੰ ਤਿੰਨ ਸਤੰਬਰ ਤੱਕ ਬੰਦ ਕਰਨ ਦਾ ਐਲਾਨ ਕੀਤਾ ਹੈ।

ਘੱਗਰ 'ਚ ਅੱਜ ਸਵੇਰੇ 45,343 ਕਿਊਸਕ ਪਾਣੀ ਆਉਣ ਨਾਲ ਮਾਲਵਾ ਖ਼ਿੱਤਾ ਸਹਿਮ ਗਿਆ ਹੈ। ਹਰਿਆਣਾ 'ਚੋਂ ਟਾਂਗਰੀ ਅਤੇ ਮਾਰਕੰਡਾ ਦਾ ਪਾਣੀ ਵੀ ਘੱਗਰ 'ਚ ਸ਼ਾਮਲ ਹੋਣ ਕਰਕੇ ਖ਼ਤਰੇ ਦਾ ਖੇਤਰਫਲ ਵਧ ਗਿਆ ਹੈ। ਦੇਵੀਗੜ੍ਹ ਕੋਲ ਟਾਂਗਰੀ ਖ਼ਤਰੇ ਦੇ ਨਿਸ਼ਾਨ ਤੋਂ ਉਪਰ ਚਲੀ ਗਈ ਹੈ। ਦੇਵੀਗੜ੍ਹ ਕੋਲ 40,257 ਕਿਊਸਕ ਪਾਣੀ ਚੱਲ ਰਿਹਾ ਹੈ।ਖਨੌਰੀ ਕੋਲ ਵੀ ਘੱਗਰ ਦਾ ਪਾਣੀ ਖ਼ਤਰੇ ਦੇ ਨਿਸ਼ਾਨ ਦੇ ਨੇੜੇ ਪਹੁੰਚ ਗਿਆ ਹੈ ਜਦੋਂ ਕਿ ਸਰਦੂਲਗੜ੍ਹ ਕੋਲ 24,160 ਕਿਊਸਕ ਪਾਣੀ ਚੱਲ ਰਿਹਾ ਹੈ। ਆਉਂਦੇ ਦਿਨ ਮੁਹਾਲੀ, ਪਟਿਆਲਾ, ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ ਲਈ ਪ੍ਰੀਖਿਆ ਤੋਂ ਘੱਟ ਨਹੀਂ ਹੋਣਗੇ। ਰਾਜਪੁਰਾ ਦੇ ਪਿੰਡਾਂ ਲਈ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਘੱਗਰ ਦੇ ਓਵਰਫਲੋਅ ਹੋਣ ਨਾਲ ਪਟਿਆਲਾ ਜ਼ਿਲ੍ਹੇ 'ਚ 1750 ਏਕੜ ਅਤੇ ਮੁਹਾਲੀ 'ਚ 534 ਏਕੜ ਫ਼ਸਲ ਪਾਣੀ ਵਿੱਚ ਡੁੱਬ ਗਈ ਹੈ। ਰੋਪੜ ਦੇ ਇਲਾਕੇ 'ਚ ਭਾਰੀ ਬਾਰਸ਼ ਹੋਣ ਕਾਰਨ ਸਤਲੁਜ 'ਚ ਸਥਾਨਕ ਪਾਣੀ ਹੀ 80 ਹਜ਼ਾਰ ਕਿਊਸਕ ਤੋਂ ਵੱਧ ਸ਼ਾਮਲ ਹੋ ਗਿਆ ਜਦੋਂ ਕਿ ਭਾਖੜਾ ਡੈਮ ਤੋ ਵੀ 55 ਹਜ਼ਾਰ ਕਿਊਸਕ ਪਾਣੀ ਛੱਡਿਆ ਜਾ ਰਿਹਾ ਸੀ।

ਸਤਲੁਜ 'ਚ ਪਾਣੀ ਵਧਣ ਨਾਲ ਗਿੱਦੜਵਿੰਡੀ ਬੰਨ੍ਹ 'ਤੇ ਸਰਕਾਰ ਨੇ ਫੋਕਸ ਕਰਨਾ ਸ਼ੁਰੂ ਕਰ ਦਿੱਤਾ ਹੈ। ਬਿਆਸ ਦਰਿਆ 'ਚ ਪੌਂਗ ਡੈਮ ਤੋਂ ਔਸਤਨ ਇੱਕ ਲੱਖ ਕਿਊਸਕ ਪਾਣੀ ਚੱਲ ਰਿਹਾ ਹੈ। ਢਿੱਲਵਾਂ ਕੋਲ ਬਿਆਸ ਦਰਿਆ 'ਚ ਪਾਣੀ ਸਵਾ ਦੋ ਲੱਖ ਕਿਊਸਕ ਦੇ ਕਰੀਬ ਹੋ ਗਿਆ ਹੈ। ਸਤਲੁਜ ਤੇ ਬਿਆਸ ਦਾ ਪਾਣੀ ਇਕੱਠਾ ਹੋਣ ਦੀ ਸੂਰਤ 'ਚ ਅਗਲੇ 48 ਘੰਟਿਆਂ 'ਚ ਹਰੀਕੇ ਵਿਖੇ ਪਾਣੀ ਵਧੇਗਾ ਜਿਸ ਦੇ ਖ਼ਤਰੇ ਨੂੰ ਦੇਖਦਿਆਂ ਭਾਖੜਾ ਡੈਮ ਤੋਂ ਸਤਲੁਜ ਦਰਿਆ 'ਚ ਛੱਡੇ ਜਾਣ ਵਾਲੇ ਪਾਣੀ ਨੂੰ ਘਟਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ। ਪੌਂਗ ਡੈਮ ਇਸ ਵੇਲੇ ਖ਼ਤਰੇ ਦੇ ਨਿਸ਼ਾਨ ਤੋਂ ਉਪਰ ਚਲਾ ਗਿਆ ਹੈ। ਮੌਸਮ ਵਿਭਾਗ ਨੇ ਮੰਗਲਵਾਰ ਨੂੰ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਭਾਖੜਾ ਡੈਮ 'ਚ ਪਹਾੜਾਂ 'ਚੋਂ ਸਵਾ ਲੱਖ ਕਿਊਸਕ ਤੋਂ ਜ਼ਿਆਦਾ ਪਾਣੀ ਆ ਰਿਹਾ ਹੈ ਜਦੋਂ ਕਿ ਸੰਭਾਵਨਾ ਇੱਕ ਲੱਖ ਕਿਊਸਕ ਦੀ ਕੀਤੀ ਜਾ ਰਹੀ ਸੀ। ਭਾਖੜਾ ਡੈਮ 'ਚ ਪਾਣੀ ਦਾ ਪੱਧਰ 1676 ਫੁੱਟ 'ਤੇ ਪਹੁੰਚ ਗਿਆ ਹੈ ਅਤੇ ਖ਼ਤਰੇ ਦੇ ਨਿਸ਼ਾਨ ਤੋਂ ਸਿਰਫ਼ ਚਾਰ ਫੁੱਟ ਜਗ ?ਹਾ ਬਾਕੀ ਬਚੀ ਹੈ।

ਰਾਵੀ ਦਰਿਆ ਦੇ ਝੰਬੇ ਮਾਝੇ ਦੇ ਇਲਾਕੇ ਹਾਲੇ ਕਹਿਰ 'ਚੋਂ ਉੱਭਰ ਨਹੀਂ ਸਕੇ ਹਨ। ਗੁਰਦਾਸਪੁਰ ਦੇ ਕਾਫ਼ੀ ਪਿੰਡਾਂ ਦਾ ਹਾਲੇ ਵੀ ਸੰਪਰਕ ਟੁੱਟਿਆ ਹੋਇਆ ਹੈ। ਹੜ੍ਹਾਂ ਦੀ ਲਪੇਟ 'ਚ ਆਉਣ ਕਾਰਨ ਮ੍ਰਿਤਕਾਂ ਦੀ ਗਿਣਤੀ 29 ਹੋ ਗਈ ਹੈ ਜਦੋਂ ਕਿ ਪਠਾਨਕੋਟ 'ਚ ਤਿੰਨ ਵਿਅਕਤੀ ਲਾਪਤਾ ਹਨ। ਲੁਧਿਆਣਾ ਦਾ ਬੁੱਢਾ ਨਾਲਾ ਵੀ ਅੱਜ ਓਵਰਫਲੋਅ ਹੋ ਗਿਆ ਹੈ। ਬਰਨਾਲਾ, ਜਲੰਧਰ, ਮਾਨਸਾ, ਅੰਮ੍ਰਿਤਸਰ, ਫ਼ ?ਰੋਜ਼ਪੁਰ, ਫ਼ਾਜ਼ਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ, ਮੋਗਾ, ਮੁਹਾਲੀ ਤੇ ਪਠਾਨਕੋਟ ਜ਼ਿਲ੍ਹੇ ਹੜ੍ਹਾਂ ਤੋਂ ਪ੍ਰਭਾਵਿਤ ਹਨ ਅਤੇ ਕਰੀਬ 2.56 ਲੱਖ ਲੋਕ ਹੜ੍ਹਾਂ ਦਾ ਖ਼ਮਿਆਜ਼ਾ ਭੁਗਤ ਰਹੇ ਹਨ। ਸਰਕਾਰੀ ਰਿਪੋਰਟ 'ਚ 1044 ਪਿੰਡ ਹੜ੍ਹਾਂ ਦੀ ਲਪੇਟ 'ਚ ਦੱਸੇ ਜਾ ਰਹੇ ਹਨ। ਪੰਜਾਬ ਸਰਕਾਰ ਨੇ 15,688 ਲੋਕਾਂ ਨੂੰ ਪਾਣੀ 'ਚੋਂ ਬਚਾਏ ਜਾਣ ਦੀ ਗੱਲ ਆਖੀ ਹੈ ਅਤੇ 129 ਰਾਹਤ ਕੈਂਪਾਂ 'ਚ 7144 ਲੋਕ ਪਹੁੰਚੇ ਹਨ।

ਚਰਨਜੀਤ ਭੁੱਲਰ



ਪਸ਼ੂ ਪਾਲਣ ਮਹਿਕਮੇ ਦੀ ਰਿਪੋਰਟ ਅਨੁਸਾਰ ਅੰਮ੍ਰਿਤਸਰ, ਫ਼ ?ਰੋਜ਼ਪੁਰ, ਫ਼ਾਜ਼ਿਲਕਾ ਅਤੇ ਪਠਾਨਕੋਟ ਜ਼ਿਲ੍ਹਿਆਂ 'ਚ 57 ਹਜ਼ਾਰ ਪਸ਼ੂ ਪ੍ਰਭਾਵਿਤ ਹੋਏ ਹਨ ਜਦੋਂ ਕਿ 26 ਪਸ਼ੂਆਂ ਦੀ ਮੌਤ ਹੋ ਚੁੱਕੀ ਹੈ। ਰਾਹਤ ਕੰਮਾਂ 'ਚ ਸਿਆਸੀ ਆਗੂ ਅਤੇ ਅਫ਼ਸਰ ਵੀ ਜੁਟੇ ਹੋਏ ਹਨ। ਅਜਨਾਲਾ ਹਲਕੇ 'ਚ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਔਖ ਦੀ ਘੜੀ 'ਚ ਖੜ੍ਹਨ ਨੂੰ ਲੈ ਕੇ ਲੋਕਾਂ ਵੱਲੋਂ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਸੂਬੇ ਦੇ ਨਾਮੀ ਕਲਾਕਾਰ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆ ਗਏ ਹਨ। ਫ਼ੌਜ ਦੇ ਸੀਨੀਅਰ ਅਫ਼ਸਰਾਂ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਪੰਜਾਬ, ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ 'ਚ ਪੰਜ ਹਜ਼ਾਰ ਲੋਕਾਂ ਦੀ ਜਾਨ ਬਚਾਏ ਜਾਣ ਦਾ ਦਾਅਵਾ ਕੀਤਾ ਹੈ। ਪੰਜਾਬ ਸਰਕਾਰ ਅਨੁਸਾਰ ਸੂਬੇ 'ਚ ਹੜ੍ਹ ਪੀੜਤਾਂ ਦੀ ਮਦਦ 'ਚ ਹਵਾਈ ਫ਼ੌਜ ਦੇ 30-35 ਹੈਲੀਕਾਪਟਰ ਜੁਟੇ ਹੋਏ ਹਨ। ਐੱਨ ਡੀ ਆਰ ਐੱਫ ਦੀਆਂ 20 ਟੀਮਾਂ ਵੀ ਬਚਾਅ ਕਾਰਜਾਂ 'ਚ ਜੁਟੀਆਂ ਹੋਈਆਂ ਹਨ।

**ਮੈਮੋਰੰਡਮ ਤਿਆਰ ਕਰਨ 'ਚ ਜੁਟੀ ਸਰਕਾਰ**

ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਕੋਲ ਹੜ੍ਹਾਂ ਨਾਲ ਹੋਣ ਵਾਲੇ ਨੁਕਸਾਨ ਦੀ ਭਰਪਾਈ ਲਈ ਮੈਮੋਰੰਡਮ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਮਾਲ ਵਿਭਾਗ ਨੇ ਸਾਰੇ ਸਰਕਾਰੀ ਵਿਭਾਗਾਂ ਨੂੰ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਸੂਚੀ ਤਿਆਰ ਕਰਨ ਵਾਸਤੇ ਨਿਰਦੇਸ਼ ਜਾਰੀ ਕੀਤੇ ਹਨ। ਲੋਕਾਂ ਦੇ ਜਾਨੀ-ਮਾਲੀ ਨੁਕਸਾਨ ਤੋਂ ਇਲਾਵਾ ਹੜ੍ਹਾਂ ਕਾਰਨ ਪੰਜਾਬ ਦੇ ਬੁਨਿਆਦੀ ਢਾਂਚੇ ਨੂੰ ਪਹੁੰਚੇ ਨੁਕਸਾਨ ਦੀ ਪੂਰਤੀ ਲਈ ਕੇਂਦਰ ਤੋਂ ਪੈਕੇਜ ਦੀ ਮੰਗ ਕੀਤੇ ਜਾਣ ਦੀ ਸੰਭਾਵਨਾ ਹੈ। ਮੈਮੋਰੰਡਮ ਮਿਲਣ ਮਗਰੋਂ ਹੀ ਕੇਂਦਰ ਦੀ ਟੀਮ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰ ਸਕਦੀ ਹੈ।

**ਚਾਰ ਲੱਖ ਏਕੜ ਰਕਬਾ ਡੁੱਬਿਆ** : ਖੇਤੀ ਮਹਿਕਮੇ ਦੀ ਰਿਪੋਰਟ ਅਨੁਸਾਰ ਪੰਜਾਬ 'ਚ ਹੁਣ ਤੱਕ 4.01 ਲੱਖ ਏਕੜ ਰਕਬਾ ਹੜ੍ਹਾਂ ਦੇ ਪਾਣੀ 'ਚ ਡੁੱਬ ਗਿਆ ਹੈ। ਜ਼ਿਲ੍ਹਾ ਗੁਰਦਾਸਪੁਰ ਦਾ ਕਰੀਬ ਇੱਕ ਲੱਖ ਏਕੜ ਰਕਬਾ ਪ੍ਰਭਾਵਿਤ ਹੋਇਆ ਹੈ ਜਦੋਂ ਕਿ ਮਾਨਸਾ ਜ਼ਿਲ੍ਹੇ ਦਾ 55,607 ਏਕੜ ਰਕਬਾ ਲਪੇਟ 'ਚ ਆਇਆ ਹੈ। ਫ਼ਾਜ਼ਿਲਕਾ 'ਚ 41,548 ਏਕੜ, ਅੰਮ੍ਰਿਤਸਰ 'ਚ 67,384 ਏਕੜ ਅਤੇ ਕਪੂਰਥਲਾ 'ਚ 35,480 ਏਕੜ ਰਕਬਾ ਪਾਣੀ 'ਚ ਡੁੱਬ ਗਿਆ ਹੈ। ਮੱਕੀ, ਕਪਾਹ, ਗੰਨੇ ਅਤੇ ਝੋਨੇ ਦੀ ਫ਼ਸਲ ਵਧੇਰੇ ਮਾਰ ਹੇਠ ਆਈ ਹੈ।








## ਸ਼ਹੀਦੀ ਦਿਵਸ ’ਤੇ ਵਿਸ਼ੇਸ਼

# ਮਨੁੱਖੀ ਅਧਿਕਾਰਾਂ ਦਾ ਮਸੀਹਾ ਜਸਵੰਤ ਸਿੰਘ ਖਾਲੜਾ






**ਮੱਖਣ ਸ਼ਾਹ**

ਪੰਜਾਬ ਨੇ 1980 ਤੋਂ ਬਾਅਦ ਕਾਲੇ ਦੌਰ ਦਾ ਲੰਬਾ ਸਮਾਂ ਅਪਣੇ ਪਿੰਡੇ ’ਤੇ ਹੰਢਾਇਆ, ਇਸ ਕਾਲੇ ਦੌਰ ਵਿਚ ਹਜ਼ਾਰਾਂ ਹੀ ਨਿਰਦੋਸ਼ ਸਿੱਖਾਂ ਨੂੰ ਬੇਮੌਤੇ ਮਾਰ ਦਿਤਾ ਗਿਆ। ਇਸ ਦੌਰਾਨ ਕੁੱਝ ਅਜਿਹੇ ਸਿੱਖ ਯੋਧੇ ਵੀ ਸਨ, ਜਿਨ੍ਹਾਂ ਨੇ ਅਪਣੇ ਤਰੀਕੇ ਨਾਲ ਇਸ ਜ਼ੁਲਮ ਦਾ ਸਾਹਮਣਾ ਕੀਤਾ ਅਤੇ ਇਨਸਾਫ਼ ਲੈਣ ਲਈ ਲੰਬੀ ਜੱਦੋ ਜਹਿਦ ਕੀਤੀ। ਭਾਈ ਜਸਵੰਤ ਸਿੰਘ ਖਾਲੜਾ ਵੀ ਇਕ ਅਜਿਹੇ ਹੀ ਸਿੱਖ ਯੋਧੇ ਸਨ, ਜਿਨ੍ਹਾਂ ਨੇ ਇਸ ਕਾਲੇ ਦੌਰ ਵਿਚ ਸਿੱਖਾਂ ਦੇ ਹੱਕਾਂ ਦੀ ਲੜਾਈ ਲੜੀ। ਆਓ ਅੱਜ ਤੁਹਾਨੂੰ ਇਸ ਮਾਣਮੱਤੀ ਸਖ਼ਸ਼ੀਅਤ ਬਾਰੇ ਜਾਣੂ ਕਰਵਾਉਂਦੇ ਹਾਂ।

ਭਾਈ ਜਸਵੰਤ ਸਿੰਘ ਖਾਲੜਾ ਨੂੰ ਜੇ ਅਸੀਂ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸ਼ਹੀਦ ਹੋਣ ਵਾਲਾ ਕਹਿ ਦਈਏ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਤਰਨਤਾਰਨ ਦੇ ਪਿੰਡ ਖਾਲੜਾ ਵਿਚ 1952 ਵਿਚ ਜਨਮੇ ਜਸਵੰਤ ਸਿੰਘ ਖਾਲੜਾ ਨੇ 1984 ਦੀ ਸਿੱਖ ਨਸਲਕੁਸ਼ੀ ਦਾ ਅਪਰੇਸ਼ਨ ਬਲੂ ਸਟਾਰ ਸਮੇਤ ਪੰਜਾਬ ਦਾ ਕਾਲਾ ਦੌਰ ਅਪਣੇ ਅੱਖੀਂ ਤੱਕਿਆ ਸੀ।ਭਾਈ ਜਸਵੰਤ ਸਿੰਘ ਖਾਲੜਾ ਮਨੁੱਖੀ ਅਧਿਕਾਰਾਂ ਦੇ ਉਹ ਕਾਰਕੁੰਨ ਸਨ।

ਜਿਨ੍ਹਾਂ ਨੇ ਪੰਜਾਬ ਵਿਚ ਖਾੜਕੂਵਾਦ ਵੇਲੇ ਲਵਾਰਿਸ ਦੱਸ ਕੇ ਲਾਸ਼ਾਂ ਸਾੜਨ ਦੇ ਮਾਮਲੇ ਦਾ ਭੇਤ ਜੱਗ ਜ਼ਾਹਰ ਕੀਤਾ ਸੀ। ਦਰਅਸਲ ਭਾਈ ਖਾਲੜਾ ਨੇ ਪੰਜਾਬ ਵਿਚ ਖਾੜਕੂਵਾਦ ਦੌਰਾਨ ਜੂਨ 1984 ਤੋਂ ਲੈ ਕੇ ਦਸੰਬਰ 1994 ਦੌਰਾਨ ਮਾਰੇ ਗਏ ਪੰਜਾਬੀਆਂ ਦੀਆਂ 6017 ਅਣਪਛਾਤੀਆਂ ਲਾਸ਼ਾਂ ਦਾ ਵੇਰਵਾ ਤਿਆਰ ਕੀਤਾ ਸੀ, ਜੋ ਅੰਮ੍ਰਿਤਸਰ, ਪੱਟੀ ਅਤੇ ਤਰਨਤਾਰਨ ਦੇ ਸਿਵਿਆਂ ਤੋਂ ਇਕੱਠਾ ਕੀਤਾ ਗਿਆ ਸੀ। ਸਿਵਿਆਂ ਵਿਚ ਇਕ ਰਜਿਸਟਰ ਹੁੰਦਾ ਹੈ, ਜਿਸ ਵਿਚ ਲਾਸ਼ ਦਾ ਨਾਂ, ਪਿੰਡ ਦਾ ਨਾਂ, ਪਿਤਾ ਦਾ ਨਾਂ, ਉਮਰ, ਅੰਮ੍ਰਿਤਧਾਰੀ ਜਾਂ ਮੋਨਾ ਆਦਿ ਸਾਰਾ ਵੇਰਵਾ ਦਰਜ ਹੁੰਦਾ ਹੈ, ਪਰ ਇਨ੍ਹਾਂ ਵਿਚੋਂ ਕਈ ਲਾਸ਼ਾਂ ਦੇ ਪੁਖ਼ਤਾ ਪਤੇ ਉਨ੍ਹਾਂ ਦੇ ਹੱਥ ਲੱਗ ਗਏ। ਇਨ੍ਹਾਂ ਰਜਿਸਟਰਾਂ ਵਿਚ 6017 ਲਾਸ਼ਾਂ ਦੇ ਕਾਲਮ ਨਾਲ ਹੋਰ ਜਾਣਕਾਰੀ ਵਿਚ ਕਿਸ ਪੁਲਿਸ ਨੇ ਮੁਕਾਬਲਾ ਬਣਾ ਕੇ ਮਾਰਿਆ ਅਤੇ ਕਿਹੜਾ ਪੁਲਿਸ ਮੁਲਾਜ਼ਮ ਕਿੰਨੀਆਂ ਲਾਸ਼ਾਂ ਲੈ ਕੇ ਆਇਆ, ਇਹ ਵੀ ਦਰਜ ਕੀਤਾ ਹੋਇਆ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਲਾਸ਼ਾਂ ਨੂੰ ਅਣਪਛਾਤੀਆਂ ਦੱਸ ਦੇ ਸਸਕਾਰ ਕੀਤਾ ਗਿਆ ਸੀ। ਜਾਨ ’ਤੇ ਖੇਡ ਕੇ ਭਾਈ ਜਸਵੰਤ ਸਿੰਘ ਖਾਲੜਾ ਨੇ ਇਹ ਹੈਰਾਨੀਜਨਕ ਅੰਕੜੇ ਇਕੱਠੇ ਕਰਕੇ ਅਦਾਲਤ ਵਿਚ ਪੇਸ਼ ਕਰ ਦਿਤੇ ਸਨ। ਪਰ ਅਫ਼ਸੋਸ ਕਿ ਅਦਾਲਤ ਨੇ ਇਸ ’ਤੇ ਸੁਣਵਾਈ ਤੋਂ ਇਨਕਾਰ ਕਰ ਦਿਤਾ।

ਭਾਈ ਖਾਲੜਾ ਨੇ ਦੇਸ਼ ਵਿਚੋਂ ਇਨਸਾਫ਼ ਨਾ ਮਿਲਦਾ ਦੇਖ ਸਾਰਾ ਰਿਕਾਰਡ ਕੈਨੇਡਾ ਦੀ ਪਾਰਲੀਮੈਂਟ ਵਿਚ ਜਮ੍ਹਾਂ ਕਰ ਦਿੱਤਾ। ਇਨ੍ਹਾਂ ਵੇਰਵਿਆਂ ਨੂੰ ਲੈ ਕੇ ਭਾਈ ਖਾਲੜਾ ਦੀ ਪੰਜਾਬ ਦੇ ਤਤਕਾਲੀ ਡੀਜੀਪੀ ਕੇਪੀਐਸ ਗਿੱਲ ਨਾਲ ਬਹਿਸ ਵਿਚ ਹੋਈ ਸੀ, ਪਰ ਭਾਈ ਖਾਲੜਾ ਦਾ ਇਕੋ ਸਵਾਲ ਸੀ ਕਿ ਪੁਲਿਸ ਨੇ ਇੰਨੇ ਨੌਜਵਾਨ ਕਿਸ ਆਧਾਰ ’ਤੇ ਅਤੇ ਕਿਉਂ ਖ਼ਤਮ ਕੀਤੇ?

ਜਿਵੇਂ ਹੀ ਲਾਸ਼ਾਂ ਦੇ ਮੁੱਦੇ ਨੂੰ ਲੈ ਕੇ ਭਾਈ ਖਾਲੜਾ ਦਾ ਨਾਮ ਸਾਹਮਣੇ ਆਇਆ ਓਵੇਂ ਹੀ ਭਾਈ ਖਾਲੜਾ ਦੀਆਂ ਮੁਸ਼ਕਲਾਂ ਵੀ ਵਧਣੀਆਂ ਸ਼ੁਰੂ ਹੋ ਗਈਆਂ, ਹੁਣ ਉਹ ਪੂਰੀ ਤਰ੍ਹਾਂ ਪੁਲਿਸ ਦੀ ਨਜ਼ਰ ਵਿਚ ਆ ਚੁੱਕੇ ਸਨ। ਦਰਅਸਲ ਪੰਜਾਬ ਪੁਲਿਸ ਭਾਈ ਖਾਲੜੇ ਪਾਸੋਂ ਅਜਿਹੀ ਗੱਲ ਅਖਵਾਉਣਾ ਚਾਹੁੰਦੇ ਸਨ, ਜਿਸ ਨਾਲ ’ਅਣਪਛਾਤੀਆਂ ਲਾਸ਼ਾਂ’ ਦੇ ਸੱਚ ’ਤੇ ਪਰਦਾ ਪਾਇਆ ਜਾ ਸਕੇ।

ਆਖ਼ਰ 6 ਸਤੰਬਰ 1995 ਨੂੰ ਪੁਲਿਸ ਦੀਆਂ ਜਿਪਸੀਆਂ ਦੀ ਇਕ ਧਾੜ ਆਈ ਅਤੇ ਭਾਈ ਖਾਲੜਾ ਨੂੰ ਉਨ੍ਹਾਂ ਦੇ ਘਰੋਂ ਜ਼ਬਰਦਸਤੀ ਚੁੱਕ ਕੇ ਲੈ ਗਈ। ਥਾਣਾ ਝਬਾਲ ਦੇ ਇਕ ਸੈੱਲ ਵਿਚ ਉਨ੍ਹਾਂ ਨੂੰ ਤਸੀਹੇ ਦਿਤੇ ਗਏ, ਪਰ ਪੁਲਿਸ ਦਾ ਤਸ਼ੱਦਦ ਭਾਈ ਖਾਲੜਾ ਨੂੰ ਸੱਚ ਤੋਂ ਪਿੱਛੇ ਨਹੀਂ ਹਟਾ ਸਕਿਆ। ਆਖ਼ਰਕਾਰ ਉਨ੍ਹਾਂ ਦੀ ਲਹੂ ਭਿੱਜੀ ਲਾਸ਼ ਨੂੰ ਹਰੀ ਕੇ ਪੱਤਣ ਰਾਜਸਥਾਨ ਨਹਿਰ ਵਿਚ ਰੋੜ੍ਹ ਦਿਤੀ ਗਈ।

ਸੀਬੀਆਈ ਨੇ ਖਾਲੜਾ ਕੇਸ ਦੀ ਡੂੰਘਾਈ ਨਾਲ ਜਾਂਚ ਪੜਤਾਲ ਕੀਤੀ ਤਾਂ ਅਦਾਲਤ ਨੇ ਬਹੁਤ ਸਾਰੇ ਪੁਲਿਸ ਅਫਸਰਾਂ ਨੂੰ ਦੋਸ਼ੀ ਪਾਇਆ ਅਤੇ ਸਜ਼ਾਵਾਂ ਦਿਤੀਆਂ।ਭਾਈ ਖਾਲੜਾ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਵਾਲੀ ਉਨ੍ਹਾਂ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਅੱਜ ਵੀ ਭਾਈ ਖਾਲੜਾ ਦੇ ਸੰਘਰਸ਼ ਨੂੰ ਲੈ ਕੇ ਅੱਗੇਵਧ ਰਹੇ ਹਨ। ਭਾਈ ਖਾਲੜਾ ਸਿੱਖਾਂ ਦੇ ਹਕੂਕਾਂ ਲਈ ਲੜਨ ਵਾਲੇ ਇਕ ਯੋਧੇ ਸਨ। ਸਿੱਖ ਕੌਮ ਲਈ ਉਨ੍ਹਾਂ ਦੇ ਸੰਘਰਸ਼ ਨੂੰ ਕਦੇ ਅਣਦੇਖਿਆ ਨਹੀਂ ਕੀਤਾ ਜਾ ਸਕਦਾ ਹੈ।




## ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜਿਨ੍ਹਾਂ ਨੇ 1980 ਤੋਂ ਬਾਅਦ ਕਾਲੇ ਦੌਰ ਦਾ ਲੰਬਾ ਸਮਾਂ ਆਪਣੇ ਪਿੰਡੇ ’ਤੇ ਹੰਢਾਇਆ


ਜਸਵੰਤ ਸਿੰਘ ਖਾਲੜਾ ਨੂੰ ਜੇ ਅਸੀਂ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸ਼ਹੀਦ ਹੋਣਾ ਕਹਿ ਲਈਏ ਤਾਂ ਅਤਿਕਥਨੀ ਨਹੀਂ ਹੋਵੇਗੀ।

ਭਾਈ ਜਸਵੰਤ ਸਿੰਘ ਖਾਲੜਾ ਨੂੰ ਬਚਪਨ ਵਿੱਚ ਹੀ ਅਜਿਹਾ ਲੋਕ ਸੇਵਾ ਦਾ ਮਾਰਗ ਚੁਣਨ ਲਈ ਸੁਭਾਗ ਪ੍ਰਾਪਤ ਹੋਇਆ। ਆਪਣੀ ਚੜ੍ਹਦੀ ਜਵਾਨੀ ਦੀ ਉਮਰੇ ਉਹ ‘ਮਾਰਕਸਵਾਦ’ ਨਕਸਲਬਾੜੀ ਲਹਿਰ ਦਾ ਸਮਰਥਕ ਬਣਿਆ।

ਪੰਜਾਬ ’ਚ ਖਾੜਕੂਵਾਦ ਵੇਲੇ ਲਵਾਰਿਸ ਦੱਸ ਕੇ ਲਾਸ਼ਾਂ ਸਾੜਨ ਦੇ ਮਾਮਲੇ ਦਾ ਭੇਤ ਜਗ ਜ਼ਾਹਰ ਕਰਨ ਵਾਲੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਹੀ ਹਨ। 1980 ਵਿੱਚ ਪੰਜਾਬ ਸੰਕਟ ਦੇ ਦਿਨਾਂ ਵਿੱਚ ਆਪ੍ਰੇਸ਼ਨ ਬਲਿਊ ਸਟਾਰ, ਇੰਦਰਾ ਗਾਂਧੀ ਦੇ ਕਤਲ ਅਤੇ 1984 ਦੇ ਸਿੱਖ-ਵਿਰੋਧੀ ਦੰਗਿਆਂ ਤੋਂ ਬਾਅਦ, ਪੁਲਿਸ ਨੂੰ ਸ਼ੱਕੀ ਵਿਅਕਤੀਆਂ ਨੂੰ ਸ਼ੱਕੀ ਅੱਤਵਾਦੀ ਕਹਿ ਕੇ ਹਿਰਾਸਤ ਵਿੱਚ ਲੈਣ ਦੇ ਅਧਿਕਾਰ ਦੇ ਦਿੱਤੇ ਗਏ ਸੀ,। ਪੁਲਿਸ ਉੱਤੇ ਕਥਿਤ ਤੌਰ ’ਤੇ ਹੋਈ ਗੋਲੀਬਾਰੀ ਵਿਚ ਨਿਹੱਥੇ ਸ਼ੱਕੀ ਲੋਕਾਂ ਦੀ ਹੱਤਿਆ ਕਰਨ ਅਤੇ ਕਤਲਾਂ ਨੂੰ ਛੁਪਾਉਣ ਲਈ ਹਜ਼ਾਰਾਂ ਲਾਸ਼ਾਂ ਸਾੜਨ ਦੇ ਦੋਸ਼ ਲੱਗ ਰਹੇ ਸਨ।

ਕੁਝ ਇਸ ਕਿਸਮ ਦੀ ਪਿੱਠ ਭੂਮੀ ਵਿੱਚ ਜਦ ਖਾਲੜਾ ਜੀ ਦੇ ਇੱਕ ਮਿੱਤਰ, ਸੈਂਟਰਲ ਕੋਆਪਰੇਟਿਵ ਬੈਂਕ ਦੇ ਡਾਇਰੈਕਟਰ, ਗੁੰਮ ਹੋ ਗਏ ਤਾਂ ਸਾਧਾਰਨ ਢੰਗ ਨਾਲ ਉਸ ਦੀ ਭਾਲ ਕਰਨ ਤੋਂ ਬਾਅਦ ਉਸ ਦੇ ਪੁਲਿਸ ਮੁਕਾਬਲੇ ਦੀ ਗੱਲ ਕੰਨੀਂ ਪਈ। ਅੰਮ੍ਰਿਤਸਰ ਸ਼ਮਸ਼ਾਨਘਾਟ ਤੋਂ ਪਤਾ ਕਰਨ ’ਤੇ ਇਹ ਦੁੱਖਦਾਈ ਕਹਾਣੀ ਸੱਚੀ ਸਾਬਤ ਹੋਈ।

ਅੱਗੇ ਜਾ ਕੇ ਉਸ ਮ੍ਰਿਤਕ ਮਨੁੱਖ ਦੇ ਇੱਕ ਹੋਰ ਸਾਥੀ ਦੀ ਮੌਤ ਦੀ ਜਾਣਕਾਰੀ ਵੀ ਮਿਲੀ। ਇਸੇ ਲੜੀ ਵਿੱਚ ਅਨੇਕਾਂ ਹੋਰ ‘ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਦੀ ਗੱਲ ਧਿਆਨ ਵਿੱਚ ਆਈ।



ਮਿਉਂਸਪਲ ਕਮੇਟੀ ’ਚੋਂ ਕਿੰਨੀਆਂ ਲੱਕੜਾਂ ਆਈਆਂ, ਕਲਰਕਾਂ ਨੇ ਉਨ੍ਹਾਂ ਵਿੱਚੋਂ ਕਿੰਨੀ ਰਿਸ਼ਵਤ ਖਾਧੀ ਤੇ ਫਿਰ ਤਰਨਤਾਰਨ ਤੇ ਪੱਟੀ ਦੇ ਸ਼ਮਸ਼ਾਨਘਾਟਾਂ ਵਿੱਚ ਇਨ੍ਹਾਂ ਝੂਠੇ ਪੁਲਿਸ ਮੁਕਾਬਲਿਆਂ ਤੇ ਕਿੰਨੀਆਂ ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਹੋਏ, ਕਿੰਨੇ ਅੱਧਸੜੇ ਮਨੁੱਖੀ ਅੰਗ ਕੁੱਤੇ ਵੀ ਖਾਂਦੇ ਰਹੇ, ਇਨ੍ਹਾਂ ਨਾਲ ਜੁੜੀਆਂ ਹੋਰ ਅਨੇਕ ਘਟਨਾਵਾਂ ਖਾਲੜਾ ਜੀ ਆਪਣੀ ਡਾਇਰੀ ਵਿੱਚ ਕਲਮਬੰਦ ਕਰਦੇ ਗਏ। ਸ਼ਮਸ਼ਾਨਘਾਟ ਦੇ ਰਜਿਸਟਰਾਂ ਦੀਆਂ ਨਕਲਾਂ ਅਤੇ ਟਾਵੇਂ-ਟਾਵੇਂ ਮ੍ਰਿਤਕਾਂ ਦੇ ਨਾਂ ਪਤੇ ਵੀ ਉਨ੍ਹਾਂ ਦੇ ਹੱਥ ਆ ਗਏ। ਖਾਲੜਾ ਜੀ ਨੇ ‘ਅਣਪਛਾਤੀਆਂ ਲਾਸ਼ਾਂ’ ਦੀ ਕਹਾਣੀ ਜੱਗ ਜ਼ਾਹਰ ਕਰਦਿਆਂ ਅਮਰੀਕਾ, ਕਨੇਡਾ ਤੇ ਬਰਤਾਨੀਆ ਦੀਆਂ ਪਾਰਲੀਮੈਂਟਾਂ ਅਤੇ ਕੌਮਾਂਤਰੀ ਪੱਧਰ ਦੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਵਿੱਚ ਸੈਂਕੜੇ ਦੀ ਗਿਣਤੀ ਵਿੱਚ ਸਿੱਖਾਂ ਮ੍ਰਿਤਕਾਂ ਦੀ ਲਿਸਟਾਂ ਉਨ੍ਹਾਂ ਨੂੰ ਦੇ ਦਿੱਤੀਆਂ ਸਨ। ਥੋੜ੍ਹੀ ਜਹੀ ਰਾਜਨੀਤੀ ਵਰਤਦਿਆਂ ਉਨ੍ਹਾਂ ਨੇ ਆਪਣੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮਨੁੱਖੀ ਅਧਿਕਾਰ ਸੰਸਥਾ ਦਾ ਜਨਰਲ ਸਕੱਤਰ ਬਣਾਈ ਰੱਖਿਆ।

**ਖਾਲੜਾ ਦੀ ਸਹੀਦੀ**

ਪੰਜਾਬ ਪੁਲਿਸ ਸ. ਖਾਲੜੇ ਪਾਸੋਂ ਅਜਿਹੀ ਗੱਲ ਅਖਵਾਉਣਾ ਚਾਹੁੰਦੇ ਸਨ, ਜਿਸ ਨਾਲ ‘ਅਣਪਛਾਤੀਆਂ ਲਾਸ਼ਾਂ’ ਦੀ ਕਹਾਣੀ ਤੇ ਪਰਦਾ ਪਾਇਆ ਜਾ ਸਕੇ। ਸ. ਖਾਲੜੇ ਦੀ ਇਸ ਮੋੜ ਤੇ ਆ ਕੇ ਪਰਖ ਦੀ ਘੜੀ ਆ ਗਈ। ਕਾਮਰੇਡੀ ਜੀਵਨ ਆਰੰਭ ਕਰਕੇ ਸਿੱਖੀ ਦਾ ਰਸਤਾ ਫੜ੍ਹਦਿਆਂ ਹੀ ਉਹ ਖਾਲੜਾ ਤੋਂ ਸ਼ਹੀਦ ਹੋ ਨਿੱਬੜੇ।

6 ਸਤੰਬਰ ਨੂੰ ਪੁਲਿਸ ਦੀਆਂ ਜਿਪਸੀਆਂ ਦੀ ਇੱਕ ਧਾੜ ਆਈ ਤੇ ਗੈਰਕਨੂੰਨੀ ਦਿਨ ਵੇਲੇ ਸ. ਖਾਲੜਾ ਦੇ ਅੰਮ੍ਰਿਤਸਰ ਸ਼ਹਿਰ ਸਥਿਤ ਕਬੀਰ ਪਾਰਕ ਵਾਲੇ ਘਰ ਵਿਚੋਂ ਉਨ੍ਹਾਂ ਨੂੰ ਜ਼ਬਰਦਸਤੀ ਚੁੱਕ ਕੇ ਲੈ ਗਈ। ਪਰਖ ਦੀ ਘੜੀ ਉਦੋਂ ਆਈ ਜਦੋਂ ਥਾਣਾ ਝਬਾਲ ਦੇ ਇੱਕ ਸੈੱਲ ਵਿੱਚ ਉਸ ਨੂੰ ਤਸੀਹੇ ਦਿੱਤੇ ਗਏ।

ਗੱਲ ਸਿਰਫ ਏਨੀ ਸੀ ਕਿ ਸ.ਖਾਲੜਾ ਨੇ ‘ਅਣਪਛਾਤੀਆਂ ਲਾਸ਼ਾਂ’ ਅਤੇ ’ਝੂਠੇ ਪੁਲਿਸ ਮੁਕਾਬਲਿਆਂ’ ਸੰਬੰਧੀ ਜੋ ਕਿਹਾ ਹੈ, ਉਹ ਉਸ ਨੂੰ ਵਾਪਸ ਲੈ ਲਵੇ। ਭੰਨੀ ਹੋਈ ਦੇਹ ਰੂਪੀ ਖਾਲੜੇ ਨੂੰ ਪੁਲਿਸ ਨੇ ਆਪਣੇ ਘਰ ਮਾਨਾਂਵਾਲੇ (ਅੰਮ੍ਰਿਤਸਰ) ਵਿਖੇ ਪੇਸ਼ ਕੀਤਾ।

ਸ. ਖਾਲੜਾ ਸਿੱਖੀ ਦੇ ਰਾਹ ਉੱਤੇ ਚੱਲਦਾ ਹੋਇਆ ਖਾਲਸਾ ਸੋਝੀ ਤਾਈਂ ਪਹੁੰਚ ਚੁੱਕਾ ਸੀ। ਸ. ਖਾਲੜਾ ਨੂੰ ਵਾਪਸ ਥਾਣਾ ਝਬਾਲ ਦੇ ਸੈੱਲ ਵਿੱਚ ਲਿਆਂਦਾ ਗਿਆ। ਗੋਲੀ ਨਾਲ ਮਾਰ ਕੇ ਉਹਨਾਂ ਦੀ ਲਹੂ ਨਾਲ ਭਿੱਜੀ ਦੇਹ ਨੂੰ ਹਰੀ ਕੇ ਪੱਤਣ ਰਾਜਸਥਾਨ ਨਹਿਰ ਵਿੱਚ ਰੋੜ੍ਹ ਦਿੱਤੀ। ਸੀਬੀਆਈ ਨੇ ਖਾਲੜਾ ਕੇਸ ਦੀ ਛਾਣਬੀਨ ਕੀਤੀ ਤੇ ਅਦਾਲਤ ਨੇ ਬਹੁਤ ਸਾਰੇ ਪੁਲਿਸ ਅਫਸਰਾਂ ਨੂੰ ਦੋਸ਼ੀ ਪਾਇਆ ਅਤੇ ਸਜ਼ਾ ਦਿੱਤੀ।

## ਆਓ ਇਕੱਠੇ ਹੋਈ

# ਹਨੇਰੇ ਨੂੰ ਚੁਣੌਤੀ ਦੇਈਏ

## ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ



ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਇਕ ਬਹਾਦਰ ਮਾਨਵ ਅਧਿਕਾਰਾਂ ਦੇ ਸਰਗਰਮ ਕਾਰਕੁੰਨ ਸਨ ਜਿਨ੍ਹਾਂ ਨੇ 1990 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਮਾਨਵ ਅਧਿਕਾਰਾਂ ਦੀ ਉਲੰਘਣਾਂ ਦਾ ਪਰਦਾਫਾਸ਼ ਕੀਤਾ। ਉਨ੍ਹਾਂ ਦੀ ਸਖ਼ਤ ਮਿਹਨਤ ਨੇ ਹਜ਼ਾਰਾਂ ਜ਼ਬਰਦਸਤੀ ਗਾਇਬ ਹੋਣ ਦੇ ਕੇਸ, ਨਕਲੀ ਮੁਕਾਬਲੇ ਅਤੇ ਗੁਪਤ ਅੰਤਿਮ ਸੰਸਕਾਰਾਂ ਦਾ ਖ਼ੁਲਾਸਾ ਕੀਤਾ ਜੋ ਸਭ ਪੰਜਾਬ ਪੁਲਿਸ ਵੱਲੋਂ ਕਰਵਾਏ ਗਏ ਸਨ। ਭਾਵੇਂ ਉਨ੍ਹਾਂ ਨੂੰ ਵੱਡੇ ਖ਼ਤਰੇ ਦਾ ਸਾਹਮਣਾ ਕਰਨਾ ਪਿਆ, ਪਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਦ੍ਰਿੜਤਾ ਨੇ ਅਨੇਕਾਂ ਸਿੱਖ ਪਰਿਵਾਰਾਂ ਦੀ ਪੀੜਾ ਨੂੰ ਦੁਨੀਆਂ ਸਾਹਮਣੇ ਰੱਖਿਆ। ਉਨ੍ਹਾਂ ਦੀ ਵਿਰਾਸਤ ਅੱਜ ਵੀ ਸੱਚਾਈ ਅਤੇ ਇਨਸਾਫ਼ ਦੀ ਖੋਜ ਕਰਨ ਵਾਲਿਆਂ ਲਈ ਪ੍ਰੇਰਨਾ ਬਣੀ ਹੋਈ ਹੈ।

### ਮੁੱਖ ਬੁਲਾਰੇ



ਸ੍ਰ. ਅਮਰੀਕ ਸਿੰਘ ਮੁਕਤਸਰ
(ਮਨੁੱਖੀ ਅਧਿਕਾਰ ਸੰਗਠਨ)



ਸ੍ਰ. ਰਾਜਵਿੰਦਰ ਸਿੰਘ ਬੈਂਸ
(ਪੰਜਾਬ ਮਨੁੱਖੀ ਅਧਿਕਾਰ ਸੰਗਠਨ)



ਬੀਬੀ ਪਰਮਜੀਤ ਕੌਰ ਖਾਲੜਾ
(ਪਤਨੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ)



ਨਵਕਿਰਨ ਕੌਰ ਖਾਲੜਾ
(ਸਪੁੱਤਰੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ)



ਫਾਦਰ ਜੋਸ਼ੂਆ ਲਿਕਟਰ
(ਮਨੁੱਖੀ ਅਧਿਕਾਰ ਸੰਗਠਨ)



ਸ੍ਰ. ਨਿੰਦਰ ਸਿੰਘ
(ਜੈਕਾਰਾ ਲਹਿਰ)



ਡਾ. ਗੁਰਿੰਦਰ ਸਿੰਘ ਗਰੇਵਾਲ
(ਸੰਸਥਾਪਕ ਵਰਲਡ ਸਿੱਖ ਨਿਊਜ਼)

## Be The Light Against The Darkness

Date : September 27, 2025
Location : 15557 Fifth St Lathrop, CA 95330
(Lathrop Community Center)
Time 4.00 PM - 8.00 PM
Candlelight In Memory of The Shaheeds
For Any Information Please Contact : Khalramission@gmail.com

**ਸਿੱਖਾਂ ਦੇ ਧੀਆਂ ਪੁੱਤਾਂ ਦੀਆਂ ਲਾਵਾਰਸ ਲਾਸ਼ਾਂ ਲੱਭਦੇ-ਲੱਭਦੇ ਜੋ ਆਪ ਲਾਵਾਰਸ ਬਣ ਗਿਆ। ਉਸ ਮਹਾਨ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤਾਂ ਨੂੰ ਅਸੀਂ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ।**

# ਸ਼ਹੀਦ ਸ. ਜਸਵੰਤ ਸਿੰਘ ਖਾਲੜਾ ਨੂੰ ਯਾਦ ਕਰਦਿਆਂ...

ਅੱਜ, ਭਾਵੇਂ ਸ. ਜਸਵੰਤ ਸਿੰਘ ਖਾਲੜਾ ਦਾ ਨਾਂ ਕਿਸੇ ਜਾਣ-ਪਛਾਣ ਦਾ ਮੁਥਾਜ ਤਾਂ ਨਹੀਂ ਹੈ ਪਰ ਮਨੁੱਖੀ ਹੱਕਾਂ ਦੇ ਪਿੜ ਵਿੱਚ ਖਾਸ ਤੌਰ ਤੇ ਅਣਪਛਾਤੀਆਂ ਲਾਸ਼ਾਂ ਦੇ ਮਾਮਲੇ ਨੂੰ ਅੰਤਰਰਾਸ਼ਟਰੀ ਪਛਾਣ ਦੇਣ ਵਾਲੇ ਖਾਲੜਾ ਸਾਹਿਬ ਦੇ ਪਿਛੋਕੜ ਵੱਲ ਝਾਤ ਮਾਰਨੀ ਇੱਕ ਲਾਹੇਵੰਦਾ ਕਦਮ ਹੋਵੇਗਾ। 1995 ਵਰ੍ਹੇ ਦੇ ਸ਼ੁਰੂ ਵਿੱਚ ਸ. ਖਾਲੜਾ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਪਟੀਸ਼ਨ ਨੰਬਰ-900 ਦਾਇਰ ਕੀਤੀ। ਇਸ ਪਟੀਸ਼ਨ ਵਿੱਚ ਪੰਜਾਬ ਪੁਲਿਸ ਵਲੋਂ 'ਅਣਪਛਾਤੇ' ਕਹਿ ਕੇ ਸਾੜੇ ਗਏ ਹਜ਼ਾਰਾਂ ਸਿੱਖ ਨੌਜਵਾਨਾਂ, ਭੈਣਾਂ, ਮਾਤਾਵਾਂ ਆਦਿ ਦੇ ਕੇਸ ਦੀ ਪੂਰੀ ਪੜਤਾਲ ਕਰਨ ਦੀ ਮੰਗ ਕੀਤੀ ਗਈ ਸੀ। ਇਸ ਪਟੀਸ਼ਨ ਵਿਚਲੇ ਤੱਥ ਸ. ਜਸਵੰਤ ਸਿੰਘ ਖਾਲੜਾ, ਸ. ਜਸਪਾਲ ਸਿੰਘ ਢਿੱਲੋਂ, ਮਿਸਟਰ ਰਾਮ ਨਰਾਇਣ ਕੁਮਾਰ ਆਦਿ ਮਨੁੱਖੀ ਹੱਕਾਂ ਦੇ ਕਾਰਕੁੰਨਾਂ ਨੇ, ਜ਼ਿਲ੍ਹਾ ਅੰਮ੍ਰਿਤਸਰ ਦੇ ਤਿੰਨ ਸ਼ਮਸ਼ਾਨਘਾਟਾਂ (ਤਰਨਤਾਰਨ, ਪੱਟੀ ਤੇ ਦੁਰਗਿਆਣਾ ਮੰਦਰ-ਅੰਮ੍ਰਿਤਸਰ) ਵਿੱਚ ਵਰ੍ਹੇ 1992 ਦੌਰਾਨ ਅਣਪਛਾਤੀਆਂ ਕਹਿ ਕੇ ਸਾੜੀਆਂ ਗਈਆਂ ਲਾਸ਼ਾਂ ਲਈ, ਖਰੀਦੀ ਗਈ ਲੱਕੜੀ ਤੋਂ ਪ੍ਰਾਪਤ ਕੀਤੇ ਸਨ। ਇਹ ਤੱਥ ਚੌਂਕਾ ਦੇਣ ਵਾਲੇ ਸਨ-ਕਿਉਂਕਿ ਹਜ਼ਾਰਾਂ ਦੀ ਗਿਣਤੀ ਵਿੱਚ 'ਅਣਪਛਾਤੀਆਂ ਲਾਸ਼ਾਂ' ਇੱਕ ਵਰ੍ਹੇ ਦੌਰਾਨ ਸਿਰਫ ਇਨ੍ਹਾਂ ਤਿੰਨਾਂ ਸ਼ਮਸ਼ਾਨਘਾਟਾਂ ਵਿੱਚ ਹੀ ਸਾੜੀਆਂ ਗਈਆਂ ਸਨ ਤੇ ਜੇ (ਹੁਣ ਦੇ) ਪੰਜਾਬ ਦੇ ਲਗਭਗ 20 ਜ਼ਿਲ੍ਹਿਆਂ ਦਾ ਹਿਸਾਬ, ਇਸ ਅਨੁਪਾਤ ਨਾਲ ਲਗਾਇਆ ਜਾਵੇ ਤਾਂ ਇਹ ਇੱਕ ਵਰ੍ਹੇ ਵਿੱਚ 20 ਹਜ਼ਾਰ ਤੋਂ ਵੱਧ ਲਾਸ਼ਾਂ ਦਾ ਬਣਦਾ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਸ ਪਟੀਸ਼ਨ ਨੂੰ ਖਾਰਜ ਕਰਦਿਆਂ ਕਿਹਾ- "ਇਹ ਬਹੁਤ ਅਸਪੱਸ਼ਟ ਹੈ' ਤੇ 'ਸਰਦਾਰ ਖਾਲੜਾ ਦੀ ਮਰਨ ਵਾਲਿਆਂ ਨਾਲ ਕੋਈ ਰਿਸ਼ਤੇਦਾਰੀ ਨਹੀਂ ਹੈ (ਭਾਵ ਮਰਨ ਵਾਲਿਆਂ ਨੇ ਮਰਨ ਤੋਂ ਪਹਿਲਾਂ ਸ. ਖਾਲੜਾ ਨੂੰ ਕੋਈ ਪਾਵਰ ਆਫ ਅਟਾਰਨੀ ਕਿਉਂ ਨਹੀਂ ਦਿੱਤੀ ?)' ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਇਸ 'ਹਿੰਦੂ-ਫੈਸਲੇ' ਦੇ ਖਿਲਾਫ, ਭਾਰਤੀ ਸੰਵਿਧਾਨ ਦੇ ਆਰਟੀਕਲ 32 ਦੇ ਤਹਿਤ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਗਈ ਕਿ ਸੀ. ਬੀ. ਆਈ. ਨੂੰ ਇਨ੍ਹਾਂ ਅਣਪਛਾਤੀਆਂ ਲਾਸ਼ਾਂ ਦੀ ਪੜਤਾਲ ਦਾ ਮਾਮਲਾ ਸੌਂਪਿਆ ਜਾਵੇ। ਸੁਪਰੀਮ ਕੋਰਟ ਵਿੱਚ ਅਪੀਲ ਪਟੀਸ਼ਨ ਅਜੇ ਮੁੱਢਲੀ ਹਾਲਾਤ ਵਿੱਚ ਸੀ, ਜਦੋਂ ਕਿ 6 ਸਤੰਬਰ 1995 ਨੂੰ ਖਾਲੜਾ ਨੂੰ ਅੰਮ੍ਰਿਤਸਰੋਂ ਉਨ੍ਹਾਂ ਦੇ ਕਬੀਰ ਪਾਰਕ ਵਿਚਲੇ ਘਰ ਦੇ ਬਾਹਰੋਂ ਵਰਦੀਧਾਰੀ ਪੁਲਿਸ ਨੇ ਦਿਨ ਦਿਹਾੜੇ ਅਗਵਾ ਕਰ ਲਿਆ। ਅਗਵਾ ਹੋਣ ਤੋਂ ਕੁਝ ਹਫਤੇ ਪਹਿਲਾਂ ਸ. ਖਾਲੜਾ ਇੰਗਲੈਂਡ, ਕੈਨੇਡਾ ਆਦਿ ਦੇਸ਼ਾਂ ਦਾ ਦੌਰਾਨ ਕਰਕੇ ਪਰਤੇ ਸਨ, ਜਿੱਥੇ ਉਨ੍ਹਾਂ ਨੇ ਮੈਂਬਰ ਪਾਰਲੀਮੈਂਟਾਂ, ਮਨੁੱਖੀ ਅਧਿਕਾਰ ਜਥੇਬੰਦੀਆਂ, ਰਾਜਸੀ ਨੇਤਾਵਾਂ ਤੇ ਸਿੱਖ ਸੰਗਤਾਂ ਨਾਲ 'ਅਣਪਛਾਤੀਆਂ ਲਾਸ਼ਾਂ' ਦੇ ਮਸਲੇ ਨੂੰ ਖੁੱਲ੍ਹ ਕੇ ਵਿਚਾਰਿਆ ਸੀ। ਉਨ੍ਹਾਂ ਆਪਣੀਆਂ ਸਪੀਚਾਂ ਵਿੱਚ ਇਹ ਵੀ ਕਿਹਾ ਸੀ ਕਿ ਤਰਨਤਾਰਨ ਦੇ ਐਸ. ਐਸ. ਪੀ. ਅਜੀਤ ਸੰਧੂ ਨੇ ਮੈਨੂੰ ਧਮਕੀ ਦਿੱਤੀ ਹੈ ਕਿ 'ਤੂੰ 25 ਹਜ਼ਾਰ ਲਾਸ਼ਾਂ ਦੀ ਗੱਲ ਕਰਦੈਂ, ਤੈਨੂੰ 25 ਹਜ਼ਾਰ ਇੱਕ ਬਣਾ ਦਿੱਤਾ ਜਾਵੇਗਾ।' ਪਰ ਉਹ ਬੜੇ ਵਿਸ਼ਵਾਸ ਨਾਲ ਕਹਿੰਦੇ ਸਨ ਕਿ 'ਹਨੇਰੇ ਵਿੱਚ ਚਾਨਣ ਕਰਣ ਲਈ ਪਹਿਲਾਂ ਕਿਸੇ ਝੁੱਗੀ ਵਿੱਚ ਇੱਕ ਨਿੱਕਾ ਜਿਹਾ ਦੀਵਾ ਬਲਦਾ ਹੈ ਪਰ ਵਿਹੰਦਿਆਂ ਵਿਹੰਦਿਆਂ ਹਰ ਝੁੱਗੀ 'ਚੋਂ ਚਾਨਣ ਉੱਠਦਾ ਹੈ।' ਭਾਵ ਦੀਵਾ ਬੁਝਾਇਆ ਜਾ ਸਕਦਾ ਹੈ-ਚਾਨਣ, ਮਿਟਾਇਆ ਨਹੀਂ ਜਾ ਸਕਦਾ। ਘਰੋਂ ਚੁੱਕਣ ਉਪਰੰਤ ਘੋਰ ਤਸ਼ੱਦਦ ਕਰਕੇ ਭੰਨੀ ਹੋਈ ਦੇਹ ਰੂਪੀ ਖਾਲੜੇ ਨੂੰ ਅਜੀਤ ਸਿੰਘ ਸੰਧੂ ਨੇ

ਡਾ. ਅਮਰਜੀਤ ਸਿੰਘ
ਵਾਸ਼ਿੰਗਟਨ ਡੀਸੀ

ਆਪਣੇ ਘਰ ਮਾਨਾਂਵਾਲੇ (ਅੰਮ੍ਰਿਤਸਰ) ਵਿਖੇ ਕੇ. ਪੀ. ਐਸ. ਗਿੱਲ ਦੇ ਅੱਗੇ ਪੇਸ਼ ਕੀਤਾ ਤਾਂ ਖਾਲੜਾ ਸਿੱਖੀ ਰਾਹ 'ਤੇ ਚਲਦਾ ਹੋਇਆ ਖਾਲਸਾ ਸੋਝੀ ਤਾਈਂ ਪਹੁੰਚ ਚੁੱਕਾ ਸੀ। ਵਕਤ ਅੱਗੇ ਕੇਵਲ ਤੇ ਕੇਵਲ ਸ਼ਹਾਦਤ ਦਾ ਸੀ। ਇਹ ਉਹ ਮਾਰਗ ਸੀ ਜੋ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਛੋਟੇ ਸਾਹਿਬਜ਼ਾਦਿਆਂ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਭਾਈ ਤਾਰੂ ਸਿੰਘ ਅਤੇ ਅਨੇਕਾਂ ਹੋਰ ਸਿੱਖ ਸ਼ਹੀਦਾਂ ਨੇ ਪਹਿਲਾਂ ਹੀ ਸਿੱਖ ਇਤਿਹਾਸ ਵਿੱਚ ਸਿਰਜਿਆ ਹੈ। ਖਾਲੜਾ ਨੂੰ ਵਾਪਸ ਥਾਣਾ ਝਬਾਲ ਦੇ ਸੈੱਲ ਵਿੱਚ ਲਿਆਂਦਾ ਗਿਆ। ਇੱਕ ਗੋਲੀ ਦੀ ਅਵਾਜ਼ ਸੁਣਾਈ ਦਿੱਤੀ, ਲਾਸ਼ ਲਹੂ ਨਾਲ ਭਿੱਜ ਗਈ। ਦਰਿੰਦਿਆਂ ਨੇ ਲਾਸ਼ ਜਿਪਸੀ ਵਿੱਚ ਸੁੱਟੀ ਤੇ ਹਰੀਕੇ ਪੱਤਣ ਰਾਜਸਥਾਨ ਨਹਿਰ ਵਿੱਚ ਰੋੜ੍ਹ ਦਿੱਤੀ। ਆਪਣੀ ਆਤਮਾ ਦਾ ਕਸ਼ਟ ਦੂਰ ਕਰਨ ਲਈ ਹਰੀ ਕੇ ਪੱਤਣ ਦੇ ਰੈਸਟ ਹਾਊਸ ਵਿੱਚ ਰੱਜ ਕੇ ਸ਼ਰਾਬਾਂ ਪੀਤੀਆਂ ਗਈਆਂ ਅਤੇ ਸਮਝਿਆ ਇਹ ਗਿਆ ਕਿ ਕਹਾਣੀ ਮੁੱਕ ਗਈ ਹੈ। ਮੂਰਖਾਂ ਨੂੰ ਇਹ ਨਹੀਂ ਪਤਾ ਕਿ ਕਹਾਣੀ ਸ਼ਹੀਦ ਦੀ ਸ਼ਹੀਦੀ ਪਿੱਛੋਂ ਆਰੰਭ ਹੁੰਦੀ ਹੈ, ਜੋ ਮੁੱਕਦੀ ਨਹੀਂ ਲੰਮੇ ਸਮੇਂ ਤੱਕ ਲੋਕਾਈ ਵਿੱਚ ਕੂਕਦੀ ਰਹਿੰਦੀ ਹੈ। ਉਸੇ ਕੂਕ ਵੱਸ ਅਜੀਤ ਸਿੰਘ ਸੰਧੂ ਨੇ ਰੇਲ ਗੱਡੀ ਹੇਠ ਸਿਰ ਦਿੱਤਾ ਤੇ ਦੋ ਟੋਟੇ ਹੋ ਗਏ। ਇਸ ਨੇ ਕਦੀ ਇੱਕ ਸੰਤ ਬਾਬਾ ਚਰਨ ਸਿੰਘ ਨੂੰ ਦੋ ਜੀਪਾਂ ਨਾਲ ਇੱਕ ਇੱਕ ਲੱਤ ਬੰਨ੍ਹ ਕੇ ਇੱਕ ਦੂਜੀ ਦੇ ਉਲਟ ਚਲਾ ਕੇ ਦੋਫਾੜ ਕੀਤਾ ਸੀ.....।

**'ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ।'**

ਸ. ਜਸਵੰਤ ਸਿੰਘ ਖਾਲੜਾ ਨੂੰ ਗਾਇਬ ਕਰਨ ਦੇ ਕੇਸ ਦੀ ਗੂੰਜ ਅੰਤਰਰਾਸ਼ਟਰੀ ਤੌਰ 'ਤੇ ਪੈਣ ਦੀ ਵਜ੍ਹਾ ਕਰਕੇ ਸੁਪਰੀਮ ਕੋਰਟ ਨੇ 'ਥੋੜ੍ਹੀ ਹਿਲਜੁਲ' ਵਿਖਾਉਂਦਿਆਂ ਅਣਪਛਾਤੀਆਂ ਲਾਸ਼ਾਂ ਦੇ ਮਾਮਲੇ ਦੀ ਪੜਤਾਲ ਸੀ. ਬੀ. ਆਈ. ਨੂੰ ਸੌਂਪੀ, ਜਿਸ ਨੇ ਦਸੰਬਰ 1996 ਵਿੱਚ ਆਪਣੀ ਰਿਪੋਰਟ ਸੁਪਰੀਮ ਕੋਰਟ ਨੂੰ ਦਿੱਤੀ। ਸਮੁੱਚੀ ਰਿਪੋਰਟ ਨੂੰ 'ਗੁਪਤ' ਬਣਾ ਦਿੱਤਾ ਗਿਆ ਪਰ ਇਹ ਤੱਥ, ਸੁਪਰੀਮ ਕੋਰਟ ਦੀ ਕਾਰਵਾਈ ਰਾਹੀਂ ਲੋਕਾਂ ਤੱਕ ਪਹੁੰਚਿਆ ਕਿ ਉਪਰੋਕਤ ਤਿੰਨ ਸ਼ਮਸ਼ਾਨਘਾਟਾਂ ਵਿੱਚ ਸੀ. ਬੀ. ਆਈ. ਸਿਰਫ 874 ਸਰੀਰਾਂ ਦੀ ਹੀ ਪਛਾਣ ਕਰ ਸਕੀ ਜਦੋਂ ਕਿ 1238 ਤੋਂ ਜ਼ਿਆਦਾ ਸਰੀਰ ਅਣਪਛਾਤੇ ਹੀ ਰਹੇ। ਸੁਪਰੀਮ ਕੋਰਟ ਦੇ ਜੱਜ ਜਸਟਿਸ ਕੁਲਦੀਪ ਸਿੰਘ ਨੇ ਇਸਨੂੰ 'ਨਸਲਕੁਸ਼ੀ ਤੋਂ ਵੀ ਮਾੜਾ' ਕਹਿ ਕੇ ਕੇਸ, ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਦੇ ਹਵਾਲੇ ਕਰ ਦਿੱਤਾ। ਪਰ ਸਰਕਾਰੀ ਹਲਕਿਆਂ ਵਲੋਂ ਸਮੱਸਿਆ ਇਹ ਖੜ੍ਹੀ ਕਰ ਦਿੱਤੀ ਗਈ ਕਿ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਸਿਰਫ ਇੱਕ ਸਾਲ ਦੇ ਵਿੱਚ ਵਿੱਚ ਹੋਈਆਂ ਉਲੰਘਣਾਵਾਂ ਦੀ ਹੀ ਸੁਣਵਾਈ ਕਰ ਸਕਦਾ ਹੈ। ਭਾਵ 'ਆਪਣਾ ਪਿਛਲਾ ਡੇਢ ਲੱਖ ਮਰਿਆ ਭੁੱਲ ਜਾਓ, ਅਗਾਂਹ ਨੂੰ ਜਦੋਂ ਤੁਹਾਡੇ ਮੁੰਡੇ-ਕੁੜੀਆਂ ਫੇਰ ਮਾਰਾਂਗੇ, ਤਾਂ ਸਾਲ ਦੇ ਵਿੱਚ-ਵਿੱਚ ਆ ਜਾਇਓ-ਪੜਤਾਲ ਜ਼ਰੂਰ ਕਰਾਂਗੇ।' ਅਤਿ ਦੁਖਦਾਈ ਗੱਲ ਤਾਂ ਇਹ ਹੈ ਕਿ ਖਾਲੜਾ ਕਿਸੇ ਖਾੜਕੂ ਜਥੇਬੰਦੀ ਦਾ ਮੈਂਬਰ ਨਹੀਂ ਸੀ ਸਗੋਂ ਅਕਾਲੀ ਦਲ (ਬਾਦਲ) ਦੇ ਮਨੁੱਖੀ ਅਧਿਕਾਰ ਵਿੰਗ ਦਾ ਜਨਰਲ ਸਕੱਤਰ ਸੀ। ਬਾਦਲ ਦਲ ਵਲੋਂ ਪੰਜ ਸਾਲ ਕੇਂਦਰ ਸਰਕਾਰ ਵਿੱਚ ਤੇ ਪੰਜਾਬ ਵਿੱਚ ਪੰਜਵੀ ਵਾਰ ਮੁੱਖ ਮੰਤਰੀ ਵਜੋਂ ਸੱਤਾ ਦਾ ਆਨੰਦ ਭੋਗਣ ਦੇ ਬਾਵਜੂਦ ਵੀ ਇਸ ਸ਼ਹੀਦ ਦੇ ਅਸਲ ਕਾਤਲ ਕੇ. ਪੀ. ਗਿੱਲ ਨੂੰ ਦੋਸ਼ੀ ਦੇ ਕਟਹਿਰੇ ਵਿੱਚ ਖੜਾ ਨਹੀਂ ਕੀਤਾ ਗਿਆ। ਪਿਛਲੇ ਸਾਲਾਂ ਵਿਚਲੀ, ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਦੀ ਕਾਰਗੁਜ਼ਾਰੀ ਵੀ ਇਹ ਹੀ ਦਰਸਾਉਂਦੀ ਹੈ ਕਿ ਸਿੱਖ 'ਗੁਲਾਮੀ' ਦਾ ਮਤਲਬ ਕੀ ਹੈ। ਕੁਝ ਸਿੱਖ ਵਕੀਲਾਂ ਅਤੇ ਮਨੁੱਖੀ ਅਧਿਕਾਰਾਂ ਦੀਆਂ ਅਲੰਬਰਦਾਰ ਜਥੇਬੰਦੀਆਂ ਦੀ ਲਗਾਤਾਰ ਮਿਹਨਤ ਸਦਕਾ, ਹਿਊਮਨ ਰਾਈਟਸ ਕਮਿਸ਼ਨ ਨੇ 1800 ਦੇ ਲਗਭਗ 'ਅਣਪਛਾਤੀਆਂ ਲਾਸ਼ਾਂ' ਦੇ ਵਾਰਸਾਂ ਨੂੰ ਵੱਧ ਤੋਂ ਵੱਧ ਦੋ ਲੱਖ ਰੁਪਈਏ ਤੱਕ ਦਾ 'ਮੁਆਵਜ਼ਾ' ਦੇਣ ਦੀ ਸਿਫਾਰਸ਼ ਪੰਜਾਬ ਸਰਕਾਰ ਕੋਲ ਕੀਤੀ। ਇਸ ਤਰ੍ਹਾਂ ਇੱਕ ਸਿੱਖ ਨੌਜਵਾਨ ਦੀ ਜਾਨ ਦੀ ਕੀਮਤ 3500 ਅਮਰੀਕਨ ਡਾਲਰ ਦੇ ਕਰੀਬ ਪਾਈ ਗਈ, ਉਹ ਵੀ ਉਹਨਾਂ ਦੇ ਮਾਰੇ ਜਾਣ ਤੋਂ 15 ਸਾਲ ਬਾਅਦ! ਇੰਨਾ ਕੁ ਖਰਚਾ ਤਾਂ ਉਨ੍ਹਾਂ ਦੇ ਵਾਰਸਾਂ ਨੇ, ਆਪਣੇ ਪਿੰਡਾਂ ਤੋਂ 'ਚੰਡੀਗੜ੍ਹ' ਆ ਕੇ ਪੇਸ਼ੀਆਂ ਦੇਂਦਿਆਂ ਹੀ ਕਰ ਦਿੱਤਾ ਹੋਣਾ ਹੈ। ਇਹ ਗੱਲ ਖੁਸ਼ੀ ਤੇ ਮਾਣ ਵਾਲੀ ਹੈ ਕਿ



ਸ. ਜਸਵੰਤ ਸਿੰਘ ਖਾਲੜਾ ਦੀ ਸਿੰਘਣੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਬੱਚੇ ਸ. ਖਾਲੜਾ ਦੇ ਮਿਸ਼ਨ 'ਤੇ ਚੱਲਦਿਆਂ ਮਨੁੱਖੀ ਹੱਕਾਂ ਦੇ ਪਿੜ ਵਿੱਚ ਪੂਰੀ ਤਰਾਂ ਸਰਗਰਮ ਹਨ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਿਰੜ ਨਾਲ ਲੜਾਈ ਲੜ ਰਹੇ ਹਨ। ਸ. ਖਾਲੜਾ ਦੀ ਸਪੁੱਤਰੀ ਨਵਕਿਰਣ ਕੌਰ ਵਿੱਚ ਵੀ ਆਪਣੇ ਪਿਤਾ ਵਾਲੀ ਲਗਨ ਅਤੇ ਦ੍ਰਿੜਤਾ ਦਾ ਝਾਉਲਾ ਪੈਂਦਾ ਹੈ।

ਭਾਰਤੀ ਸਟੇਟ, ਮੀਡੀਏ ਅਤੇ ਅਦਾਲਤੀ ਸਿਸਟਮ ਦੇ ਵਰਤਾਰੇ ਵਿੱਚ ਕੋਈ ਤਬਦੀਲੀ ਨਹੀਂ ਆਈ। ਭਾਰਤੀ ਹਾਕਮਾਂ ਵਲੋਂ ਸਿੱਖਾਂ ਦੇ ਸਰਵਨਾਸ਼ ਲਈ, ਜੂਨ 1984 ਤੋਂ ਆਰੰਭੀ ਗਈ 'ਟੋਟਲ ਵਾਰ' ਅੱਜ ਵੀ ਬਦਸਤੂਰ ਜਾਰੀ ਹੈ। ਅੱਜ ਵੀ ਸਾਡੇ ਹਵਾਰੇ-ਰਾਜੋਆਣੇ-ਭੁੱਲਰ ਫਾਂਸੀ ਦੇ ਰੱਸਿਆਂ ਨਾਲ ਲਟਕਾਏ ਜਾਣ ਦੇ 'ਕਾਬਲ' ਸਮਝੇ ਜਾ ਰਹੇ ਹਨ ਜਦੋਂ ਕਿ ਜੂਨ-1984, ਨਵੰਬਰ-1984 ਅਤੇ 1984 ਤੋਂ 1995 ਤੱਕ ਦੇ ਸਮੇਂ ਦੌਰਾਨ ਸਿੱਖ ਨਸਲਕੁਸ਼ੀ ਦਾ ਹੁਕਮ ਚਾੜ੍ਹਨ ਵਾਲੇ ਅਤੇ ਇਸਨੂੰ ਲਾਗੂ ਕਰਣ ਨਾਲੇ ਟੁੱਕੜਬੋਚ ਅਧਿਕਾਰੀਆਂ (ਕੇ. ਪੀ. ਗਿੱਲ ਵਰਗੇ ਦਰਿੰਦੇ) ਦੇ ਖਿਲਾਫ ਕਿਸੇ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਅਦਾਲਤ ਵਿੱਚ ਕੋਈ ਸੁਣਵਾਈ-ਸਜ਼ਾ ਨਹੀਂ ਹੈ। ਗੁਰਵਾਕ ਹੈ

**"ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨ ਛਾਡੈ ਖੇਤ॥**

ਖਾਲਸਾ ਜੀ ਦੇ ਚਮਕਦੇ ਸਿਤਾਰਿਆਂ ਵਿੱਚ ਮਨੁੱਖੀ ਹੱਕਾਂ ਦੇ ਪਿੜ ਵਿੱਚ, ਆਪਣੇ ਜੀਵਨ ਦੀ ਰੱਤ ਪਾਉਣ ਵਾਲੇ ਸਰਦਾਰ ਜਸਵੰਤ ਸਿੰਘ ਖਾਲੜਾ ਦਾ ਇੱਕ ਵਿਸ਼ੇਸ਼ ਸਥਾਨ ਹੈ। ਉਨ੍ਹਾਂ ਦਾ ਜੀਵਨ ਵਰਤਮਾਨ ਅਤੇ ਭਵਿੱਖ ਦੀਆਂ ਸਿੱਖ ਪੀੜ੍ਹੀਆਂ ਲਈ ਇੱਕ ਪ੍ਰੇਰਨਾ ਸਰੋਤ ਹੈ।

ਭਾਰਤੀ ਬ੍ਰਾਹਮਣਵਾਦੀ ਜ਼ਾਲਮ ਸਾਮਰਾਜ, ਜ਼ੁਲਮ ਕਰਨ ਦੇ ਰਸਤੇ ਤੇ ਤੁਰਦਿਆਂ ਮੁਗਲਾਂ ਤੇ ਅੰਗਰੇਜਾਂ ਨੂੰ ਵੀ ਮਾਤ ਦੇ ਗਿਆ ਹੈ। ਪਰ ਸਿੱਖ ਕੌਮ ਨੂੰ ਆਪਣੇ 'ਖਾਲੜੇ' ਵਰਗੇ ਸਪੁੱਤਰਾਂ ਤੇ ਬੜਾ ਮਾਣ ਹੈ, ਜਿਹੜੇ ਦਸਮੇਸ਼ ਪਿਤਾ ਦੇ ਦਰਸਾਏ ਰਸਤੇ-ਸ਼ੁਭ ਕਰਮਨ ਤੇ ਕਬਹੂੰ ਨ ਟਰੋਂ—'ਤੇ ਚੱਲਦਿਆਂ, ਆਪਣੇ ਸਰੀਰਾਂ ਦੇ ਠੀਕਰੇ, ਦਿੱਲੀ ਦੇ ਦੁਸ਼ਟ ਹਾਕਮਾਂ ਦੇ ਸਿਰ ਭੰਨ ਕੇ ਅਕਾਲ ਪੁਰਖ ਦੀ ਦਰਗਾਹ ਵਿੱਚ ਸੁਰਖਰੂ ਹੋ ਕੇ ਬੈਠੇ ਹਨ।

ਪਰ ਇਨ੍ਹਾਂ ਸਿਰਲੱਥ ਮਰਜੀਵੜਿਆਂ ਦੀ ਕੁਰਬਾਨੀ, ਸਾਡੇ ਲਈ ਇੱਕ ਵੰਗਾਰ ਹੈ ਕਿ ਅਸੀਂ ਸ਼ਹੀਦਾਂ ਦੇ ਖੂਨ ਦਾ ਹੱਕ ਜ਼ਰੂਰ ਲੈਣਾ ਹੈ। ਅੱਜ ਸ. ਖਾਲੜਾ ਦੀ ਸੋਚ 'ਤੇ ਪਹਿਰਾ ਦੇ ਕੇ ਦੇਸ਼-ਵਿਦੇਸ਼ ਦੀਆਂ ਕਈ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਕਾਂਬਾ ਛੇੜਿਆ ਹੋਇਆ ਹੈ।

ਬਾਹਰਲੇ ਜੰਮਪਲ ਸਿੱਖ ਬੱਚਿਆਂ ਨੇ ਇਨਸਾਫ ਦੀ ਲੜਾਈ ਆਪਣੇ ਹੱਥ ਲੈ ਲਈ ਹੈ, ਜੋ ਮੌਜੂਦਾ ਸਮੇਂ ਦੇ ਹਾਣੀ ਹੋ ਕੇ ਚੱਲ ਰਹੇ ਹਨ। ਇਹ ਕਾਫਲਾ ਓਨਾ ਚਿਰ ਚੈਨ ਨਾਲ ਬੈਠਣ ਵਾਲਾ ਨਹੀਂ ਜਦ ਤੱਕ ਸ਼ਹੀਦਾਂ ਦੇ ਕਾਤਲ ਸਜ਼ਾ ਯਾਫਤਾ ਨਹੀਂ ਹੋ ਜਾਂਦੇ ਅਤੇ ਸ਼ਹੀਦਾਂ ਦਾ ਸੁਪਨਾ ਪੂਰਾ ਨਹੀਂ ਹੋ ਜਾਂਦਾ।

## ਖਾਲੜਾ ਨਾ ਤਾਂ ਖਾੜਕੂ ਸੀ, ਨਾ ਅੱਤਵਾਦੀ, ਨਾ ਵੱਖਵਾਦੀ-ਫਿਰ ਮਾਰਿਆ ਕਿਉਂ ? ਕਿਸਨੇ ?

# ਹਾਕਮੋ ! ਨਾਨਕ ਸੋਚ ਖਤਮ ਕਰਨ ਲਈ ਕਿੰਨੇ 'ਕੁ ਸਿੱਖ ਮਾਰੋਗੇ ?

## ਪ੍ਰਣਾਬ ਮੁਖਰਜੀ, ਬਾਦਲਾ ਤੇ ਬਰਨਾਲ਼ਿਆ ! ਤੁਸਾਂ ਫ਼ੌਜ ਭੇਜ ਕੇ ਭਿੰਡਰਾਂਵਾਲਾ ਮਰਵਾਇਆ ਲੋਕਾਂ ਉਹਨੂੰ '20ਵੀਂ ਸਦੀ ਦਾ ਮਹਾਨ ਸਿੱਖ' ਪ੍ਰਵਾਨਿਆ

**ਸਵ. ਸ੍ਰ. ਦਲਬੀਰ ਸਿੰਘ ਪੱਤਰਕਾਰ ਵਲੋਂ 'ਸਾਡੇ ਲੋਕ' ਅਖ਼ਬਾਰ ਲਈ ਸ਼ਹੀਦ ਜਸਵੰਤ ਸਿੰਘ ਖਾਲੜਾ ਬਾਰੇ ਲਿਖੇ ਇਤਿਹਾਸਕ ਲੇਖ ਨੂੰ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਫਿਰ ਹਾਜ਼ਰ ਕਰ ਰਹੇ ਹਾਂ।**


1995 ਸਮੇਂ ਪੰਜਾਬ ਦੇ ਡਾਇਰੈਕਟਰ ਜਨਰਲ ਪੁਲਿਸ ਕੇ. ਪੀ. ਐੱਸ ਗਿੱਲ ਨੇ ਕਿਹਾ, ਮੰਨਿਆ ਅਤੇ ਉਸ ਉੱਤੇ ਸੁਪਰੀਮ ਕੋਰਟ ਨੇ ਮੋਹਰ ਲਾਈ ਕਿ 1978 ਤੋਂ ਲੈ ਕੇ 1994 ਤੱਕ ਪੰਜਾਬ ਅੰਦਰ ਪੁਲਿਸ ਵੱਲੋਂ 'ਘੜੀਆਂ' ਗਈਆਂ ਲੱਖਾਂ 'ਅਣਪਛਾਤੀਆਂ ਲਾਸ਼ਾਂ' ਨੂੰ ਢਕਣ ਲਈ ਖਾਲੜੇ ਨੂੰ ਇੱਕ ਹੋਰ ਅਣਪਛਾਤੀ ਲਾਸ਼ ਵਿੱਚ ਬਦਲਿਆ ਗਿਆ ਸੀ। ਖਾਲੜਾ ਹੁਰਾਂ ਦੀ ਪਤਨੀ ਨੇ ਕਈ ਸਾਲ ਪਹਿਲਾਂ ਗਿੱਲ ਵਿਰੁੱਧ ਸ਼ਹੀਦ ਖਾਲੜਾ ਜੀ ਨੂੰ ਕਤਲ ਕਰਨ ਦੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਇੱਕ ਰਿਟ ਪਾਈ ਸੀ। ਕੀ ਇਹ ਉੱਚੀ ਅਦਾਲਤ ਉਸਦਾ ਕੋਈ ਨਿਪਟਾਰਾ ਕਰੇਗੀ ? ਸ਼ਾਇਦ ਸਾਡੇ ਜਿਊਂਦੇ ਜੀਅ ਕੋਈ ਇਨਸਾਫ ਮਿਲ ਸਕੇ ? ਸ਼ਹੀਦ ਜਸਵੰਤ ਸਿੰਘ ਖਾਲੜਾ ਨੇ ਆਪਣੇ 23 ਫਰਵਰੀ 1995 ਦੇ ਅਖਬਾਰੀ ਬਿਆਨ ਵਿੱਚ ਸਭਨਾਂ ਦੀ ਜਾਣਕਾਰੀ ਲਈ ਇਹ ਗੱਲ ਕਹੀ ਸੀ ਕਿ ਜੇ ਉਹਨਾਂ ਨੂੰ ਮਾਰਿਆ ਗਿਆ ਤਾਂ ਉਸਦਾ ਦੋਸ਼ੀ ਕੇ. ਪੀ. ਐੱਸ. ਗਿੱਲ ਡਾਇਰੈਕਟਰ ਜਨਰਲ ਪੁਲਿਸ ਹੋਵੇਗਾ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸੁਪਰੀਮ ਕੋਰਟ ਨੇ ਤਾਂ 'ਅਣਪਛਾਤੀਆਂ ਲਾਸ਼ਾਂ' ਦੇ ਘੜਨਹਾਰਿਆਂ ਵਿਰੁੱਧ ਦਰਜ ਅਦਾਲਤੀ ਕੇਸਾਂ ਤੇ ਸਟੇਅ 'ਰੋਕ' ਲਾਈ ਹੋਈ ਹੈ ਜਾਂ ਸੁਣਵਾਈ ਪਿੱਛੇ ਪਾਈ ਹੋਈ ਹੈ।

ਕਾਂਗਰਸੀ ਆਗੂ ਇੰਦਰਾ ਗਾਂਧੀ ਸਰਕਾਰ ਵੱਲੋਂ 'ਸਾਕਾ ਨੀਲਾ ਤਾਰਾ'- ਭਾਵ ਹਰਿਮੰਦਰ ਸਾਹਿਬ ਸਮੂਹ ਤੇ ਫੌਜੀ ਚੜ੍ਹਾਈ, ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ ਫੜਣਾ ਜਾਂ ਮਾਰਨਾ ਜ਼ਰੂਰੀ ਸੀ, ਕਿਉਂਕਿ ਉਹ ਉਹਨਾਂ ਅਨੁਸਾਰ 'ਅੱਤਵਾਦੀ' ਵੀ ਸੀ ਅਤੇ 'ਵੱਖਵਾਦੀ' ਵੀ। ਇਸ ਵਿਉਂਤ ਦੀ ਆਖਰੀ 'ਜੁਗਾੜਬੰਦੀ', ਜੋ ਇੱਕ ਖੁਫੀਆ ਮੀਟਿੰਗ ਦੇ ਰੂਪ ਵਿੱਚ ਪ੍ਰਕਾਸ਼ ਸਿੰਘ ਬਾਦਲ, ਪ੍ਰਣਾਬ ਮੁਖਰਜੀ, ਸੁਰਜੀਤ ਸਿੰਘ ਬਰਨਾਲਾ ਨੇ 26 ਮਈ 1984 ਨੂੰ ਦਿੱਲੀ ਵਿਖੇ ਕੀਤੀ ਸੀ। ਉਸ ਵਿੱਚ ਤਾਂ ਗੁਰਚਰਨ ਸਿੰਘ ਟੌਹੜਾ ਵੀ ਸ਼ਾਮਲ ਸੀ ਅਤੇ ਧਰਮ ਯੁੱਧ ਮੋਰਚਾ ਡਿਕਟੇਟਰ, ਹਰਚਰਨ ਸਿੰਘ ਲੌਂਗੋਵਾਲ ਦੀ 25 ਅਪ੍ਰੈਲ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਕੱਤਰ ਸ੍ਰੀ ਧਵਨ ਨੂੰ ਲਿਖੀ ਚਿੱਠੀ ਰਾਹੀਂ ਵੀ ਫੌਜੀ ਚੜ੍ਹਾਈ ਦੀ ਮਨਜ਼ੂਰੀ ਸ਼ਾਮਲ ਸੀ। 'ਖਾਲੜਾ ਮਿਸ਼ਨ ਆਰਗੇਨਾਈਜੇਸ਼ਨ' ਵੱਲੋਂ ਅਸੀਂ ਪ੍ਰਲੋਕ ਸੁਧਾਰੇ ਗੱਦਾਰਾਂ ਦੀ ਗੱਲ ਛੱਡਦੇ ਹਾਂ। ਪਰ ਤਿੰਨ ਜੀਵਤ ਦੁਸ਼ਟਾਂ ਨੂੰ ਸਿੱਖ 'ਕੁੱਲ ਨਾਸ਼' ਦੇ ਦੋਸ਼ੀ ਮੰਨਦੇ ਹੋਏ ਦੁਨੀਆਂ ਭਰ ਦੇ ਇਨਸਾਫ ਪਸੰਦਾਂ ਨੂੰ ਬੇਨਤੀ ਕਰਦੇ ਹਾਂ ਕਿ ਸਾਨੂੰ ਉਹ ਰਾਹ ਦੱਸੋ, ਜਿਸ ਨਾਲ ਇਨ੍ਹਾਂ ਤਿੰਨ 'ਜਨਤਕ ਕਾਤਲਾਂ' ਤੋਂ ਇਨਸਾਫ ਲਿਆ ਜਾ ਸਕੇ। ਕੇਂਦਰੀ ਨੁਕਤਾ ਇੱਕੋ ਹੈ 'ਅੱਤਵਾਦੀ' ਕੌਣ ਸੀ ?

'2097 ਅਣਪਛਾਤੀਆਂ ਲਾਸ਼ਾਂ' ਦਾ ਕਾਨੂੰਨੀ ਤੇ ਦਸਤਾਵੇਜ਼ੀ ਹਿਸਾਬ ਕਿਤਾਬ ਲੈ ਕੇ ਖਾਲੜਾ ਜੀ ਬੜੇ ਮਾਣ ਨਾਲ ਵਿਦੇਸ਼ੀ ਦੌਰੇ ਤੇ ਸਿੱਖ ਭਾਈਚਾਰੇ ਅਤੇ ਮਾਨਵਵਾਦੀ ਮਿੱਤਰਾਂ ਦੀ ਹਮਦਰਦੀ ਤੇ ਸਹਾਇਤਾ ਲੈਣ ਲਈ ਨਿਕਲ ਗਏ। ਉਨ੍ਹਾਂ ਨੂੰ ਇਹ ਪੱਕੀ ਆਸ ਸੀ ਕਿ ਪੱਛਮੀ ਪਾਰਲੀਮੈਂਟਾਂ ਅਤੇ ਯੂ. ਐੱਨ. ਓ. ਦੇ ਅਦਾਰਿਆਂ ਵਿੱਚ ਜਦ 'ਅਣਪਛਾਤੀਆਂ ਲਾਸ਼ਾਂ' ਦੀ ਗੱਲ ਜਾਏਗੀ ਤਾਂ ਭਾਰਤੀ ਸਿੱਖ ਭਾਈਚਾਰੇ ਨੂੰ ਬਹੁਤ ਵੱਡਾ ਆਸਰਾ ਮਿਲੇਗਾ। ਵਿਦੇਸ਼ੀ ਸਿੱਖਾਂ ਦੇ ਇਕੱਠ ਵਿੱਚ ਉਨ੍ਹਾਂ ਨੂੰ ਹਮਦਰਦੀ ਤਾਂ ਬਹੁਤ ਮਿਲੀ, ਪਰ ਜਦ ਅਮਲੀ ਰੂਪ ਵਿੱਚ ਕੋਈ ਕਾਨੂੰਨੀ ਜਾਂ ਯੋਗ ਪੈਂਤੜੇ ਲੈਣ ਦੀ ਗੱਲ ਆਈ ਤਾਂ ਉਨ੍ਹਾਂ ਨੇ ਖਾਲੜਾ ਜੀ ਨੂੰ ਇੱਕ 'ਕੋਰਾ ਚੈੱਕ' ਦੇ ਕੇ ਬੇਨਤੀ ਕੀਤੀ ਕਿ ਆਪਣੀ ਮਰਜ਼ੀ ਨਾਲ ਇਸ ਵਿੱਚ ਜਿੰਨੀ ਮਾਇਆ ਭਰਨੀ ਹੈ ਭਰ ਲਓ। ਖਾਲੜਾ ਜੀ ਇਕਦਮ 'ਭੰਬਲਭੂਸੇ' ਵਿੱਚ ਫਸ ਗਏ। ਉਨ੍ਹਾਂ ਨੇ ਚੈੱਕ ਦੇ ਟੋਟੇ ਕਰਕੇ ਸਟੇਜ ਤੇ ਸੁੱਟ ਕੇ ਕਿਹਾ,ਅਸੀਂ ਭਾਰਤ ਵਿੱਚ ਮਾਇਆ ਦੀ ਕੁੜਿੱਕੀ ਵਿੱਚ ਨਹੀਂ ਫਸੇ ਹੋਏ। ਭਾਰਤ ਆ ਕੇ ਖਾਲੜਾ ਜੀ ਨੇ ਦੱਸਿਆ ਕਿ ਵਿਦੇਸ਼ੀ ਸਿੱਖ ਮੁੱਖ ਰੂਪ ਵਿੱਚ ਮਾਇਆ ਕਮਾਉਣ ਦੇ ਆਹਰ ਵਿੱਚ ਲੱਗਾ ਹੋਇਆ ਹੈ। ਸਿੱਖੀ ਸੋਚ ਉਸਦੀ ਕੇਵਲ ਦਾੜ੍ਹੇ ਰੱਖਣ ਤੇ ਪੱਗਾਂ ਬੰਨ੍ਹਣ ਜਾਂ ਧਾਰਮਿਕ ਦਿਨ ਦਿਹਾੜੇ ਮਨਾਉਣ ਤੇ ਸਿਮਰਨ ਆਦਿ ਤੱਕ ਹੀ ਸੀਮਤ ਹੈ। ਇੱਥੇ ਅਸੀਂ 'ਅਕਾਲ ਉਸਤਤ' (ਡੀ. ਜੀ. ਪੰਨਾ -19) ਵਿੱਚੋਂ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਕਥਨ ਦਰਜ ਕਰਨਾ ਲੋਚਦੇ ਹਾਂ:-

**"ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ ਦੇਵ ਪੂਦਨਾ ਸਦੀਵ ਤੁਹੀ ਤੁਹੀ ਉਜਰਤ ਹੈ"॥**

ਉਪਰੋਕਤ ਸਮੁੱਚੀ ਵਾਰਤਾ ਅਤੇ ਸਿੱਖ ਜਗਤ ਦੇ 1978 ਤੋਂ ਪਿੱਛੋਂ ਦੇ ਸਫਰ ਤੋਂ ਇਹ ਗੱਲ ਭਲੀਭਾਂਤ ਸਿੱਧ ਹੁੰਦੀ ਹੈ ਕਿ ਸਮੂਹ ਗੁਰਧਾਮਾਂ ਤੇ ਪੂਜਕ ਅਸਥਾਨਾਂ ਵਿੱਚ 'ਗਿਆਨ' ਦੀ ਪ੍ਰਾਪਤੀ ਜੋ ਗੁਰੂ ਨਾਨਕ ਦੇਵ ਜੀ ਨੇ ਹਰ ਸਿੱਖ ਲਈ ਜ਼ਰੂਰੀ ਕਹੀ ਸੀ, ਨਾ ਪ੍ਰਾਪਤ ਹੋਣ ਬਰਾਬਰ ਹੈ। ਇਨ੍ਹਾਂ ਅਸਥਾਨਾਂ ਨੂੰ ਕੇਵਲ ਤੇ ਕੇਵਲ ਭੇਡਾਂ, ਖੋਤਿਆਂ ਅਤੇ ਝੋਟਿਆਂ ਦੇ ਵਾੜਿਆਂ ਵਾਂਗ ਵਰਤਿਆ ਜਾ ਰਿਹਾ ਹੈ। ਸਿੱਖੀ ਦੇ ਪ੍ਰਚਾਰਕ, ਕਥਾਵਾਚਕ, ਰਾਗੀ, ਢਾਡੀ ਅਤੇ ਸੇਵਾਦਾਰ 'ਮਿਥਿਹਾਸਕ' ਪੁਰਾਤਨ ਗ੍ਰੰਥਾਂ ਵਿੱਚੋਂ ਕਥਾ ਕਹਾਣੀਆਂ ਦਾ ਆਸਰਾ ਲੈ ਕੇ ਸੰਗਤ ਨੂੰ ਵੱਡੇ ਚੜ੍ਹਾਵੇ ਚੜ੍ਹਾਉਣ ਲਈ ਪ੍ਰੇਰ ਲੈਂਦੇ ਹਨ ਅਤੇ ਇਸੇ ਲੜੀ ਵਿੱਚ ਉਹ ਲੋਕ ਆਪਣੇ ਭਲੇ ਲਈ 'ਮੰਨਤਾਂ' ਮੰਗਦੇ ਹਨ। ਰਾਜਨੀਤਕ ਆਗੂ ਇਸ ਵਰਤਾਰੇ ਦਾ ਪੂਰਾ ਲਾਭ ਉਠਾਉਂਦੇ ਹਨ। ਇਹੋ ਇੱਕ ਵੱਡਾ ਕਾਰਨ ਹੈ ਕਿ ਪੰਜਾਬ ਅੰਦਰ ਅਕਾਲੀ ਸਦਵਾਉਣ ਵਾਲੇ ਬਾਦਲਕਿਆਂ ਤੇ ਕਾਂਗਰਸੀ ਸਦਵਾਉਣ ਵਾਲੇ ਅਮਰਿੰਦਰਕਿਆਂ ਦੀ ਵਾਰੋ ਵਾਰੀ ਰਾਜਨੀਤਕ ਚੜ੍ਹਤ ਬਣਦੀ ਢਹਿੰਦੀ ਰਹਿੰਦੀ ਹੈ। ਬਾਬਿਆਂ ਦੇ ਡੇਰੇ ਇਸ ਲੜੀ ਵਿੱਚ ਨਾਨਕ ਵਿਚਾਰਧਾਰਾ ਦੇ ਵਿਨਾਸ਼ ਅਤੇ ਰਾਜਨੀਤਕਾਂ ਦੀ ਚੜ੍ਹਤ ਵਿੱਚ ਲੰਮੇ ਸਮੇਂ ਤੋਂ ਵੱਡੀ ਸਹਾਇਤਾ ਕਰ ਰਹੇ ਹਨ। ਗੁਰੂ ਨੂੰ ਮਿਲਾਉਣ ਦੇ ਨਿਸ਼ਾਨੇ ਦੇ ਕੇ ਇਹ ਬਾਬੇ ਤੇ ਚਲਾਕ ਲੂੰਮੜ ਆਮ ਲੋਕਾਂ ਦੀ ਸੋਝੀ ਤੇ ਮੂਰਖਤਾ ਦੀਆਂ ਮੋਟੀਆਂ ਤਹਿਆਂ ਚੜ੍ਹਾਉਂਦੇ ਰਹਿੰਦੇ ਹਨ। ਪੰਜਾਬ ਅੰਦਰ ਇੱਕ ਸੰਸਥਾ 'ਉੱਚਾ ਦਰ ਬਾਬੇ ਨਾਨਕ ਦਾ' ਦੇ ਨਾਂ ਤੇ ਕਰੋੜਾਂ ਰੁਪਇਆ ਅਤੇ ਆਲੀਸ਼ਾਨ ਅਸਥਾਨ ਖੜ੍ਹੇ ਕਰਨ ਲਈ ਯਤਨਸ਼ੀਲ ਹੈ। ਇਨ੍ਹਾਂ ਤੋਂ ਇਹ ਪੁੱਛਣਾ ਬਣਦਾ ਹੈ ਕਿ ਗੁਰੂ ਸਾਹਿਬ ਦੀਆਂ ਲਿਖਤਾਂ ਤੋਂ ਅੱਗੇ ਤੁਸੀਂ ਹੋਰ ਕੀ ਦੇ ਸਕਦੇ ਹੋ ? ਗੁਰੂ ਕਿੱਥੇ ਹੈ ? ਲਓ ਸੁਣੋ :- "ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ॥" (ਜਪੁਜੀ)। ਕੀ ਅਜਿਹੇ ਗੁਰੂ ਨੂੰ ਮਿਲਾਉਣ ਦਾ ਕਿਸੇ ਨੇ ਠੇਕਾ ਲਿਆ ਹੋਇਆ ਹੈ ? ਰਾਜਨੀਤੀ ਤੇ ਕਾਬਜ਼ ਲੋਕ ਆਪਣੇ ਮਹਿਲ ਮਾੜੀਆਂ ਅਤੇ ਐਸ਼ਪ੍ਰਸਤੀ ਸਿਰਜਣ ਲਈ ਜੋ 'ਕਮਾਈਆਂ' ਕਰਦੇ ਹਨ, ਉਸਦੀ ਇੱਕ ਮਿਸਾਲ ਦੇਖੋ:- *2002 ਤੋਂ 2012 ਤਾਈਂ ਪੰਜਾਬ ਦੇ ਮੁੱਖ ਮੰਤਰੀ ਤੇ ਡਿਪਟੀ ਮੁੱਖ ਮੰਤਰੀ ਲਈ 386 ਕਾਰਾਂ ਖ੍ਰੀਦੀਆਂ ਗਈਆਂ, ਜਿਨ੍ਹਾਂ ਤੇ 23.49 ਕਰੋੜ ਰੁਪਇਆ ਖਰਚ ਆਇਆ। *ਇਹਨਾਂ ਦੋਵਾਂ ਦੇ ਪਿਛਲੇ 6 ਸਾਲਾਂ ਦਾ ਪੈਟਰੋਲ ਦਾ ਖਰਚਾ 20.20 ਕਰੋੜ ਸੀ। ਇਹਦੇ ਵਿੱਚੋਂ ਇਕੱਲੇ ਮੁੱਖ ਮੰਤਰੀ ਦਾ ਖਰਚਾ 15.51 ਕਰੋੜ ਸੀ। *ਇਹਨਾਂ ਗੱਡੀਆਂ ਵਿੱਚੋਂ 33 ਮੁੱਖ ਮੰਤਰੀ ਦੇ ਨਾਲ ਚੱਲਦੀਆਂ ਹਨ ਤੇ 11 ਉੱਪ ਮੁੱਖ ਮੰਤਰੀ ਨਾਲ। (ਦਾ ਟ੍ਰਿਬਿਊਨ, 12 ਸਤੰਬਰ 2014)। ਲੁਧਿਆਣੇ ਦੇ ਗੰਦੇ ਨਾਲੇ ਦੀ ਸਫਾਈ ਕਦੇ ਹੋਵੇਗੀ ਜਾਂ ਨਹੀਂ, ਪਰ ਬਾਦਲਾਂ ਦੇ ਪਿੰਡ ਵਾਲੇ ਮਹੱਲਾਂ ਨੂੰ ਦੋਹਰੀਆਂ ਵਧੀਆ ਸੜਕਾਂ, ਬਾਗ ਬੂਟਿਆਂ ਤੇ ਹੈਲੀਪੈਡ ਦੀ ਸਹੂਲਤ ਨਾਲ ਸਜਾਇਆ ਗਿਆ ਹੈ। 15 ਅਕਤੂਬਰ ਨੂੰ ਹਰਿਆਣਾ ਅਸੈਂਬਲੀ ਦੀ ਹੋਣ ਵਾਲੀ ਚੋਣ ਵਿੱਚ ਇਹ ਜੋੜੀ 'ਲੋਕ ਦਲ' ਦੀ ਹਾਮੀ ਇਸ ਲਈ ਹੈ ਕਿਉਂਕਿ ਇਸ ਪਾਰਟੀ ਦੇ ਬਾਨੀ ਦੇਵੀ ਲਾਲ ਨੂੰ 'ਸਤਲੁਜ, ਯਮੁਨਾ ਲਿੰਕ ਨਹਿਰ' ਦੀ ਪੁਟਾਈ ਦੀ



ਆਗਿਆ ਬਦਲੇ ਗੁੜਗਾਉਂ ਤੇ ਸਰਸਾ ਵਿੱਚ ਸਸਤੀ ਜ਼ਮੀਨ ਪ੍ਰਾਪਤ ਕਰ ਲਈ ਤਾਂ ਮਾਇਆ ਦੇ ਰਿਸ਼ਤੇ ਬਾਕੀ ਸਭ ਤੇ ਭਾਰੂ ਹੋ ਗਏ ਸਨ।

ਨਾਨਕ ਵਿਚਾਰਧਾਰਾ ਦਾ ਆਰੰਭ ਕਰਨ ਵਾਲੇ ਮਹਾਂਪੁਰਸ਼ ਅਤੇ ਉਨ੍ਹਾਂ ਦੇ ਦਸਵੇਂ ਸਮਰਥਕ, ਭਾਵ ਦੋਵਾਂ ਨੇ, ਤਾਂ ਕਿਹਾ ਸੀ:- 'ਨਾ ਕੋ ਹਿੰਦੂ ਨਾ ਮੁਸਲਮਾਨ' ਅਤੇ 'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ'। ਪਰ ਅੱਜ ਜਦ ਗਿਆਨ ਵਿਗਿਆਨ ਨੇ ਸਮੁੱਚੀ ਧਰਤੀ ਦੇ ਲਗਭਗ 750 ਕਰੋੜ ਲੋਕਾਂ ਨੂੰ ਇੱਕ ਦੂਜੇ ਦੇ ਬਹੁਤ ਨੇੜੇ ਲੈ ਆਂਦਾ ਹੈ ਤਾਂ ਉਨ੍ਹਾਂ ਦੀ ਆਪਸ ਵਿੱਚ ਧੱਕਾ-ਮੁੱਕੀ ਵਧ ਰਹੀ ਹੈ। ਪਰ ਕਿਉਂਕਿ ਇਨ੍ਹਾਂ ਸਾਰਿਆਂ ਦਾ ਕਰਤਾ ਪੁਰਖ ਇੱਕ ਹੀ ਹੈ। ਇਸ ਲਈ ਇਨ੍ਹਾਂ ਦੇ ਝਗੜਿਆਂ ਨੂੰ ਨਿਪਟਾਉਣ ਲਈ 'ਨਾਨਕ ਵਿਚਾਰਧਾਰਾ' ਦੀ ਸੋਝੀ ਇੱਕ ਵੱਡਾ ਸਾਧਨ ਬਣ ਸਕਦੀ ਹੈ। ਪਰ ਸ਼ਰਤ ਕੇਵਲ ਇੱਕ ਹੈ ਕਿ ਜੇ ਸਿੱਖਾਂ 'ਚ ਅਕਲ ਹੋਵੇ। ਦੂਜੇ ਪਾਸੇ ਸਿੱਖ ਵਿਚਾਰਧਾਰਾ ਦੇ ਵਿਨਾਸ਼ ਲਈ ਆਰੰਭ ਤੋਂ ਹੀ ਮਾਇਆ ਅਤੇ ਚੌਧਰ ਦੇ ਹਲ਼ਕਾਅ ਵਿੱਚ ਗ੍ਰਸਤ ਸ਼ਕਤੀਆਂ ਕਦੀ ਮੱਧਮ ਨਹੀਂ ਪਈਆਂ। ਅੱਜ ਕੱਲ੍ਹ ਸਿੱਖ ਭਾਈਚਾਰੇ ਅੰਦਰ ਹੀ ਇਨ੍ਹਾਂ ਦੀ ਚੜ੍ਹਤ ਹੈ। ਵੀਹਵੀਂ ਸਦੀ ਦੇ ਦੋ ਨਾਨਕ ਸਮਰਥਕਾਂ ਭਾਵ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਜਸਵੰਤ ਸਿੰਘ ਖਾਲੜਾ ਦੀਆਂ ਪੈੜਾਂ ਨੂੰ ਮਿਟਾਉਣਾ ਸਰਕਾਰੀ ਖੁਫੀਆ ਏਜੰਸੀਆਂ ਨੇ ਆਪਣਾ ਇੱਕ ਵੱਡਾ ਮੁੱਦਾ ਬਣਾਇਆ ਹੋਇਆ ਹੈ।

ਦਮਦਮੀ ਟਕਸਾਲ ਅਤੇ ਉਸਦੀਆਂ ਲੜੀਆਂ ਨਾਲ ਜੁੜੇ ਹੋਏ ਅਨੇਕ ਨਾਢੂ ਖਾਂ ਸਿੱਖ ਇਨ੍ਹਾਂ ਏਜੰਸੀਆਂ ਦੇ 'ਚਾਟੜੇ' ਹਨ। ਖਾਲੜਾ ਜੀ ਦੇ 6 ਸਤੰਬਰ ਨੂੰ ਮਨਾਏ ਗਏ ਸ਼ਹੀਦੀ ਦਿਵਸ ਸਮੇਂ ਏਜੰਸੀਆਂ ਦੇ 'ਮਹਾਂਪੁਰਸ਼' ਖਾਲੜਾ ਜੀ ਦੇ ਸਮਰਥਕਾਂ ਨੂੰ ਸਿਰੋਪੇ ਦੇਣ ਪਹੁੰਚ ਗਏ।

ਪੰਜਾਬ ਅੰਦਰ ਰਾਜਨੀਤਿਕ ਖੇਤਰ ਵਿੱਚ ਪਿਛਲੇ ਲੰਮੇ ਸਮੇਂ ਤੋਂ ਕੇਵਲ ਤੇ ਕੇਵਲ 'ਨਾਨਕ ਵਿਚਾਰਧਾਰਾ' ਅਤੇ ਉਸਦੇ ਵਿਰੋਧੀ ਧੜੇ ਭਾਵ ਕਾਂਗਰਸੀ ਜਾਂ ਹਿੰਦੂਤਵੀ ਅਤੇ ਕਾਮਰੇਡ ਵਿਚਰਦੇ ਰਹੇ ਹਨ। ਹੁਣੇ-ਹੁਣੇ ਆਮ ਆਦਮੀ ਪਾਰਟੀ ਦੇ ਨਾਂ ਤੇ ਪੰਜਾਬ ਅੰਦਰ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਨੂੰ ਚੰਗਾ ਸਮਰਥਨ ਮਿਲਣ ਪਿੱਛੋਂ ਇਸ ਪਾਰਟੀ ਦੇ ਦਿੱਲੀ ਸਥਿਤ ਆਗੂਆਂ ਨੇ ਏਥੇ ਸੁੱਚਾ ਸਿੰਘ ਛੋਟੇਪੁਰ ਦੇ ਨਾਂ ਵਾਲੇ ਵਿਅਕਤੀ ਨੂੰ ਬੜੇ ਉਤਾਰ ਚੜ੍ਹਾਵਾਂ ਪਿੱਛੋਂ ਮੁਖੀ ਥਾਪ ਦਿੱਤਾ। ਸਾਡੀ ਜਾਣਕਾਰੀ ਅਨੁਸਾਰ ਇਸ ਸੱਜਣ ਦੀ ਯੋਗਤਾ ਦੀ ਪਰਖ ਦੀ ਇੱਕੋ ਕਸੌਟੀ ਸੀ ਕਿ ਉਸ ਨੇ ਧਰਮ ਯੁੱਧ ਮੋਰਚੇ ਸਮੇਂ ਸੰਤ ਜਰਨੈਲ ਸਿੰਘ ਖਾਲਸਾ ਨੂੰ 'ਚੰਬਲ ਦਾ ਡਾਕੂ' ਕਿਹਾ ਸੀ। ਸਾਡੀ ਰਾਇ ਵਿੱਚ ਜੋ ਪਾਰਟੀ ਇਹ ਸੇਧ ਲੈ ਕੇ ਪੰਜਾਬ ਵਿੱਚ ਆਪਣੀ ਜੜ੍ਹਾਂ ਲਾਉਣ ਲਈ ਯਤਨਸ਼ੀਲ ਹੈ ਉਹ ਅੱਜ ਵੀ ਮਰੀ ਤੇ ਕੱਲ੍ਹ ਵੀ ਮਰੀ ਸਸਝੋ। ਇਸ ਪਾਰਟੀ ਦਾ ਭਾਈਚਾਰਾ ਤਾਂ ਕਾਂਗਰਸ ਨਾਲ ਵੀ ਨਿਭ ਸਕਦਾ ਹੈ ਅਤੇ ਹਿੰਦੂਤਵੀਆਂ ਤੇ ਕਾਮਰੇਡਾਂ ਨਾਲ ਵੀ। ਨਾਨਕ ਵਿਚਾਰਧਾਰਾ ਨਾਲ ਇਸਦੀ ਸਾਂਝ ਬਣਨੀ ਔਖੀ ਹੈ। ਅੰਤ ਵਿੱਚ ਅਸੀਂ ਬੀ. ਜੇ. ਪੀ. ਦੇ ਕੇਂਦਰੀ ਆਗੂਆਂ ਤੇ ਪ੍ਰਸੰਨ ਹਾਂ, ਜਿਨ੍ਹਾਂ ਨੇ ਅੰਮ੍ਰਿਤਸਰ ਸ਼ਹਿਰ ਦੀ ਇਸਤਰੀ ਬੀਬੀ ਲਕਸ਼ਮੀ ਕਾਂਤਾ ਚਾਵਲਾ ਨੂੰ ਉਨ੍ਹਾਂ ਦੇ ਮੀਤ ਪ੍ਰਧਾਨੀ ਦੇ ਅਹੁਦੇ ਤੋਂ ਲਾਹ ਕੇ ਸੱਖਣਾ ਕਰ ਦਿੱਤਾ, ਕਿਉਂਕਿ ਸਿੱਖ ਜਗਤ ਅੰਦਰ ਇਸ ਬੀਬੀ ਦੀ ਸਿੱਖ ਭਾਈਚਾਰੇ ਨਾਲ ਦੁਸ਼ਮਣੀ ਕਈ ਹੱਦਾਂ ਬੰਨੇ ਟੱਪ ਚੁੱਕੀ ਸੀ।

# ਪੌੜੀ ਪੌੜੀ ਚੜ੍ਹਦਾ ਜਾ ਜੈ ਮਾਤਾ ਦੀ ਕਰਦਾ ਜਾ

## ਹਿੰਦੂ ਮੰਦਿਰ ਸਨੀਵੇਲ ਵਿਖੇ ਉਘੇ ਸੰਗੀਤਕਾਰ ਸ੍ਰ. ਲਖਬੀਰ ਸਿੰਘ ਲੱਖਾ ਵਲੋਂ ਵਿਸ਼ਾਲ ਅਤੇ ਯਾਦਗਾਰੀ ਜਾਗਰਣ










ਸਨੀਵੇਲ ਹਿੰਦੂ ਮੰਦਿਰ ਅਤੇ ਕਮਿਊਨਿਟੀ ਸੈਂਟਰ ਸਨੀਵੇਲ ਵਿਖੇ ਉਘੇ ਭਜਨ ਗਾਇਕ ਸੰਗੀਤਕਾਰ ਸ੍ਰ. ਲਖਬੀਰ ਸਿੰਘ ਲੱਖਾ ਵਲੋਂ ਸ਼ਾਂਤੀ ਪਿਆਰ ਦੁੱਖਾਂ ਕਲੇਸ਼ਾਂ ਦੇ ਖਾਤਮੇ ਅਤੇ ਏਕਤਾ ਵਾਸਤੇ ਮਹਾਮਾਈ ਦਾ ਜਾਗਰਨ ਹੋਇਆ, ਜਿਸ ਵਿਚ ਇਲਾਹੀ ਭਜਨ, ਭੇਟਾਂ ਅਤੇ ਧਾਰਮਿਕ ਗੀਤਾਂ ਨਾਲ ਰਾਤ ਦੇ 1.00 ਵਜੇ ਤੱਕ ਗੁਣਗਾਣ ਕੀਤਾ ਗਿਆ। ਉਘੇ ਸੰਗੀਤਕਾਰ ਸ੍ਰ. ਲਖਬੀਰ ਸਿੰਘ ਲੱਖਾ ਵਲੋਂ ਸ਼ੁਰੂ ਵਿਚ ਸਾਜਾਂ ਨੂੰ ਸੁਰ ਕਰਦਿਆਂ ਆਨੰਦ ਭਰੀਆਂ ਸੁਰਾਂ ਨਾਲ ਜਦੋਂ ਪਹਿਲਾ ਭਜਨ om namah shivaya namaha ਨਾਲ ਹਜਾਰਾਂ ਲੋਕ ਤਾੜੀਆਂ ਮਾਰਕੇ ਭਗਤੀ ਚ ਲੀਨ ਹੋਕੇ ਗਾਉਣ ਲੱਗ ਪਏ ਫੇਰ

'ਸੋਹਣਾ ਸਜਾ ਤੇਰਾ ਦੁਆਰ ਭਵਾਨੀ' ਸ਼ੁਰੂ ਕੀਤਾ ਤਾਂ ਪਹਿਲਾਂ ਹੀ ਜਗਮਗਾ ਰਹੇ ਮੰਦਿਰ ਵਿਚ ਜਿਵੇਂ ਆਨੰਦ ਦਾ ਨਾਦ ਵੱਜਣ ਲੱਗ ਗਿਆ ਹੋਵੇ। ਇਕਦਮ ਰੂਹਾਨੀ ਰੰਗ 'ਚ ਰੰਗਣ ਵਾਲਾ ਮਾਹੌਲ ਪੈਦਾ ਹੋ ਗਿਆ ਅਤੇ ਸਾਰੇ ਮਾਤਾ ਰਾਣੀ ਦੇ ਭਗਤ ਭਜਨ ਭਗਤੀ ਵਿਚ ਲੀਨ ਹੋ ਗਏ। ਉਸ ਤੋਂ ਬਾਅਦ 'ਮੇਰੀ ਮਾਈ ਦਾ ਚੋਲਾ ਹੈ ਰੰਗਲਾ, ਜੈਪੁਰ ਸੇ ਲਾਈ ਮੈਂ ਤੋ ਚੁਨਰੀ ਰੰਗਵਾ ਕੇ, ਮੇਰੀ ਮਈਆ ਮੇਹਰਾਂ ਵਾਲੀ ਆ ਮੇਰੀ ਮਾਂ ਮੇਰੀ ਮਾਂ ਸ਼ੇਰਾ ਵਾਲੀ ਮਾਂ ਦਾ ਗਾਇਨ। ਬਸ ਇਕ ਤੋਂ ਬਾਅਦ ਇਕ ਭਜਨ ਗੂੰਜਣ ਲੱਗ ਪਏ। ਪ੍ਰੋਗਰਾਮ










# ਪੌੜੀ ਪੌੜੀ ਚੜ੍ਹਦਾ ਜਾ ਜੈ ਮਾਤਾ ਦੀ ਕਰਦਾ ਜਾ

## ਹਿੰਦੂ ਮੰਦਿਰ ਸਨੀਵੇਲ ਵਿਖੇ ਉਘੇ ਸੰਗੀਤਕਾਰ ਸ੍ਰ. ਲਖਬੀਰ ਸਿੰਘ ਲੱਖਾ ਵਲੋਂ ਵਿਸ਼ਾਲ ਅਤੇ ਯਾਦਗਾਰੀ ਜਾਗਰਣ






ਸ਼ਾਮੀਂ ਤਕਰੀਬਨ 7:30 ਵਜੇ ਸ਼ੁਰੂ ਹੋਇਆ ਅਤੇ ਸਭ ਤੋਂ ਪਹਿਲਾਂ ਭਾਰੀ ਗਿਣਤੀ 'ਚ ਆਏ ਲੋਕਾਂ ਨੇ ਲੰਗਰ ਛਕਿਆ। ਸ਼ਾਮ 7:30 ਵਜੇ ਮਾਹਾਮਾਈ ਦਾ ਜਾਗਰਨ ਸ਼ੁਰੂ ਹੋਇਆ ਅਤੇ 1:00 AM ਤੱਕ ਚਲਦਾ ਰਿਹਾ ਹਿੰਦੂ ਮੰਦਿਰ ਦੇ ਸੀਨੀਅਰ ਸੇਵਾਦਾਰ ਸ੍ਰੀ ਰਾਜ ਭਨੋਟ ਨੇ ਜਾਗਰਨ ਦੀ ਸੇਵਾ 'ਚ ਅਹਿਮ ਰੋਲ ਅਦਾ ਕੀਤਾ ਅਤੇ ਉਨ੍ਹਾਂ ਦੇ ਪ੍ਰਵਾਰਕ ਮੈਂਬਰ ਅਤੇ ਦੂਰ ਦੂਰ ਤੋਂ ਸੱਜਣ ਮਿੱਤਰ ਪਹੰਚੇ ਹੋਏ ਸਨ। ਸ੍ਰੀ ਰਾਜ ਭਨੋਟ ਨੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਾਹਾਮਾਈ ਦੇ ਜਾਗਰਣ ਵਿੱਚ ਜਿਥੇ ਲੋਕ ਪਿਆਰ ਅਤੇ ਸ਼ਰਧਾ ਨਾਲ ਰੱਬ ਦਾ ਨਾਮ ਲੈਂਦੇ ਹਨ, ਉਥੇ ਦੂਸਰੀ ਕਮਿਊਨਿਟੀ ਇਕੱਠੀ ਹੁੰਦੀ ਹੈ। ਪ੍ਰਵਾਰ ਆਪਸ 'ਚ ਮਿਲਕੇ ਸੇਵਾ ਕਰਦੇ ਹਨ। ਉਹਨਾਂ ਨੇ ਪੂਰੀ ਕਮੇਟੀ ਵਲੋਂ ਸਮੂਹ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਘੇ ਸੰਗੀਤਕਾਰ ਸ੍ਰ. ਲਖਬੀਰ ਸਿੰਘ ਲੱਖਾ ਨੂੰ ਕੈਲੀਫੋਰਨੀਆਂ ਦੇ ਉਘੇ ਸ਼ਾਇਰ ਅਤੇ ਯੂਨਾਈਟਡ ਪੰਜਾਬ ਦੇ ਫਾਂਊਂਡਰ ਸ਼੍ਰੀ ਪੰਕਜ਼ ਆਂਸਲ ਦੇ ਭਰਾ ਨੇ ਸ਼ਿਕਾਗੋ ਤੋਂ ਆਕੇ ਭਗਤਾਂ ਅਤੇ ਸੰਗਤਾ ਨੂੰ ਜਾਗਰਣ ਦੇ ਦਰਸ਼ਨ ਕਰਵਾਏ। ਇਸ ਸਮੇਂ ਕੈਲੀਫੋਰਨੀਆ ਦੀਆਂ ਉਘੀਆਂ ਸਿਆਸੀ ਸਖਸ਼ੀਅਤਾਂ ਹਾਜ਼ਰ ਸਨ। ਇਹ ਜਾਗਰਣ ਵਾਕਿਆ ਹੀ ਇੱਕ ਇਤਿਹਾਸਕ ਅਤੇ ਚਿਰਾਂ ਤੱਕ ਭਗਤਾਂ ਦੇ ਮਨਾ 'ਚ ਯਾਦ ਰਹੇਗਾ।














# ਘਰਾਂ ਨੂੰ ਪਰਤਣ ਜਾਂ ਕੰਮਾਂ 'ਤੇ ਜਾਣ ਸਮੇਂ ਜਦੋਂ ਕਈ ਘੰਟੇ ਸੜਕ 'ਤੇ ਖੜ੍ਹਨਾ ਪੈ ਜਾਏ ਤਾਂ ਸਮਝੋ ਰਾਹ ਪਏ ਜਾਣੀਏ ਜਾ ਵਾਹ ਪਏ ਜਾਣੀਏ











(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਲਿਵਰਮੋਰ/ ਕੈਲੀਫੋਰਨੀਆ : ਸਿਆਣੇ ਕਹਿੰਦੇ ਘਰਾਂ ਨੂੰ ਪਰਤਣ ਜਾ ਕੰਮਾਂ ਉਪਰ ਜਾਣ ਸਮੇਂ ਜਦੋਂ ਕਈ ਘੰਟੇ ਸੜਕ 'ਤੇ ਖੜ੍ਹਨਾ ਪੈ ਜਾਏ ਤਾਂ ਸਮਝੋ ਰਾਹ ਪਏ ਜਾਣੀਏ ਜਾ ਵਾਹ ਪਏ ਜਾਣੀਏ। ਇਹ ਬਹੁਤ ਵੱਡੀ ਸਿਰਦਰਦੀ ਹੈ। ਟ੍ਰੈਫਿਕ ਵਿੱਚ ਫਸਣਾ ਕਿਸੇ ਆਮ ਦਿਨ ਵੀ ਪ੍ਰੇਸ਼ਾਨ ਕਰਨ ਵਾਲਾ ਹੁੰਦਾ ਹੈ ਅਤੇ ਫ੍ਰੀਵੇਅ ਪੂਰਾ ਬੰਦ ਹੋਣ 'ਤੇ ਤਾਂ ਹੋਰ ਵੀ ਔਖਾ ਹੋ ਜਾਂਦਾ ਹੈ।

ਤੁਹਾਡੇ ਵੱਲੋਂ ਅਲਾਮੇਡਾ ਕਾਉਂਟੀ ਫਾਇਰ ਡਿਪਾਰਟਮੈਂਟ (Alameda County Fire Department) ਤੋਂ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ, ਜਿਸ ਅੱਗ ਕਾਰਨ I-580 ਬੰਦ ਹੋਇਆ ਸੀ, ਉਹ ਸ਼ੁੱਕਰਵਾਰ, 29 ਅਗਸਤ ਨੂੰ ਲੱਗੀ ਸੀ, ਇਸ ਲਈ, ਜੇਕਰ ਤੁਸੀਂ ਸ਼ੁੱਕਰਵਾਰ ਦੁਪਹਿਰ ਨੂੰ ਉਸ ਭਾਰੀ ਜਾਮ ਵਿੱਚ ਫਸੇ ਸੀ, ਤਾਂ ਤੁਸੀਂ ਯਕੀਨਨ ਇਕੱਲੇ ਨਹੀਂ ਸੀ। ਇੱਕ ਗੱਡੀ ਨੂੰ ਲੱਗੀ ਅੱਗ ਜਦੋਂ ਨੇੜੇ ਦੇ ਘਾਹ-ਫੂਸ ਵਿੱਚ ਫੈਲ ਜਾਂਦੀ ਹੈ ਅਤੇ ਦੁਪਹਿਰ ਵੇਲੇ ਫ੍ਰੀਵੇਅ ਨੂੰ ਬੰਦ ਕਰ ਦਿੰਦੀ ਹੈ, ਤਾਂ ਇਸ ਨਾਲ ਮੀਲਾਂ-ਬੱਧੀ ਲੰਬਾ ਜਾਮ ਲੱਗ ਜਾਂਦਾ ਹੈ, ਜਿਸ ਨਾਲ ਬੇ ਏਰੀਆ (Bay Area) ਤੋਂ ਟਰੇਸੀ (Tracy) ਅਤੇ ਸੈਂਟਰਲ ਵੈਲੀ (Central Valley) ਵੱਲ ਜਾਣ ਵਾਲੇ ਹਜ਼ਾਰਾਂ ਡਰਾਈਵਰ ਹੋਏ ਅਤੇ ਕਈ ਘੰਟੇ ਸੜਕ ਉਪਰ ਖੜ੍ਹੇ ਰਹੇ।

# ਭਾਰਤ ਦੇ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਕੀਤਾ ਦੌਰਾ, ਹਰ ਸੰਭਵ ਮਦਦ ਦਾ ਦਿੱਤਾ ਭਰੋਸਾ






ਗੁਰਦਾਸਪੁਰ : ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਹਲਕਾ ਡੇਰਾ ਬਾਬਾ ਨਾਨਕ ਅਤੇ ਦੀਨਾਨਗਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਕੇ ਨੁਕਸਾਨ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਨੇ ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਕੇਂਦਰ ਸਰਕਾਰ ਵੱਲੋਂ ਪੂਰੀ ਮਦਦ ਦਾ ਭਰੋਸਾ ਦਿੱਤਾ।

ਖਰਾਬ ਸੜਕਾਂ ਕਾਰਨ ਉਨ੍ਹਾਂ ਨੂੰ ਕਈ ਥਾਵਾਂ 'ਤੇ ਟਰੈਕਟਰ 'ਤੇ ਸਫ਼ਰ ਕਰਨਾ ਪਿਆ ਅਤੇ ਪੈਦਲ ਵੀ ਚੱਲਣਾ ਪਿਆ। ਉਹ ਸਭ ਤੋਂ ਪਹਿਲਾਂ ਬੁਰੀ ਤਰ੍ਹਾਂ ਪ੍ਰਭਾਵਿਤ ਪਿੰਡ ਧਰਮਕੋਟ ਰੰਧਾਵਾ ਪਹੁੰਚੇ ਅਤੇ ਬਾਅਦ ਵਿੱਚ ਦੀਨਾਨਗਰ ਹਲਕੇ ਦੇ ਅਧੀਨ ਆਉਂਦੇ ਮਕੌੜਾ ਪੱਤਣ ਗਏ। ਇਨ੍ਹਾਂ ਇਲਾਕਿਆਂ ਵਿੱਚ ਹੜ੍ਹ ਦਾ ਪਾਣੀ ਭਰਿਆ ਹੋਣ ਕਾਰਨ ਫਸਲਾਂ ਪੂਰੀ ਤਰ੍ਹਾਂ ਤਬਾਹ ਹੋ ਚੁੱਕੀਆਂ ਹਨ। ਕਈ ਥਾਵਾਂ 'ਤੇ ਪਾਣੀ ਦਾ ਪੱਧਰ ਛੇ ਫੁੱਟ ਤੱਕ ਪਹੁੰਚ ਗਿਆ ਸੀ।

ਕੇਂਦਰੀ ਮੰਤਰੀ ਨੇ ਸਥਾਨਕ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਇਸ ਔਖੀ ਘੜੀ ਵਿੱਚ ਉਨ੍ਹਾਂ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ, 'ਪੰਜਾਬ ਨੇ ਹਮੇਸ਼ਾ ਦੇਸ਼ ਦੇ ਸੰਕਟਾਂ ਵਿੱਚ ਵੱਡੀ ਭੂਮਿਕਾ ਨਿਭਾਈ ਹੈ ਅਤੇ ਕੇਂਦਰ ਸਰਕਾਰ ਪੰਜਾਬ ਨੂੰ ਪੂਰਾ ਸਹਿਯੋਗ ਦੇਵੇਗੀ।' ਇਸ ਦੌਰੇ ਦਾ ਮੁੱਖ ਮਕਸਦ ਹੜ੍ਹਾਂ ਨਾਲ ਹੋਏ ਭਾਰੀ ਨੁਕਸਾਨ ਦਾ ਮੁਲਾਂਕਣ ਕਰਨਾ ਅਤੇ ਰਾਹਤ ਕਾਰਜਾਂ ਨੂੰ ਤੇਜ਼ ਕਰਨਾ ਸੀ।

# ਬੇਹਾਲ ਪੰਜ-ਆਬ: ਦਰਿਆ ਤੇ ਡੈਮ ਨੱਕੋ-ਨੱਕ, ਅੱਖਾਂ ਵੀ ਭਰੀਆਂ

ਚੰਡੀਗੜ੍ਹ : ਪਹਾੜਾਂ 'ਚੋਂ ਡੈਮਾਂ 'ਚ ਅਣਕਿਆਸੇ ਪਾਣੀ ਦੀ ਆਮਦ, ਡੈਮਾਂ ਦਾ ਨੱਕੋ ਨੱਕ ਭਰਨਾ ਅਤੇ ਘੱਗਰ ਤੇ ਸਤਲੁਜ ਦਾ 'ਖਤਰੇ ਦੇ ਨਿਸ਼ਾਨ ਤੋਂ ਉੱਪਰ ਵਗਣਾ', ਇਹ ਸਭ ਪੰਜਾਬ 'ਚ ਮੁੜ ਤਬਾਹੀ ਦਾ ਮੁੱਢ ਬੰਨ੍ਹੇ ਜਾਣ ਦੇ ਸੰਕੇਤ ਹਨ। ਪਹਾੜਾਂ 'ਚੋਂ ਆਏ ਪਾਣੀ ਨੇ ਮੌਸਮ ਵਿਭਾਗ ਦੀ ਸਭ ਗਿਣਤੀ-ਮਿਣਤੀ ਫ਼ੇਲ੍ਹ ਕਰ ਦਿੱਤੀ ਹੈ। ਪੂਰਾ ਪੰਜਾਬ ਹੜ੍ਹਾਂ ਦੀ ਲਪੇਟ 'ਚ ਆਉਣ ਮਗਰੋਂ ਨਵੇਂ ਖ਼ਤਰੇ ਦੇ ਬੂਹੇ 'ਤੇ ਆ ਖੜ੍ਹਾ ਹੋਇਆ ਹੈ। ਘੱਗਰ ਚਾਰੇ ਪਾਸਿਓਂ ਖ਼ਤਰੇ ਦੇ ਨਿਸ਼ਾਨ ਤੋਂ ਉਪਰ ਵਗਣ ਲੱਗੀ ਹੈ ਅਤੇ ਘੱਗਰ ਦੇ ਖ਼ਤਰੇ ਦੇ ਮੱਦੇਨਜ਼ਰ ਭਾਰਤੀ ਫ਼ੌਜ, ਐੱਨ ਡੀ ਆਰ ਐੱਫ ਅਤੇ ਪੁਲੀਸ ਦੀਆਂ ਟੀਮਾਂ ਪਟਿਆਲਾ ਤੇ ਸੰਗਰੂਰ ਪੁੱਜ ਗਈਆਂ ਹਨ।

ਪੰਜਾਬ ਸਰਕਾਰ ਨੇ ਹੜ੍ਹਾਂ ਕਾਰਨ ਬਣੀ ਗੰਭੀਰ ਸਥਿਤੀ ਨੂੰ ਦੇਖਦਿਆਂ ਸਾਰੇ ਸਕੂਲਾਂ, ਕਾਲਜਾਂ, 'ਵਰਸਿਟੀਆਂ, ਬਹੁ-ਤਕਨੀਕੀ ਕਾਲਜਾਂ, ਸੀ ਪਾਇਟ ਕੈਂਪਾਂ, ਆਰਮਡ ਫੋਰਸਜ਼ ਇੰਸਟੀਚਿਊਟਸ 'ਚ 7 ਸਤੰਬਰ ਤੱਕ ਛੁੱਟੀਆਂ ਵਧਾ ਦਿੱਤੀਆਂ ਹਨ। ਜਿਵੇਂ ਦਰਿਆਵਾਂ 'ਚ ਪਾਣੀ ਵੱਧ ਰਿਹਾ ਹੈ, ਉਵੇਂ ਰਾਹਤ ਕਾਰਜਾਂ 'ਚ ਜੁਟੇ ਆਮ ਤੇ ਖ਼ਾਸ ਲੋਕਾਂ ਨੇ ਵੀ ਆਪਣੀ ਰਫ਼ਤਾਰ ਤੇਜ਼ ਕਰ ਦਿੱਤੀ ਹੈ।

ਪੰਜਾਬ 'ਚ ਹੜ੍ਹਾਂ ਨੇ ਹੁਣ ਤੱਕ 1655 ਪਿੰਡਾਂ ਨੂੰ ਲਪੇਟ 'ਚ ਲੈ ਲਿਆ ਹੈ ਅਤੇ ਹੜ੍ਹਾਂ 'ਚ ਹੋਣ ਵਾਲੀਆਂ ਮੌਤਾਂ ਦਾ ਅੰਕੜਾ 37 ਹੋ ਗਿਆ ਹੈ। ਬਰਨਾਲਾ ਦੇ ਪਿੰਡ ਮੌੜ ਨਾਭਾ 'ਚ ਘਰ ਦੀ ਛੱਤ ਡਿੱਗਣ ਕਾਰਨ ਇੱਕ ਬਜ਼ੁਰਗ ਜੋੜੇ ਦੀ ਮੌਤ ਹੋ ਗਈ।

ਪੰਜਾਬ 'ਚ ਤਿੰਨ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ 3.55 ਲੱਖ ਲੋਕ ਪ੍ਰਭਾਵਿਤ ਹੋ ਗਏ ਹਨ ਅਤੇ ਹੁਣ ਤੱਕ 4.37 ਲੱਖ ਏਕੜ ਫ਼ਸਲ ਪ੍ਰਭਾਵਿਤ ਹੋ ਚੁੱਕੀ ਹੈ। ਪੰਜਾਬ ਸਰਕਾਰ ਦੇ ਬੁਲਾਰੇ ਦਾ ਕਹਿਣਾ ਹੈ ਕਿ ਪਾਣੀ 'ਚ ਫਸੇ 19,474 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾ ਚੁੱਕਿਆ ਹੈ ਅਤੇ 167 ਰਾਹਤ ਕੈਂਪਾਂ 'ਚ ਹੁਣ ਤੱਕ 5,304 ਲੋਕ ਪਹੁੰਚ ਚੁੱਕੇ ਹਨ। ਫ਼ਿਰੋਜ਼ਪੁਰ ਖੇਤਰ 'ਚ ਰੇਲ ਮਾਰਗ ਪਾਣੀ 'ਚ ਡੁੱਬ ਗਏ ਹਨ ਜਿਸ ਕਰਕੇ ਫ਼ਿਰੋਜ਼ਪੁਰ 'ਚ ਰੇਲ ਸੇਵਾਵਾਂ ਰੱਦ ਕਰ ਦਿੱਤੀਆਂ ਹਨ। ਪੰਜਾਬ ਦੀ ਸੜਕੀ ਆਵਾਜਾਈ ਵੀ ਪ੍ਰਭਾਵਿਤ ਹੋਈ ਹੈ। ਮੌਸਮ ਵਿਭਾਗ ਨੇ ਭਲਕ ਲਈ ਹਾਲੇ ਕੋਈ ਅਲਰਟ ਜਾਰੀ ਨਹੀਂ ਕੀਤਾ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਪੌਂਗ ਡੈਮ 'ਚ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਚਾਰ ਫੁੱਟ ਉਪਰ ਚਲਾ ਗਿਆ ਹੈ ਅਤੇ ਲੰਘੀ ਰਾਤ ਤੋਂ ਪੌਣੇ ਤਿੰਨ ਲੱਖ ਕਿਊਸਿਕ ਪਾਣੀ ਪੌਂਗ ਡੈਮ 'ਚ ਆਇਆ ਹੈ। ਬਿਆਸ ਦਰਿਆ 'ਚ ਹੁਣ ਪੌਂਗ ਡੈਮ ਤੋਂ ਕਰੀਬ ਇੱਕ ਲੱਖ ਕਿਊਸਿਕ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਰਣਜੀਤ ਸਾਗਰ ਡੈਮ 'ਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਨੂੰ ਛੂਹਣ ਲੱਗਿਆ ਹੈ। ਰਣਜੀਤ ਸਾਗਰ ਡੈਮ 'ਚ ਵੱਧ ਤੋਂ ਵੱਧ 1.31 ਲੱਖ ਕਿਊਸਿਕ ਪਾਣੀ ਪਹਾੜਾਂ 'ਚੋਂ ਆਇਆ ਹੈ ਅਤੇ ਇਸ ਡੈਮ 'ਚੋਂ ਰਾਵੀ 'ਚ 70 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਭਾਖੜਾ ਡੈਮ 'ਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਤੋਂ ਮਹਿਜ਼ ਡੇਢ ਫੁੱਟ ਹੇਠਾਂ ਰਹਿ ਗਿਆ ਹੈ ਅਤੇ ਭਾਖੜਾ 'ਚ ਪਹਾੜਾਂ 'ਚੋਂ ਵੱਧ ਤੋਂ ਵੱਧ 1.15 ਲੱਖ ਕਿਊਸਿਕ ਪਾਣੀ ਆਇਆ ਹੈ ਅਤੇ 75 ਹਜ਼ਾਰ ਕਿਊਸਿਕ ਪਾਣੀ ਹੁਣ ਸਤਲੁਜ 'ਚ ਛੱਡਿਆ ਜਾ ਰਿਹਾ ਹੈ। ਘੱਗਰ 'ਚ 29 ਅਗਸਤ ਨੂੰ ਇਕਦਮ 70,607 ਕਿਊਸਿਕ ਪਾਣੀ ਆਉਣ ਮਗਰੋਂ ਮੁਹਾਲੀ, ਪਟਿਆਲਾ, ਸੰਗਰੂਰ ਤੇ ਮਾਨਸਾ ਜ਼ਿਲ੍ਹਾ ਅਲਰਟ ਹੋ ਗਿਆ ਸੀ। ਦੋ ਦਿਨ ਘੱਗਰ 'ਚ ਪਾਣੀ ਘੱਟ ਆਇਆ ਅਤੇ ਮੁੜ 1 ਸਤੰਬਰ ਨੂੰ ਘੱਗਰ 'ਚ 45,343 ਕਿਊਸਿਕ ਪਾਣੀ ਪਹੁੰਚ ਗਿਆ। ਅੱਜ ਮੁੜ 91,555 ਕਿਊਸਿਕ ਪਾਣੀ ਆਉਣ ਮਗਰੋਂ ਘੱਗਰ ਆਪ ਮੁਹਾਰਾ ਹੋ ਗਿਆ ਹੈ। ਲੰਘੇ ਛੇ ਦਿਨਾਂ 'ਚ ਘੱਗਰ 'ਚ 4.30 ਲੱਖ ਕਿਊਸਿਕ ਪਾਣੀ ਆ ਚੁੱਕਾ ਹੈ। ਘੱਗਰ ਦੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਚੌਕਸ ਕਰ ਦਿੱਤਾ ਗਿਆ ਹੈ ਅਤੇ ਰਾਜਪੁਰਾ ਇਲਾਕੇ 'ਚ ਦਰਜਨਾਂ ਪਿੰਡਾਂ ਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਹਿ ਦਿੱਤਾ ਹੈ। ਪੰਜਾਬ ਸਰਕਾਰ ਨੇ ਵੀ ਹੁਣ ਘੱਗਰ ਤੇ ਫੋਕਸ ਕਰਨਾ ਸ਼ੁਰੂ ਕੀਤਾ ਹੈ। ਘੱਗਰ ਬਾਂਕਰਪੁਰ, ਖਨੌਰੀ ਅਤੇ ਸਰਦੂਲਗੜ੍ਹ 'ਚ ਖ਼ਤਰੇ ਦੇ ਨਿਸ਼ਾਨ ਤੋਂ ਉਪਰ ਚਲੀ ਗਈ ਹੈ।



# ਦਿੱਲੀ 'ਚ ਯਮੁਨਾ 207.41 ਮੀਟਰ ਤੋਂ ਪਾਰ, ਇਤਿਹਾਸ ਦਾ ਤੀਜਾ ਸਭ ਤੋਂ ਉੱਚਾ ਪੱਧਰ ਦਰਜ











ਨਵੀਂ ਦਿੱਲੀ : ਦਿੱਲੀ ਵਿੱਚ ਯਮੁਨਾ ਨਦੀ ਵੀਰਵਾਰ ਸਵੇਰੇ 10 ਵਜੇ ਤੱਕ 207.47 ਮੀਟਰ ਦੇ ਪੱਧਰ 'ਤੇ ਪਹੁੰਚ ਗਈ, ਜੋ ਕਿ 205.33 ਮੀਟਰ ਦੇ ਖ਼ਤਰੇ ਦੇ ਨਿਸ਼ਾਨ ਤੋਂ ਦੋ ਮੀਟਰ ਤੋਂ ਵੀ ਵੱਧ ਵਹਿ ਰਹੀ ਹੈ। ਇਹ ਸ਼ਹਿਰ ਦੇ ਇਤਿਹਾਸ ਵਿੱਚ ਦਰਜ ਕੀਤਾ ਗਿਆ ਤੀਜਾ ਸਭ ਤੋਂ ਉੱਚਾ ਪਾਣੀ ਦਾ ਪੱਧਰ ਹੈ, ਜਿਸ ਕਾਰਨ ਨਦੀ ਦੇ ਕਿਨਾਰੇ ਵਸੇ ਨੀਵੇਂ ਇਲਾਕਿਆਂ ਵਿੱਚ ਹੜ੍ਹ ਦੀ ਗੰਭੀਰ ਸਥਿਤੀ ਪੈਦਾ ਹੋ ਗਈ ਹੈ।

ਪਾਣੀ ਦੇ ਪੱਧਰ ਵਿੱਚ ਇਹ ਖ਼ਤਰਨਾਕ ਵਾਧਾ ਉੱਪਰੀ ਖੇਤਰਾਂ ਵਿੱਚ ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਤੋਂ ਬਾਅਦ, ਹਰਿਆਣਾ ਦੇ ਹਥਨੀਕੁੰਡ ਬੈਰਾਜ ਤੋਂ ਵੱਡੀ ਮਾਤਰਾ ਵਿੱਚ ਪਾਣੀ ਛੱਡੇ ਜਾਣ ਦਾ ਸਿੱਧਾ ਨਤੀਜਾ ਹੈ।

ਰਾਜਧਾਨੀ ਵਿੱਚ, ਹੜ੍ਹ ਨੇ ਕਈ ਮੁੱਖ ਥਾਵਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਵੀਰਵਾਰ ਸਵੇਰ ਦੀਆਂ ਤਸਵੀਰਾਂ ਵਿੱਚ ਕਸ਼ਮੀਰੀ ਗੇਟ ਨੇੜੇ ਮਹਾਰਾਣਾ ਪ੍ਰਤਾਪ ਅੰਤਰ-ਰਾਜੀ ਬੱਸ ਟਰਮੀਨਸ (ISBT) ਕੋਲ ਸਥਿਤ ਵਾਸੂਦੇਵ ਘਾਟ ਪੂਰੀ ਤਰ੍ਹਾਂ ਡੁੱਬਿਆ ਹੋਇਆ ਦਿਖਾਈ ਦੇ ਰਿਹਾ ਹੈ। ਹੜ੍ਹ ਦਾ ਪਾਣੀ ਮੋਨੇਸਟਰੀ ਮਾਰਕੀਟ, ਬੇਲਾ ਰੋਡ ਅਤੇ ਸਿਵਲ ਲਾਈਨਜ਼ ਤੇ ਯਮੁਨਾ ਬਾਜ਼ਾਰ ਦੇ ਹੋਰ ਸੰਵੇਦਨਸ਼ੀਲ ਇਲਾਕਿਆਂ ਵਿੱਚ ਵੀ ਦਾਖਲ ਹੋ ਗਿਆ ਹੈ, ਜਿਸ ਕਾਰਨ ਹਜ਼ਾਰਾਂ ਵਸਨੀਕਾਂ ਨੂੰ ਸੁਰੱਖਿਅਤ ਥਾਵਾਂ ਅਤੇ ਰਾਹਤ ਕੈਂਪਾਂ ਵਿੱਚ ਭੇਜਿਆ ਗਿਆ ਹੈ।

ਪ੍ਰਸ਼ਾਸਨ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ ਅਤੇ ਬਚਾਅ ਤੇ ਰਾਹਤ ਕਾਰਜ ਜਾਰੀ ਹਨ। ਪੁਰਾਣਾ ਰੇਲਵੇ ਪੁਲ (ਲੋਹਾ ਪੁਲ) ਨੂੰ ਸਾਵਧਾਨੀ ਵਜੋਂ ਆਵਾਜਾਈ ਲਈ ਬੰਦ ਰੱਖਿਆ ਗਿਆ ਹੈ। ਇਸ ਸਥਿਤੀ ਕਾਰਨ ਆਊਟਰ ਰਿੰਗ ਰੋਡ ਅਤੇ ਨੇੜਲੀਆਂ ਮੁੱਖ ਸੜਕਾਂ 'ਤੇ ਆਵਾਜਾਈ ਵਿੱਚ ਭਾਰੀ ਵਿਘਨ ਪਿਆ ਹੈ, ਅਤੇ ਪੁਲਿਸ ਨੇ ਯਾਤਰੀਆਂ ਨੂੰ ਪ੍ਰਭਾਵਿਤ ਰਸਤਿਆਂ ਤੋਂ ਬਚਣ ਲਈ ਸਲਾਹ ਜਾਰੀ ਕੀਤੀ ਹੈ।

ਕੇਂਦਰੀ ਜਲ ਕਮਿਸ਼ਨ (CWC) ਨੇ ਸੰਕੇਤ ਦਿੱਤਾ ਹੈ ਕਿ ਪਾਣੀ ਦਾ ਪੱਧਰ ਉੱਚਾ ਰਹਿਣ ਦੀ ਉਮੀਦ ਹੈ, ਜਿਸ ਨਾਲ ਸ਼ਹਿਰ ਦੇ ਹੜ੍ਹ ਪ੍ਰਭਾਵਿਤ ਮੈਦਾਨੀ ਇਲਾਕਿਆਂ ਲਈ ਖ਼ਤਰਾ ਬਣਿਆ ਹੋਇਆ ਹੈ। ਆਖਰੀ ਵਾਰ ਯਮੁਨਾ ਨੇ 1978 ਅਤੇ 2023 ਦੇ ਭਿਆਨਕ ਹੜ੍ਹਾਂ ਦੌਰਾਨ 207 ਮੀਟਰ ਦਾ ਅੰਕੜਾ ਪਾਰ ਕੀਤਾ ਸੀ, ਜਦਕਿ ਜੁਲਾਈ 2023 ਵਿੱਚ 208.66 ਮੀਟਰ ਦਾ ਹੁਣ ਤੱਕ ਦਾ ਸਭ ਤੋਂ ਉੱਚਾ ਪੱਧਰ ਦਰਜ ਕੀਤਾ ਗਿਆ ਸੀ।

# ਪੂਰਬੀ ਦਿੱਲੀ: ਦਿੱਲੀ-ਨੋਇਡਾ ਸੜਕ 'ਤੇ ਹੜ੍ਹ ਰਾਹਤ ਕੈਂਪ










ਪੂਰਬੀ ਦਿੱਲੀ ਵਿੱਚ ਯਮੁਨਾ ਨਦੀ ਦੇ ਪਾਣੀ ਦੇ ਪੱਧਰ ਵਿੱਚ ਵਾਧੇ ਤੋਂ ਬਾਅਦ ਦਿੱਲੀ-ਨੋਇਡਾ ਸੜਕ 'ਤੇ ਇੱਕ ਹੜ੍ਹ ਰਾਹਤ ਕੈਂਪ ਵਿੱਚ ਲਗਾਏ ਗਏ ਤੰਬੂਆਂ ਦਾ ਦ੍ਰਿਸ਼।

# ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼

**(ਛਪ ਰਹੀ ਪੁਸਤਕ ਸ੍ਰੀ ਦਸਮ ਗੋਸਟਿ ਵਿਚੋਂ)**



ਦਸਾਂ ਪਾਤਸ਼ਾਹੀਆਂ ਦੀ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਕਲਗੀਧਰ ਪਿਤਾ ਦੀ ਆਪਣੀ ਅਗੰਮੀ ਖੇਡ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਆਪਸੀ ਸੰਬਧ ਸਮਝਣ ਦੀ ਲੋੜ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਗ੍ਰੰਥ ਸਾਹਿਬ ਦੇ ਰੂਪ ਵਿਚ ਮੌਜੂਦ ਸਨ ਪਰ ਇਸ ਨੂੰ ਜੁਗੋ ਜੁਗ ਅਟਲ ਜਾਗਦੀ ਜੋਤ ਚੰਵਰ ਤਖ਼ਤ ਦੇ ਮਾਲਕ ਦਾ ਰੁਤਬਾ ਕੇਵਲ ਗੁਰੂ ਗੋਬਿੰਦ ਸਿੰਘ ਵਲੋਂ ਇਸ ਨੂੰ ਮੱਥਾ ਟੇਕਣ ਨਾਲ ਪ੍ਰਾਪਤ ਨਹੀਂ ਹੋਇਆ। ਬਲਕਿ ਇੱਥੇ ਇਕ ਅਦੁੱਤੀ ਖੇਡ ਵਾਪਰੀ ਜੋ ਸਾਰੇ ਸੰਸਾਰ ਵਿਚ ਕਦੇ ਵੀ ਨਹੀ ਸੀ ਸੁਣੀ। ਨਿਰੰਕਾਰੀ ਜੋਤ ਜੋ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਿਰੰਕਾਰ ਤੋਂ ਪ੍ਰਾਪਤ ਹੋਈ ਸੀ ਉਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਸਥਾਪਤ ਹੋਈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗਵਾਹੀ,

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥**
**ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥**
**ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥**
**ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥**
**ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥**
**ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ।।੧।। (ਸਵਈਏ ਮ. ਪੰਜਵੇ ਕੇ ੧੪੦੯)**

ਇਸ ਬਾਰੇ ਦਰਬਾਰੀ ਦਾਸ ਸੋਢੀ ਨੇ ਬਹੁਤ ਸੁੰਦਰ ਬਿਆਨ ਕੀਤਾ,

**ਆਦਿ ਨਿਰੰਜਨ ਹੈ ਗੁਰੁ ਨਾਨਕ ਧਾਰ ਕੇ ਮੂਰਤ ਹੈ ਜਗ ਆਇਓ।।**
**ਲੋਕ ਸੁਣਿਓ ਪਰਲੋਕ ਸੁਣਿਓ ਬਿਧਿ ਲੋਕ ਸੁਣਿਓ ਸਭ ਦਰਸਨ ਪਾਇਓ।।**
**ਸੰਗਤ ਪਾਰ ਉਤਾਰਨ ਕਉ ਗੁਰੂ ਨਾਨਕ ਸਾਹਿਬ ਪੰਥ ਚਲਾਇਓ।।**
**ਵਾਹਿਗੁਰੂ ਗੁਰੂ ਨਾਨਕ ਸਾਹਿਬ ਧਾਰ ਕੇ ਮੂਰਤਿ ਹੈ ਜਗ ਆਇਓ।। (ਦਰਬਾਰੀ ਦਾਸ ਸੋਢੀ)**

ਹਰ ਗੁਰੂ ਸਰੀਰ ਪਾਸ ਇਹ ਨਿਰੰਕਾਰੀ ਜੋਤਿ ਅਤੇ ਜੁਗਤਿ ਸੀ। ਇਹ ਜੋਤਿ ਜਾਮੇ ਬਦਲ ਬਦਲ ਕੇ ਅਖੀਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚੀ। ਕਲਗੀਧਰ ਪਿਤਾ ਨੇ ਜੋਤਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਟਿਕਾ ਦਿੱਤੀ ਅਤੇ ਜੁਗਤਿ ਗੁਰੂ ਖਾਲਸੇ ਨੂੰ ਬਖਸ਼ਿਸ਼ ਕਰ ਦਿੱਤੀ। ਹੁਣ ਇਹ ਜੁਗੋ ਜੁਗ ਅਟਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋ ਗਿਆ। ਇਹ ਸਿੱਖ ਰਹੱਸਵਾਦ ਦਾ ਉਹ ਚਕ੍ਰਿਤ ਕਾਰੀ ਕਰਿਸ਼ਮਾ ਹੈ ਜਿਸ ਦਾ ਕੋਈ ਸਾਨੀ ਨਹੀਂ ਹੈ। ਬਾਕੀ ਦੁਨੀਆਂ ਦੀਆਂ ਕਿਤਾਬਾਂ, ਪੋਥੀਆਂ, ਗ੍ਰੰਥ, ਬਾਈਬਲ, ਹਦੀਸਾਂ ਉਹਨਾਂ ਲਈ ਮੁਬਾਰਕ ਹਨ ਪਰ ਇਹ ਗੁਰਮਤਿ ਦਾ ਮੋਅਜ਼ਜਾ ਹੈ ਕਿਸੇ ਗ੍ਰੰਥ ਵਿਚ ਗੁਰਿਆਈ ਦੀ ਜੋਤ ਟਿਕਾਈ ਗਈ ਹੋਵੇ। ਇਸ ਲਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰੀ, ਤੁਲਤਾ, ਸਮਤਾ ਜਾਂ ਮੁਕਾਬਲਾ ਹੋ ਹੀ ਨਹੀਂ ਸਕਦਾ।

**ਹੋਰੁ ਸਰੀਕੁ ਹੋਵੈ ਕੋਈ ਤੇਰਾ ਤਿਸੁ ਅਗੈ ਤੁਧੁ ਆਖਾਂ ॥**
**ਤੁਧ ਅਗੈ ਤੁਧੈ ਸਾਲਾਹੀ ਮੈ ਅੰਧੇ ਨਾਉ ਸੁਜਾਖਾ ॥**
**(ਮ: ੧੧੨੪੨)**

ਹੁਣ ਸਮਝਣਾ ਆਸਾਨ ਹੋਏਗਾ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰ ਲੱਗਾ ਹੈ। ਕੇਸਰ ਸਿੰਘ ਛਿੱਬਰ ਲਿਖਦੇ ਹਨ ਕਿ ਸੰਮਤ ੧੭੫੫ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਗ੍ਰਿਹਿ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਗੀ ਵਿਚ ਛੋਟਾ ਗ੍ਰੰਥ (ਦਸਮ ਗ੍ਰੰਥ) ਦਾ ਪ੍ਰਕਾਸ਼ ਹੋਇਆ। ਇਸ ਤੇ ਸਿੱਖਾਂ ਨੇ ਹਜ਼ੂਰ ਦੇ ਸਨਮੁਖ ਬੇਨਤੀ ਕੀਤੀ ਕਿ ਦੋਨਾਂ ਗ੍ਰੰਥਾਂ ਨੂੰ ਇਕ ਕਰ ਦੇਣਾ ਚਾਹੀਦਾ ਹੈ। ਇਸ ਤੇ ਸੱਚੇ ਪਾਤਸ਼ਾਹ ਨੇ ਬਚਨ ਕੀਤੇ ਕਿ ਗ੍ਰੰਥ ਸਾਹਿਬ ਹੈ ਉਹ, ਏਹ (ਦਸਮ ਗ੍ਰੰਥ) ਅਸਾਡੀ ਖੇਡ ਹੈ।

**ਛੋਟਾ ਗ੍ਰੰਥ ਜੀ ਜਨਮੇ ਦਸਵੇਂ ਪਾਤਸ਼ਾਹ ਕੇ ਧਾਮ।**
**ਸੰਮਤ ਸਤਾਰਾਂ ਸੈ ਪਚਵੰਜਾ ਬਹੁਤ ਖਿਡਾਵੇ ਲਿਖਾਰੇ ਨਾਮ।**
**ਸਾਹਿਬ ਨੂੰ ਸੀ ਪਿਆਰਾ। ਹਥੀਂ ਲਿਖਿਆ ਖਿਡਾਇਆ।**
**ਸਿਖਾਂ ਕੀਤੀ ਅਰਦਾਸ ਜੀ ਅਗਲੇ (ਭਾਵ ਗੁਰੂ ਗ੍ਰੰਥ) ਨਾਲਿ ਚਾਹੀਏ ਰਲਾਇਆ।**
**ਬਚਨ ਕੀਤਾ "ਗ੍ਰੰਥ ਸਾਹਿਬ ਹੈ ਉਹ,**
**ਏਹ ਅਸਾਡੀ ਖੇਡ ਹੈ"।**
**ਨਾਲ ਨ ਮਿਲਾਇਆ ਆਹਾ ਪਿਆਰਾ,**
**ਕਉਨ ਜਾਣੈ ਭੇਦ।**
**ਸੋ ਦੋਨੋ ਗ੍ਰੰਥ ਸਾਹਿਬ ਭਾਈ ਗੁਰ ਕਰਿ ਜਾਨੋ।**
**ਵਡਾ ਹੈ ਟਿਕਾ ਗੁਰੂ ਗੁਟਕੇ ਪੋਥੀਆਂ**
**ਪੁਤ੍ਰ ਪੋਤ੍ਰੇ ਕਰਿ ਪਛਾਨੋ।**
**('ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' - ਭਾਈ ਕੇਸਰ ਸਿੰਘ ਛਿਬਰ ਈ: ੧੭੬੯)**

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਸੰਬੰਧ ਨੂੰ ਸਤਿਗੁਰੂ ਜੀ ਨੇ ਕਿਤਨੀ ਸਪਸ਼ਟਤਾ ਨਾਲ ਬਿਆਨ ਕਰ ਦਿੱਤਾ। ਗੁਰੂ ਗ੍ਰੰਥ ਸਾਹਿਬ ਜੀ ਨੂੰ 'ਟਿਕਾ ਗੁਰੂ' ਅਤੇ ਦਸਮ ਗ੍ਰੰਥ ਸਾਹਿਬ ਨੂੰ ਆਪਣੀ ਖੇਡ ਕਰ ਕੇ ਜਾਣਿਆ। ਇਸ ਤੇ ਕੋਈ ਭੁਲੇਖਾ ਰਹਿਣ ਹੀ ਨਹੀਂ ਦਿੱਤਾ। ਜਿਵੇਂ



ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਖ ਵੱਖ ਹੰਦਿਆ ਹੋਇਆਂ ਵੀ ਦੋਨਾਂ ਦਾ ਸੁਮੇਲ ਹੀ ਖਾਲਸਾ ਪੰਥ ਦੀ ਸਿਰਜਨਾ ਕਰਦਾ ਹੈ। ਇਸ ਲਈ ਸ੍ਰੀ ਦਸਮ ਗ੍ਰੰਥ ਸਾਹਿਬ ਨੂੰ ਕਦੇ ਵੀ ਪੰਥ ਨੇ ਆਪਣੇ ਤੋਂ ਵੱਖ ਨਹੀਂ ਕੀਤਾ। ਖਾਲਸੇ ਦੇ ਖਾਤਮੇ ਦੇ ਸੁਪਨੇ ਵੇਖਣ ਵਾਲੇ ਅਤੇ ਇਸ ਨੂੰ ਸਮਾਪਤ ਕਰਨ ਦੀਆਂ ਗੋਂਦਾਂ ਗੁੰਦਣ ਵਾਲਿਆਂ ਦੇ ਸੀਨੇ ਤੇ ਇਹ ਗ੍ਰੰਥ ਲੋਟਦਾ ਹੈ। ਇਸ ਤੋਂ ਸਪਸ਼ਟ ਹੈ ਕਿ ਗੁਰੂ ਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਪਰ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਗੁਰਬਾਣੀ ਹੈ। ਦੋਨੋਂ ਪਾਵਨ ਗ੍ਰੰਥਾਂ ਦਾ ਸੁਮੇਲ ਖਾਲਸੇ ਦਾ ਜਨਮ ਸ੍ਰੋਤ ਹੈ।

ਹੁਣ ਇੱਥੇ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਦੀ ਮੱਦ (ਗੁਰਦੁਆਰੇ)(੪)(ਹ) ਵਿਚ ਅੰਕਤ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਇਹ ਮੱਦ ਇਤਨੀ ਸਪਸ਼ਟ ਹੈ ਕਿ ਕਿਸੇ ਭੁਲੇਖੇ ਜਾਂ ਦੁਬਿਧਾ ਦੀ ਗੁੰਜਾਇਸ਼ ਹੀ ਨਹੀਂ ਹੈ। ਅਵੱਲ ਤਾਂ ਇਹ ਮੱਦ ਗੁਰਦੁਆਰਿਆਂ ਲਈ ਹੈ, ਤਖ਼ਤ ਸਾਹਿਬਾਨ ਲਈ ਨਹੀਂ। ਤਖ਼ਤ ਅਤੇ ਗੁਰਦੁਆਰੇ ਵਿਚ ਅੰਤਰ ਹੈ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਮਰਯਾਦਾ ਵਿਚ ਅੰਤਰ ਹੈ। ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਤਖ਼ਤ ਸਾਹਿਬ ਤੇ ਸਿੰਘਾਸਨ ਤੇ ਸ਼ਸਤ੍ਰ ਬਿਰਾਜਮਾਨ ਹੁੰਦੇ ਹਨ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਤੋਂ ਨੀਵੇਂ ਅਤੇ ਹਟਵੇਂ ਹੁੰਦੇ ਹਨ। ਕੀ ਸਾਡੇ ਸਿਰ ਲੱਥ ਸੂਰਮੇ ਬਜ਼ੁਰਗਾਂ ਨੂੰ ਮਰਯਾਦਾ ਦਾ ਅਹਿਸਾਸ ਨਹੀਂ ਸੀ?

ਦੂਸਰਾ, ਸ੍ਰੀ ਦਸਮ ਗ੍ਰੰਥ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮੁਤਾਬਕ ਛੋਟਾ ਗ੍ਰੰਥ ਹੈ। ਇਹ ਕਿਤਾਬ ਨਹੀਂ ਹੈ। ਅੱਜ ਤਕ ਕਿਸੇ ਨੇ ਵੀ ਇਸਨੂੰ ਕਿਤਾਬ ਕਹਿਣ ਦੀ ਗੁਸਤਾਖੀ ਨਹੀਂ ਕੀਤੀ। ਤਂ ਫਿਰ ਕਿਤਾਬਾਂ ਕਿਹਨਾਂ ਨੂੰ ਕਿਹਾ ਗਿਆ ਹੈ? ਇਹ ਵੀ ਗੁਰੂ ਕਲਗੀਧਰ ਪਿਤਾ ਨੇ ਆਪਣੀ ਬਾਣੀ ਵਿਚ ਸਪਸ਼ਟ ਕਰ ਦਿੱਤੀਆਂ ਹਨ,

**ਜਬ ਤੋ ਕੋ ਦਿਜ! ਕਾਲ ਸਤੈ ਹੈ ॥**
**ਤਬ ਤੂ ਕੋ ਪੁਸਤਕ ਕਰ ਲੈ ਹੈ?॥**
**ਭਾਗਵਤ ਪੜੋ? ਕਿ ਗੀਤਾ ਕਹਿ ਹੋ?॥**
**ਰਾਮਹਿ ਪਕਰਿ? ਕਿ ਸਿਵ ਕਹ ਗਹਿ ਹੋ ॥੧੦੧॥ (ਦ.ਗ੍ਰ. ਸਾਹਿਬ)**

ਤੀਸਰਾ, ਕਦੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਂ ਸ੍ਰੀ ਦਸਮ ਗ੍ਰੰਥ ਸਾਹਿਬ ਨੂੰ ਅਸਥਾਪਨ ਨਹੀਂ ਕੀਤਾ ਜਾਂਦਾ। ਇਹ ਹਿੰਦੂ ਰੀਤੀ ਹੈ। ਇਹ ਗੁਰਮਤੀ ਸ਼ਬਦਾਵਲੀ ਹੈ ਹੀ ਨਹੀਂ। ਹਾਂ ਇਹਨਾਂ ਪਾਵਨ ਗ੍ਰੰਥਾਂ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਪ੍ਰਕਾਸ਼ ਕਰਨ ਦਾ ਅਰਥ ਹੈ ਉਸ ਗ੍ਰੰਥ ਨੂੰ ਅਦਬ ਨਾਲ ਖੋਲ੍ਹਣਾ ਅਤੇ ਉਸ ਦੀ ਬਾਣੀ ਦਾ ਪਾਠ ਕਰਨਾ। ਸ੍ਰੀ ਦਸਮ ਗ੍ਰੰਥ ਸਾਹਿਬ ੧੪੨੯ ਅੰਗਾਂ ਦਾ ਵਿਸ਼ਾਲ ਗ੍ਰੰਥ ਹੈ। ਇਸ ਦਾ ਪਾਠ ਕਰਨ ਲਈ ਵਿਸ਼ੇਸ਼ ਪੀੜ੍ਹਾ, ਰੁਮਾਲੇ ਆਦਿ ਲੋੜੀਂਦੇ ਹੋਣਗੇ। ਇਸਨੂੰ ਹੱਥ ਤੇ ਰਖ ਕੇ ਤਾਂ ਇਸ ਦਾ ਪਾਠ ਨਹੀਂ ਕੀਤਾ ਜਾ ਸਕਦਾ।

ਹੁਣ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਟਿਕਾ ਸਾਹਿਬ' ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨੂੰ 'ਮੇਰੀ ਖੇਡ' ਕਹਿ ਕੇ ਇਹਨਾਂ ਦਾ ਰੁਤਬਾ ਸਪਸ਼ਟ ਕਰ ਦਿੱਤਾ ਕਿ ਗੁਰਿਆਈ ਦੇ ਤਖ਼ਤ ਤੇ ਕੇਵਲ ਸਾਹਿਬ ਸ੍ਰੀ ਗ੍ਰੰਥ ਸਾਹਿਬ ਜੀ ਹੀ ਬਿਰਾਜਮਾਨ ਹੋ ਸਕਦੇ ਹਨ। ਇਸਦੇ ਵਿਪਰੀਤ ਸੋਚਣ ਵਾਲਾ ਜਾਂ ਭੁਲੇਖਾ ਪਾਉਣ ਵਾਲਾ ਨਿਸਚਿਤ ਤੌਰ ਗੁਰ ਦੋਖੀ ਹੈ। ਇਸ ਤੋਂ ਨਿਸਚਤ ਤੌਰ 'ਤੇ ਸਪਸ਼ਟ ਹੈ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਪਾਠ ਲਈ ਇਸ ਦਾ ਪ੍ਰਕਾਸ਼ ਕੀਤਾ ਜਾ ਸਕਦਾ ਹੈ। ਪਰ ਇਸ ਤੋਂ ਵੀ ਵੱਧ ਅਹਿਮ ਗੱਲ ਇਹ ਹੈ ਕਿ ਇਹ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਅਤੇ ਹਜ਼ੂਰੀ ਵਿਚ ਹੀ ਕਰਨ ਦੀ ਮਰਯਾਦਾ ਹੈ। ਇਸ ਦਾ ਕਾਰਣ ਸਪਸ਼ਟ ਹੈ ਕਿ ਜੇਕਰ ਕਿਸੇ ਨਿਵੇਕਲੇ ਕਮਰੇ ਵਿਚ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਇਕਲਿਆਂ ਕੀਤਾ ਜਾਂਦਾ ਹੈ ਤਾਂ ਇਹ ਗੁਰੂ ਗ੍ਰੰਥ ਸਾਹਿਬ ਦਾ ਭੁਲੇਖਾ ਪਾਏਗਾ ਅਤੇ ਇਸ ਨਾਲ ਇਹ ਗੁਰੂ ਗ੍ਰੰਥ ਸਾਹਿਬ ਜੀ ਸ਼ਰੀਕ ਮੰਨਿਆ ਜਾਏਗਾ। ਪਰ ਜਿਵੇਂ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ ਵਿਚ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਅਤੇ ਹਜ਼ੂਰੀ ਵਿਚ ਹੁੰਦਾ ਹੈ, ਪਰ ਇਸ ਦੀ ਪਾਲਕੀ ਛੋਟੀ ਹੈ। ਇਸ ਨਾਲ ਗੁਰੂ ਸਾਹਿਬ ਜੀ ਦੇ ਬਚਨ "ਗ੍ਰੰਥ ਸਾਹਿਬ ਹੈ ਉਹ, ਏਹ ਅਸਾਡੀ ਖੇਡ ਹੈ" ਪ੍ਰਤੱਖ ਰੂਪ ਵਿਚ ਪ੍ਰਗਟ ਹੁੰਦੇ ਹਨ। ਇਤਿਹਾਸ ਗਵਾਹ ਹੈ ਕਿ ਭੀੜਾ ਪੈਣ ਤੇ ਗੁਰੂ ਪੰਥ ਨੇ ਆਪਣੇ ਸਾਰੇ ਫੈਸਲੇ ਅਤੇ ਗੁਰਮਤੇ ਇਹਨਾਂ ਦੋਹਾਂ ਗ੍ਰੰਥਾਂ ਦੀ ਮੌਜੂਦਗੀ ਵਿਚ ਕੀਤੇ ਹਨ। ਖਾਲਸੇ ਦੇ ਪੰਜਾਂ ਤਖ਼ਤ ਸਾਹਿਬਾਨ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਰਿਹਾ ਹੈ।

ਮਸ਼ਹੂਰ ਇਤਿਹਾਸਕਾਰ ਹਰੀ ਰਾਮ ਗੁਪਤਾ ਨੇ ਹਿਸਟਰੀ ਆਫ ਦਿ ਸਿੱਖਸ ਦੀ ਪੰਜਵੀਂ ਜਿਲਦ ਦੇ ਪੰਨਾ ੫੮੩ 'ਤੇ ਲਿਖਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਜਦੋਂ ਵੀ ਦੌਰੇ 'ਤੇ ਜਾਂਦੇ ਸਨ ਤਾਂ ਉਹਨਾਂ ਦੇ ਨਾਲ ਉਹਨਾਂ ਦੇ ਮੁਖੀ, ਫੌਜੀ ਟੁਕੜੀ ਅਤੇ ਨਾਲ ਹੀ ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਵੀ ਹੁੰਦੇ ਸੀ।

During his tours he was accompanied by his chiefs, a contingent of troop, and bothe Adi Granth and the Dasam Granth. (History of the Sikhs Vol. V. p.583)

ਇਸ ਪਿਛੋਕੜ ਵਿਚ ਸਿਖ ਰਾਜ ਦੇ ਸਮਕਾਲੀ, ਹੰਗੇਰਿਅਨ ਚਿਤਰਕਾਰ ਔਗਸਟ ਸ਼ੋਇਫਟ August Schoefft ਵਲੋਂ ੧੯੪੧ ਵਿਚ ਬਣਾਈ ਇਕ ਇਤਿਹਾਸਕ ਤਸਵੀਰ ਹੈ ਜਿਸ ਵਿਚ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਦੋ ਗ੍ਰੰਥਾਂ ਦਾ ਪ੍ਰਕਾਸ਼ ਹੈ ਅਤੇ ਮਹਾਰਾਜਾ ਰਣਜੀਤ ਸਿੰਘ ਉਨ੍ਹਾਂ ਗ੍ਰੰਥਾਂ ਦਾ ਪਾਠ ਸ੍ਰਵਣ ਕਰ ਰਹੇ ਹਨ।

**ਵਿਲਕਿਨਸ ੧੭੮੨**

ਚਾਰਲਸ ਵਿਲਕਿਨਸ ਖੁਦ ਪਟਨਾ ਸਾਹਿਬ ਗਿਆ ਅਤੇ ਉੱਥੇ ਤਖਤ ਸ੍ਰੀ ਹਰਿਮੰਦਰ ਸਾਹਿਬ ਜਾ ਕੇ ਉੱਥੋਂ ਦੇ ਪੂਰੇ ਹਾਲਾਤ ਉਸ ਨੇ ਕਲਮਬੱਧ ਕੀਤੇ। ਉਹ ਖੁਦ ਵੀ ਹਿੰਦੀ ਅਤੇ ਸੰਸਕ੍ਰਿਤ ਦਾ ਚੰਗਾ ਗਿਆਤਾ ਸੀ। ਈਸਵੀ ੧੭੮੧ ਵਿਚ ਉਸਨੇ ਇਕ ਲੇਖ ਲਿਖਿਆ The Seeks Ad Their College At Patna (ਦੀ ਸੀਕਸ ਐਂਡ ਦੇਅਰ ਕਾਲੈਜ ਐਟ ਪਟਨਾ)। ਇਸ ਵਿਚ ਉਸਨੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦੀ ਸਾਰੀ ਮਰਯਾਦਾ ਦਾ ਜ਼ਿਕਰ ਕੀਤਾ ਅਤੇ ਲਿਖਿਆ ਕਿ ਉੱਥੇ ਗੁਰੂ ਗ੍ਰੰਥ ਸਾਹਿਬ ਦੇ ਨਾਲ ਇਕ ਹੋਰ ਗ੍ਰੰਥ ਦਾ ਪ੍ਰਕਾਸ਼ ਵੀ ਸੀ। ਵਿਲਕਿਨਸ ਦਾ ਕਹਿਣਾ ਸੀ ਕਿ ਇਸ ਦੂਸਰੇ ਗ੍ਰੰਥ ਦਾ ਵੀ ਉਤਨਾ ਹੀ ਸਤਿਕਾਰ ਅਤੇ ਸ਼ਰਧਾ ਸੀ। ਉਸ ਵਿਚੋਂ ਪਾਠ ਹੋ ਰਿਹਾ ਸੀ ਜੋ ਮੈਨੂੰ ਬਹੁਤ ਚੰਗਾ ਲੱਗਾ। ਇਸ ਦੀ ਬੋਲੀ ਹਿੰਦਵੀ (ਹਿੰਦੀ) ਅਤੇ ਸੰਸਕ੍ਰਿਤ ਸੀ ਜੋ ਕਾਫੀ ਲਫਜ਼





ਮੈਨੂੰ ਕਸਮਝ ਆ ਰਹੇ ਸਨ। ਵਿਲਕਿਨਸ ਨੇ ਇਹ ਵੀ ਇੱਛਾ ਜ਼ਾਹਿਰ ਕੀਤੀ ਕਿ ਉਹ ਆਸ ਕਰਦਾ ਹੈ ਕਿ ਭਵਿੱਖ ਵਿਚ ਉਹ ਇਸਦਾ ਤਰਜਮਾ ਏਸ਼ਿਆਟਿਕ ਸੋਸਾਇਟੀ ਲਈ ਕਰ ਸਕੇਗਾ।

They told me further, that some years after this book of Naneek Sah had been promulgated, another made its appearance, now held in almost as much esteem as the former. The name of the author has escaped my memory; but they favoured me with an extract from the book itself in praise of the Deity. The passage had struck my car on my first entering the hall when the students were all engaged in reading. From the similarity of the language to the Hindoovee, and many Sanscrit words, I was able to understand a good deal of it, and I hope, at some future period, to have the honour of laying a trans- lation of it before the Society. They told me I might have copies of both their books, if I would be at the expence of transcribing them.

**ਸਰ ਜਾਨ੍ਹ ਮੈਲਕਮ ੧੮੧੨**

ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਵੀ ਦੋ ਗ੍ਰੰਥਾਂ ਦੇ ਪ੍ਰਕਾਸ਼ ਦੀ ਗਵਾਹੀ ਸਿੱਖ ਰਾਜ ਦਾ ਇਕ ਹੋਰ ਸਮਕਾਲੀ ਸਰ ਜਾਨ੍ਹ ਮੈਲਕਮ ਆਪਣੀ ਕਿਤਾਬ 'ਸਕੈਚ ਆਫ ਸਿਖਸ' ਵਿਚ ਦਿੰਤਾ ਹੈ। ਸਰ ਜਾਨ੍ਹ ਮੈਲਕਮ (੧੭੬੯-੧੮੩੩) ਇਕ ਸਕਾੱਟਿਸ਼ ਫੌਜੀ, ਰਾਜਨੇਤਾ ਅਤੇ ਇਤਿਹਾਸਕਾਰ ਸੀ। ਉਹ ਪਰਸ਼ੀਆ (ਈਰਾਨ) ਵਿਚ ਰਾਜਦੂਤ, ਗਵਾਲੀਅਰ ਦਾ ਰੈਜ਼ੀਡੈਂਟ ਅਤੇ ਬੰਬੇ ਦਾ ਗਵਰਨਰ ਰਹਿ ਚੁਕਾ ਸੀ। ਉਸਨੇ ਕਈ ਕਿਤਾਬਾਂ ਲਿਖੀਆਂ। ਉਹਨਾਂ ਵਿਚ ੧੮੧੨ ਵਿਚ ਲਿਖੀ ਕਿਤਾਬ Sketch of the Sikhs, a singular nation in the province of Penjab (੧੮੧੨) ਕਾਫੀ ਮਕਬੂਲ ਹੋਈ। ਇਸ ਕਿਤਾਬ ਦੇ ਪੰਨਾ ੧੨੦ ਤੇ ਜਾਨ੍ਹ ਮੈਲਕਮ ਅਮ੍ਰਿਤਸਰ ਵਿੱਚ ਇਕੱਠੇ ਹੋਏ ਮਿਸਲਾਂ ਦੇ ਸਰਦਾਰਾਂ ਵੱਲੋਂ ੧੮੦੫ ਵਿਚ ਗੁਰਮਤਾ ਕਰਨ ਦਾ ਵਿਸਥਾਰ ਸਹਿਤ ਵਰਣਨ ਕਰਦਾ ਹੈ।

When the chiefs and principal leaders are seated, the Adi-Grant'h and Dasama Pádshah ka Grant'h are placed before them. They all bend their heads before these scriptures, and exclaim, Wá! Gúrúji ka Khálsa! Wa! Guruji ki Fatch! A great quantity of cakes, made of wheat, butter, and sugar, are then placed before the volumes of their sacred writings, and covered with a cloth.

ਜਦੋਂ ਸਰਦਾਰ ਅਤੇ ਮੁੱਖ ਅਗੂ ਬੈਠਦੇ ਹਨ, ਤਾਂ ਆਦਿ-ਗ੍ਰੰਥ ਅਤੇ ਦਸਮੇ ਪਾਤਸ਼ਾਹ ਦਾ ਗ੍ਰੰਥ ਦਾ ਪ੍ਰਕਾਸ਼ ਉਨ੍ਹਾਂ ਦੇ ਸਾਹਮਣੇ ਹੁੰਦਾ ਹੈ। ਉਹ ਸਭ ਆਪਣੇ ਸਿਰ ਉਨ੍ਹਾਂ ਧਰਮ-ਗ੍ਰੰਥਾਂ ਅੱਗੇ ਨਿਵਾਉਂਦੇ ਹਨ, ਅਤੇ ਪੁਕਾਰਦੇ ਹਨ: 'ਵਾ! ਗੁਰੂ ਜੀ ਦਾ ਖ਼ਾਲਸਾ! ਵਾ! ਗੁਰੂ ਜੀ ਦੀ ਫਤਹਿ!' ਬਹੁਤ ਸਾਰਾ ਪ੍ਰਸ਼ਾਦ, ਜੋ ਕਿ ਗੰਧੁਮ, ਘਿਉ ਅਤੇ ਸ਼ੱਕਰ ਨਾਲ ਬਣਿਆ ਹੁੰਦਾ ਹੈ, ਉਸ ਸਮੇਂ ਉਨ੍ਹਾਂ ਪਵਿੱਤਰ ਗ੍ਰੰਥਾਂ (ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ) ਦੇ ਸਾਹਮਣੇ ਰਖਿਆ ਜਾਂਦਾ ਹੈ, ਅਤੇ ਇੱਕ ਕਪੜੇ ਨਾਲ ਢੱਕ ਦਿੱਤਾ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਦੀ ਆਪਣੇ ਸਿਧਾਂਤਾਂ ਨੂੰ ਅਮਲੀ ਰੂਪ ਵਿਚ ਉਹ ਜਜ਼ਬਾ ਸਿੱਖਾਂ ਵਿਚ ਭਰ ਦਿੱਤਾ। ਇਸ ਵਿਚ ਉਹਨਾਂ ਨੇ ਆਪਣੀ ਰਚਨਾ ਦਸਮੇ ਪਾਤਸ਼ਾਹ ਕਾ ਗ੍ਰੰਥ ਰਚਿਆ। ਇਸ ਨੂੰ ਕੇਵਲ ਧਾਰਮਿਕ ਅਤੇ ਅਧਿਆਤਕ ਸਿਖਿਆਵਾਂ ਤਕ ਹੀ ਨਹੀਂ ਸੀਮਤ ਕੀਤਾ ਬਲਕਿ ਇਸ ਵਿਚ ਆਪਣੀਆਂ ਜੰਗਾਂ ਬਹਾਦੁਰੀ ਦਾ ਜਜ਼ਬਾ ਸਰਸ਼ਾਰ ਕੀਤਾ। ਸਿੱਖਾਂ ਵਿਚ ਇਸ ਗ੍ਰੰਥ ਦਾ ਵੀ ਗੁਰੂ ਅਰਜਨ ਦੇਵ ਜੀ ਦੇ ਆਦਿ ਗ੍ਰੰਥ ਜਿਤਨਾ ਸਤਿਕਾਰ ਅਤੇ ਸ਼ਰਧਾ ਸੀ।

ਇਸ ਸਾਰੇ ਬ੍ਰਿਤਾਂਤ ਤੋਂ ਸਪਸ਼ਟ ਹੈ ਕਿ ਖਾਲਸੇ ਦੀ ਹੋਂਦ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਤੇ ਟਿਕੀ ਹੋਈ ਹੈ। ਦੋਹਾਂ ਵਿਚੋਂ ਕਿਸੇ ਇਕ ਨੂੰ ਵੀ ਵੱਖ ਨਹੀਂ ਕੀਤਾ ਜਾ ਸਕਦਾ।

editor@santsipahi.org
www.santsipahi.org;
www.patshahi10.org

# ਇਹ ਜੋਰੀ ਜਿਯੋ ਜੁਗ ਚਾਰ ਤਿਹਾਰੀ ॥

## (ਛਪ ਰਹੀ ਪੁਸਤਕ ਸ੍ਰੀ ਦਸਮ ਗੋਸਟਿ ਵਿਚੋਂ)

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ।। (ਮ: ੯ ੧੪੨੭) ਪੰਜ ਤਤਾਂ ਨਾਲ ਸਿਰਜੇ ਇਸ ਸਰੀਰ ਨੂੰ ਸੰਪੂਰਨਤਾ ਲਈ ਚਾਰ ਪਦਾਰਥ ਅਰਥ, ਧਰਮ, ਕਾਮ ਅਤੇ ਮੋਖ ਚਾਹੀਦੇ ਹਨ। ਚਾਰਿ ਪਦਾਰਥ ਜੇ ਕੋ ਮਾਗੈ।। ਸਾਧ ਜਨਾ ਕੀ ਸੇਵਾ ਲਾਗੈ।। (ਮ: ੫ ੨੬੬)। ਪੰਜਾਂ ਵਿਕਾਰਾਂ ਨੂੰ ਮਾਰਿਆ ਨਹੀਂ ਜਾ ਸਕਦਾ। ਇਹਨਾਂ ਨੂੰ ਕਾਬੂ ਕੀਤਾ ਜਾ ਸਕਦਾ ਹੈ। ਇਸ ਲਈ ਵਿਆਹ, ਨਿਕਾਹ, ਮੈਰਜ ਆਦਿ ਵੱਖ ਵੱਖ ਨਾਮ ਦੇ ਕੇ ਮਰਯਾਦਾ ਚਲਾਈ ਗਈਆਂ। ਪਰ ਗ੍ਰਹਿਸਤ ਦੀ ਮਰਯਾਦਾ ਨੂੰ ਸਤਿਗੁਰੂ ਜੀ ਨੇ ਅਹਿਮ ਅਤੇ ਉੱਤਮ ਮੰਨਿਆ ਹੈ। ਇਸਲਾਮ ਵਿਚ ਨਿਕਾਹ ਇਕ ਕਰਾਰ ਨਾਮਾ ਹੈ। ਹਿੰਦੂ ਮਤ ਵਿਚ ਜੀਵਨ ਨੂੰ ਚਾਰ ਆਸ਼ਰਮਾਂ ਵਿਚ ਵੰਡਿਆ ਗਿਆ ਹੈ। ਬ੍ਰਹਮਚਰਜ, ਗ੍ਰਿਹਸਤ, ਵਾਨਪ੍ਰਸਥ ਅਤੇ ਸੰਨਿਆਸ। ਇੱਥੇ ਵਿਆਹ ਇਕ ਆਸ਼ਰਮ ਹੈ। ਪਰ ਗੁਰਮਤਿ ਵਿਚ ਗ੍ਰਹਿਸਤ ਨਾ ਤਾਂ ਕੋਈ ਕਰਾਰਨਾਮਾ ਜਾਂ ਆਸ਼ਰਮ ਹੈ, ਬਲਕਿ ਇਹ ਤਾਂ ਧਰਮ ਹੈ। ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ। (ਕਬਿੱਤ ੩੭੬)। ਗੁਰਮਤਿ ਨੇ ਗ੍ਰਿਹਸਤ ਨੂੰ ਧਰਮ ਕਰ ਕੇ ਜਾਣਿਆ ਹੈ।

ਕਈਆਂ ਨੇ ਇਸ ਗ੍ਰਹਿਸਤ ਨੂੰ ਤਿਆਗਣਾ ਹੀ ਧਰਮ ਮੰਨ ਲਿਆ। ਸਤਿਗੁਰੂ ਜੀ ਦੇ ਬਚਨ ਹਨ,

ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ।।

ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ।। (ਮ: ੧ ੧੦੧੩)

ਕਲਗੀਧਰ ਪਿਤਾ ਨੇ ਇਸ ਬਾਰੇ ਬਿੰਦ ਸਾਧ ਲੈਣ ਨਾ, ਨੰਗੇ ਪੈਰੀਂ ਤੁਰਨ ਨਾਲ ਆਦਿ ਕਰਮ ਕਾਂਡ ਕਰਨ ਵਾਲੇ ਅਸਲ ਵਿਚ ਅਪਣੇ ਅੰਗਾਂ ਦੇ ਅਧੀਨ ਹੁੰਦੇ ਹਨ। ਪਰ ਇਹ ਦੋ ਗੱਲਾਂ ਕਾਮ ਅਤੇ ਕਰੋਧ ਵਿਚ ਪੂਰੀ ਪ੍ਰਵੀਣਤਾ ਰਖਦੇ ਹਨ।

ਬਿੰਦ ਕੇ ਸਧਯਾ ਤਾਹਿ ਹੀਜ ਕੀ ਬਡਯਾ ਦੇਤ,
ਬੰਦਰਾ ਸਦੀਵ ਪਾਇ ਨਾਗੇ ਈ ਫਿਰਤ ਹੈ॥
ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ,
ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈ ॥੧॥੭੧॥

ਸਤਿਗੁਰੂ ਜੀ ਕਿਰਪਾ ਕਰਦੇ ਹਨ ਕਿ ਗਿਆਨ ਦੇ ਬਿਨਾ ਇਹ ਸੰਸਾਰ ਸਾਗਰ ਨਹੀਂ ਤਰਿਆ ਜਾ ਸਕਦਾ। ਇਸ ਲਈ ਗੁਰਮਤਿ ਨੇ ਗ੍ਰਹਿਸਤ ਦੀ ਮਹਾਨਤਾ ਦ੍ਰਿੜ ਕਰਵਾਈ ਹੈ।

ਜਿਵੇਂ ਬੰਸਰੀ ਵਿਚ ਕੁਝ ਛੇਕ ਹੁੰਦੇ ਹਨ। ਇਸ ਵਿਚ ਫੂਕਾਂ ਮਾਰਨ ਦੇ ਨਾਲ ਨਾਲ ਇਹਨਾਂ ਛੇਕਾਂ ਨੂੰ ਸਮੇਂ ਸਿਰ ਖੋਲ੍ਹਣ ਅਤੇ ਬੰਦ ਕਰਨ ਨਾਲ ਹੀ ਸੰਗੀਤ ਪੈਦਾ ਹੁੰਦਾ ਹੈ। ਇਸੇ ਤਰ੍ਹਾਂ ਇਸ ਸਰੀਰ ਵਿਚ ਨੌ ਛਿਦ੍ਰ ਹਨ। ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰਾ। ਬੋਲਿ ਹਰਿ ਨਾਮ ਪਵਿਤ੍ਰ ਸਭਿ ਕਿਤਾ।। (ਮ:੪ ੬੬੮) ਇਹ ਸਾਰੇ ਦੇ ਸਾਰੇ ਅਪਵਿਤ੍ਰ ਹਨ ਅਤੇ ਹਰ ਵੇਲੇ ਰਿਸਦੇ ਰਹਿੰਦੇ ਹਨ। ਬਾਂਸ ਤੁਲ ਇਸ ਸਰੀਰ ਵਿਚ ਸਿਮਰਨ ਕਰਨਾ ਫੂਕਾਂ ਮਾਰਨ ਨਿਆਈਂ ਹੈ। ਖਾਲੀ ਫੂਕਾਂ ਮਾਰਨ ਨਾਲ ਕੁਝ ਨਹੀਂ ਹੋਣਾ। ਜਦੋਂ ਫੂਕਾਂ ਮਾਰਨ ਦੇ ਨਾਲ ਨਾਲ ਇਹਨਾਂ ਛੇਕਾਂ ਨੂੰ ਸਮੇਂ ਸਿਰ ਖੋਹਲਣ ਅਤੇ ਬੰਦ ਕਰਨ ਦੀ ਜਾਚ ਆ ਜਾਏ ਤਾਂ ਜੀਵਨ



ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

ਸੰਗੀਤ ਮਈ ਹੋ ਜਾਂਦਾ ਹੈ।

ਜੀਵਨ ਦੀ ਮੁਕੰਮਲਤਾ ਲਈ ਸਤਿਗੁਰੂ ਜੀ ਨੇ ਗ੍ਰਹਿਸਥ ਧਰਮ ਦਾ ਮਾਰਗ ਦਰਸਾਇਆ। ਇਸ ਬਾਰੇ ਗਿ. ਸਾਹਿਬ ਸਿੰਘ ਜੀ ਸ਼ਾਹਬਾਦ ਮਾਰਕੰਡਾ ਵਾਲੇ ਇਕ ਬਹੁਤ ਸੁੰਦਰ ਹਵਾਲਾ ਦਿੰਦੇ ਹਨ ਕਿ ਚੰਪਾ ਦੇ ਫ਼ੁਲ ਨੂੰ ਕਿਸੇ ਕਵੀ ਨੇ ਪੁਛਿਆ ਕਿ ਚੰਪਾ! ਤੇਰੇ ਕੋਲ ਰੂਪ ਵੀ ਹੈ, ਰੰਗ ਵੀ ਹੈ ਅਤੇ ਸੁਗੰਧੀ ਵੀ ਹੈ, ਪਰ ਕੀ ਕਾਰਨ ਹੈ ਕਿ ਭੰਵਰਾ ਹਰ ਫ਼ੁਲ 'ਤੇ ਬੈਠਦਾ ਹੈ ਪਰ ਤੇਰੇ ਕੋਲ ਨਹੀਂ ਆਂਦਾ।

ਚੰਪਾ ਤੁਝ ਮਹਿ ਤੀਨ ਗੁਣ, ਰੂਪ ਰੰਗ ਅਰੁ ਬਾਸ
ਔਗੁਣ ਤੂ ਮਹਿ ਕਉਨ ਹੈ ਭੰਵਰ ਨ ਬੈਠੇ ਪਾਸ

ਇਸ 'ਤੇ ਚੰਪਾ ਨੇ ਜਵਾਬ ਦਿੱਤਾ ਕਿ ਐ ਮਿੱਤਰ, ਮੇਰੇ ਵਿਚ ਰੂਪ ਵੀ ਹੈ, ਰੰਗ ਵੀ ਅਤੇ ਸੁਗੰਧੀ ਵੀ ਹੈ ਪਰ ਥਾਂ ਥਾਂ ਦੇ 'ਜਾਰ' ਇਸ ਭੰਵਰੇ ਨੂੰ ਕੋਈ ਕਿਵੇਂ ਨਾਲ ਬਿਠਾ ਸਕਦਾ ਹੈ?

ਮਿੱਤਰ ਮੁਝ ਮਹਿ ਤੀਨ ਗੁਣ, ਰੂਪ ਰੰਗ ਅਰੁ ਬਾਸ
ਜਗ੍ਹਾ ਜਗ੍ਹਾ ਕੇ ਮੀਤ ਕੋ ਕਉਨ ਬਿਠਾਵੇ ਪਾਸ।

ਇਸ ਸੰਜੋਗ ਲਈ ਗੁਰਮਤਿ ਨੇ ਅਨੰਦ ਕਾਰਜ ਸੰਸਕਾਰ ਦਿੱਤਾ ਹੈ। ਇੱਥੇ ਸਤਿਗੁਰੂ ਜੀ ਨੇ ਇਹ ਜੋਰੀ ਜਿਯੋ ਜੁਗ ਚਾਰਿ ਤਿਹਾਰੀ ॥੧੧॥ ਅਤੇ ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ॥ ਵਾਲੇ ਦੋ ਸ਼ਬਦ ਬਖਸ਼ਿਸ ਕੀਤੇ ਹਨ। ਇਹ ਸਤਿਗੁਰੂ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਦੀ ਕਲਮ ਤੋਂ ਵਿਗਸੀ ਉਹ ਅਗੰਮੀ ਅਸੀਸ ਹੈ ਜੋ ਅਨੰਦ ਕਾਰਜ ਸਮੇਂ ਨਵੀਂ ਜੋੜੀ ਨੂੰ ਦਿੱਤੀ ਜਾਂਦੀ ਹੈ। ਇਹ ਸੰਜੋਗ ਭਾਵੇਂ ਕਿਸੇ ਵੀ ਧਰਮ ਦਾ ਹੋਵੇ ਜਾਂ ਕਿਸੇ ਵੀ ਫਿਰਕੇ ਦਾ। ਇਹ ਅਸੀਸ ਬਹੁਤ ਹੀ ਭਾਵ ਪੂਰਤ ਹੈ।

ਪਹਿਲਾ ਸ਼ਬਦ ਹੈ,

**ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ॥**
**ਪੂਤ! ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ॥**
**ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ॥**
**ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥**
**ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ॥**
**ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ ॥**
**ਪਰ ਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ॥**
**ਹੋ ਪਰ ਨਾਰੀ ਕੇ ਹੇਤ ਕਟਕ ਕਵਰਨ ਕੌ ਘਾਯੋ ॥੫੨॥**
**ਪਰ ਨਾਰੀ ਸੌ ਨੇਹੁ ਛੁਰੀ ਪੈਨੀ ਕਰਿ ਜਾਨਹੁ॥**
**ਪਰ ਨਾਰੀ ਕੇ ਭਜੇ ਕਾਲ ਬਯਾਪਯੋ ਤਨ ਮਾਨਹੁ॥**
**ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ॥**

ਇਸ ਸ਼ਬਦ ਵਿਚ ਮੰਤ੍ਰੀ ਭੂਪਤ ਸੰਵਾਦ ਵਿਚ ਵਰਣਤ ਕਹਾਣੀ ਰਾਹੀਂ ਸਤਿਗੁਰੂ ਜੀ ਨੇ ਦਰਸਾਇਆ ਕਿ ਕਿਵੇਂ ਇਕ ਰਾਇ ਜਦੋ ਕਾਮ ਜਾਲ ਵਿਚ ਬੁਰੀ ਤਰ੍ਹਾਂ ਘਿਰ ਜਾਂਦਾ ਹੈ, ਨਿਕਲਣ ਦਾ ਕੋਈ ਰਾਹ ਨਜ਼ਰ ਨਹੀਂ ਆਂਦਾ, ਫਿਰ ਵੀ ਆਪਣੀ ਸਿਆਣਪ, ਚਤੁਰਾਈ ਅਤੇ ਢੰਗ ਨਾਲ ਸੁਰਖ਼ੂ ਹੋ ਕਿ ਨਿਕਲ ਆਂਦਾ ਹੈ। ਇਹ ਤਾਂ ਕਮਾਲ ਦੀ ਰਚਨਾ ਹੈ। ਇਹ ਛੰਦ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਢਾਹ ਢੇਰੀ ਕਰ ਦਿੱਤੀ ਗਈ ਇਮਾਰਤ ਦੇ ਅੰਦਰ ਮਹਿਰਾਬ ਤੇ ਉਕਰਿਆ ਹੁੰਦਾ ਸੀ। ਹੁਣ ਨਹੀਂ ਹੈ।

ਦੂਸਰਾ ਸ਼ਬਦ ਹੈ,

**ਸਵੈਯਾ॥ ਢੋਲ ਮ੍ਰਿਦੰਗ ਬਜੇ ਸਭ ਹੀ ਘਰ ਯੌ ਪੁਰ ਆਜੁ ਕੁਲਾਹਲ ਭਾਰੀ॥**
**ਗਾਵਤ ਗੀਤ ਬਜਾਵਤ ਤਾਲ ਦਿਵਾਵਤ ਆਵਤਿ ਨਾਗਰਿ ਗਾਰੀ ॥**
**ਭੇਰ ਹਜਾਰ ਬਜੀ ਇਕ ਬਾਰ ਮਹਾ ਛਬਿਯਾਰ ਹਸੈ ਮਿਲਿ ਨਾਰੀ ॥**
**ਦੇਹਿ ਅਸੀਸ ਕਹੈਂ ਜਗਦੀਸ! ਇਹ ਜੋਰੀ ਜਿਯੋ ਜੁਗ ਚਾਰਿ ਤਿਹਾਰੀ ॥੧੧॥**

ਇਹ ਦੋਨੋਂ ਅਸੀਸਾਂ ਸਾਰੀ ਮਾਨਵਤਾ ਲਈ ਨਾਯਾਬ ਰਤਨ ਹਨ। ਪਰ ਹੈਰਾਨੀ ਹੈ ਕਿ ਇਸ ਬਾਰੇ ਗੁਰੂ ਨਿੰਦਾ ਭਰਪੂਰ ਇਕ ਟਿੱਪਣੀ ਕੀਤੀ ਗਈ ਕਿ,



**ਸ੍ਰੀ ਅਕਾਲ ਤਖ਼ਤ ਸਾਹਿਬ ਤੇ - ਹੁਣ ਨਹੀਂ ਹੈ**

'ਜੋੜੀ ਜੀਏ ਜੁਗ ਚਾਰ ਤਿਹਾਰੀ' ਅਤੇ 'ਸੁਧ ਜਬ ਤੇ ਹਮ ਧਰੀ'....ਇਹਨਾਂ ਰਚਨਾਵਾਂ ਦਾ ਅੱਗਾ-ਪਿੱਛਾ ਵੀਚਾਰਿਆਂ ਤਾ ਹੋਰ ਵੀ ਸਪਸ਼ਟ ਹੋ ਜਾਂਦਾ ਹੈ ਕਿ ਇਹਨਾਂ ਦਾ ਸਬੰਧ ਅਜਿਹੀਆਂ ਅਸ਼ਲੀਲ ਅਤੇ ਲੱਚਰ ਰਚਨਾਵਾਂ ਨਾਲ ਹੈ ਜਿਨ੍ਹਾਂ ਨੂੰ ਜਾਨਣ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਕੋਈ ਵੀ ਸਿੱਖ ਪੜ੍ਹਣਾ ਤਾਂ ਕਿਤੇ ਰਿਹਾ ਸੁਣਨਾ ਵੀ ਬਰਦਾਸ਼ਤ ਨਹੀਂ ਕਰ ਸਕਦਾ।

(ਅਨੰਦ ਕਾਰਜ ਲਾਵਾਂ ਸਟੀਕ, ਪੰਨਾ .੧੮)

ਹਿੰਦੂ ਪੌਰਾਣਿਕ ਗ੍ਰੰਥਾਂ ਵਿਚ ਬਹੁਤ ਸਾਰੇ ਐਸੇ ਪਾਤਰ ਹਨ ਜਿਨ੍ਹਾਂ ਦਾ ਜਨਮ ਅਲੌਕਿਕ ਤਰੀਕਿਆਂ ਨਾਲ ਹੋਇਆ, ਜਿਵੇਂ ਅਗਨੀ, ਧਰਤੀ, ਸਮੁੰਦਰ, ਪਸੀਨੇ, ਜਗਿਆ, ਜਾਂ ਦੈਵੀ ਸ਼ਕਤੀਆਂ ਦੇ ਸੰਯੋਗ ਨਾਲ। ਇਹਨਾਂ ਵਿਚੋਂ ਕੁਝ ਨਾਮ ਹਨ ਦ੍ਰੋਪਦੀ, ਸੀਤਾ, ਗਣੇਸ਼, ਹਨੂਮਾਨ, ਕਾਰਤਿਕੇਅ, ਅਰੁਣ, ਅੰਦਕਾਸੁਰ, ਜਲੰਧਰ। ਇਹ ਹਿੰਦੂ ਪੌਰਾਣਿਕ ਕਥਾਵਾਂ ਦੀ ਅਲੌਕਿਕਤਾ ਅਤੇ ਦੈਵੀ ਸ਼ਕਤੀਆਂ ਦੀ ਮਹੱਤਤਾ ਨੂੰ ਦਰਸਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਨੇ ਇਹਨਾਂ ਕਿਰਦਾਰਾਂ ਦੇ ਮਿਥਿਹਾਸਕ ਰੂਪ ਵਿਚ ਹਵਾਲੇ ਦਿੱਤੇ ਹਨ ਨਾ ਕਿ ਇਤਿਹਾਸਕ ਰੂਪ ਵਿਚ।

ਹਿੰਦੂ ਮਿਥਿਹਾਸਕ ਪਾਤਰਾਂ ਦੀ ਤਰ੍ਹਾਂ ਗ੍ਰੀਕ (ਯੂਨਾਨੀ), ਰੋਮਨ ਅਤੇ ਹੋਰ ਮਿਥਿਹਾਸ ਵਿਚ ਵੀ ਐਥੀਨਾ, ਐਫਰੋਡਾਈਟ, ਹੇਫੇਸਟਸ, ਡਾਇਓਨਾਈਸਸ ਅਤੇ ਏਰਿਕਥੋਨੀਅਸ ਵਰਗੇ ਪਾਤਰ ਅਲੌਕਿਕ ਜਨਮ ਦੀਆਂ ਮਿਸਾਲਾਂ ਜਿਹਨਾਂ ਦਾ ਜਨਮ ਮਾਤਾ ਪਿਤਾ ਦੇ ਸੰਜੋਗ ਦੇ ਬਿਨਾਂ ਦਰਸਾਇਆ ਜਾਂਦਾ ਹੈ। ਵਿਸ਼ੇਸ਼ ਤੌਰ ਤੋਂ ਹਜ਼ਰਤ ਈਸਾ ਮਸੀਹ ਦਾ ਜਨਮ ਵੀ ਵਰਜਿਨ ਮੇਰੀ ਜਾਂ ਕੁੰਵਾਰੀ ਮੇਰੀ ਦੀ ਕੁੱਖੋਂ ਹੋਇਆ। ਇਹ ਸ਼ਾਇਦ ਪਵਿਤ੍ਰਤਾ ਦਾ ਲਖਾਇਕ ਮੰਨਦੇ ਹਨ।

ਉਕਤ ਨਿਰੋਲ ਕਾਲਪਨਿਕ ਮਿਥਿਹਾਸਕ ਕਹਾਣੀ ਅਨੁਸਾਰ ਰਿਸ਼ੀ ਨੇ ਜਦੋਂ ਅਪਸਰਾ ਰੰਭਾ ਵੇਖੀ ਤਾਂ ਉਸ ਦਾ ਵੀਰਜ ਪਾਤ ਹੋ ਗਿਆ। ਉਸ ਵਿਚੋਂ ਇਕ ਕੰਨਿਆ ਦਾ ਜਨਮ ਹੋਇਆ ਜੋ ਉਸਨੇ ਨਦੀ ਵਿਚ ਰੋਹੜ ਦਿੱਤੀ। ਉਸ ਬੱਚੀ ਨੂੰ ਕਿਸੇ ਨੇ ਪਾਲਿਆ ਤੇ ਬਾਅਦ ਵਿਚ ਕਿਸੇ ਰਾਜੇ ਨਾਲ ਉਸਦਾ ਵਿਆਹ ਹੋਇਆ। ਉਸਦੇ ਵਿਆਹ ਦਾ ਸਤਿਗੁਰੂ ਜੀ ਨੇ ਬਹੁਤ ਹੀ ਸੁੰਦਰ ਅਲੰਕਾਰਾਂ ਨਾਲ ਵਰਣਨ ਕਰਕੇ ਅਸੀਸ ਦਰਜ ਕੀਤੀ।

ਕਲਗੀਧਰ ਪਿਤਾ ਵਲੋਂ ਦਿੱਤੀ ਇਹ ਅਸੀਸ ਜੋਰੀ ਜਿਯੋ ਜੁਗ ਚਾਰ ਤਿਹਾਰੀ ਅਤੇ ਸੁਧ ਜਬ ਤੇ ਹਮ ਧਰੀ ਵਾਲੀ ਤਾੜਨਾ ਇਤਨੀ ਅਭਾਵ ਪੂਰਤ ਹੈ ਕਿ ਹਰ ਅਨੰਦ ਕਾਰਜ ਸਮੇਂ ਇਹ ਜ਼ਰੂਰ ਪੜ੍ਹੀਆਂ ਜਾਣੀਆਂ ਚਾਹੀਦੀਆਂ ਹਨ।

editor@santsipahi.org
www.santsipahi.org;
www.patshahi10.org

ਗੁਰੂ ਗ੍ਰੰਥ ਸਾਹਿਬ ਦੇ 421ਵੇਂ ਪਹਿਲੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼ :

# ਗੁਰੂ ਗ੍ਰੰਥ ਸਾਹਿਬ ਦੀ ਗੁਰਮੁਖੀ ਬੋਲੀ ਅਤੇ ਗੁਰਮੁਖੀ ਲਿਪੀ

(ਦੂਜੀ ਤੇ ਆਖਰੀ ਕਿਸ਼ਤ)

ਜਿੱਥੇ ਗੁਰੂ ਗ੍ਰੰਥ ਸਾਹਿਬ ਦੀ 'ਲਿਪੀ ਗੁਰਮੁਖੀ' ਹੈ, ਉਥੇ 'ਬੋਲੀ ਵੀ ਗੁਰਮੁਖੀ' ਹੈ। ਗੁਰਬਾਣੀ ਸਾਹਿਤ ਦੀ ਵਿਲੱਖਣ ਨੁਹਾਰ ਦਾ ਕਾਰਨ ਗੁਰਮੁਖੀ ਬੋਲੀ ਦੇ ਰੂਪ ਵਿੱਚ ਰਹੱਸਮਈ ਰੂਹਾਨੀ ਪ੍ਰਗਟਾਵਾ ਸਮੇਂ ਤੇ ਸਥਾਨ ਦੀ ਸੀਮਾ ਤੋਂ ਮੁਕਤ ਭਾਸ਼ਾ ਦਾ ਸੁਮੇਲ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀ ਗੁਰਮੁਖੀ ਸਦੀਵੀ ਸਮਝੀ ਜਾਣ ਵਾਲੀ, ਲੋਕ-ਮੁਹਾਵਰੇ ਵਾਲੀ ਸਾਧਾਰਨ ਲੋਕਾਂ ਦੀ ਬੋਲੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਮੁੱਚੀ ਬਾਣੀ ਦੀ ਲਿਪੀ ਜਿੱਥੇ ਗੁਰਮੁਖੀ ਹੈ, ਉਥੇ ਇਸ ਵਿੱਚ ਵੱਖ- ਵੱਖ ਭਾਸ਼ਾਵਾਂ ਮਿਲਦੀਆਂ ਹਨ।

ਗੁਰੂ ਗ੍ਰੰਥ ਸਾਹਿਬ ਮੱਧ-ਕਾਲ ਦੀਆਂ ਅਨੇਕਾਂ ਭਾਸ਼ਾਵਾਂ, ਜਿਵੇਂ ਅਪਭ੍ਰੰਸ਼, ਪ੍ਰਕਿਰਤ, ਪੰਜਾਬੀ, ਸਿੰਧੀ, ਦੱਖਣੀ, ਬ੍ਰਿਜ ਭਾਸ਼ਾ, ਮਰਾਠੀ, ਮੈਥਿਲੀ, ਲਗਾਥਾ, ਭੋਜਪੁਰੀ, ਸਧੁੱਕੜੀ, ਰੇਖਤਾ, ਬਾਂਗੜੂ, ਬਾਗੜੀ, ਫਾਰਸੀ, ਸੰਸਕ੍ਰਿਤੀ ਤੇ ਹਿੰਦੀ ਆਦਿ ਬੋਲੀਆਂ ਦਾ ਮਹਾਨ ਖ਼ਜ਼ਾਨਾ ਹੈ। ਗੁਰਬਾਣੀ ਦਾ ਵੱਡਾ ਹਿੱਸਾ ਪੰਜਾਬ ਵਿੱਚ ਲਿਖਿਆ ਹੋਣ ਕਰਕੇ ਇਸ ਬੋਲੀ ਦਾ ਜੁੱਸਾ, ਮੁਹਾਵਰਾ ਤੇ ਸ਼ੈਲੀ, ਵਿਸ਼ੇਸ਼ ਰੂਪ ਵਿੱਚ ਪੰਜਾਬੀ ਹੈ, ਪਰ ਫਿਰ ਵੀ ਇਹ ਬੋਲੀ ਪੂਰਨ ਤੌਰ 'ਤੇ ਪੰਜਾਬੀ ਨਹੀਂ, ਇਸ ਨੂੰ 'ਗੁਰਮੁਖੀ ਬੋਲੀ' ਕਹਿਣਾ ਹੀ ਉਚਿਤ ਹੋਏਗਾ।

**ਗੁਰਬਾਣੀ ਸ਼ਬਦ : ਮੁਹਾਵਰੇ ਅਖਾਣ ਅਤੇ ਲੋਕ ਬੋਲੀ ਦੇ ਰੂਪ ਵਿੱਚ :**

ਗੁਰਬਾਣੀ ਮੁੱਖ ਤੌਰ 'ਤੇ ਲੋਕ-ਬੋਲੀ ਤੇ ਲੋਕ-ਮੁਹਾਵਰੇ ਵਿੱਚ ਹੋਣ ਕਰਕੇ ਲੋਕ-ਸਾਹਿਤ ਦੀ ਸਿਰਮੌਰ ਬਣ ਗਈ ਹੈ। ਮਿਸਾਲ ਵਜੋਂ ਗੁਰਬਾਣੀ ਦੇ ਇਹ ਸ਼ਬਦ ਮੁਹਾਵਰੇ ਅਤੇ ਅਖਾਣ ਬਣ ਚੁੱਕੇ ਹਨ :

**ਮਿਠੁਤ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ ॥**

**ਆਸਾ ਦੀ ਵਾਰ, ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ : ਅੰਗ 470**

**ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥**
**ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥**

**ਸਲੋਕੁ ਸੇਖ ਫਰੀਦ ਕੇ, ਅੰਗ; 1379**

**ਮਨ ਜੀਤੈ ਜਗੁ ਜੀਤੁ ॥**

**ਜਪੁ, ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ : ਅੰਗ 6**

**ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥**
**ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ ॥**

**ਸੂਹੀ ਮਹਲਾ ਪਹਿਲਾ, ਛੰਤ ਗੁਰੂ ਗ੍ਰੰਥ ਸਾਹਿਬ : ਅੰਗ 767**

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥**

**ਜਪੁ, ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ : ਅੰਗ 8**

**ਘਰਿ ਘਰਿ ਮੀਆ ਸਭਨਾ ਜੀਆਂ ਬੋਲੀ ਅਵਰ ਤੁਮਾਰੀ ॥**

**ਬਸੰਤੁ ਮਹਲਾ ਪਹਿਲਾ - ਗੁਰੂ ਗ੍ਰੰਥ ਸਾਹਿਬ : ਅੰਗ 1191**

**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥**
**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥**

**ਸ਼ੇਖ ਫਰੀਦ, ਗੁਰੂ ਗ੍ਰੰਥ ਸਾਹਿਬ : ਅੰਗ 1380**

**ਜਬ ਲਗੁ ਦੁਨੀਆ ਰਹੀਐ ਨਾਨਕ**
**ਕਿਛੁ ਸੁਣੀਐ ਕਿਛੁ ਕਹੀਐ ॥**

**ਧਨਾਸਰੀ ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ : ਅੰਗ 661**

**ਫਿਟੁ ਇਵੇਹਾ ਜੀਵਿਆ ਜਿਤੁ ਖਾਹਿ ਵਧਾਇਆ ਪੇਟੁ ॥**

**ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ ਅੰਗ 790**

**ਹਕੁ ਪਰਾਇਆ ਨਾਨਕਾ,**
**ਉਸ ਸੂਅਰੁ ਉਸ ਗਾਇ ॥**
**ਗੁਰੁ ਪੀਰੁ ਹਾਮਾ ਤਾ ਭਰੇ,**
**ਜਾ ਮੁਰਦਾਰੁ ਨ ਖਾਇ ॥**

**ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ ਅੰਗ 141**



ਡਾ. ਗੁਰਵਿੰਦਰ ਸਿੰਘ
604 825 1550

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥**

**ਮਹਲਾ ਪਹਿਲਾ, ਗੁਰੂ ਗ੍ਰੰਥ ਸਾਹਿਬ ਅੰਗ 16**

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥**

**ਮਹਲਾ ਤੀਜਾ, ਗੁਰੂ ਗ੍ਰੰਥ ਸਾਹਿਬ ਅੰਗ 788**

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥**

**ਸਲੋਕੁ ਮਹਲਾ 9 ਅੰਗ:1427**

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥**

**ਰਾਗੁ ਗੂਜਰੀ ਵਾਰ, ਮਹਲਾ 5 ਗੁਰੂ ਗ੍ਰੰਥ ਸਾਹਿਬ ਅੰਗ : 522**

**ਗੁਰੂ ਗ੍ਰੰਥ ਸਾਹਿਬ ਵਿੱਚ ਸ਼ਬਦ ਭੰਡਾਰ :**

ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਭੰਡਾਰ ਵਿੱਚ ਚਿੰਨ੍ਹ, ਪ੍ਰਤੀਕ, ਅਲ਼ੰਕਾਰ, ਰਸ, ਸ਼ਬਦ-ਚਿੱਤਰ, ਬੋਲ-ਚਿਤੱਰ ਤੇ ਭਾਵ-ਚਿੱਤਰ ਅਨੇਕਾਂ ਰਹੱਸਮਈ ਭਾਵਾਂ ਨੂੰ ਉਜਾਗਰ ਕਰਨ ਲਈ ਵਰਤੇ ਗਏ ਹਨ, ਜਿਵੇ ਧਰਤੀ-ਅਕਾਸ਼, ਬਾਰਕੁ-ਮਾਤਾ, ਸਹੁਰਾ-ਪੇਕਾ, ਸੁਹਾਗਣ-ਦੁਹਾਗਣ, ਬੇੜੀ-ਤੁਲਹਾ, ਬੋਹਿਥ-ਸਾਗਰ, ਮੱਛਲੀ-ਕਮਲ, ਭਉਰ-ਮਿਰਗ ਆਦਿ ਅਨੇਕਾਂ ਘਰੋਗੀ ਅਤੇ ਕੁਦਰਤੀ ਵਸਤੂਆਂ ਦੁਆਲੇ ਬਿੰਬ ਤੇ ਪ੍ਰਤੀਕ ਉਸਰਦੇ ਹਨ।

ਗੁਰਮਤਿ ਕਾਵਿ ਵਿੱਚ ਵਰਤੇ ਗਏ ਪਿੰਗਲ ਦੇ ਪ੍ਰਮੁੱਖ ਛੰਦ ਦੋਹਿਰਾ, ਸੋਰਠਾ, ਦਵੈਯਾ, ਸਵੈਯਾ, ਚੌਂਪਾਈ, ਝੂਲਨਾ, ਨਿਸ਼ਾਨੀ, ਸਿਰਖੰਡੀ, ਹੰਸਗੀਤ, ਚਿਤਰਕਲਾ, ਛਪੈ, ਸਾਰ, ਸਰਸੀ, ਹਾਕਲ, ਉਗਾਹਾ, ਉਲਾਲਾ, ਰੂਪਮਾਲਾ, ਰਡ, ਅੰਮ੍ਰਿਤ, ਘਟ, ਕਜਲ, ਕਲਸ, ਘਨਾਛੀਰ ਆਦਿ ਦੀ ਮੌਜੂਦਗੀ ਬੇਹੱਦ ਪ੍ਰਭਾਵਸ਼ਾਲੀ ਹੈ, ਪਰ ਗੁਰੂ ਗ੍ਰੰਥ ਸਾਹਿਬ ਵਿੱਚ 'ਅਹਿਮੀਅਤ ਛੰਦ-ਘਾੜਤ ਨੂੰ ਨਹੀਂ, ਸਗੋਂ ਭਾਵ-ਪ੍ਰਗਟਾਵੇ' ਨੂੰ ਦਿੱਤੀ ਗਈ ਹੈ।

**ਗੁਰੂ ਗ੍ਰੰਥ ਸਾਹਿਬ ਵਿੱਚ ਲੋਕ ਕਾਵਿ ਰੂਪ :**

ਬਾਣੀਕਾਰ ਆਵੇਸ਼ ਵਿੱਚ ਉਗਮਦੀ ਸਰੋਧ-ਹੂਕ ਦੇ ਧੁਰੋਂ ਉੱਠਣ 'ਤੇ ਰਚਨਾ ਕਰਦੇ ਹਨ ਅਤੇ ਛੰਦਾ-ਬੰਦੀ ਦੀ ਕੈਦ ਨੂੰ ਨਹੀਂ ਸਵੀਕਾਰਦੇ। ਬਾਣੀਕਾਰ ਜ਼ਿਆਦਾਤਰ ਜਨ-ਸਾਧਾਰਨ ਦੇ ਪ੍ਰਚਲਤ ਛੰਦਾਂ ਨੂੰ ਅਪਨਾ ਕੇ ਲੋਕ-ਕਾਵਿ ਰੂਪਾਂ ਦੋਹੇ, ਛੰਤ, ਘੋੜੀਆਂ, ਲਾਵਾਂ, ਅਲਾਹੁਣੀਆਂ, ਬਾਰਾਮਾਹ, ਗੋਸਟ, ਸਲੋਕ, ਸੋਹਿਲਾ, ਆਰਤੀ, ਬਾਵਨ ਅਖਰੀ, ਕਾਫ਼ੀ, ਮੰਗਲ, ਛਿੰਝ, ਰੁੱਤਾਂ, ਥਿਤਾਂ, ਪਹਿਰ ਦਿਨ ਰੈਣਿ, ਫੁਨਹੇ, ਕਰਹਲੇ, ਗੁਣਵੰਤੀ, ਸੁਚਜੀ, ਕੁਚਜੀ, ਅੰਜਲੀ, ਸਤਵਾਰਾ, ਬਿਸ਼ਨਪਦਾ, ਗੀਤ, ਵਾਰਾਂ ਆਦਿ ਵਿੱਚ ਬਾਣੀ ਰਚਨਾ ਕਰਦੇ ਹਨ।

**ਗੁਰੂ ਗ੍ਰੰਥ ਸਾਹਿਬ ਵਿੱਚ ਕੀਰਤਨ ਦੀ ਅਹਿਮੀਅਤ:**

ਗੁਰੂ ਗ੍ਰੰਥ ਸਾਹਿਬ ਵਿੱਚ ਰੂਹ ਨੂੰ ਰੱਬ ਨਾਲ ਇਕਸੁਰ ਤੇ ਇਕਾਗਰ ਕਰਨ ਦਾ ਪ੍ਰਮੁੱਖ ਸਾਧਨ ਕੀਰਤਨ ਹੈ। ਜਿੱਥੇ ਸ਼ਾਸਤਰੀ ਸੰਗੀਤ ਵਿੱਚ ਗਾਇਕੀ, ਹਰਕਤ ਵੱਧ ਤੇ ਬੋਲ ਘੱਟ ਹੁੰਦੇ ਹਨ, ਉਥੇ ਕੀਰਤਨ (ਗੁਰਮਤਿ ਸੰਗੀਤ) ਵਿੱਚ ਬਾਣੀ ਵਧੇਰੇ ਅਤੇ ਗਾਇਕੀ ਘੱਟ ਹੁੰਦੀ ਹੈ। ਗੁਰਬਾਣੀ ਦਾ ਉਪਦੇਸ਼ ਸ਼ਾਸਤਰੀ ਢੰਗਾਂ ਨਾਲ਼ ਰਾਗਾਂ ਦਾ ਪ੍ਰਚਾਰ ਕਰਨਾ ਨਹੀਂ, ਸਗੋਂ ਸਹਿਜ, ਸੁਖੈਨ ਤੇ ਸੁਭਾਵਿਕ ਕੀਰਤਨ ਰਾਹੀ, ਰੱਬੀ ਅਨੁਭਵ ਦਾ ਪ੍ਰਗਟਾਵਾ ਕਰਦੇ ਹੋਏ, ਲੈਅ-ਭਰਪੂਰ 'ਨਾਮ ਵਾਲੀ ਸ਼ਖ਼ਸੀਅਤ' ਦੀ ਉਸਾਰੀ ਕਰਨਾ ਹੈ। ਦਿਮਾਗੋਂ ਰਾਗ, ਦਿਲੋਂ ਧੁਨ, ਹਿਰਦੇ ਤੋਂ ਸੁਰਤ, ਹੱਥੋਂ ਸਾਜ, ਮੂੰਹੋਂ ਸੁਰਾਂ, ਕੰਨੋਂ ਤਾਨ ਅਤੇ ਪੈਰੋਂ ਨ੍ਰਿਤਕਾਰੀ ਆਦਿ ਸਾਰੀ ਸਮੱਗਰੀ ਅਕਾਲ-ਪੁਰਖ ਨਾਲ ਇਕ-ਮਿੱਕ ਤੇ ਇੱਕਸੁਰ ਹੋਣ ਦੇ ਸਾਧਨ ਹਨ।

**ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 31 ਰਾਗ :**

ਗੁਰੂ ਗ੍ਰੰਥ ਸਾਹਿਬ ਦੇ ਪੰਨਾ 14 ਤੋਂ ਲੈ ਕੇ 1352 ਤੱਕ ਸਾਰੀ ਬਾਣੀ ਸਭ ਮੱਤਾਂ, ਮੌਸਮਾਂ ਤੇ ਰੁੱਤਾਂ ਨਾਲ ਸੰਬੰਧਿਤ 31 ਰਾਗਾਂ ਵਿੱਚ ਰਚੀ ਹੈ, ਜੋ ਕ੍ਰਮਵਾਰ ਸਿਰੀ ਰਾਗ, ਮਾਝ, ਗਉੜੀ, ਆਸਾ ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ ਤੇ ਜੈਜਾਵੰਤੀ ਹਨ। ਸਭ ਤੋਂ ਵਧੇਰੇ 30 ਰਾਗਾਂ ਵਿੱਚ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਸਾਹਿਬ ਨੇ ਬਾਣੀ ਲਿਖੀ ਹੈ। ਗੁਰੂ ਨਾਨਕ ਸਾਹਿਬ ਨੇ 19, ਗੁਰੂ ਅਮਰਦਾਸ ਜੀ ਨੇ 17 ਤੇ ਗੁਰੂ ਤੇਗ ਬਹਾਦਰ ਜੀ ਨੇ 15 ਰਾਗਾਂ ਵਿੱਚ ਬਾਣੀ ਉਚਾਰੀ ਹੈ। ਭਗਤ ਕਵੀਆਂ ਵਿਚੋਂ ਕਬੀਰ ਤੇ ਨਾਮਦੇਵ ਨੇ 18, ਭਗਤ ਰਵਿਦਾਸ ਨੇ 16, ਭਗਤ ਤ੍ਰਿਲੋਚਨ ਤੇ ਭਗਤ ਬੇਣੀ ਨੇ 3, ਭਗਤ ਧੰਨਾ, ਭਗਤ ਜੈਦੇਵ ਤੇ ਬਾਬਾ ਫਰੀਦ ਨੇ 2 ਅਤੇ ਭਗਤ ਭੀਖਣ, ਭਗਤ ਸੈਣ, ਭਗਤ ਪੀਪਾ, ਭਗਤ ਸਧਨਾ ਤੇ ਭਗਤ ਪਰਮਾਨੰਦ ਨੇ ਕੇਵਲ ਇਕ ਹੀ ਰਾਗ ਵਿੱਚ ਬਾਣੀ ਰਚੀ ਹੈ।




**ਗੁਰੂ ਗ੍ਰੰਥ ਸਾਹਿਬ : ਸਰਬੱਤ ਦੀ ਚੜ੍ਹਦੀ ਕਲਾ ਲਈ ਚਾਨਣ ਮੁਨਾਰਾ :**

ਆਦਿ ਗੁਰੂ ਗ੍ਰੰਥ ਸਾਹਿਬ ਵਿਸ਼ਵ ਦੇ ਧਾਰਮਿਕ ਤੇ ਅਧਿਆਤਮਕ ਸਾਹਿਤ ਦਾ ਅਜਿਹਾ ਰੱਬੀ ਗਿਆਨ ਹੈ, ਜਿਸ ਵਿੱਚ ਆਤਮਿਕ ਗਿਆਨ, ਅਧਿਆਤਮਕ ਵੀਚਾਰ ਅਤੇ ਪ੍ਰੇਮ-ਭਗਤੀ ਦੀ ਸਾਂਝੀ ਧੁਨ ਜੀਵਨ ਲਈ ਕਲਿਆਣਕਾਰੀ ਸੱਚ ਦਾ ਸੰਦੇਸ਼ ਦਿੰਦੀ ਹੈ। ਸੰਪੂਰਨ ਮਨੁੱਖੀ ਭਾਈਚਾਰੇ ਲਈ ਚਾਨਣ-ਮੁਨਾਰਾ ਬਣ ਕੇ ਵਲਗਣਾਂ, ਵਖਰੇਵਿਆਂ ਤੇ ਵਿਤਕਰਿਆਂ ਦੇ ਚੱਕਰਵਿਊ ਤੋਂ ਨਿਜਾਤ ਦੁਆ ਕੇ, ਆਦਿ ਗੁਰੂ ਗ੍ਰੰਥ ਸਾਹਿਬ ਸਦਾਚਾਰ ਦੇ ਸੁਮਾਰਗ ਰਾਹੀਂ ਅਧਿਆਤਮਿਕ ਮੰਜ਼ਿਲ 'ਤੇ ਪਹੁੰਚਾਉਂਦੇ ਹਨ। ਇਹ ਧਰਮ ਗ੍ਰੰਥ ਪੰਜ ਸੌ ਵਰ੍ਹਿਆਂ ਦਾ ਅਜਿਹਾ ਦਰਪਣ ਹੈ, ਜਿਸ ਵਿਚੋਂ ਮੱਧਕਾਲੀ ਸਮਾਜ ਦੀ ਇਤਿਹਾਸਕ, ਸਭਿਆਚਾਰਕ ਤੇ ਧਾਰਮਿਕ ਰੂਪ-ਰੇਖਾ ਪ੍ਰਤੀਬਿੰਬਤ ਹੁੰਦੀ ਹੈ। ਵਿਸ਼ਵ ਸਾਹਿਤ ਪੱਖੋਂ ਵਿੱਚ ਗੁਰੂ ਗ੍ਰੰਥ ਸਾਹਿਬ ਅਜਿਹੀ ਅਦੁੱਤੀ ਰਚਨਾ ਹੈ, ਜਿਸ ਵਿੱਚ 'ਸਤਿ ਚਿਤੁ ਆਨੰਦ' ਦਾ ਮਹਾਨ ਸੰਕਲਪ ਦ੍ਰਿਸ਼ਟੀਗੋਚਰ ਹੁੰਦਾ ਹੈ। ਸਰਬੱਤ ਦੀ ਚੜ੍ਹਦੀ ਕਲਾ ਦਾ ਪ੍ਰੇਰਕ ਆਦਿ ਗੁਰੂ ਗ੍ਰੰਥ ਸਾਹਿਬ ਸਰਬ ਸਾਂਝੇ ਅਧਿਆਮਤਿਕ ਗਿਆਨ ਦਾ ਸਦੀਵੀ ਸੱਚ ਹੈ।

**ਗੁਰੂ ਗ੍ਰੰਥ ਸਾਹਿਬ ਅਧਿਆਤਮਕ ਗਿਆਨ ਦਾ ਸਦੀਵੀ ਸੱਚ :**

ਆਦਿ ਗੁਰੂ ਗ੍ਰੰਥ ਸਾਹਿਬ ਦਾ ਮੰਤਵ ਸਰਬ-ਸ੍ਰੇਸ਼ਟ, ਰੂਹਾਨੀ ਫਲਸਫਾ, ਉਤਮ ਕਾਵਿ ਕਲਾ ਰਾਹੀ ਪੇਸ਼ ਕਰਦੇ ਹੋਏ, ਸਦੀਵੀ ਆਨੰਦ ਪੈਦਾ ਕਰਨਾ ਹੈ। ਗੁਰਬਾਣੀ ਵਿੱਚ ਵਿਸ਼ੇ ਤੇ ਰੂਪ ਦਾ, ਅਕਾਰ ਤੇ ਪ੍ਰਕਾਰ ਦਾ, ਕਿਰਤ ਤੇ ਕਰਮ ਦਾ, ਨੇਮ ਤੇ ਪ੍ਰੇਮ ਦਾ, ਭਗਤੀ ਤੇ ਸ਼ਕਤੀ ਦਾ, ਧਰਮ ਤੇ ਕਰਮ ਦਾ, ਗਿਆਨ ਤੇ ਸ਼ਰਮ ਦਾ, ਗ੍ਰਹਿਸਤ ਤੇ ਉਦਾਸ ਦਾ, ਆਸਾ ਤੇ ਨਿਰਾਸ਼ਾ ਦਾ, ਹੁਕਮ ਤੇ ਭਾਣੇ ਦਾ, ਨਾਮ ਤੇ ਭਗਤੀ ਦਾ, ਆਦਰ ਤੇ ਯਥਾਰਥ ਦਾ, ਮਨੁੱਖ ਤੇ ਪ੍ਰਕ੍ਰਿਤੀ ਦਾ, ਧਰਮ ਤੇ ਰਾਜਨੀਤੀ ਦਾ ਮਹਾਨ ਸੰਜੋਗ ਹੈ, ਜਿਸ ਦੀ ਅਜਿਹੀ ਮਿਸਾਲ ਵਿਸ਼ਵ ਸਾਹਿਤ ਤੇ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ।

**ਹੋਇ ਇਕਤ੍ਰ ਮਿਲਹੁ ਮੇਰੇ ਭਾਈ**
**ਦੁਬਿਧਾ ਦੂਰਿ ਕਰਹੁ ਲਿਵ ਲਾਇ ॥**
**ਹਰਿ ਨਾਮੈ ਕੇ ਹੋਵਹੁ ਜੋੜੀ**
**ਗੁਰਮੁਖਿ ਬੈਸਹੁ ਸਫਾ ਵਿਛਾਇ ॥**

**ਬਸੰਤੁ ਮਹਲਾ ਪੰਜਵਾਂ, ਗੁਰੂ ਗ੍ਰੰਥ ਸਾਹਿਬ : ਅੰਗ 1185**

# ਸਿੱਖ ਇਤਿਹਾਸ ਅਤੇ ਗੁਰਬਾਣੀ ਪਰੰਪਰਾ ਅੰਦਰ ਟੀਕਾਕਾਰੀ ਦੀ ਇਕ ਅਦਭੁਤ ਤੇ ਅਬਿਨਾਸ਼ੀ ਧਾਰਾ ਚੱਲਦੀ ਆ ਰਹੀ ਹੈ

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸਿੱਖ ਇਤਿਹਾਸ ਅਤੇ ਗੁਰਬਾਣੀ ਪਰੰਪਰਾ ਅੰਦਰ ਟੀਕਾਕਾਰੀ ਦੀ ਇਕ ਅਦਭੁਤ ਤੇ ਅਬਿਨਾਸ਼ੀ ਧਾਰਾ ਚੱਲਦੀ ਆ ਰਹੀ ਹੈ। ਇਹ ਟੀਕਾਕਾਰੀ ਸਿਰਫ਼ ਬਾਣੀ ਦੇ ਅਰਥ ਖੋਲ੍ਹਣ ਦੀ ਪ੍ਰਕਿਰਿਆ ਨਹੀਂ, ਬਲਕਿ ਗੁਰਬਾਣੀ ਦੇ ਅਥਾਹ ਸਮੁੰਦਰ ਵਿੱਚੋਂ ਮੋਤੀ ਚੁਗਣ ਦਾ ਯਤਨ ਵੀ ਹੈ। ਭਾਈ ਗੁਰਦਾਸ ਜੀ ਤੋਂ ਸ਼ੁਰੂ ਹੋ ਕੇ, ਭਾਈ ਮਨੀ ਸਿੰਘ ਜੀ ਦੀ ਅਗਿਆਨ-ਭੇਦੀ ਰੌਸ਼ਨੀ, ਫਰੀਦਕੋਟੀ ਟੀਕੇ ਦੀ ਵਿਦਵਤਾ, ਭਾਈ ਵੀਰ ਸਿੰਘ ਜੀ ਦੀ ਰੂਹਾਨੀ ਲਹਿਰ, ਪ੍ਰੋ. ਸਾਹਿਬ ਸਿੰਘ ਦਾ ਵਿਆਕਰਨਿਕ ਤਰਕ, ਰਤਨ ਸਿੰਘ ਜੱਗੀ ਦੀ ਆਲੋਚਕ ਦ੍ਰਿਸ਼ਟੀ ਅਤੇ ਗੁਰਬਚਨ ਸਿੰਘ ਤਾਲਿਬ ਦੇ ਅਧਿਐਨਕ ਨਿਰੂਪਣ ਤੱਕ — ਇਹ ਸਾਰੀ ਧਾਰਾ ਇਕ ਹੀ ਅਨੰਤ ਦਰਿਆ ਦੇ ਵੱਖਰੇ-ਵੱਖਰੇ ਰੂਪ ਹਨ। ਹਰ ਕਿਸੇ ਦੀ ਆਪਣੀ ਮਹੱਤਤਾ ਹੈ, ਪਰ ਇਹ ਸਭ ਇਕ ਸੀਮਾ ਤਕ ਹੀ ਸੰਗਤ ਨੂੰ ਰੌਸ਼ਨ ਕਰ ਸਕੇ ਹਨ। ਸ਼ਾਇਦ ਇਸੇ ਲਈ ਸਿੱਖ ਪੰਥ ਕੋਲ ਅਜੇ ਤੱਕ ਕੋਈ ਇੱਕ ਪ੍ਰਵਾਨਿਤ ਟੀਕਾ ਨਹੀਂ ਹੈ।

ਬੇਸ਼ੱਕ ਪ੍ਰੋ. ਸਾਹਿਬ ਸਿੰਘ ਦਾ 'ਦਰਪਣ' ਇਸ ਘਾਟ ਨੂੰ ਵੱਡੇ ਪੱਧਰ ਤਕ ਪੂਰਾ ਕਰਦਾ ਹੈ, ਪਰ ਗੁਰਬਾਣੀ ਦੇ ਅਥਾਹ ਸਮੁੰਦਰ ਦੇ ਸਾਹਮਣੇ ਕੋਈ ਵੀ ਕੋਸ਼ਿਸ਼ ਪੂਰੀ ਨਹੀਂ ਮੰਨੀ ਜਾ ਸਕਦੀ। ਵੈਸੇ ਵੀ ਇਨ੍ਹਾਂ ਸਾਰੇ ਟੀਕਿਆਂ ਅੰਦਰ ਉਚਾਰਨ ਸੰਥਿਆ ਅਤੇ ਉਚਾਰਨ ਬੋਧ ਦੀ ਇੱਕ ਵੱਡੀ ਘਾਟ ਵੀ ਸਾਨੂੰ ਰੜਕਦੀ ਰਹੀ ਹੈ। ਕਿਉਂਕਿ ਉਚਾਰਨ ਕਿਸੇ ਵੀ ਲਿਖਤ ਦੀ ਜਿੰਦ-ਜਾਨ ਹੁੰਦਾ ਹੈ ਤੇ ਸ਼ਬਦ ਦੀ ਰੂਹ ਉਸ ਦੀ ਧੁਨੀ ਵਿਚ ਵੱਸਦੀ ਹੈ। ਇਸ ਲਈ ਜਦ ਤਕ ਉਚਾਰਨ ਸ਼ੁੱਧ ਨਹੀਂ, ਤਦ ਤਕ ਸ਼ਬਦ ਆਪਣੀ ਸਮੁੱਚੀ ਅਰਥ-ਰੌਸ਼ਨੀ ਵੀ ਨਹੀਂ ਵਿਖਾ ਸਕਦਾ। ਇਸੇ ਅਥਾਹ ਘਾਟ ਨੂੰ ਪੂਰਨ ਕਰਨ ਲਈ ਅਮਰੀਕਾ ਦੇ ਰਹਿਣ ਵਾਲੇ ਸਤਿਕਾਰਯੋਗ ਵਿਦਵਾਨ ਡਾ. ਓਅੰਕਾਰ ਸਿੰਘ ਨੇ ਪਿਛਲੇ ਸਤਾਰਾਂ ਸਾਲਾਂ ਤੋਂ ਇਕ ਗੂੜ੍ਹੀ ਤਪੱਸਿਆ ਜਿਹੀ ਸਾਧਨਾ ਕੀਤੀ। ਉਹਨਾਂ ਦਾ ਯਤਨ ਇਹ ਸੀ ਕਿ ਗੁਰਬਾਣੀ ਦਾ ਇਕ ਪ੍ਰਮਾਣਿਕ, ਜੀਵੰਤ ਤੇ



ਡਾ. ਪਰਮਿੰਦਰ ਸਿੰਘ
ਸ਼ੌਂਕੀ

ਉਚਿਤ ਉਚਾਰਨ ਤਿਆਰ ਹੋਵੇ, ਤਾਂ ਜੋ ਹਰ ਜਿਗਿਆਸੂ ਪਾਠ ਕਰਦੇ ਸਮੇਂ ਗ਼ਲਤੀ ਦੇ ਭੈ ਤੋਂ ਮੁਕਤ ਰਹੇ ਤੇ ਉਹ ਪਾਖੰਡ, ਜੋ 'ਗ਼ਲਤ ਪਾਠ ਕਰਨ ਨਾਲ ਪਾਪ ਲੱਗ ਜਾਣ' ਵਾਂਗ ਲੋਕਾਂ ਦੇ ਮਨਾਂ ਵਿਚ ਰਚ ਗਿਆ ਸੀ, ਉਸ ਦਾ ਵੀ ਪੱਕਾ ਨਾਸ ਹੋਵੇ।

ਇਸੇ ਉਦੇਸ਼ ਤਹਿਤ ਡਾ. ਓਅੰਕਾਰ ਸਿੰਘ ਹੁਰਾਂ ਨੇ ਚੌਦਾਂ ਭਾਗਾਂ ਵਿਚ ਇੱਕ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਅਦੁੱਤੀ ਟੀਕਾ ਤਿਆਰ ਕੀਤਾ ਹੈ— ਜਿਸ ਵਿਚ ਮੂਲ ਬਾਣੀ ਦੇ ਨਾਲ ਸਹੀ ਉਚਾਰਨ, ਸ਼ਬਦ ਅਰਥ, ਭਾਵ-ਅਰਥ ਅਤੇ ਤਸਵੀਰਾਂ ਸਹਿਤ ਮਹੱਤਵਪੂਰਨ ਨੋਟ ਵੀ ਸ਼ਾਮਲ ਹਨ। ਇਹ ਉਹ ਕਾਰਜ ਹੈ ਜੋ ਨਾ ਕਿਸੇ ਪੁਰਾਣੇ ਟੀਕੇ ਵਿਚ ਮਿਲਦਾ ਹੈ ਤੇ ਨਾ ਹੀ ਗੁਰਬਾਣੀ ਦੇ ਅਲੱਗ-ਥਲੱਗ ਅਧਿਐਨਾਂ ਵਿਚ। ਇਹ ਕੰਮ ਗੁਰਬਾਣੀ ਦੇ ਅਸਲ ਸਰੂਪ ਨੂੰ ਸੰਗਤ ਦੇ ਸਾਹਮਣੇ ਇਕ ਨਵੇਂ ਰੂਪ ਵਿਚ ਖੋਲ੍ਹ ਰਿਹਾ ਹੈ।

ਇਨ੍ਹੀਂ ਦਿਨੀਂ ਜਦੋਂ ਅਸੀਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਯਾਦ ਮਨਾ ਰਹੇ ਹਾਂ, ਉਸ ਵਕਤ ਸਿੱਖ ਸੰਗਤ ਨੂੰ ਇਹ ਸੁਨੇਹਾ ਬੜੀ ਖ਼ੁਸ਼ੀ ਨਾਲ ਦਿੱਤਾ ਜਾ ਰਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਨਵੇਂ ਟੀਕੇ ਦੀ ਪ੍ਰਕਾਸ਼ਨਾ ਸਤਿਗੁਰਾਂ ਦੀ ਕਿਰਪਾ ਸਦਕਾ ਸ਼ੁਰੂ ਹੋ ਗਈ ਹੈ। ਪਰ ਕਿਉਂਕਿ ਇਹ ਕਾਰਜ ਬਹੁਤ ਵਿਸ਼ਾਲ ਹੈ — ਇਸ ਲਈ ਇਸ ਨੂੰ ਇਕ-ਇਕ ਭਾਗ ਕਰਕੇ ਸੰਗਤ ਤੱਕ ਲਿਆਂਦਾ ਜਾਵੇਗਾ। ਹਰ ਮਹੀਨੇ ਇਕ ਭਾਗ, ਹਰ ਭਾਗ ਵਿਚ ਇਕ ਰੌਸ਼ਨੀ। ਇਹੀ ਨਹੀਂ, ਇਹ ਕਾਰਜ ਪੰਜਾਬੀ ਦੇ ਨਾਲ ਅੰਗਰੇਜ਼ੀ ਅਤੇ ਹਿੰਦੀ ਵਿਚ ਵੀ ਹੋਵੇਗਾ ਤਾਂ ਜੋ ਸਾਰੀ ਦੁਨੀਆ ਦੇ ਗੁਰਬਾਣੀ ਪ੍ਰੇਮੀ ਇਸ ਦੇ ਰਸ ਨਾਲ ਜੁੜ ਸਕਣ।

ਮੈਨੂੰ ਉਮੀਦ ਹੈ ਕਿ ਨਿਸ਼ਚਿਤ ਤੌਰ 'ਤੇ ਸਿੱਖ ਜਗਤ ਇਸ ਮਹਾਂ-ਪ੍ਰਯਾਸ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕਰੇਗਾ ਤੇ ਗੁਰਬਾਣੀ ਦੇ ਜਿਗਿਆਸੂਆਂ ਲਈ ਇਹ ਟੀਕਾ ਇਕ ਅਨਮੋਲ ਧਰੋਹਰ ਬਣੇਗਾ।

# ਭਾਰਤ-ਚੀਨ ਸਰਹੱਦੀ ਮੁੱਦੇ ਦੇ ਨਿਰਪੱਖ ਤੇ ਵਾਜਬ ਹੱਲ ਲਈ ਵਚਨਬੱਧ

## • ਦੋਵੇਂ ਦੇਸ਼ ਵਿਰੋਧੀ ਨਹੀਂ ਬਲਕਿ ਸਹਿਯੋਗੀ : ਜਿਨਪਿੰਗ, ਕਿਹਾ ਸਾਡੀ 'ਦੋਸਤੀ' ਦੋਵਾਂ ਲਈ ਫਾਇਦੇਮੰਦ

## • ਮੋਦੀ ਨੇ ਅੱਤਵਾਦ ਖ਼ਿਲਾਫ਼ ਚੀਨ ਦਾ ਸਾਥ ਮੰਗਿਆ, ਕਿਹਾ 'ਸਾਡਾ ਸਹਿਯੋਗ 2.8 ਅਰਬ ਲੋਕਾਂ ਦੇ ਹਿਤਾਂ ਨਾਲ ਜੁੜਿਆ



ਤਿਆਨਜਿਨ ਵਿਖੇ ਐਸ.ਸੀ.ਓ. ਸੰਮੇਲਨ 'ਚ ਪਰਿਵਾਰਕ ਤਸਵੀਰ ਦੌਰਾਨ ਚੀਨ ਦੇ ਰਾਸ਼ਟਰਪਤੀ ਸ੍ਰੀ ਜ਼ਿਨਪਿੰਗ ਆਪਣੀ ਪਤਨੀ ਪੇਂਗ ਲਿਯੁਆਨ ਨਾਲ, ਤਸਵੀਰ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ, ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਤੇ ਹੋਰ।

ਤਿਆਨਜਿਨ (ਚੀਨ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਐਤਵਾਰ ਨੂੰ ਭਾਰਤ-ਚੀਨ ਸਰਹੱਦੀ ਮੁੱਦੇ ਦੇ 'ਨਿਰਪੱਖ, ਵਾਜਬ ਅਤੇ ਆਪਸੀ ਤੌਰ 'ਤੇ ਸਵੀਕਾਰਯੋਗ' ਹੱਲ ਅਤੇ ਵਿਸ਼ਵ ਵਪਾਰ ਨੂੰ ਸਥਿਰ ਕਰਨ ਵਿਚ ਦੋਵਾਂ ਅਰਥਵਿਵਸਥਾਵਾਂ ਦੀ ਭੂਮਿਕਾ ਨੂੰ ਸਵੀਕਾਰ ਕਰਦੇ ਹੋਏ ਵਪਾਰ ਅਤੇ ਨਿਵੇਸ਼ ਸੰਬੰਧਾਂ ਨੂੰ ਵਧਾਉਣ ਦਾ ਪ੍ਰਣ ਲਿਆ। ਆਪਣੀ ਵਿਆਪਕ ਗੱਲਬਾਤ 'ਚ, ਦੋਵਾਂ ਨੇਤਾਵਾਂ ਨੇ ਮੁੱਖ ਤੌਰ 'ਤੇ ਵਪਾਰ ਅਤੇ ਨਿਵੇਸ਼ ਸੰਬੰਧਾਂ ਨੂੰ ਵਧਾਉਣ 'ਤੇ ਧਿਆਨ ਕੇਂਦਰਿਤ ਕੀਤਾ। ਇਹ ਕਦਮ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਭਾਰਤੀ ਵਸਤੂਆਂ 'ਤੇ 50 ਪ੍ਰਤੀਸ਼ਤ ਸਮੇਤ ਵਿਆਪਕ ਟੈਰਿਫ ਲਗਾਉਣ ਕਾਰਨ ਵਿਸ਼ਵ ਵਪਾਰ ਵਿੱਚ ਵਿਘਨ ਦੇ ਪਿਛੋਕੜ ਵਿੱਚ ਆਇਆ ਹੈ।

ਸ਼ੰਘਾਈ ਸਹਿਯੋਗ ਸੰਗਠਨ ਸੰਮੇਲਨ ਦੇ ਮੌਕੇ 'ਤੇ ਹੋਈ ਮੀਟਿੰਗ 'ਚ, ਪ੍ਰਧਾਨ ਮੰਤਰੀ ਮੋਦੀ ਨੇ ਭਾਰਤ-ਚੀਨ ਸੰਬੰਧਾਂ ਦੇ ਨਿਰੰਤਰ ਵਿਕਾਸ ਲਈ ਸਰਹੱਦੀ ਖੇਤਰਾਂ 'ਚ ਅਮਨ ਅਤੇ ਸ਼ਾਂਤੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਨਵੀਂ ਦਿੱਲੀ ਆਪਸੀ ਵਿਸ਼ਵਾਸ, ਸਤਿਕਾਰ ਅਤੇ ਸੰਵੇਦਨਸ਼ੀਲਤਾ' ਦੇ ਅਧਾਰ 'ਤੇ ਸੰਬੰਧਾਂ ਨੂੰ ਅੱਗੇ ਵਧਾਉਣ ਲਈ ਵਚਨਬੱਧ ਹੈ। ਇਕ ਭਾਰਤੀ ਰਿਲੀਜ਼ ਦੇ ਅਨੁਸਾਰ, ਦੋਵੇਂ ਆਗੂ ਦੁਵੱਲੇ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਵਧਾਉਣ, ਵਪਾਰ ਘਾਟੇ ਨੂੰ ਘਟਾਉਣ ਅਤੇ ਦੁਵੱਲੇ ਖੇਤਰੀ ਅਤੇ ਵਿਸ਼ਵਵਿਆਪੀ ਮੁੱਦਿਆਂ ਅਤੇ ਬਹੁਪੱਖੀ ਫੋਰਮਾਂ 'ਤੇ ਅੱਤਵਾਦ ਅਤੇ ਨਿਰਪੱਖ ਵਪਾਰ ਵਰਗੀਆਂ ਚੁਣੌਤੀਆਂ 'ਤੇ ਸਾਂਝਾ ਆਧਾਰ ਬਣਾਉਣ ਲਈ ਸਹਿਮਤ ਹੋਏ।

'ਸਾਡਾ ਸਹਿਯੋਗ ਦੋਵਾਂ ਦੇਸ਼ਾਂ ਦੇ 2.8 ਅਰਬ ਲੋਕਾਂ ਦੇ ਹਿੱਤਾਂ ਨਾਲ ਜੁੜਿਆ ਹੋਇਆ ਹੈ। ਇਹ ਸਾਰੀ ਮਨੁੱਖਤਾ ਦੀ ਭਲਾਈ ਲਈ ਵੀ ਰਾਹ ਪੱਧਰਾ ਕਰੇਗਾ,' ਮੋਦੀ ਨੇ ਹਿੰਦੀ 'ਚ ਆਪਣੇ ਟੈਲੀਵਿਜ਼ਨ ਉਦਘਾਟਨੀ ਭਾਸ਼ਨ 'ਚ ਕਿਹਾ।

ਵਿਦੇਸ਼ ਮੰਤਰਾਲੇ ਨੇ ਇਕ ਰਿਲੀਜ਼ 'ਚ ਕਿਹਾ ਕਿ ਮੋਦੀ ਅਤੇ ਸ਼ੀ ਨੇ ਵਿਸ਼ਵ ਵਪਾਰ ਨੂੰ ਸਥਿਰ ਕਰਨ ਵਿੱਚ ਦੋਵਾਂ ਅਰਥਵਿਵਸਥਾਵਾਂ ਦੀ ਭੂਮਿਕਾ ਨੂੰ ਸਵੀਕਾਰ ਕੀਤਾ ਅਤੇ ਦੁਵੱਲੇ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਵਧਾਉਣ ਅਤੇ ਵਪਾਰ ਘਾਟੇ ਨੂੰ ਘਟਾਉਣ ਲਈ ਰਾਜਨੀਤਿਕ ਅਤੇ ਰਣਨੀਤਕ ਦਿਸ਼ਾ ਵਿੱਚ ਅੱਗੇ ਵਧਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਨੇ ਧਿਆਨ ਦਿੱਤਾ ਕਿ ਭਾਰਤ ਅਤੇ ਚੀਨ ਦੋਵੇਂ ਰਣਨੀਤਕ ਖੁਦਮੁਖਤਿਆਰੀ ਚਾਹੁੰਦੇ ਹਨ ਅਤੇ ਉਨ੍ਹਾਂ ਦੇ ਸਬੰਧਾਂ ਨੂੰ ਕਿਸੇ ਤੀਜੇ ਦੇਸ਼ ਦੇ ਅੱਖ ਰਾਹੀਂ ਨਹੀਂ ਦੇਖਿਆ ਜਾਣਾ ਚਾਹੀਦਾ। ਦੋਵਾਂ ਆਗੂਆਂ ਨੇ ਦੁਵੱਲੇ, ਖੇਤਰੀ ਅਤੇ ਵਿਸ਼ਵਵਿਆਪੀ ਮੁੱਦਿਆਂ ਅਤੇ ਬਹੁਪੱਖੀ ਫੋਰਮਾਂ 'ਤੇ ਅੱਤਵਾਦ ਅਤੇ ਨਿਰਪੱਖ ਵਪਾਰ ਵਰਗੀਆਂ ਚੁਣੌਤੀਆਂ 'ਤੇ ਸਾਂਝਾ ਆਧਾਰ ਵਧਾਉਣਾ ਜ਼ਰੂਰੀ ਸਮਝਿਆ। ਇਕ ਸੋਸ਼ਲ ਮੀਡੀਆ ਪੋਸਟ 'ਚ ਮੋਦੀ ਨੇ ਸ਼ੀ ਨਾਲ ਆਪਣੀ ਗੱਲਬਾਤ ਨੂੰ 'ਫਲਦਾਇਕ' ਦੱਸਿਆ। ਬਿਆਨ 'ਚ ਕਿਹਾ ਗਿਆ ਕਿ ਪਿਛਲੇ ਕੁਝ ਮਹੀਨਿਆਂ ਵਿੱਚ, ਦੋਵਾਂ ਧਿਰਾਂ ਨੇ ਆਪਣੇ ਸਬੰਧਾਂ ਨੂੰ ਬਹਾਲ ਕਰਨ ਲਈ ਕਈ ਕਦਮ ਚੁੱਕੇ ਹਨ, ਜੋ ਜੂਨ 2020 'ਚ ਗਲਵਾਨ ਘਾਟੀ 'ਚ ਭਾਰਤੀ ਅਤੇ ਚੀਨੀ ਫੌਜਾਂ ਵਿਚਕਾਰ ਹੋਈਆਂ ਘਾਤਕ ਝੜਪਾਂ ਤੋਂ ਬਾਅਦ ਗੰਭੀਰ ਤਣਾਅ 'ਚ ਆ ਗਏ ਸਨ। ਦੋਵਾਂ ਆਗੂਆਂ ਨੇ ਪਿਛਲੇ ਸਾਲ ਫੌਜਾਂ ਦੀ ਸਫਲਤਾਪੂਰਵਕ ਵਾਪਸੀ ਅਤੇ ਉਦੋਂ ਤੋਂ ਸਰਹੱਦੀ ਖੇਤਰਾਂ ਵਿੱਚ ਅਮਨ ਅਤੇ ਸ਼ਾਂਤੀ ਬਣਾਈ ਰੱਖਣ 'ਤੇ ਸੰਤੁਸ਼ਟੀ ਪ੍ਰਗਟ ਕੀਤੀ।

ਸੱਤ ਸਾਲਾਂ ਦੇ ਵਕਫੇ ਤੋਂ ਬਾਅਦ ਕੱਲ੍ਹ ਸ਼ਾਮ ਚੀਨ ਪਹੁੰਚੇ ਮੋਦੀ ਨੇ ਮੀਟਿੰਗ 'ਚ ਕਿਹਾ ਕਿ ਪਿਛਲੇ ਸਾਲ ਅਕਤੂਬਰ ਵਿੱਚ ਰੂਸੀ ਸ਼ਹਿਰ ਕਜ਼ਾਨ ਵਿੱਚ ਉਨ੍ਹਾਂ ਅਤੇ ਸ਼ੀ ਦੀ ਮੁਲਾਕਾਤ ਤੋਂ ਬਾਅਦ ਸਰਹੱਦ 'ਤੇ ਸ਼ਾਂਤੀ ਅਤੇ ਸਥਿਰਤਾ ਦਾ ਮਾਹੌਲ ਬਣਿਆ ਹੋਇਆ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੋਵੇਂ ਦੇਸ਼ ਵਿਕਾਸ ਭਾਈਵਾਲ ਹਨ, ਵਿਰੋਧੀ ਨਹੀਂ ਅਤੇ ਉਨ੍ਹਾਂ ਦੇ ਮਤਭੇਦ ਵਿਵਾਦਾਂ 'ਚ ਨਹੀਂ ਬਦਲਣੇ ਚਾਹੀਦੇ। ਭਾਰਤ ਅਤੇ ਚੀਨ ਅਤੇ ਉਨ੍ਹਾਂ ਦੇ 2.8 ਅਰਬ ਲੋਕਾਂ ਵਿਚਕਾਰ ਆਪਸੀ ਸਤਿਕਾਰ, ਆਪਸੀ ਹਿੱਤ ਅਤੇ ਆਪਸੀ ਸੰਵੇਦਨਸ਼ੀਲਤਾ 'ਤੇ ਅਧਾਰਤ ਇੱਕ ਸਥਿਰ ਸਬੰਧ ਅਤੇ ਸਹਿਯੋਗ ਦੋਵਾਂ ਦੇਸ਼ਾਂ ਦੇ ਵਿਕਾਸ ਅਤੇ ਤਰੱਕੀ ਦੇ ਨਾਲ-ਨਾਲ 21ਵੀਂ ਸਦੀ ਦੇ ਰੁਝਾਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਹੁ-ਧਰੁਵੀ ਸੰਸਾਰ ਅਤੇ ਬਹੁ-ਧਰੁਵੀ ਏਸ਼ੀਆ ਲਈ ਜ਼ਰੂਰੀ ਹੈ। ਉਨ੍ਹਾਂ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਆਪਣੀਆਂ ਗੱਲਬਾਤਾਂ ਵਿੱਚ ਦੋ ਵਿਸ਼ੇਸ਼ ਪ੍ਰਤੀਨਿਧੀਆਂ ਦੁਆਰਾ ਲਏ ਗਏ ਮਹੱਤਵਪੂਰਨ ਫੈਸਲਿਆਂ ਨੂੰ ਮਾਨਤਾ ਦਿੱਤੀ ਅਤੇ ਉਨ੍ਹਾਂ ਦੇ ਯਤਨਾਂ ਦਾ ਹੋਰ ਸਮਰਥਨ ਕਰਨ ਲਈ ਸਹਿਮਤ ਹੋਏ। ਮੋਦੀ ਅਤੇ ਸ਼ੀ ਨੇ ਕੈਲਾਸ਼ ਮਾਨਸਰੋਵਰ ਯਾਤਰਾ ਅਤੇ ਸੈਲਾਨੀ ਵੀਜ਼ਾ ਦੀ ਮੁੜ ਸ਼ੁਰੂਆਤ, ਸਿੱਧੀਆਂ ਉਡਾਣਾਂ ਰਾਹੀਂ ਲੋਕ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ 'ਤੇ ਵੀ ਧਿਆਨ ਦਿੱਤਾ। ਉਨ੍ਹਾਂ ਨੇ ਆਪਣੇ ਸਮੁੱਚੇ ਦੁਵੱਲੇ ਸਬੰਧਾਂ ਦੇ ਰਾਜਨੀਤਿਕ ਦਿ ?ਸ਼ਟੀਕੋਣ ਅਤੇ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਲੰਬੇ ਸਮੇਂ ਦੇ ਹਿੱਤਾਂ ਤੋਂ ਸਰਹੱਦੀ ਸਵਾਲ ਦੇ ਇਕ ਨਿਰਪੱਖ, ਵਾਜਬ ਅਤੇ ਆਪਸੀ ਤੌਰ 'ਤੇ ਸਵੀਕਾਰਯੋਗ ਹੱਲ ਲਈ ਆਪਣੀ ਵਚਨਬੱਧਤਾ ਪ੍ਰਗਟ ਕੀਤੀ। ਮੋਦੀ ਨੇ ਐੱਸ. ਸੀ. ਓ. ਦੀ ਚੀਨ ਦੀ ਪ੍ਰਧਾਨਗੀ ਅਤੇ ਤਿਆਨਜਿਨ 'ਚ ਸੰਮੇਲਨ ਲਈ ਸਮਰਥਨ ਪ੍ਰਗਟ ਕੀਤਾ।



ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵਾਗਤ ਕਰਦੇ ਹੋਏ।

ਵਪਾਰਕ ਸੰਬੰਧਾਂ ਨੂੰ ਵਧਾਉਣ ਦਾ ਕੀਤਾ ਪ੍ਰਣ ਉਨ੍ਹਾਂ ਨੇ ਰਾਸ਼ਟਰਪਤੀ ਸ਼ੀ ਨੂੰ 2026 'ਚ ਭਾਰਤ ਵਲੋਂ ਕਰਵਾਏ ਜਾਣ ਵਾਲੇ ਬ੍ਰਿਕਸ ਸੰਮੇਲਨ ਲਈ ਵੀ ਸੱਦਾ ਦਿੱਤਾ।

# ਆਰਥਿਕ ਨਿੱਜੀ ਹਿੱਤਾਂ ਦੀਆਂ ਚੁਣੌਤੀਆਂ ਦੇ ਬਾਵਜੂਦ ਭਾਰਤ ਨੇ ਪਹਿਲੀ ਤਿਮਾਹੀ ਵਿੱਚ 7.8% ਵਾਧਾ ਕੀਤਾ ਦਰਜ: ਮੋਦੀ

## ਭਾਰਤ ਦਾ ਤੇਜ਼ ਵਿਕਾਸ ਸਾਰੇ ਉਦਯੋਗਾਂ ਅਤੇ ਹਰ ਨਾਗਰਿਕ ਵਿੱਚ ਨਵੀਂ ਊਰਜਾ ਭਰ ਰਿਹਾ ਹੈ

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ 'ਬੇਜਾਨ ਅਰਥਵਿਵਸਥਾ' ਦੇ ਵਿਅੰਗ ਨੂੰ ਅਸਿੱਧੇ ਤੌਰ 'ਤੇ ਰੱਦ ਕਰਦਿਆਂ ਕਿਹਾ ਕਿ ਭਾਰਤੀ ਅਰਥਵਿਵਸਥਾ ਪਹਿਲੀ ਤਿਮਾਹੀ ਵਿੱਚ 7.8 ਪ੍ਰਤੀਸ਼ਤ ਦੀ ਦਰ ਨਾਲ ਵਧੀ ਹੈ ਅਤੇ ਆਰਥਿਕ ਸਵਾਰਥ ਦੁਆਰਾ ਪ੍ਰੇਰਿਤ ਵਿਸ਼ਵਵਿਆਪੀ ਅਨਿਸ਼ਚਿਤਤਾਵਾਂ ਅਤੇ ਚੁਣੌਤੀਆਂ ਦੇ ਵਿਚਕਾਰ ਸਾਰੇ ਅਨੁਮਾਨਾਂ ਨੂੰ ਪਾਰ ਕਰ ਗਈ ਹੈ। 'ਸੈਮੀਕੋਨ ਇੰਡੀਆ 2025' ਕਾਨਫਰੰਸ ਵਿੱਚ, ਉਨ੍ਹਾਂ ਕਿਹਾ ਕਿ ਅਪ੍ਰੈਲ-ਜੂਨ ਵਿੱਚ ਕੁੱਲ ਘਰੇਲੂ ਉਤਪਾਦ (ਜੀਡੀਪੀ) ਦੀ ਵਾਧਾ ਦਰ 'ਹਰ ਉਮੀਦ, ਉਮੀਦ ਅਤੇ ਅਨੁਮਾਨ' ਨਾਲੋਂ ਬਿਹਤਰ ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨੇ ਇਹ ਆਰਥਿਕ ਪ੍ਰਦਰਸ਼ਨ ਵਿਸ਼ਵਵਿਆਪੀ ਅਨਿਸ਼ਚਿਤਤਾਵਾਂ ਅਤੇ 'ਆਰਥਿਕ ਸਵਾਰਥ ਤੋਂ ਪੈਦਾ ਹੋਣ ਵਾਲੀਆਂ ਚੁਣੌਤੀਆਂ' ਦੇ ਵਿਚਕਾਰ ਕੀਤਾ ਹੈ। ਮੋਦੀ ਨੇ ਕਿਹਾ, 'ਇੱਕ ਵਾਰ ਫਿਰ, ਭਾਰਤ ਨੇ ਹਰ ਉਮੀਦ, ਹਰ ਅਨੁਮਾਨ ਨਾਲੋਂ ਬਿਹਤਰ ਪ੍ਰਦਰਸ਼ਨ ਕੀਤਾ ਹੈ।' ਉਨ੍ਹਾਂ ਕਿਹਾ ਕਿ ਦੁਨੀਆ ਭਰ ਦੀਆਂ ਅਰਥਵਿਵਸਥਾਵਾਂ ਆਰਥਿਕ ਸਵਾਰਥ ਦੁਆਰਾ ਪ੍ਰੇਰਿਤ ਚਿੰਤਾਵਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰ ਰਹੀਆਂ ਹਨ। ਅਜਿਹੀ ਸਥਿਤੀ ਵਿੱਚ, ਭਾਰਤ ਨੇ 7.8 ਪ੍ਰਤੀਸ਼ਤ ਦੀ ਵਿਕਾਸ ਦਰ ਪ੍ਰਾਪਤ ਕੀਤੀ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਵਿਕਾਸ ਨਿਰਮਾਣ, ਸੇਵਾ, ਖੇਤੀਬਾੜੀ ਅਤੇ ਨਿਰਮਾਣ ਦੇ ਸਾਰੇ ਖੇਤਰਾਂ ਵਿੱਚ ਦਿਖਾਈ ਦੇ ਰਿਹਾ ਹੈ। ਹਰ ਜਗ੍ਹਾ ਉਤਸ਼ਾਹ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਦਾ ਤੇਜ਼ ਵਿਕਾਸ ਸਾਰੇ ਉਦਯੋਗਾਂ ਅਤੇ ਹਰ ਨਾਗਰਿਕ ਵਿੱਚ ਨਵੀਂ ਊਰਜਾ ਭਰ ਰਿਹਾ ਹੈ।

ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ ਵਿਕਾਸ ਦੀ ਇਹ ਗਤੀ ਭਾਰਤ ਨੂੰ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਵੱਲ ਤੇਜ਼ੀ ਨਾਲ ਲੈ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਚੁਣੌਤੀਆਂ ਬਾਰੇ ਸਪੱਸ਼ਟ ਤੌਰ 'ਤੇ ਕੁਝ ਨਹੀਂ ਕਿਹਾ, ਪਰ ਉਨ੍ਹਾਂ ਦਾ ਬਿਆਨ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਰੂਸੀ ਤੇਲ ਦੀ ਖਰੀਦ ਕਾਰਨ ਭਾਰਤੀ ਸਾਮਾਨਾਂ 'ਤੇ 25 ਪ੍ਰਤੀਸ਼ਤ ਵਾਧੂ ਡਿਊਟੀ ਲਗਾਉਣ ਤੋਂ ਕੁਝ ਦਿਨ ਬਾਅਦ ਆਇਆ ਹੈ। ਇਸ ਨਾਲ ਭਾਰਤ 'ਤੇ ਕੁੱਲ ਡਿਊਟੀ 50 ਪ੍ਰਤੀਸ਼ਤ ਹੋ ਗਈ ਹੈ, ਜੋ ਕਿ ਦੁਨੀਆ ਵਿੱਚ ਸਭ ਤੋਂ ਵੱਧ ਹੈ। ਟਰੰਪ ਨੇ ਡਿਊਟੀ ਲਗਾਉਣ ਤੋਂ ਪਹਿਲਾਂ ਭਾਰਤ ਦੀ ਆਰਥਿਕਤਾ ਨੂੰ 'ਬੇਜਾਨ' ਦੱਸਿਆ ਸੀ। ਭਾਰਤ ਪਹਿਲੀ (ਅਪ੍ਰੈਲ-ਜੂਨ) ਤਿਮਾਹੀ ਦੇ ਨਾਲ-ਨਾਲ 2024-25 (ਵਿੱਤੀ ਸਾਲ ਅਪ੍ਰੈਲ 2024 ਤੋਂ ਮਾਰਚ 2025) ਅਤੇ ਉਸ ਤੋਂ ਬਾਅਦ ਦੇ ਸਾਲਾਂ ਵਿੱਚ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਵੱਡੀ ਅਰਥਵਿਵਸਥਾ ਬਣਿਆ ਹੋਇਆ ਹੈ, ਜਿਸ ਨਾਲ ਚੀਨ ਬਹੁਤ ਪਿੱਛੇ ਰਹਿ ਗਿਆ ਹੈ। ਅਪ੍ਰੈਲ-ਜੂਨ ਵਿੱਚ ਅਮਰੀਕੀ ਅਰਥਵਿਵਸਥਾ 3.3 ਪ੍ਰਤੀਸ਼ਤ ਦੀ ਦਰ ਨਾਲ ਵਧੀ। ਅਮਰੀਕੀ ਅਧਿਕਾਰੀਆਂ ਨੇ ਹਾਲ ਹੀ ਦੇ ਦਿਨਾਂ ਵਿੱਚ ਰੂਸੀ ਤੇਲ ਦੀ ਲਗਾਤਾਰ ਖਰੀਦ 'ਤੇ ਭਾਰਤ ਦੀ ਆਲੋਚਨਾ ਕਰਨ ਲਈ ਬੇਲੋੜੀ ਸਖ਼ਤ ਭਾਸ਼ਾ ਦੀ ਵਰਤੋਂ ਕੀਤੀ ਹੈ। ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਜਲਦੀ ਹੀ ਅਗਲੀ ਪੀੜ੍ਹੀ ਦੇ ਸੁਧਾਰਾਂ ਦਾ ਇੱਕ ਨਵਾਂ ਪੜਾਅ ਸ਼ੁਰੂ ਕਰੇਗੀ। ਉਨ੍ਹਾਂ ਕਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ, ਅਸੀਂ ਅਗਲੀ ਪੀੜ੍ਹੀ ਦੇ ਸੁਧਾਰਾਂ ਦਾ ਇੱਕ ਨਵਾਂ ਪੜਾਅ ਸ਼ੁਰੂ ਕਰਨ ਜਾ ਰਹੇ ਹਾਂ। ਪ੍ਰਧਾਨ ਮੰਤਰੀ ਨੇ ਯੋਜਨਾਬੱਧ ਸੁਧਾਰਾਂ ਬਾਰੇ ਵਿਸਥਾਰ ਵਿੱਚ ਨਹੀਂ ਦੱਸਿਆ ਪਰ ਸਭ ਤੋਂ ਵੱਡੇ ਯੋਜਨਾਬੱਧ ਸੁਧਾਰ ਦਾ ਸੰਕੇਤ ਦਿੱਤਾ ਕਿ ਉਹ ਵਸਤੂਆਂ ਅਤੇ ਸੇਵਾਵਾਂ ਟੈਕਸ (GST) ਹੈ, ਜੋ ਸ਼ੈਂਪੂ ਅਤੇ ਹਾਈਬ੍ਰਿਡ ਕਾਰਾਂ ਤੋਂ ਲੈ ਕੇ ਖਪਤਕਾਰ ਇਲੈਕਟ ?ਰਾਨਿਕਸ ਤੱਕ ਆਮ ਤੌਰ 'ਤੇ ਵਰਤੀਆਂ ਜਾਣ ਵਾਲੀਆਂ ਵਸਤੂਆਂ ਦੀ ਇੱਕ ਸ਼੍ਰੇਣੀ 'ਤੇ ਟੈਕਸ ਘਟਾਏਗਾ। GST ਕੌਂਸਲ ਪ੍ਰਸਤਾਵਿਤ ਦਰਾਂ ਵਿੱਚ ਕਟੌਤੀ 'ਤੇ ਚਰਚਾ ਕਰਨ ਲਈ 3 ਸਤੰਬਰ ਤੋਂ ਨਵੀਂ ਦਿੱਲੀ ਵਿੱਚ ਦੋ ਦਿਨਾਂ ਦੀ ਮੀਟਿੰਗ ਕਰ ਰਹੀ ਹੈ। ਟਰੰਪ ਨੇ ਜਨਵਰੀ ਤੋਂ ਇੱਕ ਵਿਆਪਕ ਗਲੋਬਲ ਟੈਰਿਫ ਪ੍ਰੋਗਰਾਮ ਸ਼ੁਰੂ ਕੀਤਾ ਹੈ, ਜਿਸ ਵਿੱਚ ਉਨ੍ਹਾਂ ਦੇਸ਼ਾਂ ਤੋਂ ਆਯਾਤ 'ਤੇ ਉੱਚ ਦਰਾਂ ਲਗਾਈਆਂ ਗਈਆਂ ਹਨ ਜਿਨ੍ਹਾਂ ਨਾਲ ਉਨ੍ਹਾਂ ਦੇ ਪ੍ਰਸ਼ਾਸਨ ਨੂੰ ਰਾਜਨੀਤਿਕ ਸ਼ਿਕਾਇਤਾਂ ਹਨ। ਭਾਰਤ ਤੋਂ ਇਲਾਵਾ, ਸਿਰਫ ਬ੍ਰਾਜ਼ੀਲ 'ਤੇ 50 ਪ੍ਰਤੀਸ਼ਤ ਡਿਊਟੀ ਲਗਾਈ ਗਈ ਹੈ। ਟਰੰਪ ਦਾ ਤਰਕ ਹੈ ਕਿ ਟੈਰਿਫ ਅਮਰੀਕੀ ਨਿਰਮਾਣ ਨੂੰ ਹੁਲਾਰਾ ਦਿੰਦੇ ਹਨ ਅਤੇ ਨੌਕਰੀਆਂ ਦੀ ਰੱਖਿਆ ਕਰਦੇ ਹਨ, ਪਰ ਉਨ੍ਹਾਂ ਦੀਆਂ ਵਪਾਰਕ ਨੀਤੀਆਂ ਨੇ ਦੁਨੀਆ ਭਰ ਵਿੱਚ ਆਰਥਿਕ ਹਫੜਾ-ਦਫੜੀ ਮਚਾ ਦਿੱਤੀ ਹੈ।


ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਭਾਈ ਤਰਸੇਮ ਸਿੰਘ ਖਾਲਸਾ ਪ੍ਰਧਾਨ ਕੈਲੀਫੋਰਨੀਆ 559-331-1326
ਸ੍ਰ. ਪਵਨਦੀਪ ਸਿੰਘ ਵਰਜੀਨੀਆ ਸੀਨੀਅਰ ਨੌਜਵਾਨ ਆਗੂ
ਸ੍ਰ. ਅਜੀਤ ਸਿੰਘ ਔਲਖ ਟੈਕਸਾਸ ਸੀਨੀਅਰ ਆਗੂ
ਬੀਬੀ ਗੁਰਪ੍ਰੀਤ ਕੌਰ ਖਾਲਸਾ ਸੀਨੀਅਰ ਆਗੂ
ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ
ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ
ਸ੍ਰ. ਸਿਮਰਨਜੀਤ ਸਿੰਘ ਮਾਨ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਬੀਬੀ ਪਰਮਜੀਤ ਕੌਰ ਖਾਲੜਾ
ਭਾਈ ਤਰਲੋਚਨ ਸਿੰਘ
ਜਥੇਦਾਰ ਸੁਲੱਖਣ ਸਿੰਘ
ਲਾਵਾਰਿਸ਼ ਲਾਸ਼ਾਂ ਦੇ ਵਾਰਿਸ
ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜੀ ਦੀ 30ਵੀਂ ਬਰਸੀ
ਸਥਾਨ 1930 ਸਿੱਖ ਟੈਂਪਲ ਸਟਰੀਟ ਸਟਾਕਟਨ, ਕੈਲੀਫੋਰਨੀਆ 95206
ਪ੍ਰੋਗਰਾਮ ਇਸ ਪ੍ਰਕਾਰ ਹੈ :
ਅਰੰਭ ਸ੍ਰੀ ਅਖੰਡ ਪਾਠ ਸਾਹਿਬ 5 ਸਤੰਬਰ 2025 ਅਤੇ ਭੋਗ ਸ੍ਰੀ ਅਖੰਡ ਪਾਠ ਸਾਹਿਬ 7 ਸਤੰਬਰ 2025
LOCATION 1930 SIKH TEMPLE ST STOCKTON, CA 95206
ਉਪਰੰਤ ਕੀਰਤਨੀਏ ਸਿੰਘ, ਢਾਡੀ ਸਿੰਘ ਅਤੇ ਪੰਥਕ ਆਗੂ ਸੰਗਤਾਂ ਨਾਲ ਗੁਰਮਤਿ ਵਿਚਾਰ ਸਾਂਝੇ ਕਰਨਗੇ। ਪ੍ਰੋਗਰਾਮ ਸਮੂਹ ਪੰਥਕ ਜਥੇਬੰਦੀਆਂ ਅਤੇ ਗੁਰਦੁਆਰਾ ਸਾਹਿਬ ਸਟਾਕਟਨ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਮੇਂ ਸਿਰ ਪਹੁੰਚ ਕੇ ਆਪਣੀ ਹਾਜ਼ਰੀ ਭਰਨ ਦੀ ਕਿਰਪਾਲਤਾ ਕਰਨੀ ਜੀ।
ਸ੍ਰ. ਹਰਪ੍ਰੀਤ ਸਿੰਘ ਖ਼ਾਲਸਾ 661-747-5175
ਸ੍ਰ. ਸਰਬਜੀਤ ਸਿੰਘ ਦਿੱਲੀ ਕਨਵੀਨਰ 510-358-7713
ਸ੍ਰ. ਜਰਨੈਲ ਸਿੰਘ ਵਾਈਸ ਪ੍ਰਧਾਨ 209-561-5532
ਸ੍ਰ. ਅਰਵਿੰਦਰ ਸਿੰਘ ਯੂਥ ਪ੍ਰਧਾਨ 559-840-7325
ਐਡਵੋਕੇਟ ਮਨਦੀਪ ਕੌਰ ਪ੍ਰਧਾਨ ਮਹਿਲਾ ਵਿੰਗ
ਬੀਬੀ ਜਸਬੀਰ ਕੌਰ
ਸ੍ਰ. ਗੁਰਮੀਤ ਸਿੰਘ ਗਿੱਲ ਮੀਡੀਆ ਇੰਚਾਰਜ 661-861-3839
ਸ੍ਰ. ਜਸਵਿੰਦਰ ਸਿੰਘ ਪ੍ਰਧਾਨ ਬੇਕਰਸਫੀਲਡ 209-600-8006
ਸ੍ਰ. ਸਤਨਾਮ ਸਿੰਘ ਪ੍ਰਧਾਨ ਸਟਾਕਟਨ 209-992-1052
ਸ੍ਰ. ਹਰਵਿੰਦਰ ਸਿੰਘ ਪ੍ਰਧਾਨ ਟਰੇਸੀ 209-640-0844
ਸ੍ਰ. ਗੁਰਜੀਤ ਸਿੰਘ ਪ੍ਰਧਾਨ ਫਰਿਜ਼ਨੋ 559-977-0795
ਸ੍ਰ. ਗੁਰਤੇਜ ਸਿੰਘ ਬੇਕਰਸਫੀਲਡ
ਸ੍ਰ. ਸੁਰਿੰਦਰਪਾਲ ਸਿੰਘ ਭਿੰਡਰ
ਸ੍ਰ. ਪਰਮਿੰਦਰ ਸਿੰਘ ਪਾਲ ਤੁਲਾਰ
ਸ੍ਰ. ਬਲਵਿੰਦਰ ਸਿੰਘ ਫਰਿਜ਼ਨੋ ਜਨਰਲ ਸੈਕਟਰੀ
ਸ੍ਰ. ਅਜਮੇਰ ਸਿੰਘ ਮੱਲ੍ਹੀ
ਸ੍ਰ. ਸੰਦੀਪ ਸਿੰਘ ਪੁਨੀਆ ਆਈ.ਟੀ. ਵਿੰਗ
ਸ੍ਰ. ਚਰਨਜੀਤ ਸਿੰਘ ਖਾਲਸਾ
ਸ੍ਰ. ਸੁਖਵਿੰਦਰ ਸਿੰਘ ਬੇ-ਏਰੀਆ
ਸ੍ਰ. ਗਗਨਦੀਪ ਵਿਰਕ ਫਰਿਜ਼ਨੋ CA
ਸ੍ਰ. ਤਾਜੇਸ਼ਵਰ ਸਿੰਘ
ਸ੍ਰ. ਗੁਰਮੇਲ ਸਿੰਘ ਸੰਘਾ ਬੇਕਰਸਫੀਲਡ
ਸ੍ਰ. ਗੁਰਵਿੰਦਰ ਸਿੰਘ ਸੰਧੂ
ਸ੍ਰ. ਦੀਪ ਧੰਜੂ ਸਿੰਘ
ਸ੍ਰ. ਤੀਰਥ ਸਿੰਘ ਸੈਕਰਾਮੈਂਟੋ
ਸ੍ਰ. ਸਤਵੀਰ ਸਿੰਘ ਬੱਲ
ਸ੍ਰ. ਅਰਸ਼ਦੀਪ ਸਿੰਘ
ਸ੍ਰ. ਜਸਬੀਰ ਸਿੰਘ
ਸ੍ਰ. ਜਤਿੰਦਰ ਸਿੰਘ
ਸ੍ਰ. ਸੁਖਜਿੰਦਰ ਸਿੰਘ
ਸ੍ਰ. ਸੰਦੀਪ ਸਿੰਘ ਪੁਨੀਆ ਆਈ.ਟੀ. ਵਿੰਗ
ਸ੍ਰ. ਅਮਰੀਕ ਸਿੰਘ ਖਾਲਿਸਤਾਨੀ
ਸ੍ਰ. ਰਵਿੰਦਰ ਸਿੰਘ ਧਾਲੀਵਾਲ
ਸ੍ਰ. ਗੁਰਦੀਪ ਸਿੰਘ
ਸ੍ਰ. ਤਜਿੰਦਰ ਸਿੰਘ
ਸ੍ਰ. ਲਵਜੀਤ ਸਿੰਘ
ਸ੍ਰ. ਪ੍ਰਭਜੀਤ ਸਿੰਘ ਖੁਰਾਲ
ਸ੍ਰ. ਲਵਪ੍ਰੀਤ ਸਿੰਘ
ਸ੍ਰ. ਸਿਕੰਦਰ ਸਿੰਘ
ਸ੍ਰ. ਕਮਲਜੀਤ ਸਿੰਘ
ਸ੍ਰ. ਮੁਤਾਬ ਸਿੰਘ
ਸ੍ਰ. ਸਮਸਪ੍ਰੀਤ ਸਿੰਘ
ਸ੍ਰ. ਹਰਦੀਪ ਸਿੰਘ
ਵਲੋਂ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਕੈਲੇਫੋਰਨੀਆ ਯੂਨਿਟ, ਅਮਰੀਕਾ

# ਭਾਰਤ, ਜਾਪਾਨ ਨੇ ਰੱਖਿਆ ਅਤੇ ਹਿੰਦ-ਪ੍ਰਸ਼ਾਂਤ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਇਤਿਹਾਸਕ ਸੁਰੱਖਿਆ ਸਮਝੌਤਿਆਂ 'ਤੇ ਕੀਤੇ ਦਸਤਖਤ

## ਟੋਕੀਓ ਵਿੱਚ ਆਪਣੀ ਇਤਿਹਾਸਕ ਫੇਰੀ ਅਤੇ ਇਤਿਹਾਸਕ ਸਮਝੌਤਿਆਂ ਤੋਂ ਬਾਅਦ ਚੀਨ ਵਿੱਚ ਚੀਨ ਦੇ ਰਾਸ਼ਟਰਪਤੀ, ਚੀਨੀ ਫੌਜ ਅਤੇ ਚੀਨ ਦੇ ਸਿਰਮੌਰ ਸਭਿਆਚਾਰ ਨਾਲ ਭਾਰਤ ਦੇ ਪ੍ਰਧਾਨ ਮੰਤਰੀ ਦਾ ਨਿੱਘਾ ਸਵਾਗਤ ਕੀਤਾ



ਟੋਕੀਓ ਜਾਪਾਨ ਵਿਖੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਆਪਣੇ ਵਫਦ ਸਮੇਤ ਜਪਾਨ ਦੇ ਪ੍ਰਧਾਨ ਮੰਤਰੀ ਸ਼ਿਗੇਰੂ ਇਸ਼ੀਬਾ ਨਾਲ ਮੁਲਾਕਾਤ ਦੌਰਾਨ।

ਟੋਕੀਓ: ਭਾਰਤ ਅਤੇ ਜਾਪਾਨ ਨੇ ਆਪਣੀ ਸਾਂਝੇਦਾਰੀ ਨੂੰ ਇੱਕ ਨਵੇਂ ਪੱਧਰ 'ਤੇ ਲਿਜਾਂਦੇ ਹੋਏ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 15ਵੀਂ ਸਾਲਾਨਾ ਭਾਰਤ-ਜਾਪਾਨ ਸਿਖਰ ਵਾਰਤਾ ਲਈ ਟੋਕੀਓ ਫੇਰੀ ਦੌਰਾਨ ਸ਼ੁੱਕਰਵਾਰ ਨੂੰ ਇੱਕ ਇਤਿਹਾਸਕ 'ਸੁਰੱਖਿਆ ਸਹਿਯੋਗ 'ਤੇ ਸਾਂਝੇ ਘੋਸ਼ਣਾ ਪੱਤਰ' 'ਤੇ ਦਸਤਖਤ ਕੀਤੇ ਹਨ। ਇਸ ਘੋਸ਼ਣਾ ਪੱਤਰ ਦਾ ਉਦੇਸ਼ ਰੱਖਿਆ ਸਬੰਧਾਂ ਨੂੰ ਮਜ਼ਬੂਤ ਕਰਨਾ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸ਼ਾਂਤੀ ਅਤੇ ਸਥਿਰਤਾ ਨੂੰ ਯਕੀਨੀ ਬਣਾਉਣਾ ਹੈ, ਜਿਸ ਨੂੰ ਦੋਵੇਂ ਦੇਸ਼ ਆਪਣੀ ਸੁਰੱਖਿਆ ਅਤੇ ਆਰਥਿਕ ਵਿਕਾਸ ਲਈ ਬਹੁਤ ਮਹੱਤਵਪੂਰਨ ਮੰਨਦੇ ਹਨ। ਇਹ ਸਮਝੌਤਾ ਦੋਵਾਂ ਦੇਸ਼ਾਂ ਨੂੰ ਸਮੁੰਦਰੀ ਸੁਰੱਖਿਆ ਤੋਂ ਲੈ ਕੇ ਸਾਈਬਰ ਖਤਰਿਆਂ ਤੱਕ ਦੀਆਂ ਆਧੁਨਿਕ ਚੁਣੌਤੀਆਂ 'ਤੇ ਮਿਲ ਕੇ ਕੰਮ ਕਰਨ ਲਈ ਇੱਕ ਨਵਾਂ ਢਾਂਚਾ ਪ੍ਰਦਾਨ ਕਰਦੇ ਹਨ।

ਇਸ ਸਮਝੌਤੇ ਦੇ ਤਹਿਤ, ਭਾਰਤ ਅਤੇ ਜਾਪਾਨ ਆਪਣੀਆਂ ਤਿੰਨਾਂ ਸੈਨਾਵਾਂ-ਥਲ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ-ਨੂੰ ਸ਼ਾਮਲ ਕਰਦੇ ਹੋਏ ਵਧੇਰੇ ਸਾਂਝੇ ਅਭਿਆਸਾਂ ਰਾਹੀਂ ਫੌਜੀ ਸਹਿਯੋਗ ਦਾ ਵਿਸਤਾਰ ਕਰਨਗੇ। ਦੋਵਾਂ ਧਿਰਾਂ ਨੇ ਰੱਖਿਆ ਤਕਨਾਲੋਜੀ ਨੂੰ ਸਾਂਝਾ ਕਰਨ ਅਤੇ ਸਾਂਝੇ ਤੌਰ 'ਤੇ ਉਪਕਰਨਾਂ ਦਾ ਉਤਪਾਦਨ ਕਰਨ ਦੀਆਂ ਸੰਭਾਵਨਾਵਾਂ ਦੀ ਖੋਜ ਕਰਨ 'ਤੇ ਵੀ ਸਹਿਮਤੀ ਪ੍ਰਗਟਾਈ। ਜਲ ਸੈਨਾ ਸਹਿਯੋਗ ਨੂੰ ਸਮੁੰਦਰੀ ਜਹਾਜ਼ਾਂ ਦੇ ਵੱਧ ਦੌਰਿਆਂ, ਸਮੁੰਦਰੀ ਮਾਰਗਾਂ ਨੂੰ ਸੁਰੱਖਿਅਤ ਰੱਖਣ ਲਈ ਤਾਲਮੇਲ ਅਤੇ ਸਮੁੰਦਰੀ ਲੁਟੇਰਿਆਂ ਦੇ ਨਾਲ ਨਾਲ ਹੋਰ ਅਪਰਾਧਾਂ ਵਿਰੁੱਧ ਮਜ਼ਬੂਤ ਕਾਰਵਾਈ ਨਾਲ ਹਰ ਸਮਝੌਤੇ ਨੂੰ ਮਜਬੂਤੀ ਨਾਲ ਅੱਗੇ ਵਧਾਇਆ ਜਾਵੇਗਾ।

ਇਹ ਸਮਝੌਤਾ ਰਵਾਇਤੀ ਰੱਖਿਆ ਮਾਮਲਿਆਂ ਤੋਂ ਵੀ ਅੱਗੇ ਜਾਂਦਾ ਹੈ। ਇਸ ਵਿੱਚ ਅੱਤਵਾਦ-ਵਿਰੋਧੀ, ਆਫ਼ਤ ਰਾਹਤ, ਸਾਈਬਰ ਸੁਰੱਖਿਆ, ਰੱਖਿਆ ਖੋਜ ਅਤੇ ਇੱਥੋਂ ਤੱਕ ਕਿ ਆਧੁਨਿਕ ਉਦਯੋਗਾਂ ਲਈ ਲੋੜੀਂਦੇ ਮਹੱਤਵਪੂਰਨ ਖਣਿਜਾਂ 'ਤੇ ਸਹਿਯੋਗ ਵਰਗੇ ਖੇਤਰਾਂ ਵਿੱਚ ਵੀ ਨਜ਼ਦੀਕੀ ਤਾਲਮੇਲ ਸ਼ਾਮਲ ਹੈ। ਦੋਵਾਂ ਦੇਸ਼ਾਂ ਨੇ ਨਵੇਂ ਅਤੇ ਉੱਭਰ ਰਹੇ ਸੁਰੱਖਿਆ ਖਤਰਿਆਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਵੀ ਵਚਨਬੱਧਤਾ ਪ੍ਰਗਟਾਈ ਹੈ।

ਵਿਦੇਸ਼ ਮੰਤਰਾਲੇ ਨੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਸਾਂਝੇ ਘੋਸ਼ਣਾ ਪੱਤਰ ਦਾ ਉਦੇਸ਼ ਇੱਕ-ਦੂਜੇ ਦੀਆਂ ਤਰਜੀਹਾਂ ਦੇ ਵਿਸ਼ੇਸ਼ ਖੇਤਰਾਂ, ਜਿਵੇਂ ਕਿ ਅੱਤਵਾਦ-ਵਿਰੋਧੀ, ਸ਼ਾਂਤੀ-ਰੱਖਿਆ ਕਾਰਜਾਂ ਅਤੇ ਸਾਈਬਰ ਰੱਖਿਆ ਦੇ ਨਾਲ-ਨਾਲ ਉੱਭਰ ਰਹੇ ਸੁਰੱਖਿਆ ਖਤਰਿਆਂ ਦੇ ਸਬੰਧ ਵਿੱਚ ਮੁਲਾਂਕਣ ਸਮੇਤ ਜਾਣਕਾਰੀ ਸਾਂਝੀ ਕਰਨ ਦੇ ਮੌਕਿਆਂ ਦੀ ਪੜਚੋਲ ਕਰਨਾ ਹੈ।

ਵਿਦੇਸ਼ ਮੰਤਰਾਲੇ ਨੇ ਇਸ ਸਮਝੌਤੇ ਨੂੰ ਭਾਰਤ-ਜਾਪਾਨ ਸਾਂਝੇਦਾਰੀ ਵਿੱਚ ਇੱਕ "ਨਵੇਂ ਪੜਾਅ" ਦਾ ਪ੍ਰਤੀਬਿੰਬ ਦੱਸਿਆ ਅਤੇ ਕਿਹਾ ਕਿ ਇਹ ਇੱਕ ਆਜ਼ਾਦ, ਖੁੱਲ੍ਹੇ ਅਤੇ ਸ਼ਾਂਤੀਪੂਰਨ ਹਿੰਦ-ਪ੍ਰਸ਼ਾਂਤ ਦੇ ਉਨ੍ਹਾਂ ਦੇ ਸਾਂਝੇ ਦ੍ਰਿਸ਼ਟੀਕੋਣ ਦੇ ਅਨੁਕੂਲ ਹੈ।

ਇਹ ਸਮਝੌਤਾ ਦੋਵਾਂ ਦੇਸ਼ਾਂ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਵਿਚਕਾਰ ਨਿਯਮਤ ਗੱਲਬਾਤ ਦੀ ਵੀ ਗੱਲ ਕਰਦਾ ਹੈ, ਜਿਸ ਨਾਲ ਡੂੰਘੇ ਅਤੇ ਲੰਬੇ ਸਮੇਂ ਦੇ ਸਹਿਯੋਗ ਨੂੰ ਯਕੀਨੀ ਬਣਾਇਆ ਜਾ ਸਕੇਗਾ। ਸੁਰੱਖਿਆ ਸਹਿਯੋਗ 'ਤੇ ਸਾਂਝਾ ਘੋਸ਼ਣਾ ਪੱਤਰ ਪ੍ਰਧਾਨ ਮੰਤਰੀ ਮੋਦੀ ਦੇ ਜਾਪਾਨ ਦੌਰੇ ਦੇ ਮੁੱਖ ਨਤੀਜਿਆਂ ਵਿੱਚੋਂ ਇੱਕ ਹੈ। ਇਸ ਘੋਸ਼ਣਾ ਦੀ ਮਹੱਤਤਾ ਬਾਰੇ ਦੱਸਦਿਆਂ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਕਿ ਇਹ ਦੋਵਾਂ ਦੇਸ਼ਾਂ ਨੂੰ ਸਮਕਾਲੀ ਸੁਰੱਖਿਆ ਚੁਣੌਤੀਆਂ ਦਾ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਲਈ ਇੱਕ ਸਮਰੱਥ ਢਾਂਚਾ ਪ੍ਰਦਾਨ ਕਰਦਾ ਹੈ।

ਉਨ੍ਹਾਂ ਨੇ ਅੱਜ ਟੋਕੀਓ ਵਿੱਚ ਇੱਕ ਮੀਡੀਆ ਬ੍ਰੀਫਿੰਗ ਨੂੰ ਸੰਬੋਧਨ ਕਰਦਿਆਂ ਕਿਹਾ, "ਇਸ ਦਸਤਾਵੇਜ਼ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਸੁਰੱਖਿਆ ਦੀ ਵਿਆਪਕ ਧਾਰਨਾ ਹੈ, ਜਿਸ ਵਿੱਚ ਸਾਈਬਰ ਸੁਰੱਖਿਆ, ਅੱਤਵਾਦ-ਵਿਰੋਧੀ, ਰੱਖਿਆ ਉਦਯੋਗ, ਖੋਜ ਅਤੇ ਵਿਕਾਸ, ਅਤੇ ਬਹੁ-ਪੱਖੀ ਸਮੂਹਾਂ ਵਿੱਚ ਸੁਰੱਖਿਆ ਮੁੱਦਿਆਂ 'ਤੇ ਨਜ਼ਦੀਕੀ ਸਹਿਯੋਗ ਸ਼ਾਮਲ ਹੈ। ਦੋਵਾਂ ਦੇਸ਼ਾਂ ਵਿਚਾਲੇ ਸੁਰੱਖਿਆ ਸਾਂਝ ਦੀ ਇੱਕ ਨਵੀਂ ਵਿਸ਼ੇਸ਼ਤਾ ਦੋਵਾਂ ਦੇਸ਼ਾਂ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਵਿਚਕਾਰ ਇੱਕ ਸੰਸਥਾਗਤ ਗੱਲਬਾਤ ਹੋਵੇਗੀ।"

ਇਹ ਮਈ 2023 ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਦੀ ਜਾਪਾਨ ਦੀ ਪਹਿਲੀ ਫੇਰੀ ਹੈ। ਇਸ ਤੋਂ ਪਹਿਲਾਂ ਅੱਜ, ਉਨ੍ਹਾਂ ਨੂੰ ਟੋਕੀਓ ਵਿੱਚ ਇੱਕ ਰਸਮੀ ਗਾਰਡ ਆਫ਼ ਆਨਰ ਦਿੱਤਾ ਗਿਆ। ਭਾਰਤ ਅਤੇ ਜਾਪਾਨ ਨੇ ਇੱਕ ਦਹਾਕਾ ਪਹਿਲਾਂ ਆਪਣੇ ਸਬੰਧਾਂ ਨੂੰ ਇੱਕ "ਵਿਸ਼ੇਸ਼ ਰਣਨੀਤਕ ਅਤੇ ਗਲੋਬਲ ਸਾਂਝੇਦਾਰੀ" ਤੱਕ ਪਹੁੰਚਾਇਆ ਸੀ, ਅਤੇ ਇਹ ਨਵਾਂ ਘੋਸ਼ਣਾ ਪੱਤਰ ਇਸ ਬੰਧਨ ਨੂੰ ਹੋਰ ਮਜ਼ਬੂਤ ਕਰਦਾ ਹੈ।

ਟੋਕੀਓ ਵਿੱਚ ਆਪਣੀਆਂ ਮੀਟਿੰਗਾਂ ਤੋਂ ਬਾਅਦ, ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਸ਼ੰਘਾਈ ਚੀਨ ਸੰਗਠਨ ਸਿਖਰ ਸੰਮੇਲਨ ਵਿੱਚ ਸ਼ਾਮਲ ਹੋ ਗਏ ਅਤੇ ਚੀਨ ਦੇ ਰਾਸ਼ਟਰਪਤੀ ਨੇ ਉਹਨਾਂ ਨੂੰ ਜੀ ਆਇਆਂ ਕਿਹਾ ਚੀਨ ਨੇ ਆਪਣੀ ਫੌਜ ਅਤੇ ਚੀਨੀ ਰਸਮਾ ਅਤੇ ਸਭਿਆਚਾਰ ਨਾਲ ਭਾਰਤ ਦੇ ਪ੍ਰਧਾਨ ਮੰਤਰੀ ਦਾ ਨਿੱਘਾ ਸਵਾਗਤ ਕੀਤਾ।





ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਉਨ੍ਹਾਂ ਦੀ ਫੌਜ ਸਵਾਗਤ ਕਰਦੀ ਹੋਈ

# ਹੜ੍ਹ ਪ੍ਰਭਾਵਿਤ ਲੋਕਾਂ ਦੀ ਸਾਰ ਲੈਣ ਦੀ ਲੋੜ



ਸਤਨਾਮ ਸਿੰਘ ਮਾਣਕ

'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਦੀ ਕਹਾਵਤ ਭਾਵੇਂ ਪਿਛਲੀਆਂ ਸਦੀਆਂ ਵਿਚ ਕੇਂਦਰੀ ਏਸ਼ੀਆ ਤੋਂ ਹਮਲਾਵਰਾਂ ਦੇ ਵਾਰ-ਵਾਰ ਪੰਜਾਬ 'ਤੇ ਹਮਲੇ ਕਰਨ ਅਤੇ ਪੰਜਾਬ ਦੇ ਬਸ਼ਿੰਦਿਆਂ ਵਲੋਂ ਉਨ੍ਹਾਂ ਦਾ ਨਿਰੰਤਰ ਮੁਕਾਬਲਾ ਕਰਨ ਦੇ ਸੰਦਰਭ ਵਿਚ ਪ੍ਰਚੱਲਿਤ ਹੋਈ ਸੀ, ਪਰ ਕਈ ਪਹਿਲੂਆਂ ਤੋਂ ਇਹ ਕਹਾਵਤ ਅੱਜ ਵੀ ਪ੍ਰਸੰਗਿਕ ਹੈ। ਅੱਜ ਵੀ ਅਨੇਕਾਂ ਦਿਸ਼ਾਵਾਂ ਅਤੇ ਅਨੇਕਾਂ ਪਹਿਲੂਆਂ ਤੋਂ ਪੰਜਾਬ ਅਤੇ ਪੰਜਾਬੀਆਂ ਨੂੰ ਵੱਡੀਆਂ ਚੁਣੌਤੀਆਂ ਦਾ ਵਾਰ-ਵਾਰ ਸਾਹਮਣਾ ਕਰਨਾ ਪੈ ਰਿਹਾ ਹੈ।

ਅਜੋਕੇ ਸਮੇਂ ਵਿਚ ਵੀ ਜਿਥੇ ਪੰਜਾਬੀਆਂ ਨੂੰ ਕੇਂਦਰੀ ਸਰਕਾਰਾਂ ਦੀਆਂ ਧੱਕੇਸ਼ਾਹੀਆਂ ਅਤੇ ਵਿਤਕਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਪਾਕਿਸਤਾਨ ਦੀ ਧਰਤੀ ਤੋਂ ਭਾਰਤ ਵਿਰੁੱਧ ਛੇੜੀ ਗਈ ਅਸਿੱਧੀ ਜੰਗ (Prox? war) ਦਾ ਵੀ ਜ਼ਿਆਦਾ ਸੰਤਾਪ ਪੰਜਾਬ ਨੂੰ ਹੀ ਭੁਗਤਣਾ ਪੈ ਰਿਹਾ ਹੈ। ਪਾਕਿਸਤਾਨ ਦੀ ਧਰਤੀ ਤੋਂ ਭਾਰਤ ਵਿਰੋਧੀ ਸ਼ਕਤੀਆਂ ਵਲੋਂ ਉਥੇ ਦੀ ਸਥਾਪਤੀ ਦੀ ਮਿਲੀ ਭੁਗਤ ਨਾਲ ਜੋ ਘਾਤਕ ਨਸ਼ੀਲੇ ਪਦਾਰਥਾਂ ਅਤੇ ਨਾਜਾਇਜ਼ ਹਥਿਆਰਾਂ ਦੀ ਡਰੋਨਾਂ ਰਾਹੀਂ ਭਾਰਤ ਅੰਦਰ ਤਸਕਰੀ ਕੀਤੀ ਜਾ ਰਹੀ ਹੈ, ਉਸ ਤੋਂ ਵੀ ਜ਼ਿਆਦਾ ਪੰਜਾਬ ਹੀ ਪ੍ਰਭਾਵਿਤ ਹੋ ਰਿਹਾ ਹੈ। ਪੰਜਾਬ ਵਿਚ ਹੀ ਵਧੇਰੇ ਨਸ਼ੀਲੇ ਪਦਾਰਥ ਅਤੇ ਹਥਿਆਰ ਸੁੱਟੇ ਜਾ ਰਹੇ ਹਨ। ਇਸ ਬਾਰੇ ਵੀ ਕੋਈ ਦੋ ਰਾਵਾਂ ਨਹੀਂ ਕਿ ਇਨ੍ਹਾਂ ਨੂੰ ਪ੍ਰਾਪਤ ਕਰਨ ਵਾਲੇ ਵੀ ਵਧੇਰੇ ਗਿਣਤੀ ਵਿਚ ਪੰਜਾਬ ਦੇ ਰਹਿਣ ਵਾਲੇ ਅਜਿਹੇ ਸਮਾਜ ਵਿਰੋਧੀ ਅਨਸਰ ਹਨ, ਜਿਨ੍ਹਾਂ ਨੂੰ ਪੰਜਾਬੀ ਕਹਿਣਾ ਵੀ ਔਖਾ ਲਗਦਾ ਹੈ। ਪਰ ਇਸ ਵਰਤਾਰੇ ਦਾ ਬਿਨਾਂ ਸ਼ੱਕ ਵੱਡਾ ਭੋਗੀ ਪੰਜਾਬ ਹੀ ਹੈ। ਇਸੇ ਦਰਮਿਆਨ ਕੁਦਰਤ ਵੀ ਵਾਰ-ਵਾਰ ਪੰਜਾਬੀਆਂ ਦਾ ਇਮਤਿਹਾਨ ਲੈ ਰਹੀ ਹੈ। ਪਿਛਲੇ ਕੁਝ ਦਹਾਕਿਆਂ ਵਿਚ ਭਾਰਤ ਦੇ ਪਹਾੜੀ ਰਾਜਾਂ ਉਤਰਾਖੰਡ, ਜੰਮੂ-ਕਸ਼ਮੀਰ, ਹਿਮਾਚਲ ਤੇ ਹਰਿਆਣਾ ਦੇ ਨਾਲ-ਨਾਲ ਪੰਜਾਬ ਨੂੰ ਵੀ ਹੜ੍ਹਾਂ ਕਾਰਨ ਵੱਡੀ ਤਬਾਹੀ ਦਾ ਸਾਹਮਣਾ ਕਰਨਾ ਪਿਆ ਹੈ। ਸੰਨ 1988 ਵਿਚ ਪੰਜਾਬ 'ਚ ਹੜ੍ਹਾਂ ਕਾਰਨ ਹੋਈ ਤਬਾਹੀ ਅੱਜ ਵੀ ਲੋਕਾਂ ਨੂੰ ਯਾਦ ਹੈ। ਜਦੋਂ ਰਾਜ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ ਅਤੇ ਬਹੁਤ ਸਾਰੀਆਂ ਮੁੱਖ ਸੜਕਾਂ ਵੀ ਟੁੱਟ ਗਈਆਂ ਸਨ। 3 ਲੱਖ ਏਕੜ ਵਿਚ ਕਾਸ਼ਤ ਕੀਤੀਆਂ ਗਈਆਂ ਫ਼ਸਲਾਂ ਤਬਾਹ ਹੋ ਗਈਆਂ ਸਨ। 2010 ਵਿਚ ਵੀ ਹੜ੍ਹਾਂ ਕਾਰਨ ਪੰਜਾਬ ਦੇ 20 ਜ਼ਿਲ੍ਹੇ ਪ੍ਰਭਾਵਿਤ ਹੋਏ ਸਨ ਅਤੇ ਦੋ ਲੱਖ ਏਕੜ ਜ਼ਮੀਨ 'ਚ ਬੀਜੀਆਂ ਗਈਆਂ ਫ਼ਸਲਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ। 2013 'ਚ ਆਏ ਭਿਆਨਕ ਹੜ੍ਹਾਂ ਦਾ ਰਾਜ ਦੇ 10 ਜ਼ਿਲ੍ਹਿਆਂ 'ਤੇ ਅਸਰ ਪਿਆ ਸੀ ਅਤੇ 4.43 ਲੱਖ ਏਕੜ ਵਿਚ ਖੜ੍ਹੀਆਂ ਫ਼ਸਲਾਂ ਬਰਬਾਦ ਹੋ ਗਈਆਂ ਸਨ। 2019 ਵਿਚ ਆਏ ਹੜ੍ਹਾਂ ਕਾਰਨ ਜਲੰਧਰ, ਕਪੂਰਥਲਾ, ਰੂਪਨਗਰ ਅਤੇ ਲੁਧਿਆਣਾ ਆਦਿ ਜ਼ਿਲ੍ਹਿਆਂ ਦੇ 300 ਤੋਂ ਵੱਧ ਪਿੰਡ ਪ੍ਰਭਾਵਿਤ ਹੋਏ ਸਨ ਅਤੇ ਇਨ੍ਹਾਂ ਹੜ੍ਹਾਂ ਕਾਰਨ ਵੀ ਹਜ਼ਾਰਾਂ ਏਕੜਾਂ 'ਚ ਕਾਸ਼ਤ ਕੀਤੀਆਂ ਗਈਆਂ ਫ਼ਸਲਾਂ ਦਾ ਨੁਕਸਾਨ ਹੋਇਆ ਸੀ। ਇਸੇ ਤਰ੍ਹਾਂ 2023 ਵਿਚ ਵੱਡੀ ਪੱਧਰ 'ਤੇ ਆਏ ਹੜ੍ਹਾਂ ਕਾਰਨ ਰਾਜ ਦੇ 19 ਜ਼ਿਲ੍ਹੇ ਪ੍ਰਭਾਵਿਤ ਹੋਏ ਸਨ, ਖ਼ਾਸ ਕਰਕੇ ਪਟਿਆਲਾ, ਮੁਹਾਲੀ, ਤਰਨਤਾਰਨ ਅਤੇ ਫਤਹਿਗੜ੍ਹ ਸਾਹਿਬ 'ਚ ਭਾਰੀ ਨੁਕਸਾਨ ਹੋਇਆ ਸੀ। ਔਸਤਨ 3 ਲੱਖ ਏਕੜਾਂ 'ਚ ਕਾਸ਼ਤ ਕੀਤੀਆਂ ਫ਼ਸਲਾਂ ਬਰਬਾਦ ਹੋ ਗਈਆਂ ਸਨ।

ਪਿਛਲੇ ਕੁਝ ਦਿਨਾਂ ਤੋਂ ਹੜ੍ਹਾਂ ਕਾਰਨ ਪੰਜਾਬ ਵਿਚ ਜੋ ਬਰਬਾਦੀ ਹੋ ਰਹੀ ਹੈ, ਉਹ ਅਸੀਂ ਆਪਣੀਆਂ ਅੱਖਾਂ ਨਾਲ ਦੇਖ ਰਹੇ ਹਾਂ। ਹਿਮਾਚਲ ਵਿਚ ਭਾਰੀ ਬਾਰਿਸ਼ ਪੈਣ ਕਾਰਨ ਪੰਜਾਬ ਰਾਜ 'ਚ ਵਗਣ ਵਾਲੇ ਦਰਿਆ ਸਤਲੁਜ, ਬਿਆਸ ਅਤੇ ਰਾਵੀ ਨਿੱਤ ਨਵੀਂ ਤਬਾਹੀ ਅਤੇ ਬਰਬਾਦੀ ਦੀਆਂ ਖ਼ਬਰਾਂ ਦੇ ਰਹੇ ਹਨ। ਇਸ ਵਾਰ ਵੀ ਦਰਿਆਵਾਂ ਨਾਲ ਲਗਦੇ ਜ਼ਿਲ੍ਹੇ ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ, ਫਿਰੋਜ਼ਪੁਰ, ਫਾਜ਼ਿਲਕਾ, ਤਰਨ ਤਾਰਨ, ਅੰਮ੍ਰਿਤਸਰ ਅਤੇ ਪਠਾਨਕੋਟ ਵਧੇਰੇ ਪ੍ਰਭਾਵਿਤ ਹੋਏ ਹਨ। ਇਹ ਲੇਖ ਲਿਖੇ ਜਾਣ ਤੱਕ ਵੀ ਵੱਖ-ਵੱਖ ਇਲਾਕਿਆਂ ਤੋਂ ਦਰਿਆਵਾਂ ਵਿਚ ਵੱਡੀ ਪੱਧਰ 'ਤੇ ਡੈਮਾਂ ਤੋਂ ਪਾਣੀ ਛੱਡੇ ਜਾਣ ਦੀਆਂ ਖ਼ਬਰਾਂ ਆ ਰਹੀਆਂ ਹਨ ਅਤੇ ਦਰਿਆ ਨਵੇਂ ਤੋਂ ਨਵੇਂ ਖ਼ੇਤਰਾਂ ਨੂੰ ਆਪਣੀ ਲਪੇਟ ਵਿਚ ਲੈਂਦੇ ਜਾ ਰਹੇ ਹਨ। ਮਾਧੋਪੁਰ ਵਿਚ ਰਾਵੀ 'ਤੇ ਬਣੇ ਹੈੱਡਵਰਕਸ ਦੇ ਕਈ ਗੇਟ ਟੁੱਟ ਗਏ ਹਨ, ਜਿਸ ਕਾਰਨ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ, ਅਜਨਾਲਾ ਤੇ ਹੋਰ ਇਲਾਕੇ ਹੋਰ ਵਧੇਰੇ ਹੜ੍ਹ ਦੀ ਮਾਰ ਹੇਠ ਆ ਗਏ ਹਨ। ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਵੀ ਵਿਸ਼ੇਸ਼ ਤੌਰ 'ਤੇ ਵਧੇਰੇ ਪ੍ਰਭਾਵਿਤ ਹੋਏ ਹਨ। ਫਿਰੋਜ਼ਪੁਰ ਦੇ ਦਰਜਨਾਂ ਪਿੰਡਾਂ ਵਿਚ ਪਾਣੀ ਭਰ ਗਿਆ ਹੈ। ਪ੍ਰਸ਼ਾਸਨ ਵਲੋਂ ਪਾਣੀ ਵਿਚ ਘਿਰੇ ਲੋਕਾਂ ਨੂੰ ਕੱਢ ਕੇ 12 ਕੈਂਪਾਂ ਵਿਚ ਰੱਖਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸੇ ਤਰ੍ਹਾਂ ਹੋਰ ਜ਼ਿਲ੍ਹਿਆਂ ਵਿਚ ਵੀ ਲੋਕਾਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚੋਂ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਰੱਖਣ ਦਾ ਅਮਲ ਚੱਲ ਰਿਹਾ ਹੈ। ਹੁਣ ਤੱਕ ਦੀਆਂ ਖ਼ਬਰਾਂ ਅਨੁਸਾਰ ਰਾਜ ਵਿਚ 24 ਤੋਂ ਵੱਧ ਲੋਕਾਂ ਦੀਆਂ ਹੜ੍ਹ ਕਾਰਨ ਮੌਤਾਂ ਵੀ ਹੋ ਗਈਆਂ ਹਨ। ਸਮੁੱਚੇ ਤੌਰ 'ਤੇ 500 ਤੋਂ ਵੱਧ ਪਿੰਡਾਂ 'ਚ ਪਾਣੀ ਭਰ ਗਿਆ ਹੈ। 16 ਹਜ਼ਾਰ ਤੋਂ ਵੱਧ ਲੋਕਾਂ ਨੂੰ ਹੜ੍ਹ ਮਾਰੇ ਖੇਤਰਾਂ ਵਿਚੋਂ ਬਾਹਰ ਕੱਢਿਆ ਗਿਆ ਹੈ। ਇਕ ਅੰਦਾਜ਼ੇ ਮੁਤਾਬਿਕ 2.90 ਲੱਖ ਏਕੜ ਰਕਬੇ ਵਿਚ ਫ਼ਸਲਾਂ ਦਾ ਨੁਕਸਾਨ ਹੋ ਗਿਆ ਹੈ। ਬਿਨਾਂ ਸ਼ੱਕ ਸਥਾਨਕ ਪ੍ਰਸ਼ਾਸਨ, ਐਨ. ਡੀ. ਆਰ. ਐਫ., ਥਲ ਫ਼ੌਜ ਅਤੇ ਹਵਾਈ ਫ਼ੌਜ ਵਲੋਂ ਵੱਖ-ਵੱਖ ਇਲਾਕਿਆਂ ਵਿਚ ਰਾਹਤ ਕਾਰਜ ਆਰੰਭੇ ਗਏ ਹਨ। ਇਸ ਸਮੇਂ ਸਾਰਾ ਜ਼ੋਰ ਪਾਣੀ ਵਿਚ ਘਿਰੇ ਪਿੰਡਾਂ ਦੇ ਲੋਕਾਂ ਨੂੰ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਲਿਆਉਣ 'ਤੇ ਲੱਗ ਰਿਹਾ ਹੈ।

ਸਮੁੱਚੇ ਤੌਰ 'ਤੇ ਇਨ੍ਹਾਂ ਹੜ੍ਹਾਂ ਨਾਲ ਸਮਾਜ ਦੇ ਵੱਖ-ਵੱਖ ਵਰਗਾਂ ਦਾ ਕਿੰਨਾ ਤੇ ਕਿਹੋ ਜਿਹਾ ਨੁਕਸਾਨ ਹੋਇਆ ਹੈ, ਇਸ ਦੀ ਹਕੀਕੀ ਜਾਣਕਾਰੀ ਤਾਂ ਬਾਅਦ ਵਿਚ ਸਾਹਮਣੇ ਆਵੇਗੀ ਪਰ ਪ੍ਰਤੱਖ ਤੌਰ 'ਤੇ ਇਹ ਨਜ਼ਰ ਆ ਰਿਹਾ ਹੈ ਕਿ ਕਿਸਾਨਾਂ ਅਤੇ ਖੇਤੀਬਾੜੀ ਦਾ ਬਹੁਤ ਵੱਡਾ ਨੁਕਸਾਨ ਹੋ ਚੁੱਕਾ ਹੈ। ਇਥੋਂ ਤੱਕ ਵੀ ਖ਼ਬਰਾਂ ਆ ਰਹੀਆਂ ਹਨ ਕਿ ਬਹੁਤੀਆਂ ਥਾਵਾਂ 'ਤੇ ਕਿਸਾਨ ਅਤੇ ਦਿਹਾਤੀ ਲੋਕ ਆਪਣੇ ਪਸ਼ੂਆਂ ਨੂੰ ਵੀ ਸੁਰੱਖਿਅਤ ਥਾਵਾਂ 'ਤੇ ਲਿਆਉਣ ਵਿਚ ਅਸਫਲ ਰਹੇ ਹਨ ਅਤੇ ਬਹੁਤ ਸਾਰੇ ਪਸ਼ੂ ਹੜ੍ਹਾਂ ਵਿਚ ਵਹਿ ਗਏ ਹਨ, ਬਹੁਤ ਸਾਰੇ ਮਰ ਵੀ ਗਏ ਹਨ।

ਇਸ ਨੁਕਸਾਨ ਲਈ ਕੁਦਰਤ ਕਿੰਨੀ ਜ਼ਿੰਮੇਵਾਰ ਹੈ ਅਤੇ ਮਨੁੱਖ ਵਲੋਂ ਕੁਦਰਤ ਨਾਲ ਕੀਤੀ ਜਾ ਰਹੀ ਛੇੜਛਾੜ ਕਿਸ ਹੱਦ ਤੱਕ ਜ਼ਿੰਮੇਵਾਰ ਹੈ, ਪੰਜਾਬ ਦੀਆਂ ਸਰਕਾਰਾਂ ਵਾਰ-ਵਾਰ ਆਉਂਦੇ ਹੜ੍ਹਾਂ ਨਾਲ ਨਿਪਟਣ ਲਈ ਕੋਈ ਠੋਸ ਯੋਜਨਾਬੰਦੀ ਕਰਨ ਵਿਚ ਕਿਉਂ ਅਸਫਲ ਰਹੀਆਂ ਹਨ, ਪੈਦਾ ਹੋਏ ਮੌਜੂਦਾ ਸੰਤਾਪ ਨਾਲ ਪ੍ਰਸ਼ਾਸਨ ਕਿੰਨੀ ਕੁ ਸਫਲਤਾ ਨਾਲ ਨਿਪਟ ਰਿਹਾ ਹੈ ਜਾਂ ਨਹੀਂ ਨਿਪਟ ਰਿਹਾ, ਇਹ ਸਾਰੇ ਸੰਬੰਧੀ ਸਵਾਲ ਕਰਨ ਜਾਂ ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣੇ ਵੀ ਜ਼ਰੂਰੀ ਹਨ, ਪਰ ਇਸ ਲਈ ਅਜੇ ਇਹ ਢੁਕਵਾਂ ਸਮਾਂ ਨਹੀਂ ਹੈ। ਇਸ ਸਮੇਂ ਤਾਂ ਮੁੱਖ ਲੋੜ ਇਹ ਹੈ ਕਿ ਅਸੀਂ ਆਪਣੇ ਕਿਸਾਨ ਭਰਾਵਾਂ ਅਤੇ ਦਿਹਾਤੀ ਲੋਕਾਂ, ਜੋ ਹੜ੍ਹਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਉਨ੍ਹਾਂ ਦੀ ਬਾਂਹ ਫੜੀਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਸੰਬੰਧ ਵਿਚ ਪਹਿਲ ਕਰਦਿਆਂ ਰਾਜ ਦੇ ਵੱਖ-ਵੱਖ ਖੇਤਰਾਂ ਵਿਚ ਸਥਿਤ ਗੁਰਦੁਆਰਿਆਂ ਦੀਆਂ ਕਮੇਟੀਆਂ ਨੂੰ ਹੜ੍ਹ ਪ੍ਰਭਾਵਿਤ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਲਈ ਕਿਹਾ ਹੈ। ਇਹ ਚੰਗੀ ਗੱਲ ਹੈ, ਪਰ ਉਸ ਨੂੰ ਅਜਿਹੀਆਂ ਹਦਾਇਤਾਂ ਦੇ ਕੇ ਸੁਰਖਰੂ ਨਹੀਂ ਹੋ ਜਾਣਾ ਚਾਹੀਦਾ। ਸਗੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੂੰ ਆਪ ਦੇਖਣਾ ਚਾਹੀਦਾ ਹੈ ਕਿ ਕਿਹੜੇ-ਕਿਹੜੇ ਪ੍ਰਭਾਵਿਤ ਇਲਾਕਿਆਂ ਵਿਚ ਕਿਹੜੇ-ਕਿਹੜੇ ਗੁਰਦੁਆਰਾ ਸਾਹਿਬ ਤੋਂ ਲੋਕਾਂ ਨੂੰ ਲੰਗਰ ਅਤੇ ਹੋਰ ਲੋੜੀਂਦੀ ਸਹਾਇਤਾ ਦਿੱਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਰਾਜ ਦੀਆਂ ਹੋਰ ਰਾਜਨੀਤਕ, ਧਾਰਮਿਕ, ਸਮਾਜਿਕ ਸੰਸਥਾਵਾਂ ਅਤੇ ਇਥੋਂ ਤੱਕ ਕਿ ਆਮ ਸਰਦੇ-ਪੁਜਦੇ ਲੋਕਾਂ ਨੂੰ ਵੀ ਆਪੋ-ਆਪਣੇ ਢੰਗ ਨਾਲ ਕਿਸਾਨਾਂ ਅਤੇ ਹੋਰ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਆਉਣਾ ਚਾਹੀਦਾ ਹੈ। ਰਾਜ ਦੇ ਵੱਖ-ਵੱਖ ਖੇਤਰਾਂ ਤੋਂ ਹੁਣ ਇਹ ਖ਼ਬਰਾਂ ਆ ਵੀ ਰਹੀਆਂ ਹਨ ਕਿ ਸਰਕਾਰ ਪ੍ਰਸ਼ਾਸਨ ਦੇ ਨਾਲ-ਨਾਲ ਹੋਰ ਰਾਜਨੀਤਕ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਵੀ ਹੜ੍ਹ ਪੀੜਤ ਲੋਕਾਂ ਦੀ ਮਦਦ 'ਤੇ ਆ ਗਈਆਂ ਹਨ। ਲੰਗਰ ਲਾਏ ਜਾ ਰਹੇ ਹਨ ਤੇ ਲੋੜੀਂਦੀਆਂ ਹੋਰ ਵਸਤਾਂ ਪਹੁੰਚਾਈਆਂ ਜਾ ਰਹੀਆਂ ਹਨ। ਪੰਜਾਬ ਦੀ ਇਹ ਇਕ ਚੰਗੀ ਪਰੰਪਰਾ ਹੈ, ਇਸ ਨੂੰ ਬਣਾਈ ਰੱਖਣਾ ਚਾਹੀਦਾ ਹੈ। ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸਿਰਫ਼ ਚੀਜ਼ਾਂ ਵਸਤਾਂ ਦੇ ਰੂਪ ਵਿਚ ਹੀ ਸਹਾਇਤਾ ਨਹੀਂ ਚਾਹੀਦੀ, ਸਗੋਂ ਮਾਨਸਿਕ ਤੌਰ 'ਤੇ ਵੀ ਉਨ੍ਹਾਂ ਦੇ ਹੌਸਲੇ ਵਧਾਉਣ ਦੀ ਲੋੜ ਹੈ। ਵਾਰ-ਵਾਰ ਆਉਂਦੀਆਂ ਮੁਸੀਬਤਾਂ ਮਨੁੱਖ ਦਾ ਮਨੋਬਲ ਤੋੜ ਦਿੰਦੀਆਂ ਹਨ। ਜਿਨ੍ਹਾਂ ਲੋਕਾਂ ਦੇ ਘਰ ਅਤੇ ਖੇਤ ਪਾਣੀ ਵਿਚ ਡੁੱਬ ਜਾਣ ਅਤੇ ਉਹ ਆਪਣੇ ਘਰ ਦਾ ਸਾਮਾਨ ਤੱਕ ਨਾ ਬਚਾ ਸਕਣ, ਉਨ੍ਹਾਂ ਨੂੰ ਜਿਹੋ ਜਿਹਾ ਮਾਨਸਿਕ ਸਦਮਾ ਲਗਦਾ ਹੈ, ਉਸ ਦੀ ਪੀੜ ਨੂੰ ਪੀੜਤ ਜਾਂ ਪ੍ਰਭਾਵਿਤ ਲੋਕ ਹੀ ਸਮਝ ਸਕਦੇ ਹਨ। ਇਸ ਸਮੇਂ ਕਿਸਾਨਾਂ ਦੀ ਮਦਦ ਕਰਨਾ ਇਸ ਲਈ ਵੀ ਬੇਹੱਦ ਜ਼ਰੂਰੀ ਹੈ, ਕਿਉਂਕਿ ਉਨ੍ਹਾਂ ਦੀ ਦੇਸ਼ ਲਈ ਇਕ ਤਰ੍ਹਾਂ ਨਾਲ ਫ਼ੌਜ ਤੋਂ ਵੀ ਵੱਧ ਅਹਿਮੀਅਤ ਹੈ। ਫ਼ੌਜ ਦੇਸ਼ ਨੂੰ ਬਾਹਰੀ ਹਮਲਿਆਂ ਤੋਂ ਬਚਾਅ ਕੇ ਭੂਗੋਲਿਕ ਸੁਰੱਖਿਆ ਮੁਹੱਈਆ ਕਰਦੀ ਹੈ ਅਤੇ ਕਿਸਾਨ ਅਨਾਜ, ਫਲ ਅਤੇ ਸਬਜ਼ੀਆਂ ਪੈਦਾ ਕਰਕੇ ਦੇਸ਼ ਦੇ ਲੋਕਾਂ ਨੂੰ ਖ਼ੁਰਾਕੀ ਸੁਰੱਖਿਆ ਮੁਹੱਈਆ ਕਰਦੇ ਹਨ। ਇਹ ਗੱਲ ਸਾਨੂੰ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਜੇਕਰ ਕਿਸੇ ਕਾਰਨ ਕਰਕੇ ਕਿਸਾਨ ਦੇਸ਼ ਦੇ ਲੋਕਾਂ ਨੂੰ ਢੁਕਵੀਂ ਮਾਤਰਾ ਵਿਚ ਖ਼ੁਰਾਕ ਸੁਰੱਖਿਆ ਮੁਹੱਈਆ ਨਾ ਕਰਾ ਸਕਣ ਤਾਂ ਫ਼ੌਜ ਵੀ ਭੁੱਖੇ ਢਿੱਡਾਂ ਨਾਲ ਸਰਹੱਦਾਂ ਦੀ ਰਾਖੀ ਨਹੀਂ ਕਰ ਸਕਦੀ। ਇਸ ਕਠੋਰ ਸੱਚ ਨੂੰ ਸਮਝਦਿਆਂ ਪੰਜਾਬ ਦੇ ਸਾਰੇ ਲੋਕਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਇਸ ਸੰਕਟ ਦੀ ਘੜੀ ਵਿਚ ਆਪਣੇ ਕਿਸਾਨ ਭੈਣ-ਭਰਾਵਾਂ ਅਤੇ ਦਿਹਾਤੀ ਖੇਤਰ ਵਿਚ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਖੇਤ ਮਜ਼ਦੂਰਾਂ ਅਤੇ ਹੋਰ ਲੋਕਾਂ ਦੀ ਸਹਾਇਤਾ ਲਈ ਅੱਗੇ ਆਉਣ।



# ਘੱਗਰ ਦਾ ਕਹਿਰ ਤੇ ਸਿਆਸਤਦਾਨ

ਪੰਜਾਬ ਤੇ ਹਰਿਆਣਾ ਦੀ ਸਰਹੱਦ ਦੇ ਨਾਲ-ਨਾਲ ਵਸਦੇ ਪੁਆਧੀਆਂ ਦੇ ਸਾਹ ਹਰ ਸਾਲ ਸਾਉਣ ਮਹੀਨਾ ਚੜ੍ਹਨ ਤੋਂ ਪਹਿਲਾਂ ਹੀ ਸੁੱਕਣ ਲੱਗ ਪੈਂਦੇ ਹਨ ਕਿਉਂਕਿ ਬਰਸਾਤ ਦੇ ਦਿਨਾਂ 'ਚ ਇੱਥੋਂ ਦੇ ਲੋਕਾਂ ਨੂੰ ਘੱਗਰ ਦੀਆਂ ਛੱਲਾਂ ਦੇ ਸੁਪਨੇ ਝੰਜੋੜ ਕੇ ਰੱਖ ਦਿੰਦੇ ਹਨ। ਸਬੰਧਿਤ ਵਿਭਾਗਾਂ ਦੀ ਗੰਭੀਰਤਾ ਦੇਖੋ: ਪਿਛਲੇ ਤਿੰਨ ਸਾਲਾਂ ਤੋਂ ਘਨੌਰ ਨੇੜੇ ਸਰਾਲ਼ਾ ਹੈੱਡ ਤੋਂ ਅੱਗੇ ਪੈਂਦੇ ਪਿੰਡ ਕਾਮੀ ਕਲਾਂ ਕੋਲ ਘੱਗਰ ਦੇ ਟੁੱਟੇ ਬੰਨ੍ਹ ਦੀ ਮੁਰੰਮਤ ਹਾਲੇ ਤੱਕ ਨਹੀਂ ਕੀਤੀ ਗਈ, ਜਿਸ ਕਾਰਨ ਇਸੇ ਵਰ੍ਹੇ 29 ਅਗਸਤ ਨੂੰ ਘੱਗਰ ਦਾ ਪਾਣੀ ਇਸ ਪਾੜ 'ਚੋਂ ਨਿਕਲ਼ ਕੇ ਪਿੰਡਾਂ 'ਚ ਫੈਲ ਗਿਆ। ਮੀਹਾਂ ਦੇ ਮੌਸਮ ਤੋਂ ਪਹਿਲਾਂ ਸਰਕਾਰਾਂ ਤੇ ਪ੍ਰਸ਼ਾਸਨ ਦੇ ਬਿਆਨ ਆਉਂਦੇ ਹਨ ਕਿ ਸਰਕਾਰ ਨੇ ਹੜ੍ਹਾਂ ਨਾਲ ਨਿਪਟਣ ਦੀ ਤਿਆਰੀ ਕਰ ਲਈ ਹੈ ਤੇ ਲੋਕਾਂ ਨੂੰ ਡਰਨ ਦੀ ਲੋੜ ਨਹੀਂ। ਆਜ਼ਾਦੀ ਮਗਰੋਂ ਵੱਖ-ਵੱਖ ਸਮੇਂ ਆਈਆਂ ਸਰਕਾਰਾਂ ਨੇ ਬਿਨਾ ਲੰਮੇ ਸਮੇਂ ਦੀ ਯੋਜਨਾਬੰਦੀ ਤੋਂ ਘੱਗਰ ਦੇ ਇਲਾਕੇ 'ਚ ਆਪੋ-ਆਪਣਾ ਵੋਟ ਬੈਂਕ ਪੱਕਾ ਕਰਨ ਦੀ ਬਦਨੀਤੀ ਨਾਲ 'ਵਿਕਾਸ' (ਵਿਨਾਸ਼) ਕਰਵਾਇਆ ਅਤੇ ਅੱਜ ਲੋਕ ਉਸੇ ਦਾ ਹੀ ਖਮਿਆਜ਼ਾ ਭੁਗਤ ਰਹੇ ਹਨ। ਇਸ ਇਲਾਕੇ 'ਚ ਲੋਕਾਂ ਅਤੇ ਸਿਆਸੀ ਆਗੂਆਂ ਦਾ ਦਬਾਅ ਹੋਣ ਕਾਰਨ ਇੰਜਨੀਅਰਾਂ ਨੇ ਕੁਦਰਤ ਨੂੰ ਟਿੱਚ ਸਮਝਿਆ ਤੇ ਸੜਕਾਂ, ਪੁਲ਼ੀਆਂ ਤੇ ਪੁਲ ਬਣਾ ਕੇ ਘੱਗਰ ਦੇ ਕੁਦਰਤੀ ਵਹਿਣ ਨੂੰ ਰੋਕਾਂ ਲਾ ਦਿੱਤੀਆਂ। ਜਿਹੜਾ ਘੱਗਰ ਕਦੇ ਲੋਕਾਂ ਲਈ ਵਰਦਾਨ ਹੁੰਦਾ ਸੀ, ਇਸੇ ਕਾਰਨ ਹੁਣ ਜਾਨ ਦਾ ਖੌਅ ਬਣ ਗਿਆ ਹੈ। ਪਟਿਆਲਾ ਦੇ ਬਾਦਸ਼ਾਹਪੁਰ ਨੇੜਿਓਂ ਬਣਦਾ ਬੁੱਢਾ ਘੱਗਰ ਅੱਜ ਕਿਤੇ ਲੱਭਦਾ ਹੀ ਨਹੀਂ, ਜੋ ਸਮਾਣੇ, ਸ਼ੁਤਰਾਣੇ, ਗੁਲਾਹੜ ਆਦਿ ਇਲਾਕੇ ਵਿੱਚੋਂ ਘੱਗਰ ਦੇ ਉਛਲੇ ਹੜ੍ਹ ਦੇ ਪਾਣੀ ਨੂੰ ਖਿੱਚ ਕੇ ਹੋਤੀਪੁਰ ਪਿੰਡ ਨੇੜੇ ਫਿਰ ਵੱਡੇ ਘੱਗਰ 'ਚ ਪਾ ਦਿੰਦਾ ਸੀ। ਇਹ ਮਾਲ ਰਿਕਾਰਡ 'ਚ ਹਾਲੇ ਵੀ ਦਰਜ ਹੈ।

ਘੱਗਰ ਦੇ ਪੱਤਣਾਂ 'ਤੇ ਰਹਿਣ ਵਾਲੇ ਬਜ਼ੁਰਗ ਪੁਰਾਣਾ ਸਮਾਂ ਯਾਦ ਕਰਕੇ ਦੱਸਦੇ ਹਨ ਕਿ ਉਦੋਂ ਘੱਗਰ ਦਾ ਪਾਣੀ ਫ਼ਸਲਾਂ ਨੂੰ ਅੰਮ੍ਰਿਤ ਬਣਕੇ ਲੱਗਦਾ ਸੀ। ਫ਼ਸਲਾਂ ਖੂਹਾਂ ਦੇ ਪਾਣੀਆਂ ਤੋਂ ਬਿਨਾ ਹੀ ਪਲ਼ ਜਾਂਦੀਆਂ ਸਨ। ਘੱਗਰ ਉਦੋਂ ਵੀ ਚੜ੍ਹਦਾ ਸੀ, ਚਾਰੇ ਪਾਸੇ ਖਿਲਰਦਾ ਸੀ ਤੇ ਪਹਾੜਾਂ ਦੀ ਜ਼ਰਖ਼ੇਜ਼ ਮਿੱਟੀ ਖੇਤਾਂ 'ਚ ਵਿਛਾ ਜਾਂਦਾ ਅਤੇ ਫਿਰ ਅਗਾਂਹ ਰਾਜਸਥਾਨ ਵੱਲ ਨੂੰ ਨਿਕਲ ਜਾਂਦਾ ਸੀ। ਘੱਗਰ ਦੇ ਨਾਲ-ਨਾਲ ਵੱਸੇ ਲੋਕ ਸਿਆਸੀ ਲੀਡਰਾਂ ਦੇ ਲਾਰਿਆਂ ਤੋਂ ਬਹੁਤ ਪ੍ਰੇਸ਼ਾਨ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਤੱਕ ਬਣੀਆਂ



ਸਭ ਸਰਕਾਰਾਂ ਤੇ ਸਿਆਸੀ ਪਾਰਟੀਆਂ ਦੇ ਆਗੂ ਚੋਣਾਂ ਸਮੇਂ ਹੱਥ ਜੋੜਦੇ ਫਿਰਦੇ ਹਨ, ਪਰ ਕਿਸੇ ਵੀ ਸਰਕਾਰ ਨੇ ਘੱਗਰ ਨੇੜੇ ਰਹਿੰਦੇ ਲੋਕਾਂ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਨਹੀਂ ਲਿਆ।

ਹਰ ਵਰ੍ਹੇ ਘੱਗਰ ਕਾਰਨ ਹੁੰਦੀ ਤਬਾਹੀ ਹੁਣ ਤੱਕ ਲੋਕਾਂ ਦੇ ਖ਼ਰਬਾਂ ਰੁਪਏ ਬਰਬਾਦ ਕਰ ਚੁੱਕੀ ਹੈ। ਸਰਕਾਰਾਂ ਵੱਲੋਂ ਹੜ੍ਹਾਂ ਨਾਲ ਨਿਪਟਣ ਦੀਆਂ ਤਿਆਰੀਆਂ ਦੇ ਨਾਮ 'ਤੇ ਖਰਚੇ (ਖੁਰਚੇ) ਜਾਂਦੇ ਪੈਸੇ ਵੱਖਰੇ ਹਨ। ਹਰ ਸਾਲ ਫ਼ਸਲਾਂ, ਖੇਤੀ ਮਸ਼ੀਨਰੀ, ਬੋਰਾਂ, ਸੜਕਾਂ, ਸਿੱਖਿਆ, ਸਿਹਤ, ਪਸ਼ੂਆਂ, ਬਿਜਲੀ ਨੈੱਟਵਰਕ ਤੇ ਘਰਾਂ ਦਾ ਵੱਡਾ ਨੁਕਸਾਨ ਹੁੰਦਾ ਹੈ। ਇਸ ਦੇ ਨਾਲ ਹੀ ਚੰਡੀਗੜ੍ਹ, ਮੁਹਾਲੀ, ਡੇਰਾਬਸੀ, ਲਾਲੜੂ ਤੇ ਰਾਜਪੁਰਾ ਸ਼ਹਿਰਾਂ ਅਤੇ ਫੈਕਟਰੀਆਂ ਦਾ ਗੰਦਾ ਪਾਣੀ ਘੱਗਰ ਦੇ ਲੋਕਾਂ ਲਈ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ। ਧਰਤੀ ਹੇਠਲਾ ਪਾਣੀ ਵੀ ਦੂਸ਼ਿਤ ਹੋ ਰਿਹਾ ਹੈ। ਹੜ੍ਹਾਂ ਤੋਂ ਡਰਦੇ ਸਰਕਾਰੀ ਕਰਮਚਾਰੀ ਇਸ ਇਲਾਕੇ 'ਚ ਤਬਾਦਲਾ ਨਹੀਂ ਕਰਾਉਂਦੇ, ਜਿਸ ਕਾਰਨ ਖ਼ਾਸਕਰ ਸਕੂਲਾਂ ਤੇ ਹਸਪਤਾਲਾਂ 'ਚ ਕਰਮਚਾਰੀਆਂ ਦੀ ਘਾਟ ਰਹਿੰਦੀ ਹੈ। ਇੱਥੋਂ ਦੇ ਲੋਕਾਂ ਨੂੰ ਆਪਣੇ ਬੱਚਿਆਂ ਦੇ ਵਿਆਹ ਕਰਨ 'ਚ ਵੀ ਮੁਸ਼ਕਿਲਾਂ ਆਉਂਦੀਆਂ ਹਨ ਕਿਉਂਕਿ ਦੂਜੇ ਇਲਾਕਿਆਂ ਦੇ ਲੋਕ ਆਪਣੇ ਧੀਆਂ ਪੁੱਤ ਇਧਰ ਵਿਆਹੁਣ ਤੋਂ ਟਾਲਾ ਵੱਟਦੇ ਹਨ।

ਪੰਜਾਬ ਦੇ ਇਲਾਕੇ ਨੂੰ ਘੱਗਰ ਦੀ ਮਾਰ ਹਰਿਆਣੇ ਨਾਲੋਂ ਵੱਧ ਪੈਂਦੀ ਹੈ। ਹਰਿਆਣੇ ਨੇ 2005 'ਚ ਪੰਜਾਬ ਦੀ ਸਰਹੱਦ ਦੇ ਨਾਲ-ਨਾਲ ਹਾਂਸੀ-ਬੁਟਾਣਾ ਨਹਿਰ ਬਣਾਉਣ ਦਾ ਕੰਮ ਸ਼ੁਰੂ ਕਰਕੇ ਪੰਜਾਬ ਦੇ ਧਰਮੇੜੀ, ਸੱਸਾ ਬਰਾਹਮਣਾ, ਸੱਸਾ ਗੁੱਜਰਾਂ, ਘਿਓਰਾ ਸਮੇਤ 40-50 ਪਿੰਡਾਂ ਲਈ

**ਅਮਰਜੀਤ ਸਿੰਘ ਵੜੈਚ**

ਵੱਡਾ ਖ਼ਤਰਾ ਖੜ੍ਹਾ ਕਰ ਦਿੱਤਾ ਹੈ। ਇਹ ਨਹਿਰ ਸਮਾਣਾ ਦੀ ਪੂਰਬੀ ਵੱਖੀ 'ਚੋਂ (ਹਰਿਆਣੇ ਦਾ ਪੰਜਾਬ ਨਾਲ ਲੱਗਦਾ ਹਿੱਸਾ) ਲੰਘਦੀ ਭਾਖੜਾ ਨਹਿਰ 'ਚੋਂ ਪਾਣੀ ਲੈ ਕੇ 109 ਕਿਲੋਮੀਟਰ ਚੱਲ ਕੇ ਕੈਥਲ ਤੇ ਰੋਹਤਕ ਤੱਕ ਪਾਣੀ ਲਿਜਾਵੇਗੀ। ਇਹ ਨਹਿਰ ਬਣਨ ਨਾਲ ਘੱਗਰ ਨੂੰ 40 ਤੋਂ 50 ਕਿਲੋਮੀਟਰ ਲੰਮੀ ਤਕਰੀਬਨ 10 ਫੁੱਟ ਉੱਚੀ ਪੰਜਾਬ ਵਾਲੇ ਪਾਸੇ ਡਾਫ਼ ਲੱਗ ਗਈ ਹੈ, ਜੋ ਹਰ ਸਾਲ ਇਸ ਇਲਾਕੇ ਨੂੰ ਨੁਕਸਾਨ ਪਹੁੰਚਾਉਂਦੀ ਹੈ। ਘੱਗਰ ਦਾ ਪਾਣੀ ਪਹਿਲਾਂ 40-50 ਕਿੱਲਿਆਂ 'ਚੋਂ ਪੇਤਲਾ-ਪੇਤਲਾ ਲੰਘ ਜਾਂਦਾ ਸੀ, ਹੁਣ ਧਰਮੇੜੀ ਕੋਲੋਂ ਇਸ ਨਹਿਰ ਉਪਰ ਸਿਰਫ਼ 300 ਫੁੱਟ ਦਾ ਚੈਨਲ ਬਣਾ ਕੇ ਹੇਠਾਂ ਦੀ ਕੱਢਣ ਦਾ ਪ੍ਰਬੰਧ ਕੀਤਾ ਗਿਆ ਹੈ, ਜਿੱਥੇ ਹੜ੍ਹਾਂ ਦੌਰਾਨ ਘਾਹ-ਬੂਟੀ ਤੇ ਹੋਰ ਨਿੱਕਸੁੱਕ ਫਸ ਕੇ ਪਾਣੀ ਨੂੰ ਰੋਕ ਲਾ ਦਿੰਦਾ ਹੈ। ਪੰਜਾਬ ਸਰਕਾਰ ਵੱਲੋਂ ਇਸ ਨਹਿਰ ਖ਼ਿਲਾਫ਼ ਸੁਪਰੀਮ ਕੋਰਟ 'ਚ ਫ਼ਰਿਆਦ ਕੀਤੀ ਗਈ ਤੇ ਕੋਰਟ ਨੇ 11 ਜੁਲਾਈ 2007 ਨੂੰ ਇਸ ਦੀ ਉਸਾਰੀ 'ਤੇ ਰੋਕ ਲਾ ਦਿੱਤੀ ਸੀ।

ਡਰੇਨੇਜ ਵਿਭਾਗ ਦੇ ਮਹਿਰਾਂ ਅਨੁਸਾਰ ਕੁਦਰਤੀ ਪਾਣੀ ਦੇ ਵਹਾਅ ਨੂੰ ਰੋਕ ਨਹੀਂ ਲਾਈ ਜਾ ਸਕਦੀ ਪਰ ਅੰਗਰੇਜ਼ਾਂ ਵੇਲੇ ਦਾ ਬਣਿਆ 'ਦਿ ਨੌਰਦਰਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ 1873' ਇਸ ਦੀ ਇਜਾਜ਼ਤ ਦਿੰਦਾ ਹੈ ਕਿ ਨਹਿਰਾਂ ਬਣਾਉਣ ਲਈ ਕੁਦਰਤੀ ਪਾਣੀ ਦਾ ਵਹਾਅ ਬਦਲਿਆ ਜਾ ਸਕਦਾ ਹੈ।

ਹਾਂਸੀ-ਬੁਟਾਣਾ ਨਹਿਰ ਦੇ ਹੇਠੋਂ ਘੱਗਰ ਨੂੰ ਕੱਢਿਆ ਗਿਆ ਤੇ ਇਸੇ ਤਰ੍ਹਾਂ ਖਨੌਰੀ ਨੇੜਿਓਂ ਵੀ ਘੱਗਰ ਨੂੰ ਭਾਖੜਾ ਦੇ ਥੱਲਿਓਂ ਲੰਘਾਇਆ ਗਿਆ ਹੈ। ਇਸ ਦੇ ਉਲਟ ਘਨੌਰ ਕੋਲੋਂ ਪਿੰਡ ਸਰਾਲਾ ਨੇੜੇ ਭਾਖੜਾ ਦੀ ਨਰਵਾਣਾ ਬਰਾਂਚ ਨੂੰ ਘੱਗਰ ਦੇ ਹੇਠਾਂ ਸਾਈਫਨ ਬਣਾ ਕੇ ਲੰਘਾਇਆ ਗਿਆ ਹੈ। ਘੱਗਰ ਦੇ ਵਹਾਅ 'ਚ ਰੋਕਾਂ ਖੜ੍ਹੀਆਂ ਕਰਨ 'ਚ ਲੋਕਾਂ ਨੇ ਵੀ ਘੱਟ ਨਹੀਂ ਕੀਤੀ ਘੱਗਰ ਦੀਆਂ ਖਾਂਡਾਂ ਪੱਧਰ ਕਰਕੇ ਲੋਕਾਂ ਨੇ ਘਰ ਤੇ ਖੇਤ ਬਣਾ ਲਏ ਹਨ। ਹੜ੍ਹ ਦਾ ਪਾਣੀ ਉਤਰਨ ਪਿੱਛੋਂ ਘੱਗਰ ਦਾ ਬਾਹਰ ਉਛਲਿਆ ਪਾਣੀ ਇਨ੍ਹਾਂ ਖਾਂਡਾਂ ਰਾਹੀਂ ਵਾਪਸ ਘੱਗਰ 'ਚ ਚਲਾ ਜਾਂਦਾ ਸੀ। ਘੱਗਰ ਬਰਸਾਤੀ ਵਹਿਣ ਹੈ ਤੇ ਹਿਮਾਚਲ ਦੇ ਨਾਹਨ ਜ਼ਿਲ੍ਹੇ 'ਚੋਂ ਨਿਕਲ ਕੇ ਹਰਿਆਣਾ ਦੇ ਪੰਚਕੂਲਾ 'ਚ ਬਣੇ ਕੌਸ਼ੱਲਿਆ ਡੈਮ 'ਚ ਸਮਾਉਂਦਾ ਹੈ। ਇੱਥੋਂ ਫਿਰ ਅੱਗੇ ਡੇਰਾਬਸੀ ਨੇੜਿਓਂ ਮੁਬਾਰਕਪੁਰ ਤੋਂ ਪੰਜਾਬ 'ਚ ਦਾਖਲ ਹੋ ਕੇ ਚੀਕੇ ਤੱਕ ਪੰਜਾਬ 'ਚ ਰਹਿੰਦਾ ਹੈ ਤੇ ਫਿਰ ਪੰਜਾਬ ਤੇ ਹਰਿਆਣੇ 'ਚ ਵਲ਼-ਵਲ਼ੇਵੇਂ ਮਾਰਦਾ ਹਰਿਆਣੇ ਦੇ ਸਿਰਸਾ ਜ਼ਿਲ੍ਹੇ ਦੀ ਓਟੂ ਝੀਲ 'ਚ ਜਾ ਪੈਂਦਾ ਹੈ। ਕੁੱਲ 260 ਕਿਲੋਮੀਟਰ ਲੰਮਾ ਘੱਗਰ 208 ਕਿਲੋਮੀਟਰ ਤਾਂ ਪੰਜਾਬ 'ਚ ਹੀ ਤਬਾਹੀ ਕਰਦਾ ਹੈ। ਓਟੂ ਝੀਲ ਤੋਂ ਅੱਗੇ ਘੱਗਰ ਨੂੰ ਹਾਕੜਾ ਕਿਹਾ ਜਾਂਦਾ ਹੈ ਜੋ ਰਾਜਸਥਾਨ ਦੇ ਰੇਗਿਸਤਾਨ 'ਚ ਜਾ ਸਮਾਉਂਦਾ ਹੈ। ਪੰਜਾਬ ਤੇ ਹਰਿਆਣੇ 'ਚ ਝਰਮਲ ਨਦੀ, ਬਸੌਲੀ ਚੋਅ, ਪੱਚੀਦਰਾ, ਉਰਮਿਲਾ ਨਦੀ, ਟਾਂਗਰੀ ਨਦੀ, ਮਾਰਕੰਡਾ ਚੋਅ, ਮੀਰਾਂਪੁਰ ਚੋਅ, ਪਟਿਆਲ਼ਾ ਕੀ ਰੌਅ, ਸਰਹਿੰਦ ਚੋਅ ਤੇ ਝੰਬੋ ਚੋਅ ਵੀ ਘੱਗਰ 'ਚ ਬਰਸਾਤੀ ਪਾਣੀ ਸੁੱਟਦੇ ਹਨ।

ਇਤਿਹਾਸ ਮੁਤਾਬਿਕ ਇਹ ਤੱਥ ਮਿਲਦੇ ਹਨ ਕਿ 15 ਹਜ਼ਾਰ ਸਾਲ ਪਹਿਲਾਂ ਸਤਲੁਜ ਤੇ ਯਮੁਨਾ ਦਰਿਆ ਵੀ ਇਸ ਖਿੱਤੇ 'ਚੋਂ ਨਿਕਲਦੀ ਸਰਸਵਤੀ ਨਦੀ 'ਚ ਮਿਲਦੇ ਸਨ। ਸਰਸਵਤੀ ਨਦੀ ਰਾਜਸਥਾਨ 'ਚੋਂ ਲੰਘ ਕੇ ਅਰਬ ਸਾਗਰ 'ਚ ਸਮਾਅ ਜਾਂਦੀ ਸੀ। ਘੱਗਰ ਵੀ ਸਰਸਵਤੀ ਨਦੀ 'ਚ ਹੀ ਮਿਲ ਜਾਂਦਾ ਸੀ। ਹੁਣ ਸਰਸਵਤੀ ਨਦੀ ਲੋਪ ਹੋ ਚੁੱਕੀ ਹੈ ਤੇ ਸਿਰਫ਼ ਘੱਗਰ ਹੀ ਰਹਿ ਗਿਆ ਹੈ। ਸਤਲੁਜ ਤੇ ਯਮੁਨਾ ਵੀ ਆਪਣੇ ਵਹਿਣ ਬਦਲ ਚੁੱਕੀਆਂ ਹਨ।

ਭਾਰਤ ਸਰਕਾਰ ਪਹਾੜਾਂ 'ਚ ਵੱਡੀਆਂ-ਵੱਡੀਆਂ ਸੁਰੰਗਾਂ ਬਣਾਉਣ, ਮੈਟਰੋ ਟਰੇਨਾਂ ਚਲਾਉਣ, ਬੁਲੇਟ ਟਰੇਨ, ਵੱਡੇ-ਵੱਡੇ ਪੁਲ ਆਦਿ ਬਣਾਉਣ 'ਤੇ ਖ਼ਰਬਾਂ ਰੁਪਏ ਤਾਂ ਖਰਚ ਸਕਦੀ ਹੈ ਪਰ ਕਰੋੜਾਂ ਲੋਕਾਂ ਦਾ ਹਰ ਵਰ੍ਹੇ ਹੁੰਦਾ ਅਰਬਾਂ ਦਾ ਨੁਕਸਾਨ ਰੋਕਣ ਲਈ ਕਿਉਂ ਨਹੀਂ ਕੁਝ ਕਰਦੀ? ਕਾਰਨ ਇਹ ਹੈ ਕਿ ਸਰਕਾਰ ਸਿਰਫ਼ ਉੱਥੇ ਹੀ ਪੈਸਾ ਲਾਉਂਦੀ ਹੈ ਜਿੱਥੋਂ ਸਰਕਾਰ ਨੂੰ ਆਮਦਨ ਹੋਣੀ ਹੈ ਜਾਂ ਜਿਨ੍ਹਾਂ ਸਹੂਲਤਾਂ ਦੀ ਲੋੜ ਵੱਡੇ-ਵੱਡੇ ਵਪਾਰੀਆਂ, ਉਦਯੋਗਪਤੀਆਂ ਤੇ ਵਪਾਰਕ ਘਰਾਣਿਆਂ ਨੂੰ ਹੁੰਦੀ ਹੈ। ਘੱਗਰ ਅਤੇ ਹੋਰ ਨਦੀਆਂ, ਦਰਿਆਵਾਂ 'ਤੇ ਬੰਨ੍ਹ ਬਣਾ ਕੇ ਸਰਕਾਰ ਨੂੰ ਕੀ ਮਿਲਣਾ ਹੈ? ਵੋਟਾਂ ਤਾਂ ਲੋਕ ਇਸ ਆਸ ਨਾਲ ਪਾ ਹੀ ਦਿੰਦੇ ਹਨ ਕਿ ਨਵੀਂ ਸਰਕਾਰ ਤੁਹਾਡੇ ਕੰਮ ਕਰ ਦੇਵੇਗੀ। ਇਸ ਵਾਰ ਪੰਜਾਬ 'ਚ ਹੜ੍ਹਾਂ ਨੇ ਬਹੁਤ ਨੁਕਸਾਨ ਕੀਤਾ ਹੈ। ਭਵਿੱਖ ਵਿੱਚ ਘੱਗਰ ਦੀ ਮਾਰ ਵਾਲੇ ਇਲਾਕੇ ਨੂੰ ਬਚਾਉਣ ਲਈ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਦੀ ਮਨਜ਼ੂਰੀ ਤੇ ਮਦਦ ਨਾਲ ਪੰਜਾਬ ਤੇ ਹਰਿਆਣਾ ਰਲ ਕੇ ਆਪੋ-ਆਪਣੇ ਇਲਾਕੇ 'ਚ ਘੱਗਰ ਵਿਕਾਸ ਅਥਾਰਿਟੀ ਬਣਾਉਣ। ਇਸ ਵਿੱਚ ਵੱਖ-ਵੱਖ ਮਾਹਿਰਾਂ ਦੀਆਂ ਕਮੇਟੀਆਂ ਬਣਾ ਕੇ ਭਵਿੱਖ ਦੀ ਰੂਪ-ਰੇਖਾ ਤਿਆਰ ਕੀਤੀ ਜਾਵੇ ਤਾਂ ਕਿ ਪੜਾਅਵਾਰ ਕੰਮ ਨਾਲ ਇਸ ਇਲਾਕੇ ਨੂੰ ਵਿਕਸਿਤ ਕਰਕੇ ਇਸ ਖਿੱਤੇ ਦੇ ਲੋਕਾਂ ਨੂੰ ਭਾਰਤ ਦੇ ਨਾਗਰਿਕ ਹੋਣ ਦਾ ਅਹਿਸਾਸ ਕਰਵਾਇਆ ਜਾਵੇ।

## ਹੜ੍ਹਾਂ ਦੀ ਲਪੇਟ 'ਚ! 'ਪੰਜਾਬ, ਹਿਮਾਚਲ, ਜੰਮੂ-ਕਸ਼ਮੀਰ' 'ਸਰਕਾਰੀ ਤੰਤਰ ਦੀ ਨਾਕਾਮੀ ਨਾਲ ਮੁਸੀਬਤ 'ਚ ਫਸੇ ਲੋਕ'

ਉੱਤਰ ਭਾਰਤ ਵਿਚ ਭਾਰੀ ਵਰਖਾ ਨਾਲ ਆਏ ਹੜ੍ਹ ਅਤੇ ਜ਼ਮੀਨ ਖਿਸਕਣ ਤੇ ਬੱਦਲ ਫਟਣ ਦੀਆਂ ਘਟਨਾਵਾਂ ਨਾਲ ਜਾਨ-ਮਾਲ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਉੱਤਰਾਖੰਡ ਆਦਿ ਵਿਚ ਹੜ੍ਹਾਂ ਦਾ ਭਿਆਨਕ ਰੂਪ ਦੇਖਣ ਨੂੰ ਮਿਲ ਰਿਹਾ ਹੈ, ਜਿਥੇ ਬੰਨ੍ਹ ਟੁੱਟਣ ਅਤੇ ਕੁਝ ਡੈਮਾਂ ਤੋਂ ਲਗਾਤਾਰ ਪਾਣੀ ਛੱਡੇ ਜਾਣ ਦੇ ਕਾਰਨ ਸਥਿਤੀ ਹੋਰ ਵਿਗੜ ਗਈ ਹੈ ਅਤੇ ਸਰਕਾਰੀ ਤੰਤਰ ਦੀ ਨਾਕਾਮੀ ਦੇ ਕਾਰਨ ਇਨ੍ਹਾਂ ਸੂਬਿਆਂ ਵਿਚ ਲੱਖਾਂ ਲੋਕ ਮੁਸੀਬਤ ਵਿਚ ਫਸ ਗਏ ਹਨ।

ਪੰਜਾਬ ਦੇ 23 ਜ਼ਿਲਿਆਂ ਵਿਚੋਂ 12 ਜ਼ਿਲਿਆਂ ਅੰਮ੍ਰਿਤਸਰ, ਬਰਨਾਲਾ, ਫਾਜ਼ਿਲਕਾ, ਫਿਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ , ਮਾਨਸਾ, ਮੋਗਾ, ਪਠਾਨਕੋਟ, ਐੱਸ. ਏ. ਐੱਸ. ਨਗਰ ਦੇ 1044 ਪਿੰਡਾਂ ਦੇ 2 ਲੱਖ 56 ਹਜ਼ਾਰ ਲੋਕਾਂ ਨੂੰ ਹੜ੍ਹਾਂ ਨਾਲ ਨੁਕਸਾਨ ਪਹੁੰਚਿਆ ਹੈ ਅਤੇ ਹੁਣ ਤਕ 29 ਲੋਕਾਂ ਦੀ ਮੌਤ ਹੋ ਚੁੱਕੀ ਹੈ।

ਹਿਮਾਚਲ ਪ੍ਰਦੇਸ਼ ਦੇ ਸੂਬਾਈ ਹੰਗਾਮੀ ਸੰਚਾਲਨ ਕੇਂਦਰ ਦੇ ਅੰਕੜਿਆਂ ਅਨੁਸਾਰ ਹਿਮਾਚਲ ਪ੍ਰਦੇਸ਼ ਵਿਚ 30 ਅਗਸਤ ਤਕ ਅਚਾਨਕ ਹੜ੍ਹ ਆਉਣ ਦੀਆਂ 91, ਬੱਦਲ ਫਟਣ ਦੀਆਂ 45 ਅਤੇ ਅਚਾਨਕ ਜ਼ਮੀਨ ਖਿਸਕਣ ਦੀਆਂ 93 ਘਟਨਾਵਾਂ ਹੋਈਆਂ ਹਨ। ਇਸ ਕਾਰਨ 822 ਸੜਕਾਂ, 1236 ਬਿਜਲੀ ਟਰਾਂਸਫਾਰਮ ਅਤੇ 424 ਜਲ ਸਪਲਾਈ ਯੋਜਨਾਵਾਂ ਪ੍ਰਭਾਵਿਤ ਹੋਈਆਂ ਹਨ। 441 ਘਰ ਪੂਰੀ ਤਰ੍ਹਾਂ ਜਾਂ ਅੰਸ਼ਿਕ ਤੌਰ 'ਤੇ ਨੁਕਸਾਨੇ ਗਏ ਹਨ। ਹੜ੍ਹ ਦੇ ਕਾਰਨ ਹਿਮਾਚਲ ਪ੍ਰਦੇਸ਼ ਵਿਚ ਹੁਣ ਤਕ ਕਰੀਬ 3,040 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਣ ਦਾ ਖਦਸ਼ਾ ਹੈ।

ਹਰਿਆਣਾ ਦੇ ਸਿਰਸਾ ਜ਼ਿਲੇ ਵਿਚ ਲੱਗਭਗ 2630 ਏਕੜ ਵਿਚ ਫਸਲ ਪੂਰੀ ਤਰ੍ਹਾਂ ਬਰਬਾਦ ਹੋ ਗਈ ਹੈ। ਘੱਗਰ ਅਤੇ ਯਮੁਨਾ ਵਰਗੀਆਂ ਨਦੀਆਂ ਖਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਹੀਆਂ ਹਨ,ਜਿਸ ਕਾਰਨ ਕਈ ਪਿੰਡਾਂ ਵਿਚ ਹੜ੍ਹ ਵਰਗੇ ਹਾਲਾਤ ਹਨ। ਅੰਬਾਲਾ ਵਿਚ ਟਾਂਗਰੀ ਨਦੀ ਵੀ ਪੂਰੀ ਸ਼ੂਕ ਰਹੀ ਹੈ, ਜਿਸ ਕਾਰਨ ਕਈ ਇਲਾਕਿਆਂ ਵਿਚ ਹੜ੍ਹ ਦਾ ਖਤਰਾ ਹੈ।

ਜੰਮੂ-ਕਸ਼ਮੀਰ ਦੇ ਜੰਮੂ ਡਵੀਜ਼ਨ ਵਿਚ ਮੀਂਹ ਨਾਲ ਸਬੰਧਤ ਘਟਨਾਵਾਂ ਵਿਚ ਮਰਨ ਵਾਲਿਆਂ ਦੀ ਗਿਣਤੀ 122 ਤਕ ਪਹੁੰਚ ਗਈ ਹੈ। ਵੈਸ਼ਨੋ ਦੇਵੀ ਮੰਦਰ ਮਾਰਗ 'ਤੇ ਜ਼ਮੀਨ ਖਿਸਕਣ ਨਾਲ 34 ਤੀਰਥ ਯਾਤਰੀਆਂ ਦੀ, ਜਦਕਿ ਡੋਡਾ ਜ਼ਿਲੇ ਵਿਚ 4 ਹੋਰ ਲੋਕਾਂ ਦੀ ਮੌਤ ਹੋ ਗਈ ਹੈ। ਇਸ ਤੋਂ ਇਲਾਵਾ ਕਿਸ਼ਤਵਾੜ ਵਿਚ ਬੱਦਲ ਫਟਣ ਨਾਲ 65 ਲੋਕਾਂ ਦੀ ਜਾਨ ਚਲੀ ਗਈ। ਜੰਮੂ-ਸ਼ ?ੀਨਗਰ ਰਾਸ਼ਟਰੀ ਰਾਜਮਾਰਗ 'ਤੇ ਕਈ ਥਾਵਾਂ 'ਤੇ ਜ਼ਮੀਨ ਖਿਸਕਣ ਦੇ ਕਾਰਨ ਫਲਾਂ ਨਾਲ ਲੱਦੇ 1000 ਤੋਂ ਵੱਧ ਟਰੱਕ ਫਸੇ ਹੋਏ ਹਨ। ਅਨੁਮਾਨ ਹੈ ਕਿ ਸਿਰਫ ਇਸੇ ਨਾਲ ਹੀ 100 ਕਰੋੜ ਤੋਂ ਵੱਧ ਦਾ ਨੁਕਸਾਨ ਹੋ ਸਕਦਾ ਹੈ।

ਪੰਜਾਬ ਦੇ ਹੜ੍ਹ ਪ੍ਰਭਾਵਿਤ ਜ਼ਿਲਿਆਂ ਵਿਚ ਕੁੱਲ 129 ਰਾਹਤ ਕੈਂਪ ਖੋਲ੍ਹੇ ਗਏ ਹਨ,ਜਿਨ੍ਹਾਂ ਵਿਚ 7144 ਲੋਕਾਂ ਨੂੰ ਲਿਆਂਦਾ ਗਿਆ ਹੈ। ਹੁਣ ਤਕ 15688 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਜਾ ਚੁੱਕਾ ਹੈ। ਪੰਜਾਬ ਵਿਚ ਹੀ ਕੁੱਲ 94061 ਹੈਕਟੇਅਰ ਰਕਬੇ ਵਿਚ ਫਸਲਾਂ ਨੂੰ ਨੁਕਸਾਨ ਪਹੁੰਚਿਆ ਹੈ। ਐੱਨ. ਡੀ. ਆਰ. ਐੱਫ. ਦੀਆਂ 20 ਟੀਮਾਂ ਤੋਂ ਇਲਾਵਾ ਭਾਰਤੀ ਏਅਰਫੋਰਸ ਅਤੇ ਫੌਜ ਦੇ 30 ਤੋਂ 35 ਹੈਲੀਕਾਪਟਰ ਅਤੇ ਰਾਜ ਸਰਕਾਰ ਦਾ ਇਕ ਹੈਲੀਕਾਪਟਰ ਲੋਕਾਂ ਨੂੰ ਹੜ੍ਹ-ਗ੍ਰਸਤ ਇਲਾਕਿਆਂ ਵਿਚੋਂ ਕੱਢਣ ਦੇ ਕੰਮ ਵਿਚ ਲੱਗਾ ਹੋਇਆ ਹੈ ਅਤੇ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਹਰਿਆਣਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਵੀ ਰਾਹਤ ਅਤੇ ਬਚਾਅ ਕਾਰਜ ਜਾਰੀ ਹਨ।

ਇਸ ਹੜ੍ਹ ਦੇ ਲਈ ਕੁਦਰਤੀ ਕਰੋਪੀ ਦੇ ਨਾਲ-ਨਾਲ ਕਿਤੇ ਨਾ ਕਿਤੇ ਸਰਕਾਰੀ ਲਾਪ੍ਰਵਾਹੀ ਵੀ ਨਜ਼ਰ ਆ ਰਹੀ ਹੈ ਕਿਉਂਕਿ ਸਤਲੁਜ ਅਤੇ ਬਿਆਸ ਨਦੀਆਂ ਵਿਚ ਜੇਕਰ ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਪਾਣੀ ਦੀ ਨਿਕਾਸੀ ਜਾਰੀ ਰੱਖੀ ਜਾਂਦੀ ਤਾਂ ਇਕਦਮ ਇੰਨੀ ਵੱਡੀ ਮਾਤਰਾ ਵਿਚ ਪਾਣੀ ਛੱਡਣ ਦੀ ਨੌਬਤ ਨਾ ਆਉਂਦੀ। ਸਰਕਾਰ ਦਾ ਮੌਸਮ ਵਿਭਾਗ ਰੋਜ਼ਾਨਾ ਉੱਤਰ ਭਾਰਤ ਦੇ ਰਾਜਾਂ ਵਿਚ ਮੀਂਹ ਨੂੰ ਲੈ ਕੇ ਅਲਰਟ ਜਾਰੀ ਕਰ ਰਿਹਾ ਸੀ ਪਰ ਇਸ ਚਿਤਾਵਨੀ ਨੂੰ ਵੀ ਗੰਭੀਰਤਾ ਨਾਲ ਨਹੀਂ ਲਿਆ ਗਿਆ ਅਤੇ ਡੈਮਾਂ ਤੋਂ ਪਾਣੀ ਛੱਡਣ ਦਾ ਪ੍ਰਬੰਧ ਸਹੀ ਤਰੀਕੇ ਨਾਲ ਨਹੀਂ ਕੀਤਾ ਗਿਆ।

ਇਸ ਨਾਲ ਸਥਿਤੀ ਜ਼ਿਆਦਾ ਵਿਗੜੀ ਹੈ। ਇਸ ਤੋਂ ਇਲਾਵਾ ਅਧਿਕਾਰੀਆਂ ਨੇ ਮਾਨਸੂਨ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੜ੍ਹਾਂ ਦੀ ਰਾਹਤ ਲਈ ਉਚਿਤ ਤਿਆਰੀਆਂ ਨਹੀਂ ਕੀਤੀਆਂ।

ਕਈ ਜ਼ਿਲਿਆਂ ਵਿਚ ਤਾਂ ਪ੍ਰਸ਼ਾਸਨ ਦੇ ਕੋਲ ਹੜ੍ਹਾਂ ਵਿਚ ਫਸੇ ਲੋਕਾਂ ਨੂੰ ਕੱਢਣ ਲਈ ਕਿਸ਼ਤੀਆਂ ਵੀ ਨਹੀਂ ਸਨ,ਜਿਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਹੋਈ। ਸ਼ਹਿਰਾਂ ਤੋਂ ਪਾਣੀ ਦੀ ਹੰਗਾਮੀ ਨਿਕਾਸੀ ਲਈ ਵੀ ਸੀਵਰੇਜ ਸਿਸਟਮ ਨੂੰ ਦਰੁੱਸਤ-ਸਾਫ ਕੀਤਾ ਜਾਣਾ ਜ਼ਰੂਰੀ ਸੀ, ਜੋ ਕਿ ਨਹੀਂ ਕੀਤਾ ਗਿਆ।

ਨਿਸ਼ਚਿਤ ਤੌਰ 'ਤੇ ਇਸ ਦੀ ਜਾਂਚ ਕਰ ਕੇ ਜ਼ਿੰਮੇਵਾਰ ਅਫਸਰਾਂ ਵਿਰੁੱਧ ਕਾਰਵਾਈ ਵੀ ਕੀਤੇ ਜਾਣ ਅਤੇ ਸਬਕ ਲੈਣ ਦੀ ਲੋੜ ਹੈ ਤਾਂ ਕਿ ਭਵਿੱਖ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ। ਇਸਦੇ ਨਾਲ ਹੀ ਕੇਂਦਰ ਸਰਕਾਰ ਨੂੰ ਵੀ ਇਸ ਪਾਸੇ ਧਿਆਨ ਦੇ ਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਤੁਰੰਤ ਰਾਹਤ ਪ੍ਰਦਾਨ ਕਰਨ ਲਈ ਕਾਰਵਾਈ ਸ਼ੁਰੂ ਕਰਨੀ ਚਾਹੀਦੀ ਹੈ।

# ਦਿਲਜੀਤ ਸਿੰਘ ਬੇਦੀ: ਸਿੱਖ ਸਾਹਿਤਕ ਵਿਰਾਸਤ ਦੇ ਰਖਵਾਲੇ

ਅੰਮ੍ਰਿਤਸਰ ਦੇ ਬੇਦੀ ਪਰਿਵਾਰ, ਜੋ ਸਾਹਿਤਕ, ਅਧਿਆਤਮਕ ਅਤੇ ਬੌਧਿਕ ਸੇਵਾ ਦੀ ਇੱਕ ਸ਼ਾਨਦਾਰ ਪਰੰਪਰਾ ਦੇ ਵਾਰਿਸ ਹਨ, ਨੇ ਪੰਜਾਬੀ ਸਾਹਿਤ ਅਤੇ ਸਿੱਖ ਇਤਿਹਾਸਕਾਰੀ ’ਤੇ ਇੱਕ ਅਮਿੱਟ ਛਾਪ ਛੱਡੀ ਹੈ। ਲਾਲ ਸਿੰਘ ਬੇਦੀ (1920-2000), ਜਿਨ੍ਹਾਂ ਦਾ ‘ਬੇਦੀ ਨਿਵਾਸ’ ਸਾਹਿਤਕ ਵਟਾਂਦਰੇ ਦਾ ਕੇਂਦਰ ਬਣਿਆ, ਤੋਂ ਲੈ ਕੇ ਡਾ. ਹਰਜੀਤ ਸਿੰਘ ਬੇਦੀ ਅਤੇ ਡਾ. ਹਰਚੰਦ ਸਿੰਘ ਬੇਦੀ ਦੀਆਂ ਆਲੋਚਨਾਤਮਕ ਆਵਾਜ਼ਾਂ ਤੱਕ, ਇਸ ਵੰਸ਼ ਨੇ ਚਿੰਤਨ, ਸਿਰਜਣਾਤਮਕਤਾ ਅਤੇ ਵਿਦਵਤਾ ਲਈ ਇੱਕ ਉਪਜਾਊ ਜ਼ਮੀਨ ਤਿਆਰ ਕੀਤੀ ਹੈ। ਇਨ੍ਹਾਂ ਵਿੱਚੋਂ, ਡਾ. ਹਰਚੰਦ ਸਿੰਘ ਬੇਦੀ ਦੇ ਨਾਲ-ਨਾਲ, ਦਿਲਜੀਤ ਸਿੰਘ ਬੇਦੀ (1960-2025) ਦਾ ਨਾਮ ਸਿੱਖ ਇਤਿਹਾਸ, ਵਿਰਾਸਤ ਅਤੇ ਸਾਹਿਤਕ ਦਸਤਾਵੇਜ਼ੀਕਰਨ ਪ੍ਰਤੀ ਉਨ੍ਹਾਂ ਦੇ ਅਣਥੱਕ ਸਮਰਪਣ ਲਈ ਵਿਸ਼ੇਸ਼ ਤੌਰ ’ਤੇ ਚਮਕਦਾ ਹੈ। ਆਪਣੀ ਵਿਦਵਤਾ ਅਤੇ ਨਿਮਰ ਸੁਭਾਅ ਸਦਕਾ, ਉਨ੍ਹਾਂ ਨੇ ਅਨੇਕਾਂ ਲਿਖਤਾਂ ਅਤੇ ਪੁਸਤਕਾਂ ਰਾਹੀਂ ਸਿੱਖ ਵਿਰਾਸਤ ਨੂੰ ਅਮੀਰ ਬਣਾਇਆ। ਬੇਦੀ ਸਾਹਿਬ ਦਾ ਜੀਵਨ ਸ਼ਾਂਤ ਸਮਰਪਣ ਵਾਲਾ ਸੀ, ਜਿੱਥੇ ਵਿਦਵਤਾ ਅਤੇ ਨਿਮਰਤਾ ਨੇ ਪੰਥ ਦੀ ਸੇਵਾ ਵਿੱਚ ਆਪਣਾ ਸੱਚਾ ਪ੍ਰਗਟਾਵਾ ਪਾਇਆ।

31 ਦਸੰਬਰ 1960 ਨੂੰ ਅੰਮ੍ਰਿਤਸਰ ਦੇ ਨਰਾਇਣਗੜ੍ਹ ਵਿਖੇ, ਪ੍ਰਸਿੱਧ ਸਾਹਿਤਕਾਰ ਬੇਦੀ ਲਾਲ ਸਿੰਘ ਦੇ ਘਰ ਜਨਮੇ, ਦਿਲਜੀਤ ਸਿੰਘ ਬੇਦੀ ਇੱਕ ਅਜਿਹੇ ਮਾਹੌਲ ਵਿੱਚ ਵੱਡੇ ਹੋਏ ਜੋ ਸਾਹਿਤ, ਹੱਥ-ਲਿਖਤਾਂ ਅਤੇ ਸਿੱਖ ਵਿਰਾਸਤ ਦੇ ਪ੍ਰਵਚਨਾਂ ਨਾਲ ਭਰਪੂਰ ਸੀ। ਸਾਲਾਂ ਦੌਰਾਨ, ਉਹ ਸਿੱਖ ਸਾਹਿਤਕ ਹਲਕਿਆਂ ਵਿੱਚ ਇੱਕ ਜਾਣੀ-ਪਛਾਣੀ ਸ਼ਖ਼ਸੀਅਤ ਵਜੋਂ ਉੱਭਰੇ, ਜਿਨ੍ਹਾਂ ਨੂੰ ਉਨ੍ਹਾਂ ਦੀ ਸਖ਼ਤ ਵਿਦਵਤਾ, ਸੰਪਾਦਕੀ ਅਗਵਾਈ ਅਤੇ ਸੱਭਿਆਚਾਰਕ ਅਗਵਾਈ ਲਈ ਜਾਣਿਆ ਜਾਂਦਾ ਹੈ।

ਬੇਦੀ ਦੀਆਂ ਰਚਨਾਵਾਂ ਵਿੱਚ ਲਿਖਤਾਂ ਅਤੇ ਸੰਪਾਦਕੀ ਪ੍ਰੋਜੈਕਟਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਸ਼ਾਮਲ ਹੈ ਜੋ ਇਤਿਹਾਸਕ ਬਿਰਤਾਂਤ ਅਤੇ ਸਾਹਿਤਕ ਸੰਵੇਦਨਾ, ਦੋਵਾਂ ਨੂੰ ਇਕੱਠਾ ਕਰਦੀ ਹੈ। ਉਨ੍ਹਾਂ ਦੀਆਂ ਪੁਸਤਕਾਂ—‘ਬਾਬਾ ਸ਼ਾਮ ਸਿੰਘ’ (2010), ‘ਸਿੱਖੀ ਦੀ ਟਕਸਾਲ’ (2011), ‘ਜਥੇਦਾਰ ਤੇਜਾ ਸਿੰਘ ਅਕਰਪੁਰੀ’ (2013), ‘ਅਦਬੀ ਮੁਲਾਕਾਤਾਂ’, ਅਤੇ ‘ਵਿਰਾਸਤ-ਏ-ਖ਼ਾਲਸਾ ਪੰਥ’ (2019)— ਸਾਹਿਤਕ ਯੋਗਦਾਨ ਤੋਂ ਵੱਧ ਹਨ; ਇਹ ਸਿੱਖ ਸੰਸਥਾਗਤ ਯਾਦਦਾਸ਼ਤ ਦੇ ਭੰਡਾਰ ਹਨ, ਜਦਕਿ ‘ਵਿਰਾਸਤ-ਏ-ਖ਼ਾਲਸਾ ਪੰਥ’ ਸਿੱਖ ਭਾਈਚਾਰੇ ਦੀ ਸਮੂਹਿਕ ਪਛਾਣ ਅਤੇ ਦ੍ਰਿੜਤਾ ਨਾਲ ਉਨ੍ਹਾਂ ਦੇ ਜੁੜਾਅ ਨੂੰ ਦਰਸਾਉਂਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਸਕੱਤਰ ਵਜੋਂ ਸੇਵਾਮੁਕਤ ਹੋਣ ਤੋਂ ਬਾਅਦ, ਉਨ੍ਹਾਂ ਨੇ ਬਾਬਾ ਬਲਬੀਰ ਸਿੰਘ ਜੀ



ਡਾ. ਜਸਬੀਰ ਸਿੰਘ ਸਰਨਾ

ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਬੁੱਢਾ ਦਲ ਦੇ ਸਕੱਤਰ ਵਜੋਂ ਕੌਮ ਦੀ ਸੇਵਾ ਜਾਰੀ ਰੱਖੀ। ਉਨ੍ਹਾਂ ਦੇ ਅਕਾਲ ਚਲਾਣੇ ’ਤੇ, ਬਾਬਾ ਬਲਬੀਰ ਸਿੰਘ ਜੀ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਰਦਾਸ ਕੀਤੀ।

ਇੱਕ ਸੰਪਾਦਕ ਵਜੋਂ, ਦਿਲਜੀਤ ਸਿੰਘ ਬੇਦੀ ਨੇ ਸਿੱਖ ਵਿਚਾਰਧਾਰਾ ਅਤੇ ਇਤਿਹਾਸ ਦੇ ਪ੍ਰਵਚਨ ਨੂੰ ਰੂਪ ਦੇਣ ਵਿੱਚ ਇੱਕ ਨਿਰਣਾਇਕ ਭੂਮਿਕਾ ਨਿਭਾਈ ਹੈ। ‘ਗੁਰਦੁਆਰਾ ਗਜ਼ਟ’, ‘ਸ਼੍ਰੋਮਣੀ ਬੁਲੇਟਿਨ’, ਅਤੇ ‘ਨਿਹੰਗ ਸਿੰਘ ਸੰਦੇਸ਼’ ਦੀ ਉਨ੍ਹਾਂ ਦੀ ਲੰਬੀ ਅਗਵਾਈ ਉਨ੍ਹਾਂ ਨੂੰ ਸਿਰਫ਼ ਇੱਕ ਇਤਿਹਾਸਕਾਰ ਵਜੋਂ ਹੀ ਨਹੀਂ, ਸਗੋਂ ਸਮਕਾਲੀ ਸਿੱਖ ਸਰੋਕਾਰਾਂ ਦੇ ਇੱਕ ਵਿਆਖਿਆਕਾਰ ਵਜੋਂ ਵੀ ਸਥਾਪਿਤ ਕਰਦੀ ਹੈ। ਇਨ੍ਹਾਂ ਸੰਪਾਦਕੀ ਉੱਦਮਾਂ ਰਾਹੀਂ, ਉਨ੍ਹਾਂ ਨੇ ਪਰੰਪਰਾ ਅਤੇ ਆਧੁਨਿਕਤਾ, ਇਤਿਹਾਸ ਅਤੇ ਸਾਹਿਤ, ਸਿੱਖ ਅਭਿਆਸ ਅਤੇ ਵਿਸ਼ਵਵਿਆਪੀ ਚੁਣੌਤੀਆਂ ਵਿਚਕਾਰ ਸੰਵਾਦ ਲਈ ਲਗਾਤਾਰ ਮੰਚ ਬਣਾਏ। ਆਪਣੀਆਂ ਲਿਖਤਾਂ ਤੋਂ ਇਲਾਵਾ, ਬਾਬਾ ਬੁੱਢਾ ਦਲ, ਅੰਮ੍ਰਿਤਸਰ ਦੇ ਸਕੱਤਰ ਵਜੋਂ ਬੇਦੀ ਦੀ ਸੇਵਾ ਉਨ੍ਹਾਂ ਨੂੰ ਸਿੱਖ ਵਿਰਾਸਤ ਦੀਆਂ ਜੀਵ ਸੰਸਥਾਵਾਂ ਦੇ ਅੰਦਰ ਸਥਾਪਿਤ ਕਰਦੀ ਹੈ। ਉੱਥੇ ਉਨ੍ਹਾਂ ਦੀ ਭੂਮਿਕਾ ਬਦਲਦੇ ਸਮੇਂ ਵਿੱਚ ਪਰੰਪਰਾ ਦੀ ਸੰਭਾਲ ਅਤੇ ਸਿੱਖ ਫਲਸਫੇ ਦੇ ਪ੍ਰਸਾਰ, ਦੋਵਾਂ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਜੋ ਚੀਜ਼ ਦਿਲਜੀਤ ਸਿੰਘ ਬੇਦੀ ਦੇ ਯੋਗਦਾਨ ਨੂੰ ਵੱਖਰਾ ਕਰਦੀ ਹੈ, ਉਹ ਹੈ ਉਨ੍ਹਾਂ ਦਾ ਪੁਰਾਲੇਖ ਨੂੰ ਸਮਕਾਲੀ ਨਾਲ ਅਤੇ ਵਿਦਵਤਾ ਭਰਪੂਰ ਨੂੰ ਆਮ ਪਹੁੰਚਯੋਗ ਨਾਲ ਜੋੜਨ ਦਾ ਤਰੀਕਾ। ਉਨ੍ਹਾਂ ਦੀਆਂ ਰਚਨਾਵਾਂ ਸਿਰਫ਼ ਅਕਾਦਮਿਕ ਅਧਿਐਨ ਤੱਕ ਹੀ ਸੀਮਤ ਨਹੀਂ ਹਨ; ਉਹ ਸੱਭਿਆਚਾਰਕ ਜ਼ਿੰਮੇਵਾਰੀ ਦੀ ਭਾਵਨਾ ਨਾਲ ਭਰਪੂਰ ਹਨ, ਜੋ ਇਹ ਯਕੀਨੀ ਬਣਾਉਂਦੀਆਂ ਹਨ ਕਿ ਸਿੱਖ ਵਿਰਾਸਤ ਵਰਤਮਾਨ ਵਿੱਚ ਇੱਕ ਗਤੀਸ਼ੀਲ ਸ਼ਕਤੀ ਬਣੀ ਰਹੇ।

ਬੇਦੀ ਪਰਿਵਾਰ ਨੇ ਬਿਨਾਂ ਸ਼ੱਕ ਪੰਜਾਬ ਦੇ ਸਾਹਿਤਕ ਅਤੇ ਬੌਧਿਕ ਜੀਵਨ ਨੂੰ ਅਮੀਰ ਬਣਾਇਆ ਹੈ, ਫਿਰ ਵੀ ਦਿਲਜੀਤ ਸਿੰਘ ਬੇਦੀ ਸਿੱਖ ਇਤਿਹਾਸਕ ਚੇਤਨਾ ਦੇ ਰਖਵਾਲੇ ਵਜੋਂ ਵੱਖਰੇ ਨਜ਼ਰ ਆਉਂਦੇ ਹਨ। ਉਨ੍ਹਾਂ ਦੀਆਂ ਲਿਖਤਾਂ, ਸੰਪਾਦਕੀ ਪਹਿਲਕਦਮੀਆਂ ਅਤੇ ਸੰਸਥਾਗਤ ਸੇਵਾ ਸਮੂਹਿਕ ਤੌਰ ’ਤੇ ਉਨ੍ਹਾਂ ਨੂੰ ਵੀਹਵੀਂ ਸਦੀ ਦੇ ਅਖੀਰ ਅਤੇ ਇੱਕੀਵੀਂ ਸਦੀ ਦੇ ਸ਼ੁਰੂ ਵਿੱਚ ਸਿੱਖ ਵਿਰਾਸਤ ਦੀ ਸੰਭਾਲ ਅਤੇ



ਪ੍ਰਸਾਰ ਵਿੱਚ ਇੱਕ ਮਹੱਤਵਪੂਰਨ ਸ਼ਖ਼ਸੀਅਤ ਵਜੋਂ ਦਰਸਾਉਂਦੀਆਂ ਹਨ। ਦਿਲਜੀਤ ਸਿੰਘ ਬੇਦੀ ਦਾ ਸਨਮਾਨ ਕਰਦੇ ਹੋਏ, ਕੋਈ ਸਿਰਫ਼ ਇੱਕ ਵਿਅਕਤੀ ਦੀਆਂ ਪ੍ਰਾਪਤੀਆਂ ਨੂੰ ਹੀ ਨਹੀਂ, ਸਗੋਂ ਸਿੱਖ ਸਾਹਿਤ ਪ੍ਰਤੀ ਇੱਕ ਪਰਿਵਾਰ ਦੇ ਸਮਰਪਣ ਦੀ ਨਿਰੰਤਰਤਾ ਅਤੇ ਇਸ ਤੋਂ ਵੀ ਮਹੱਤਵਪੂਰਨ, ਸਿੱਖ ਵਿਰਾਸਤ ਦੀ ਸਦੀਵੀ ਜੀਵੰਤਤਾ ਨੂੰ ਸਵੀਕਾਰ ਕਰਦਾ ਹੈ।

## ਨਹੀਂ ਰਹੇ ਸਿੱਖ ਚਿੰਤਕ ਸ੍ਰ. ਦਿਲਜੀਤ ਸਿੰਘ ਬੇਦੀ

ਅੰਮ੍ਰਿਤਸਰ : ਉਘੇ ਸਿੱਖ ਚਿੰਤਕ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਸ. ਦਿਲਜੀਤ ਸਿੰਘ ਬੇਦੀ ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ ਦਾ ਧਾਰਮਿਕ ਰਹੁਰੀਤਾਂ ਅਨੁਸਾਰ ਅੰਗੀਠਾ ਸਮੇਟਿਆ ਗਿਆ। ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ



ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵਲੋਂ ਬਾਬਾ ਭਗਤ ਸਿੰਘ, ਮੈਨੇਜਰ ਪਰਮਜੀਤ ਸਿੰਘ ਬਾਜਵਾ, ਭਾਜਪਾ ਦੇ ਸੀਨੀਅਰ ਆਗੂ ਇੰਦਰਜੀਤ ਸਿੰਘ ਬਾਸਰਕੇ ਦੇ ਇਲਾਵਾ ਬੇਦੀ ਪ੍ਰੀਵਾਰ ਦੇ ਸਮੂਹ ਮੈਂਬਰ ਅਤੇ ਰਿਸ਼ਤੇਦਾਰ ਸਾਕ ਸਬੰਧੀ ਵੱਡੀ ਗਿਣਤੀ ਵਿਚ ਸ਼ਾਮਲ ਸਨ।

ਨਿਹੰਗ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਦਸਿਆ ਕਿ ਦਿਲਜੀਤ ਸਿੰਘ ਬੇਦੀ ਦਾ ਨਮਿਤ ਅੰਤਿਮ ਅਰਦਾਸ ਸਮਾਗਮ 08 ਸਤੰਬਰ ਦਿਨ ਸੋਮਵਾਰ ਨੂੰ 12:00 ਤੋਂ 1:00 ਵਜੇ ਤੀਕ ਗੁਰਦੁਆਰਾ ਬੁਰਜ ਅਕਾਲੀ ਫੂਲਾ ਸਿੰਘ ਛਾਉਣੀ ਨਿਹੰਗ ਸਿੰਘ ਬੁੱਢਾ ਦਲ ਵਿਖੇ ਅਯੋਜਿਤ ਕੀਤਾ ਜਾਵੇਗਾ। ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ, ਸਮੂਹ ਨਿਹੰਗ ਸਿੰਘ ਜਥੇਬੰਦੀਆਂ ਤੋਂ ਇਲਾਵਾ ਵੱਖ-ਵੱਖ ਸੰਪਰਦਾਵਾਂ ਦੇ ਮੁਖੀ ਸਾਹਿਬਾਨ ਦਿਲਜੀਤ ਸਿੰਘ ਬੇਦੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ।

# ਆਪਣੀਆਂ ਅੱਖਾਂ ਨੂੰ ਜਿਊਂਦੇ ਰਹਿਣ ਦਿਓ

ਹਰ ਸਾਲ 25 ਅਗਸਤ ਤੋਂ 8 ਸਤੰਬਰ ਤੱਕ ਰਾਸ਼ਟਰੀ ਨੇਤਰਦਾਨ ਪੰਦ ?ਹਰਵਾੜਾ ਮਨਾਇਆ ਜਾਂਦਾ ਹੈ, ਜਿਸ ਦੀ ਸ਼ੁਰੂਆਤ 1985 ’ਚ ਹੋਈ ਸੀ। ਇਸ ਦਾ ਮੁੱਖ ਉਦੇਸ਼ ਨੇਤਰਦਾਨ ਦੀ ਮਹੱਤਤਾ ਨੂੰ ਪ੍ਰਫੁੱਲਿਤ ਕਰਨਾ ਅਤੇ ‘ਕਾਰਨੀਆ ਬਲਾਈਂਡਨੈੱਸ’ ਨਾਂਅ ਦੀ ਬਿਮਾਰੀ ਨੂੰ ਘਟਾਉਣਾ ਹੈ।

ਮੈਡੀਕਲ ਸਿੱਖਿਆ ਅਤੇ ਖੋਜ ਖੇਤਰ ਵਿਚ ਹੋਈ ਬੇਤਹਾਸ਼ਾ ਤਰੱਕੀ ਕਾਰਨ ਅੱਜ ਇਹ ਸੰਭਵ ਹੋ ਸਕਿਆ ਹੈ ਕਿ ਅਸੀਂ ਆਪਣੇ ਕੁਝ ਸਰੀਰਕ ਅੰਗਾਂ ਨੂੰ ਦਾਨ ਕਰਕੇ ਜਾਂ ਖ਼ੂਨਦਾਨ ਜਿਹੇ ਨੇਕ ਕਾਰਜਾਂ ਨਾਲ ਕਿਸੇ ਨੂੰ ਜੀਵਨ ਦਾਨ ਦੇ ਸਕਦੇ ਹਾਂ ਅਤੇ ਕਿਸੇ ਦੇ ਜੀਵਨ ਵਿਚ ਖੁਸ਼ੀਆਂ ਭਰ ਸਕਦੇ ਹਾਂ। ਕਈ ਲੋਕਾਂ ਵਲੋਂ ਤਾਂ ਮੌਤ ਉਪਰੰਤ ਪੂਰਾ ਸਰੀਰ ਹੀ ਡਾਕਟਰੀ ਖੋਜਾਂ ਅਤੇ ਵਿੱਦਿਅਕ ਉਦੇਸ਼ਾਂ ਲਈ ਦਾਨ ਕੀਤਾ ਜਾ ਰਿਹਾ ਹੈ। ਅੰਗ ਦਾਨਾਂ ’ਚੋਂ ਹੀ ਇਕ ਹੈ ਅੱਖਾਂ ਦਾ ਦਾਨ, ਜੋ ਕਿਸੇ ਦ੍ਰਿਸ਼ਟੀਹੀਣ ਵਿਅਕਤੀ ਦੇ ਜੀਵਨ ਦੇ ਹਨੇਰੇ ’ਚ ਚਾਨਣ ਦੀ ਛਿੱਟ ਲਿਆ ਸਕਦਾ ਹੈ। ਸਾਡੀਆਂ ਦਾਨ ਕੀਤੀਆਂ ਅੱਖਾਂ ਮੌਤ ਉਪਰੰਤ ਵੀ ਜੀਵਤ ਰਹਿ ਕੇ ਕਿਸੇ ਦੀ ਹਨੇਰੀ ਦੁਨੀਆ ਨੂੰ ਰੌਸ਼ਨ ਕਰ ਸਕਦੀਆਂ ਹਨ। ਇਹ ਰੰਗੀਨ ਜ਼ਿੰਦਗੀ ਵੀ ਉਦੋਂ ਤੱਕ ਹੀ ਖ਼ੂਬਸੂਰਤ ਹੈ, ਜਦੋਂ ਤੱਕ ਅੱਖਾਂ ਸਲਾਮਤ ਹਨ। ਪਰ ਇਸ ਦੁਨੀਆ ਵਿਚ ਅਜੇ ਵੀ ਅਣਗਿਣਤ ਦ੍ਰਿਸ਼ਟੀਹੀਣ ਲੋਕ ਹਨ, ਜੋ ਇਸ ਦਰਦ ਨੂੰ ਹੰਢਾਅ ਰਹੇ ਹਨ। ਸਿਹਤ ਵਿਭਾਗ ਦੇ ਅੰਕੜਿਆਂ ਮੁਤਾਬਕ ਸਾਡੇ ਦੇਸ਼ ’ਚ 15 ਮਿਲੀਅਨ ਲੋਕਾਂ ਨੂੰ ਅੱਖਾਂ ਦੀ ਲੋੜ ਹੈ, ਜੋ ਕਿਸੇ ਹਾਦਸੇ ਕਾਰਨ ਜਾਂ ਬਚਪਨ ਤੋਂ ਅੰਨ੍ਹੇਪਣ ਦਾ ਸ਼ਿਕਾਰ ਹੋਏ ਹਨ। ਅੰਨ੍ਹੇਪਣ ਦੇ ਵਧਦੇ ਮਰੀਜ਼ਾਂ ਕਾਰਨ ਦਿਨ-ਬ-ਦਿਨ ਦਾਨੀ ਅੱਖਾਂ ਦੀ ਲੋੜ ਮੁਤਾਬਕ ਬਹੁਤ ਵੱਡੀ ਘਾਟ ਦੇਖਣ ਨੂੰ ਮਿਲ ਰਹੀ ਹੈ। ਇਸ ਘਾਟੇ ਨੂੰ



ਅਸੀਂ ਤਾਂ ਹੀ ਪੂਰਾ ਕਰ ਸਕਦੇ ਹਾਂ, ਜੇਕਰ ਅਸੀਂ ਅੱਖਾਂ ਦਾਨ ਕਰਨ ਦਾ ਇਹ ਸੁਨੇਹਾ ਘਰ-ਘਰ ਤੱਕ ਪਹੁੰਚਾਈਏ। ਅਸੀਂ ਖ਼ੁਦ ਵੀ ਮੌਤ ਤੋਂ ਬਾਅਦ ਅੱਖਾਂ ਦਾਨ ਕਰੀਏ ਅਤੇ ਜਨ ਸਮੂਹ ਨੂੰ ਵੀ ਇਸ ਦਾਨ ਦੀ ਮਹੱਤਤਾ ਬਾਰੇ ਸੁਚੇਤ ਕਰੀਏ। ਸਾਡੇ ਦੇਸ਼ ’ਚ ਸਵੈ-ਇੱਛਾ ਨਾਲ ਅੱਖਾਂ ਦਾਨ ਕਰਨ ਦੇ ਰਾਹ ’ਚ ਸਭ ਤੋਂ ਵੱਡੀ ਰੁਕਾਵਟ ਅੰਧ-ਵਿਸ਼ਵਾਸ ਤੇ ਭਰਮ-ਭੁਲੇਖੇ ਹਨ। ਇੱਥੇ ਕਈ ਲੋਕਾਂ ਦਾ ਇਹ ਮੰਨਣਾ ਹੈ ਕਿ ਜੇ ਵਿਅਕਤੀ ਦੀ ਮੌਤ ਪਿੱਛੋਂ ਅੱਖਾਂ ਕੱਢ ਲਈਆਂ ਜਾਣ ਤਾਂ ਉਹ ਅਗਲੇ ਜਨਮ ’ਚ ਅੱਖਾਂ ਤੋਂ ਵਾਂਝਾ ਪੈਦਾ ਹੋਵੇਗਾ ਜਾਂ ਫਿਰ ਉਸ ਦੀ ਆਤਮਾ ਨੂੰ ਸ਼ਾਂਤੀ ਹੀ ਨਹੀਂ ਮਿਲੇਗੀ। ਲੋਕਾਂ ਦੇ ਮਨਾਂ ’ਚੋਂ ਅਜਿਹੇ ਭਰਮ-ਭੁਲੇਖੇ ਦੂਰ ਕਰਨ ਲਈ

ਡਾ. ਪ੍ਰਭਦੀਪ ਸਿੰਘ ਚਾਵਲਾ

ਸਿਹਤ ਵਿਭਾਗ ਦੀਆਂ ਟੀਮਾਂ ਤੇ ਕਈ ਸਮਾਜ ਸੇਵੀ ਸੰਸਥਾਵਾਂ ਹਰ ਸੰਭਵ ਉਪਰਾਲਾ ਕਰ ਰਹੀਆਂ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਚਿੱਟਾ-ਮੋਤੀਆ ਅਤੇ ਗਲੂਕੋਮਾ ਤੋਂ ਬਾਅਦ ਕਾਰਨੀਆ (ਅੱਖਾਂ ਦੀ ਪਾਰਦਰਸ਼ਕ ਝਿੱਲੀ) ਸੰਬੰਧੀ ਬਿਮਾਰੀਆਂ ਅੱਖਾਂ ਦੇ ਨੁਕਸਾਨ ਅਤੇ ਅੰਨ੍ਹੇਪਣ ਦੇ ਮੁੱਖ ਕਾਰਨ ਹਨ। ਬਿਮਾਰੀ, ਸੱਟ, ਕੁਪੋਸ਼ਣ ਜਾਂ ਇਨਫੈਕਸ਼ਨ ਕਾਰਨ ਕਾਰਨੀਆ ਧੁੰਦਲਾ ਹੋ ਸਕਦਾ ਹੈ ਅਤੇ ਨਜ਼ਰ ਘਟ ਜਾਂਦੀ ਹੈ। ਕਾਰਨੀਆ ਦੀ ਬਿਮਾਰੀ ਨਾਲ ਹੋਣ ਵਾਲਾ ਅੰਨ੍ਹਾਪਣ ਪੁਤਲੀ ਬਦਲਣ ਦੇ ਆਪ੍ਰੇਸ਼ਨ ਨਾਲ ਦੂਰ ਕੀਤਾ ਜਾ ਸਕਦਾ ਹੈ। ਜਿੱਥੇ ਧੁੰਦਲੇ ਕਾਰਨੀਆ ਦੀ ਥਾਂ ’ਤੇ ਦਾਨੀ ਅੱਖ ਤੋਂ ਇਕ ਸਿਹਤਮੰਦ ਕਾਰਨੀਆ ਮਰੀਜ਼ ਦੀ ਅੱਖ ਵਿਚ ਟਰਾਂਸਪਲਾਂਟ ਕਰ ਦਿੱਤਾ ਜਾਂਦਾ ਹੈ। ਲੋਕ ਸਵੈ-ਇੱਛਾ ਨਾਲ ਅੱਗੇ ਆਉਣ ਅਤੇ ਮੌਤ ਤੋਂ ਬਾਅਦ ਅੱਖਾਂ ਦਾਨ ਕਰਨ ਲਈ ਜਿਊਂਦੇ ਜੀਅ ਸਹੁੰ ਚੁੱਕਣ ਤੇ ਲੋੜਵੰਦਾਂ ਨੂੰ ਦ੍ਰਿਸ਼ਟੀ ਦਾ ਤੋਹਫ਼ਾ ਦੇਣ ਵਰਗੇ ਨੇਕ ਕੰਮ ’ਚ ਹਿੱਸਾ ਪਾਉਣ। ਮੌਤ ਤੋਂ ਬਾਅਦ ਅੱਖਾਂ ਦਾਨ ਕਰਨ ਦੇ ਇੱਛੁਕ ਵਿਅਕਤੀ ਆਨਲਾਈਨ ਫਾਰਮ ਭਰ ਸਕਦੇ ਹਨ ਜਾਂ ਆਪਣਾ ਰਜਿਸਟ ?ਰੇਸ਼ਨ ਫਾਰਮ ਭਰਨ ਲਈ ਨੇੜਲੇ ਸਿਹਤ ਕੇਂਦਰ, ਹਸਪਤਾਲ ਜਾਂ ਸਿਹਤ ਵਿਭਾਗ ਦੇ ਮੈਡੀਕਲ, ਪੈਰਾ-ਮੈਡੀਕਲ ਸਟਾਫ਼ ਤੇ ਆਸ਼ਾ ਵਰਕਰ ਨਾਲ ਸੰਪਰਕ ਕਰ ਸਕਦੇ ਹਨ। ਇਕ ਵਿਅਕਤੀ ਦੇ ਅੱਖਾਂ ਦਾਨ ਕਰਨ ਨਾਲ ਦੋ ਨੇਤਰਹੀਣ ਵਿਅਕਤੀਆਂ ਨੂੰ ਨਜ਼ਰ ਮਿਲ ਸਕਦੀ ਹੈ। ਅੱਖਾਂ ਦਾ ਮਤਲਬ ਹੈ ਕਿ ਪਰਿਵਾਰ ਦੀ ਸਹਿਮਤੀ ਨਾਲ ਟਰਾਂਸਪਲਾਂਟ ਲਈ ਮੌਤ ਤੋਂ ਬਾਅਦ ਕਿਸੇ ਵਿਅਕਤੀ ਦੀਆਂ ਅੱਖਾਂ ਨੂੰ ਦਾਨ ਕਰਨਾ।


**ਕਦੋਂ ਤੇ ਕਿਵੇਂ ਕਰ ਸਕਦੇ ਹਾਂ ਦਾਨ**

ਵਿਅਕਤੀ ਦੀ ਮੌਤ ਦੇ 4 ਤੋਂ 6 ਘੰਟਿਆਂ ਦੇ ਅੰਦਰ ਅੱਖਾਂ ਦਾਨ ਕਰ ਦੇਣੀਆਂ ਚਾਹੀਦੀਆਂ ਹਨ। ਕੋਈ ਵੀ ਵਿਅਕਤੀ ਸਵੈ-ਇੱਛਾ ਨਾਲ ਮੌਤ ਤੋਂ ਪਹਿਲਾਂ ਦਾਨੀ ਬਣ ਸਕਦਾ ਹੈ, ਭਾਵੇਂ ਕਿਸੇ ਵੀ ਉਮਰ, ਲਿੰਗ, ਜਾਂ ਬਲੱਡ ਗਰੁੱਪ ਦਾ ਕਿਉਂ ਨਾ ਹੋਵੇ। ਮੋਤੀਆਬਿੰਦ ਜਾਂ ਐਨਕਾਂ ਵਾਲਾ ਕੋਈ ਵੀ ਵਿਅਕਤੀ ਅੱਖਾਂ ਦਾਨ ਕਰ ਸਕਦਾ ਹੈ। ਹਾਈਪਰਟੈਂਸ਼ਨ ਪੀੜਤ ਵਿਅਕਤੀ ਤੇ ਸ਼ੂਗਰ ਰੋਗੀ ਵੀ ਅੱਖਾਂ ਦਾਨ ਕਰ ਸਕਦਾ ਹੈ, ਜਦਕਿ ਏਡਜ਼, ਪੀਲੀਆ, ਬਲੱਡ ਕੈਂਸਰ ਅਤੇ ਦਿਮਾਗੀ ਬੁਖਾਰ ਨਾਲ ਪੀੜਤ ਵਿਅਕਤੀ ਅੱਖਾਂ ਦਾਨ ਨਹੀਂ ਕਰ ਸਕਦੇ। ਮੌਤ ਤੋਂ ਬਾਅਦ ਮਾਹਿਰਾਂ ਵਲੋਂ ਅੱਖਾਂ ਲੈਣ ਦੀ ਖ਼ੂਨ ਰਹਿਤ ਪ੍ਰਕਿਰਿਆ ਵਿਚ 15-20 ਮਿੰਟ ਦਾ ਸਮਾਂ ਲੱਗਦਾ ਹੈ ਅਤੇ ਇਸ ਦੌਰਾਨ ਦਾਨੀ ਦੇ ਚਿਹਰੇ ਵਿਚ ਕੋਈ ਵਿਗਾੜ ਨਹੀਂ ਪੈਂਦਾ। ਨੇੜੇ ਦੇ ਆਈ-ਬੈਂਕ ਦੀ ਟੀਮ ਮ੍ਰਿਤਕ ਦੀ ਸੂਚਨਾ ਮਿਲਦੇ ਹੀ ਦਾਨੀ ਦੇ ਘਰ ਜਾਂ ਕਿਸੇ ਹੋਰ ਸਥਾਨ ’ਤੇ ਪਹੁੰਚ ਜਾਂਦੀ ਹੈ। ਅੱਖਾਂ ਦਾਨ ਕਰਨ ਸੰਬੰਧੀ ਵਾਅਦਾ ਕਰਨ ਤੋਂ ਬਾਅਦ ਕਿਰਪਾ ਕਰਕੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਅੱਖਾਂ ਦਾਨ ਕਰਨ ਦੀ ਆਪਣੀ ਇੱਛਾ ਬਾਰੇ ਜ਼ਰੂਰ ਦੱਸੋ, ਤਾਂ ਜੋ ਉਹ ਤੁਹਾਡੀ ਇੱਛਾ ਪੂਰੀ ਕਰ ਸਕਣ। ਅੱਖਾਂ ਦੇ ਬੈਂਕ ਮਨੁੱਖੀ ਅੰਗ ਟ ?ਰਾਂਸਪਲਾਂਟੇਸ਼ਨ ਐਕਟ ਅਧੀਨ ਆਉਂਦੇ ਹਨ। ਦਾਨ ਕੀਤੀਆਂ ਅੱਖਾਂ ਨੂੰ ਵੇਚਿਆ ਨਹੀਂ ਜਾ ਸਕਦਾ, ਕਿਉਂਕਿ ਉਕਤ ਐਕਟ ਤਹਿਤ ਇਹ ਅਪਰਾਧ ਹੈ। ਵਿੱਦਿਅਕ, ਧਾਰਮਿਕ ਅਦਾਰਿਆਂ, ਸਮਾਜ ਸੇਵੀ ਜਥੇਬੰਦੀਆਂ, ਪੰਚਾਇਤਾਂ ਅਤੇ ਕਲੱਬਾਂ ਨੂੰ ਅੱਖਾਂ ਦਾਨ ਕਰਨ ਸੰਬੰਧੀ ਜਾਗਰੂਕਤਾ ਪੈਦਾ ਕਰਕੇ ਲੋਕਾਂ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ, ਤਾਂ ਜੋ ਦਾਨ ਕੀਤੀਆਂ ਅੱਖਾਂ ਨਾਲ ਕਿਸੇ ਦਾ ਜੀਵਨ ਰੌਸ਼ਨ ਹੋ ਸਕੇ।

# ਖਾਨਦਾਨੀ ਇਤਿਹਾਸਕਾਰ ਦਾ ਕੈਲੰਡਰ ਵਿਗਿਆਨ

## ਖੋਦਿਆ ਪਹਾੜ ਨਿਕਲਿਆ ਚੂਹਾ !





**ਸਰਵਜੀਤ ਸਿੰਘ ਸੈਕਰਾਮੈਂਟੋ**
Isarbjits@gmail.com

ਨਾਨਕਸ਼ਾਹੀ ਕੈਲੰਡਰ ਸਬੰਧੀ ਸਿਆਟਲ ਵਿਖੇ ਹੋਏ ਸੈਮੀਨਾਰ (15 ਜੁਲਾਈ 2015 ਈ:) ਤੋਂ ਪਿਛੋਂ, ਅਨੁਰਾਗ ਸਿੰਘ (ਖਾਨਦਾਨੀ ਇਤਿਹਾਸਕਾਰ, ਤਜਰਬਾ 105 ਸਾਲ) ਨਾਲ ਮੇਰਾ ਸਿੱਧਾ ਵਾਹ ਪਿਆ। ਪਰ ਛੇਤੀ ਹੀ ਇਸ ਨੇ ਮੈਨੂੰ ਬਲੌਕ ਕਰ ਦਿੱਤਾ ਸੀ। ਸਾਂਝੇ ਸੱਜਣਾਂ ਰਾਹੀਂ ਇਸ ਦੀ ਪੋਸਟਾਂ ਮਿਲਦੀਆਂ ਰਹੀਆਂ। ਇਸ ਦੇ ਹਰ ਸਵਾਲ ਦਾ ਜਵਾਬ, ਦਲੀਲ/ਸਬੂਤਾਂ ਨਾਲ ਦੇ ਕੇ ਜਦੋਂ ਮੈਂ ਸਵਾਲ ਕਰਨਾ ਤਾਂ ਖਾਨਦਾਨੀ ਇਤਿਹਾਸਕਾਰ ਨੇ ਜਵਾਬ ਦੇਣ ਦੀ ਬਿਜਾਏ 5-7 ਸਵਾਲ ਹੋਰ ਲਿਖ ਭੇਜਣੇ। ਇਸ ਦੀਆਂ 80-85 ਪੋਸਟਾਂ ਦੇ, ਲੱਗਭੱਗ 20 ਪੋਸਟਾਂ ਰਾਹੀ ਜਵਾਬ ਦੇਣ ਪਿਛੋਂ, ਮੈਂ ਵੀ ਨੀਤੀ ਬਦਲ ਲਈ, ਭਾਵ ਇਕ ਸਵਾਲ ਤੁਹਾਡਾ ਇਕ ਮੇਰਾ, ਤਾਂ ਖਾਨਦਾਨੀ ਇਤਿਹਾਸਕਾਰ ਮੁੱਖ ਮੋੜ ਗਿਆ। ਕਾਫੀ ਸਮਾਂ ਸ਼ਾਂਤ ਰਹਿਣ ਪਿਛੋਂ ਹੁਣ ਫੇਰ, ਕਦੇ-ਕਦਾਈ ਵਿਸ ਘੋਲ ਕੇ ਹਾਜ਼ਰੀ ਲਵਾ ਲੈਂਦਾ ਹੈ ਤਾਂ ਜੋ ਕਿਤੇ ਰਿਜਕਦਾਤੇ ਨਾਮ ਹੀ ਨਾ ਕੱਟ ਦੇਣ।

ਪਿਛਲੇ ਕਈ ਸਾਲਾਂ ਤੋਂ ਇਹ ਪੜ੍ਹ-ਸੁਣ ਰਿਹਾ ਸੀ ਕਿ ਗੁਰੂ ਸਾਹਿਬ ਨੇ ਪ੍ਰਚੱਲਤ ਕੈਲੰਡਰ ਵਿੱਚ ਸੋਧ ਕਰਕੇ ਇਕ ਕੈਲੰਡਰ ਲਾਗੂ ਕੀਤਾ ਸੀ। ਜਿਸ ਨੂੰ 'ਮੂਲ ਸਿੱਖ ਕੈਲੰਡਰ' ਦਾ ਨਾਮ ਦਿੱਤਾ ਗਿਆ। ਕਈ ਵਾਰ ਮੰਗ ਕਰਨ ਤੇ ਵੀ ਇਸ ਨੇ, ਉਸ ਕੈਲੰਡਰ ਸਬੰਧੀ ਕੋਈ ਜਾਣਕਾਰੀ ਸਾਂਝੀ ਕੀਤੀ। ਫੇਰ ਕਿਤਾਬ ਲਿਖਣ/ਛਪਣ ਦਾ ਜਿਕਰ ਚਲਦਾ ਰਿਹਾ, ਤਾਂ ਮੈਂ ਸੋਚਿਆ ਕਿ ਅਨੁਰਾਗ ਸਿੰਘ ਇਸੇ ਲਈ 'ਮੂਲ ਸਿੱਖ ਕੈਲੰਡਰ' ਸਾਂਝਾ ਨਹੀਂ ਕਰਦਾ ਕਿ ਕਿਤਾਬ ਵਿੱਚ ਹੀ ਪਾਠਕਾਂ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ। ਅਖੀਰ ਅਕਤੂਬਰ 2023 ਵਿੱਚ ਇਨ੍ਹਾਂ ਦੀ ਕਿਤਾਬ ਵੀ ਆ ਗਈ। ਕਿਤਾਬ ਦੇ ਨਾਮ "ਗੁਰੂ ਸਾਹਿਬ ਜੀ ਵੱਲੋਂ ਸਥਾਪਤ ਮੂਲ ਸਿੱਖ ਕੈਲੰਡਰ" ਤੋਂ ਇਹ ਆਸ ਬੱਝੀ ਕਿ ਹੁਣ ਤਾਂ 'ਮੂਲ ਸਿੱਖ ਕੈਲੰਡਰ' ਦੇ ਦਰਸ਼ਨ ਜਰੂਰ ਹੋ ਜਾਣਗੇ। ਪਰ ਕਿਤਾਬ ਪੜ੍ਹ ਕੇ ਵੀ ਨਿਰਾਸ਼ਾ ਹੀ ਪੱਲੇ ਪਈ। ਸ਼ਾਇਦ ਇਹ ਦੁਨੀਆਂ ਦੀ ਪਹਿਲੀ ਕਿਤਾਬ ਹੋਵੇਗੀ ਜਿਸ ਦੇ ਨਾਮ (ਸਿਰਲੇਖ) ਵਾਲਾ ਅਧਿਆਏ ਹੀ ਕਿਤਾਬ ਵਿੱਚ ਨਾ ਹੋਵੇ। ਇਸ ਸਬੰਧੀ 4 ਦਸੰਬਰ 2023 ਈ: ਨੂੰ ਇਕ ਪੱਤਰ ਲਿਖਿਆ ਸੀ, ਜਿਸ ਦਾ ਜਵਾਬ ਅੱਜ ਤਾਂਈ ਨਹੀਂ ਆਇਆ।

ਇਸੇ ਦੌਰਾਨ ਅਨੁਰਾਗ ਸਿੰਘ ਨੇ ਇਕ ਪੱਤਰ ਸਾਂਝਾ ਕੀਤਾ ਜਿਹੜਾ ਇਸ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ (12 ਅਕਤੂਬਰ 2009) ਲਿਖਿਆ ਸੀ। ਉਸ ਪੱਤਰ ਨਾਲ ਅਨੁਰਾਗ ਸਿੰਘ ਦੇ ਘਰ (23 ਮਾਰਚ 2003) ਹੋਈ ਮੀਟਿੰਗ ਵਿੱਚ ਸਿੱਖ ਇਤਿਹਾਸ ਦੀਆਂ ਨਿਰਧਾਰਤ ਕੀਤੀਆਂ ਗਈਆਂ ਸ਼ੁੱਧ ਤਾਰੀਖਾਂ ਦੀ ਸੂਚੀ (7 ਪੰਨੇ) ਵੀ ਨੱਥੀ ਕੀਤੀ ਗਈ ਸੀ। ਜਿਸ ਬਾਰੇ ਅਨੁਰਾਗ ਸਿੰਘ ਦਾ ਦਾਵਾ ਹੈ ਕਿ ਕੈਲੰਡਰ ਕਮੇਟੀ ਨੇ ਅਗਲੇ ਦਿਨ ਹੀ ਉਹ ਤਾਰੀਖਾਂ ਬਦਲ ਦਿੱਤੀਆਂ ਸਨ। ਕਈ ਵਾਰ ਬੇਨਤੀ ਕਰਨ ਤੇ ਵੀ ਖਾਨਦਾਨੀ ਇਤਹਾਸਕਾਰ ਨੇ ਉਹ ਸੂਚੀ ਸਾਂਝੀ ਨਹੀਂ ਕੀਤੀ। ਮੈ ਇਕ ਵਾਰ ਇਹ ਵੀ ਲਿਖਿਆ ਸੀ ਕਿ ਜੇ ਇਹ ਸੱਚ ਹੈ ਕਿ ਤੁਹਾਡੇ ਘਰ ਹੋਈ ਮੀਟਿੰਗ ਵਿੱਚ ਨਿਰਧਾਰਤ ਕੀਤੀਆਂ ਤਾਰੀਖਾਂ ਬਦਲ ਦਿੱਤੀਆਂ ਗਈਆਂ ਸਨ, ਤੁਹਾਨੂੰ ਤਾਂ ਕੋਠੇ ਚੜ ਕੇ ਢੋਲ ਵਜਾਉਣਾ ਚਾਹੀਦਾ ਸੀ, ਪਰ ਤੁਸੀਂ ਵਾਰ-ਵਾਰ ਬੇਨਤੀਆਂ ਕਰਨ ਤੇ ਵੀ ਉਹ ਸੂਚੀ ਸਾਂਝੀ ਕਰਨ ਲਈ ਤਿਆਰ ਨਹੀਂ, ਅਜੇਹਾ ਕਿਓ ? ਖਾਨਦਾਨੀ ਇਤਿਹਾਸਕਾਰ ਨੇ ਦੜ ਵੱਟਣ ਵਿੱਚ ਹੀ ਭਲਾਈ ਸਮਝੀ!

ਆਪਣੀ ਹਰ ਦੂਜੀ-ਤੀਜੀ ਪੋਸਟ ਵਿੱਚ ਅਨੁਰਾਗ ਸਿੰਘ ਇਹ ਪੰਗਤੀਆਂ, "ਪਾਲ ਸਿੰਘ ਪੁਰੇਵਾਲ ਦੀ ਮਿਸ਼ਰਤ ਜੰਤਰੀ ਤੋਂ ਪਹਿਲਾਂ ਸਿੱਖਾਂ ਦਾ ਮੂਲ ਸਿੱਖ ਕੈਲੰਡਰ ਸੀ ਜਿਸ ਦਾ ਜਿਕਰ John Bowker ਇਸ ਤਰ੍ਹਾਂ ਕਰਦੇ ਹਨ: "The Sikh Religious Calendar is a modified form of the Bikarami Calendar", ਪੇਸਟ ਕਰਦਾ ਰਿਹਾ ਹੈ। ਆਪਣੀ ਕਿਤਾਬ "ਮੂਲ ਸਿੱਖ ਕੈਲੰਡਰ" ਵਿੱਚ ਵੀ ਇਹ ਪੰਗਤੀ ਦਰਜ ਕਰਨਾ ਨਹੀਂ ਭੁਲੇ (ਪੰਨਾ 19)। ਪਰ ਜਦੋਂ, 'Oxford Dictionary of World Religions' ਦਾ ਹਵਾਲਾ, 'Sikhism The Sikhs' religious calendar is a modified form of the Bikrami calendar. The year is solar (23 minutes 44 seconds shorter than the Christian year) and the months are lunar. Lunar month dates, varying within fifteen days, are used for *gurpurbs. So in 1984 Guru *Gobind Singh's birthday fell on both 10 Jan. and 29 Dec. Solar months, based on the twelve zodiac signs, are also used, e.g. for *sangrands, *BaisakhI, and LohrI. The anniversaries of the battle of Chamkaur, martyrdom of the younger *sahibzade, and battle of *Muktsar are solar dates. Because of the discrepancy between the BikramI and Christian solar year these dates advance one day in sixty-seven years. (Page 188) ਦੇ ਕੇ ਸਵਾਲ ਕੀਤੇ ਤਾਂ ਖਾਨਦਾਨੀ ਇਤਿਹਾਸਕਾਰ ਨੇ 'ਇਕ ਚੁੱਪ ਸੌ ਸੁੱਖ' ਦੀ ਨੀਤੀ ਤੇ ਅਮਲ ਕਰਨ ਵਿੱਚ ਹੀ ਭਲਾਈ ਸਮਝੀ। ਖੈਰ; ਇਹ ਤਾਂ ਸੀ ਭੂਤਕਾਲ ਦੀ ਗੱਲਾਂ, ਆਓ ਹੁਣ ਵਰਤਮਾਨ ਦੀ ਗੱਲ ਕਰੀਏ।

ਸਾਂਝੇ ਸੱਜਣਾ ਰਾਹੀਂ, ਅਨੁਰਾਗ ਸਿੰਘ ਦੀ ਇਕ ਨਵੀਂ ਪੋਸਟ ਪ੍ਰਾਪਤ ਹੋਈ ਹੈ। ਜਿਹੜੀ ਭਾਈ ਬਲਜਿੰਦਰ ਸਿੰਘ (ਰਾੜੇਵਾਲਾ) ਦੇ ਅਕਾਲ ਚਲਾਣੇ ਦੇ ਸਬੰਧ ਵਿੱਚ ਹੈ। ਇਸ ਵਿੱਚ ਅਨੁਰਾਗ ਸਿੰਘ ਲਿਖਦਾ ਹੈ,

"ਫੇਰ ੨੦੦੯-੨੦੧੦ ਵਿੱਚ ਗੁਰ-ਪੰਥ ਵਿੱਚ ਕੈਲਡੰਰ ਵਿਵਾਦ ਨਾਲ ਘੁਸਪੈਠ ਕਰਨ ਵਾਲੀਆਂ ਨਾਸਤਕ ਸ਼ਕਤੀਆਂ ਦੇ ਵਿਰੁੱਧ ਜਦੋ ਖੱੜੇ ਹੋਣ ਦੀ ਘੜੀ ਆਈ ਤਾਂ ਬਾਬਾ ਬਲਜਿੰਦਰ ਸਿੰਘ ਜੀ ਨੇ ਸਾਡੇ ਨਾਲ ਮਿੱਲਕੇ ਜੋ ਜਵਾਬ ਤਿਆਰ ਕੀਤਾ: 'ਪਾਲ ਸਿੰਘ ਪੁਰੇਵਾਲ ਦਾ ਘੜੂਕਾ ਕੈਲੰਡਰ, ਉਸ ਨੇ ਪਾਲ ਸਿੰਘ ਪੁਰੇਵਾਲ ਦੇ ਮੁੱਖ ਖਰੀਦੇ ਭਗਤਾਂ ਦੀਆਂ ਨਾਪਾਕ ਕੋਸ਼ਿਸ਼ਾਂ ਨੂੰ ਦੱਫਣ ਕਰਨ ਵਿੱਚ ਜੋ ਯੋਗਦਾਨ ਪਾਇਆ ਉਹ ਹਮੇਸ਼ਾਂ ਯਾਦਗਾਰੀ ਮੀਲ ਪੱਥਰ ਦੀ ਤਰ੍ਹਾਂ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਅੰਕਿਤ ਰਹੇਗਾ। ਨਾਨਕਸਾਹੀ ਬਨਾਮ ਧੱਕੇਸ਼ਾਹੀ ਫਰਜੀ ਕੈਲੰਡਰ ਅਤੇ ਜੰਤਰੀ ਦਾ ਭੋਗ ਪਾਉਣ ਦੀ ਪੱਕੀ ਨੀਂਹ ਤਿਆਰ ਹੋਈ, ਜਿਸ ਨਾਲ ੨੦੧੦ ਵਿੱਚ ਜਥੇਦਾਰ ਜੋਗਿੰਦਰ ਸਿੰਘ ਵੇਦਾਤੀ ਵੱਲੋਂ ਮਨਜ਼ੂਰ ਕੀਤਾ ਘੜੂਕਾ ਕੈਲੰਡਰ ਦੱਫਣ ਕਰਕੇ ਸ਼੍ਰੋਮਣੀ ਕਮੇਟੀ ਨੇ ੩ ਮੀਟਿੰਗਾਂ ਕਰਕੇ ਗੁਰੂ ਸਾਹਿਬਾ ਵੱਲੋਂ ਸਥਾਪਤ ਕੀਤਾ "ਸਿੱਖ ਕੈਲੰਡਰ ਮੁੜ ਸੁਰਜੀਤ ਕੀਤਾ ਗਿਆ, ਜਿਸ ਵਿੱਚ ਸੁੱਦੀ-ਵੱਦੀ ਦੀ ਘਾਟ ਬਾਅਦ ਵਿੱਚ ਪੂਰੀ ਕੀਤੀ ਗਈ।

ਇਥੇ ਖਾਸ ਧਿਆਨ ਦੇਣ ਵਾਲੀ ਵਾਲੀ ਗੱਲ ਇਹ ਹੈ ਕਿ, "ਜਿਸ ਨਾਲ ੨੦੧੦ ਵਿੱਚ ਜਥੇਦਾਰ ਜੋਗਿੰਦਰ ਸਿੰਘ ਵੇਦਾਤੀ ਵੱਲੋਂ ਮਨਜ਼ੂਰ ਕੀਤਾ ਘੜੂਕਾ ਕੈਲੰਡਰ ਦੱਫਣ ਕਰਕੇ ਸ਼੍ਰੋਮਣੀ ਕਮੇਟੀ ਨੇ ੩ ਮੀਟਿੰਗਾਂ ਕਰਕੇ ਗੁਰੂ ਸਾਹਿਬਾ ਵੱਲੋਂ ਸਥਾਪਤ ਕੀਤਾ ਸਿੱਖ ਕੈਲੰਡਰ ਮੁੜ ਸੁਰਜੀਤ ਕੀਤਾ ਗਿਆ। ਇਸ ਪੰਗਤੀ ਦਾ ਭਾਵ ਜੋ ਮੈਂ ਸਮਝਿਆ ਹਾਂ ਉਹ ਇਹ ਹੈ ਕਿ, ਸ਼੍ਰੋਮਣੀ ਕਮੇਟੀ ਵੱਲੋਂ 14 ਮਾਰਚ 2010 ਈ: ਵਿੱਚ ਲਾਗੂ ਕੀਤਾ ਗਿਆ ਕੈਲੰਡਰ ਹੀ 'ਗੁਰੂ ਸਾਹਿਬਾ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ' ਹੈ। ਜਿਹੜੇ ਸਵਾਲ ਦਾ ਜਵਾਬ ਲੈਣ ਲਈ ਪਿਛਲੇ 9 ਸਾਲਾਂ ਤੋਂ ਵਾਰ-ਵਾਰ ਬੇਨਤੀਆਂ ਕਰ ਰਿਹਾ ਸੀ, ਉਸ ਸਵਾਲ ਦਾ ਜਵਾਬ ਇਸ ਪੋਸਟ ਵਿੱਚੋਂ ਮਿਲ ਗਿਆ ਹੈ। ਪਿਛਲੇ ਕਈ ਸਾਲਾਂ ਤੋਂ ਇਹ ਪ੍ਰਚਾਰ ਕਰਕੇ, ਸੰਗਤਾਂ ਨੂੰ ਗੁੰਮਰਾਹ ਕਰਨ ਦੀ ਅਸਫਲ ਕੋਸਿਸ਼ ਕੀਤੀ ਜਾ ਰਹੀ ਹੈ ਕਿ, ਪੁਰੇਵਾਲ ਨੇ ਗੁਰੂ ਸਾਹਿਬ ਵੱਲੋਂ ਸਥਾਪਿਤ ਕੀਤੇ 'ਮੂਲ ਸਿੱਖ ਕੈਲੰਡਰ' ਨੂੰ ਰੱਦ ਕਰਕੇ ਆਪਣਾ ਕੈਲੰਡਰ (ਘੜੂਕਾ ਕੈਲੰਡਰ) ਲਾਗੂ ਕਰਕੇ ਕੌਮ ਨੂੰ ਦੋਫਾੜ ਕਰ ਦਿੱਤਾ ਹੈ।

ਖਾਨਦਾਨੀ ਇਤਿਹਾਸਕਾਰ ਦੇ ਬਚਨ, "ਪਾਲ ਸਿੰਘ ਪੁਰੇਵਾਲ ਦੇ Indian National Saka Calendar ਨੂੰ ਨਾਨਕਸ਼ਾਹੀ ਦੇ ਨਾਮ ਨਾਲ ਪ੍ਰਚੱਲਤ ਕਰਕੇ ਮੂਲ ਨਾਨਕਸ਼ਾਹੀ ਕਹਿਣਾ ਅਤੇ ਗੁਰੂ ਸਾਹਿਬਾਂ ਵੱਲੋਂ ਆਪਣੇ ਹੱਥੀ ਵਰਤੇ ਬਿਕ੍ਰਮੀ ਕੈਲੰਡਰ ਦੇ ਸੋਧੇ ਰੂਪ ਨੂੰ ਹਿਦੂਵਾਦ ਕਹਿਕੇ ਬਦਨਾਮ ਕਰਨ ਵਾਲੇ ਚਿੱਕੜ ਚੁੱਕ ਭੇਖੀ ਸਿੱਖ ਕਾਮਰੇਡੀ ਸੋਚ ਦੇ ਭਗਤ ਬੰਨਕੇ ਗੁਰੂ ਨਾਲੋਂ ਟੁੱਟ ਕੇ ਖੁਆਰੀ ਦਾ ਸੰਤਾਪ ਭੋਗ ਰਹੇ ਹਨ

ਅਸੀਂ ਬੜੀ ਮਗਜ਼ ਖਪਾਈ ਕੀਤੀ ਕਿ 'ਮੂਲ ਸਿੱਖ ਕੈਲੰਡਰ' ਬਾਰੇ ਕਿਤਿਓ ਜਾਣਕਾਰੀ ਮਿਲੇ, ਪਰ ਕਿੱਥੇ ? ਉਸ ਕੈਲੰਡਰ ਬਾਰੇ ਜਾਣਕਾਰੀ ਤਾਂ ਮਿਲਦੀ ਜੇ ਕੋਈ ਅਜੇਹਾ ਕੈਲੰਡਰ ਹੁੰਦਾ। ਹੁਣ ਅਨੁਰਾਗ ਸਿੰਘ ਨੇ ਲਿਖਤੀ ਤੌਰ 'ਤੇ ਮੰਨ ਲਿਆ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਮਾਰਚ 2010 ਈ: ਜਾਰੀ ਕੀਤਾ ਗਿਆ ਕੈਲੰਡਰ ਹੀ 'ਮੂਲ ਸਿੱਖ ਕੈਲੈਂਡਰ' ਹੈ ਜਿਸ ਨੂੰ ਗੁਰੂ ਸਾਹਿਬ ਨੇ ਸੋਧ ਕੇ ਲਾਗੂ ਕੀਤਾ ਸੀ। ਇਹ ਤਾਂ ਉਹੀ ਗੱਲ ਹੋਈ, ਖੋਦਿਆ ਪਹਾੜ ਨਿਕਲਿਆ ਚੂਹਾ, ਉਹ ਵੀ...।

ਹੁਣ ਤਸਵੀਰ ਬਿਲਕੁਲ ਸਾਫ ਹੋ ਗਈ ਹੈ।

ਅਨੁਰਾਗ ਸਿੰਘ ਦਾ ਮੰਨਣਾ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਮਾਰਚ 2010 ਈ: ਵਿੱਚ ਜਾਰੀ ਕੀਤਾ ਗਿਆ ਕੈਲੰਡਰ, 'ਗੁਰੂ ਸਾਹਿਬ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ' ਹੈ। ਮੈਂ ਅਨੁਰਾਗ ਸਿੰਘ ਦੇ ਇਸ ਦਾਵੇ ਨੂੰ ਮੁੱਢੋਂ ਹੀ ਰੱਦ ਕਰਦਾ ਹਾਂ।

ਹੁਣ ਅਨੁਰਾਗ ਸਿੰਘ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਦਾਵੇ ਨੂੰ ਸਹੀ ਸਾਬਿਤ ਕਰੇ ਅਤੇ ਇਹ ਵੀ ਸਾਬਿਤ ਕਰੇ ਕਿ ਮਾਰਚ 2010 ਈ: ਵਾਲੇ ਕੈਲੰਡਰ ਵਿੱਚ, ਅਨੁਰਾਗ ਸਿੰਘ ਵੱਲੋਂ (12 ਅਗਸਤ 2009) ਭੇਜੀ ਗਈ ਸੂਚੀ ਮੁਤਾਬਕ ਹੀ ਸ਼ੁੱਧ ਤਾਰੀਖਾਂ ਦਰਜ ਕੀਤੀਆਂ ਗਈਆਂ ਸਨ।

---

# ਬੰਬੇਲੀ ਸਾਕੇ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ



ਬੰਬੇਲੀ ਸਾਕੇ ਦੇ ਸ਼ਹੀਦ ਬੱਬਰ ਕਰਮ ਸਿੰਘ ਦੌਲਤਪੁਰ, ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟ ਤੇ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ।

**ਦੀਦਾਰ ਸਿੰਘ ਸ਼ੇਤਰਾ**

ਲੁਟੇਰੀਆਂ ਜਮਾਤਾਂ ਆਪਣੇ ਨਾਂਅ ਬਦਲ ਕੇ ਆਉਂਦੀਆਂ ਰਹਿੰਦੀਆਂ ਹਨ ਪਰ ਕੁਦਰਤੀ ਵਰਤਾਰੇ ਦੇ ਆਸ਼ਕ ਕਦੀ ਸਮਝੌਤਾ ਨਹੀਂ ਕਰਦੇ। ਆਪਣੇ ਪੁਰਖਿਆਂ ਦੀ ਅਮੀਰ ਵਿਰਾਸਤ ਦਾ ਮਾਣ ਬਣਨ ਲਈ ਗ਼ਦਰੀ ਬਾਬਿਆਂ ਦੇ ਰੂਪ 'ਚ ਇਹ ਆਸ਼ਕ ਸ਼ਹੀਦੀਆਂ ਦੇ ਗਾਨੇ ਬੰਨ੍ਹਦੇ ਰਹੇ ਹਨ। ਗੁਰਦੁਆਰਾ ਸੁਧਾਰ ਲਹਿਰ ਦੇ ਰੂਪ ਵਿਚ ਨਨਕਾਣਾ ਸਾਹਿਬ ਜਿਹੇ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਸਾਕੇ ਮਨੁੱਖੀ ਹਿਰਦਿਆਂ ਨੂੰ ਝੰਜੋੜ ਦਿੰਦੇ ਹਨ। ਜਲ੍ਹਿਆਂਵਾਲਾ ਬਾਗ ਇਨ੍ਹਾਂ ਨੂੰ ਵੰਗਾਰ ਪਾਉਂਦਾ ਹੈ। ਬੱਬਰ ਅਕਾਲੀ ਪਹਿਲਾਂ-ਪਹਿਲ ਦੋ ਵੱਖ-ਵੱਖ ਜਥਿਆਂ 'ਚ ਵਿਚਰਦੇ ਹਨ। ਕੁਝ ਯੋਧੇ ਕਿਸ਼ਨ ਸਿੰਘ ਗੜਗੱਜ ਦੇ ਚੱਕਰਵਰਤੀ ਜਥੇ ਦਾ ਹਿੱਸਾ ਬਣ ਕੇ ਵਿਚਰ ਰਹੇ ਸਨ ਤੇ ਕੁਝ ਕੈਨੇਡਾ ਦੇ ਸੁੱਖ-ਆਰਾਮ ਨੂੰ ਲੱਤ ਮਾਰ ਗ਼ਦਰੀ ਬਾਬਿਆਂ ਦੀ ਸੰਗਤ 'ਚ ਪ੍ਰਵਾਨ ਚੜ੍ਹਦੇ ਰਹੇ ਸਨ। ਨੌਜਵਾਨ ਕਰਮ ਸਿੰਘ ਬੱਬਰ ਵਲੋਂ ਦੁਆਬੇ ਦੀ ਧਰਤੀ ਦੇ ਪਿੰਡ ਦੌਲਤਪੁਰ ਤੋਂ 'ਬੱਬਰ ਅਕਾਲੀ ਦੁਆਬਾ' ਅਖ਼ਬਾਰ ਕੱਢ ਕੇ ਲੋਕ ਚੇਤਨਾ ਪ੍ਰਚੰਡ ਕਰਨ ਦਾ ਪ੍ਰਵਾਹ ਚਲਾਇਆ ਜਾ ਰਿਹਾ ਸੀ। ਇਸ ਪਰਚੇ ਦੇ ਨਾਂਅ ਕਰਕੇ ਹੀ ਲਹਿਰ ਦਾ ਨਾਂਅ 'ਬੱਬਰ ਅਕਾਲੀ ਲਹਿਰ' ਹੋ ਨਿਬੜਿਆ। ਬੱਬਰ ਕਰਮ ਸਿੰਘ ਦੇ ਰੂਪ 'ਚ ਲਟ-ਲਟ ਬਲਦੀ ਦੇਸ਼ ਭਗਤੀ ਦੀ ਇਸ ਸ਼ਮਾ ਦੁਆਲੇ ਮਰ ਮਿਟਣ ਵਾਲੇ ਹੋਰ ਪਰਵਾਨੇ ਵੀ ਜੁੜਦੇ ਗਏ। ਆਸਾ ਸਿੰਘ ਭਕੜੂਦੀ (ਕਿਸ਼ਨਪੁਰਾ), ਬਿਸ਼ਨ ਸਿੰਘ ਮਾਂਗਟ, ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ, ਉਦੈ ਸਿੰਘ ਰਾਮਗੜ੍ਹ ਝੁੱਗੀਆਂ, ਕਰਮ ਸਿੰਘ ਮਾਣਕੋ, ਸੰਤ ਸਿੰਘ ਛੋਟੀ ਹਰਿਓਂ (ਲੁਧਿਆਣਾ) ਦਲੀਪ ਸਿੰਘ ਧਾਮੀਆਂ, ਧਰਮ ਸਿੰਘ ਹਿਆਤਪੁਰ ਰੁੜਕੀ (ਹੁਸ਼ਿਆਰਪੁਰ) ਧੰਨਾ ਸਿੰਘ ਬਹਿਲਪੁਰ, ਵਰਿਆਮ ਸਿੰਘ ਧੁੱਗਾ, ਰਤਨ ਸਿੰਘ ਰੱਕੜਾਂ ਬੇਟ ਅਤੇ ਉਜਾਗਰ ਸਿੰਘ ਪਨਿਆਲੀ ਦੇ ਰੂਪ 'ਚ ਪੂਰੀ ਸੰਸਥਾ/ਫ਼ੌਜੀ ਟੁਕੜੀ ਬਣ ਜੁੜਦੇ ਗਏ।

ਚੀਫ਼ ਖ਼ਾਲਸਾ ਦੀਵਾਨ ਦੀ ਹੁਸ਼ਿਆਰਪੁਰ ਵਿੱਦਿਅਕ ਕਾਨਫਰੰਸ 'ਚ ਲਿਆ ਸਖ਼ਤ ਰੁਖ਼ ਹੀ ਸੀ, ਜੋ ਮਈ 1922 (ਕੁਝ ਇਤਿਹਾਸਕਾਰਾਂ ਅਨੁਸਾਰ ਮਾਰਚ 1923) ਪਿੰਡ ਕੌਲਗੜ੍ਹ (ਬਲਾਚੌਰ) (ਬੱਬਰ ਕਰਮ ਸਿੰਘ ਦਾ ਨਾਨਕਾ ਪਿੰਡ) ਦੀ ਜੂਹ 'ਚ ਪੈਂਦੇ ਇਕ ਬਾਗ ਵਿਚ ਹੋਈ ਬੱਬਰਾਂ ਦੀ ਬੈਠਕ ਨੂੰ ਗੋਰੀ ਹਕੂਮਤ ਦੇ ਝੋਲੀ ਚੁੱਕਾਂ ਨੂੰ ਸੋਧਣ ਦਾ ਫ਼ੈਸਲਾ ਕਰਨ ਲਈ ਮਜਬੂਰ ਕਰ ਦਿੰਦਾ ਹੈ। ਕੌਲਗੜ੍ਹ ਦੀ ਇਕ ਇਤਿਹਾਸਕ ਬੈਠਕ ਵਿਚ ਹੀ ਤਿੰਨ ਨੌਜਵਾਨਾਂ ਨੇ ਉੱਭਰ ਕੇ ਸਾਹਮਣੇ ਆਉਂਦਿਆਂ ਹਰ ਘਟਨਾਕ੍ਰਮ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਣ ਦਾ ਫ਼ੈਸਲਾ ਕਰ ਲਿਆ। ਇਹ ਤਿੰਨ ਨੌਜਵਾਨ ਸਨ ਬੱਬਰ ਕਰਮ ਸਿੰਘ ਦੌਲਤਪੁਰ, ਉਦੈ ਸਿੰਘ ਰਾਮਗੜ੍ਹ ਝੁੰਗੀਆਂ ਅਤੇ ਧੰਨਾ ਸਿੰਘ ਬਹਿਲਪੁਰ। ਲੋਕ ਹਿਤਾਂ ਨੂੰ ਪ੍ਰਣਾਈ ਇਸ ਲਹਿਰ ਨੂੰ ਅੱਗੇ ਵਧਾਉਣ ਲਈ ਹੀ ਇਨ੍ਹਾਂ ਯੋਧਿਆਂ ਨੇ ਲੋਕਾਂ ਦਾ ਖ਼ੂਨ ਪੀਣੀਆਂ ਜੋਕਾਂ ਦੇ ਪੇਟਾਂ 'ਚੋਂ ਕੁਝ ਹਿੱਸਾ ਜ਼ਬਰਦਸਤੀ ਆਪਣੇ ਲੋਕਾਂ ਦੀ ਖਾਤਰ ਕੱਢਣਾ ਸ਼ੁਰੂ ਕਰ ਦਿੱਤਾ। ਇਹ ਉਹੀ ਸਮਾਂ ਸੀ ਜਦੋਂ ਗੋਰੀ ਹਕੂਮਤ ਦੀ ਦੁਆਬੇ ਦੀ ਧਰਤੀ ਤੋਂ ਜੁੱਲੀ ਤਪੜੀ ਸਮੇਟ ਹੀ ਦਿੱਤੀ ਗਈ ਸਮਝੀ ਜਾਣ ਲੱਗ ਪਈ ਸੀ। ਦੁਆਬ ਬਿਸਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲਿਆਂ, ਬਾਬਾ ਬੰਦਾ ਸਿੰਘ ਬਹਾਦਰ ਦੇ ਵਾਰਿਸਾਂ ਅਧੀਨ ਹੋਇਆ ਜਾਪਣ ਲੱਗਾ ਸੀ।

1923 ਦੇ ਸ਼ੁਰੂ 'ਚ ਗੋਰੀ ਹਕੂਮਤ ਜਿਹੜੀ ਗ਼ਦਰੀ ਬਾਬਿਆਂ ਦੀਆਂ ਮਾਰੀਆਂ ਸੱਟਾਂ ਨੂੰ ਹਾਲੇ ਭੁੱਲੀ ਨਹੀਂ ਸੀ, ਨੇ ਇਨ੍ਹਾਂ ਬੱਬਰਾਂ ਯੋਧਿਆਂ ਨੂੰ ਸੰਭਾਲਣ ਲਈ ਪੁਲਿਸ ਤੋਂ ਇਲਾਵਾ 200 ਘੋੜ ਸਵਾਰ ਅਤੇ 250 ਪੈਦਲ ਫ਼ੌਜੀਆਂ ਦਾ ਪ੍ਰਬੰਧ ਇਕੱਲੇ ਜ਼ਿਲ੍ਹਾ ਜਲੰਧਰ ਲਈ ਕਰ ਰੱਖਿਆ ਸੀ। ਦਰਜਣਾਂ ਲੋਕ ਦੋਖੀਆਂ ਨੂੰ ਸੋਧਣਾ, ਸਜ਼ਾਵਾਂ ਦੇਣੀਆਂ ਬੱਬਰ ਯੋਧਿਆਂ ਦਾ ਮਾਣ ਮੱਤਾ ਇਤਿਹਾਸ ਬਣਦਾ ਜਾ ਰਿਹਾ ਸੀ। ਪਹਿਲੀ ਸਤੰਬਰ 1923 ਨੂੰ ਬੱਬਰ ਕਰਮ ਸਿੰਘ ਦੌਲਤਪੁਰ, ਬੱਬਰ ਉਦੈ ਸਿੰਘ ਰਾਮਗੜ੍ਹ ਝੁੱਗੀਆਂ, ਬੱਬਰ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ, ਬੱਬਰ ਬਿਸ਼ਨ ਸਿੰਘ ਮਾਂਗਟ ਦਾ ਜਥਾ ਪਿੰਡ ਬੰਬੇਲੀ 'ਚ ਆਪਣੇ ਇਕ ਹਮਦਰਦ ਦੇ ਘਰ ਇਕ ਮੁਖ਼ਬਰ ਦੀ ਇਤਲਾਹ 'ਤੇ ਘਿਰ ਗਿਆ। ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਇਹ ਬੱਬਰ ਚੌਕੜੀ ਪੁਲਿਸ ਦਾ ਘੇਰਾ ਤੋੜ ਕੇ ਭਾਰੀ ਮੀਂਹ ਕਾਰਨ ਭਰ ਵਗਦੀ ਵੇਈਂ ਦੇ ਕਿਨਾਰੇ ਬਣੇ ਇਤਿਹਾਸਕ ਗੁਰਦੁਆਰਾ ਚੌਂਤਾ ਸਾਹਿਬ ਵੱਲ ਨੂੰ ਵਧਣ ਲੱਗੇ। ਪਰ ਸੈਂਕੜੇ ਪੁਲਸੀਆਂ ਨੇ ਉਨ੍ਹਾਂ ਨੂੰ ਅੱਜ ਦੇ ਦਿਨ ਵੇਈਂ ਕਿਨਾਰੇ ਇਕ-ਇਕ ਕਰਕੇ ਸ਼ਹੀਦ ਕਰ ਦਿੱਤਾ। 27 ਫਰਵਰੀ 1926 ਹੋਲੀ ਵਾਲੇ ਦਿਨ ਲਹਿਰ ਦੇ ਬਾਨੀ ਕਿਸ਼ਨ ਸਿੰਘ ਗੜਗੱਜ (ਵੜਿੰਗ) ਕਰਮ ਸਿੰਘ ਮਾਣੋਕੇ, ਨੰਦ ਸਿੰਘ ਘੜਿਆਲ, ਬਾਬੂ ਸੰਤਾ ਸਿੰਘ ਛੋਟੀ ਹਰਿਓਂ (ਲੁਧਿਆਣਾ) ਦਲੀਪ ਸਿੰਘ ਧਾਮੀਆਂ ਕਲਾਂ ਅਤੇ ਧਰਮ ਸਿੰਘ ਹਿਆਤਪੁਰ (ਰੁੜਕੀ) ਨੇੜੇ ਬਲਾਚੌਰ ਨੂੰ ਲਾਹੌਰ ਜੇਲ੍ਹ 'ਚ ਫ਼ਾਂਸੀ ਦੇ ਦਿੱਤੀ ਗਈ।

ਬੱਬਰਾਂ ਦੀ ਮਾਣਮੱਤੀ ਇਸ ਵਿਰਾਸਤ ਨੂੰ ਸੰਭਾਲਣ ਲਈ ਬੱਬਰ ਕਰਮ ਸਿੰਘ ਦੌਲਤਪੁਰ ਦੇ ਵਾਰਿਸਾਂ ਵਲੋਂ ਕਮਾਂਡਰ ਬਚਨ ਸਿੰਘ ਥਾਂਦੀ ਦੀ ਅਗਵਾਈ 'ਚ ਪਿੰਡ ਵਿਚ ਉਨ੍ਹਾਂ ਦੇ ਨਾਂਅ 'ਤੇ ਟਰੱਸਟ ਬਣਾ ਕੇ ਇਸ ਜੋਤ ਨੂੰ ਜਗਦੀ ਰੱਖਣ ਦੇ ਸਾਰਥਕ ਯਤਨ ਕੀਤੇ ਗਏ ਹਨ। ਬੱਬਰਾਂ ਦੀ ਯਾਦ 'ਚ ਵੱਡਾ ਯਾਦਗਾਰੀ ਹਾਲ, ਬੱਬਰਾਂ ਦੀ ਸ਼ਹੀਦੀ ਲਾਟ, ਬੱਬਰ ਦੇ ਨਾਂਅ 'ਤੇ ਦੋ ਮੰਜ਼ਿਲਾਂ ਸੀਨ.ਸੈਕੰ. ਸਕੂਲ ਦੀ ਸ਼ਾਨਦਾਰ ਇਮਾਰਤ ਉਸਾਰੀ ਗਈ ਹੈ। ਸਕੂਲ ਵਿਚ ਜਿਹੜਾ ਵੀ ਕਮਰਾ ਸ਼ਹੀਦਾਂ ਦੇ ਨਾਂਅ 'ਤੇ ਹੈ, ਉਸ ਵਿਚ ਉਸ ਸ਼ਹੀਦ ਦੀ ਜੀਵਨੀ ਵੀ ਲਿਖ ਕੇ ਲਗਾਈ ਗਈ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪਹਿਲੀ ਸਤੰਬਰ ਨੂੰ ਬੰਬੇਲੀ ਦੇ ਸ਼ਹੀਦ ਬੱਬਰਾਂ ਦੀ ਯਾਦ 'ਚ ਇੱਥੇ ਭਾਰੀ ਇਕੱਠ ਹੁੰਦਾ ਹੈ ਅਤੇ ਯਾਦਗਾਰੀ ਮੇਲਾ ਭਰਦਾ ਹੈ।

# ਅੰਮ੍ਰਿਤਸਰ ਦੇ ਪੰਜਾਬੀ ਲੇਖਕਾਂ ਦੀ ਸਿੱਖ ਸਾਹਿਤ ਨੂੰ ਦੇਣ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਪ੍ਰੋ. ਸੂਬਾ ਸਿੰਘ** (1946)

**ਡਾ. ਬਲਵੰਤ ਸਿੰਘ ਢਿੱਲੋਂ** (1950)

5 ਫਰਵਰੀ 1950 ਨੂੰ ਰਣ ਸਿੰਘ ਵਾਲਾ (ਫਰੀਦਕੋਟ) ਵਿਖੇ ਜਨਮੇ। ਐਮ.ਏ. (ਹਿਸਟਰੀ, ਧਰਮ ਅਧਿਐਨ), ਪੀਐਚ.ਡੀ. (ਇਤਿਹਾਸ) ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੇ ਡਾਇਰੈਕਟਰ ਹਨ। ਉਨ੍ਹਾਂ ਦੀਆਂ ਮਹੱਤਵਪੂਰਨ ਰਚਨਾਵਾਂ 'ਬੰਦਾ ਸਿੰਘ ਬਹਾਦਰ : ਫ਼ਾਰਸੀ ਸਰੋਤ', 'ਸ੍ਰੀ ਗੁਰੂ ਪੰਥ ਪ੍ਰਕਾਸ਼' ਅਤੇ 'ਸਿੱਖ ਅਤੇ ਸਿੱਖ ਪੰਥ ਗੁਰੂ ਹਰਿਗੋਬਿੰਦ ਸਾਹਿਬ ਕਾਲ', Early Sikh Scriptural Tradition:Myth and Reality ਆਦਿ ਹਨ। Jornal of Sikh Studies ਆਦਿ ਦੇ ਸਹਿ ਸੰਪਾਦਕ ਰਹੇ।ਗੰਡਾ ਸਿੰਘ ਦੀ ਵਿਚਾਰਧਾਰਾ ਉਨ੍ਹਾਂ ਦੇ ਜੀਵਨ ਦਾ ਕੇਂਦਰ ਬਿੰਦੂ ਹੈ।

**ਡਾ. ਹਰਚੰਦ ਸਿੰਘ ਬੇਦੀ** (1953- 2021)

ਡਾ ਹਰਚੰਦ ਸਿੰਘ ਦਾ ਜਨਮ ਸ. ਲਾਲ ਸਿੰਘ ਬੇਦੀ ਅਤੇ ਮਾਤਾ ਸ੍ਰੀਮਤੀ ਮਨਜੀਤ ਕੌਰ ਦੇ ਘਰ 25 ਦਸੰਬਰ 1953, ਬੋਹੜਾਂ ਵਾਲਾ, ਗੁਰਦਾਸਪੁਰ ਵਿੱਚ ਹੋਇਆ। ਰਿਹਾਇਸ਼: ਡਾਕਟਰ ਹੇਤ ਰਾਮ ਕਾਲੋਨੀ, ਛੇਹਰਟਾ, ਅੰਮ੍ਰਿਤਸਰ। ਉਨ੍ਹਾਂ ਦੀ ਵਿੱਦਿਅਕ ਯੋਗਤਾ: ਐਮ.ਏ. (ਪੰਜਾਬੀ), ਪੀਐੱਚ.ਡੀ। ਅਧਿਆਪਨ ਦੇ ਕਾਰਜ ਵਿੱਚ ਕਾਰਜ ਸ਼ੀਲ ਰਹੇ। ਡਾ. ਹਰਚੰਦ ਸਿੰਘ ਬੇਦੀ ਪੰਜਾਬੀ ਸਾਹਿਤ ਵਿਸ਼ੇਸ਼ ਕਰਕੇ ਪਰਵਾਸੀ ਸਾਹਿਤ ਅਤੇ ਆਲੋਚਨਾ ਦੇ ਮਾਨਯੋਗ ਵਿਦਵਾਨ ਹਨ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਵਿੱਚ ਬਲੀ (2010), ਪਰਵਾਸੀਆਂ ਦੀਆਂ ਕਹਾਣੀਆਂ (2011), ਪਰਵਾਸੀ ਕਹਾਣੀ-ਨਵੇਂ ਪਰਿਪੇਖ (2012), ਜਲਾਵਤਨੀ (2013), ਚੱਪਾ ਕੁ ਸੂਰਜ (2013), ਪਰਵਾਸੀ ਕਾਵਿ-ਸੰਵੇਦਨਾ (2014), ਭਾਈ ਵੀਰ ਸਿੰਘ - ਸਿਰਜਣਾ ਤੇ ਸਿਮਰਨ (2015) ਆਦਿ ਸ਼ਾਮਲ ਹਨ। ਉਹ ਕਈ ਮਹੱਤਵਪੂਰਨ ਸੰਪਾਦਨ ਕਰ ਚੁੱਕੇ ਹਨ ਜਿਵੇਂ ਗੁਰਦਿਆਲ ਸਿੰਘ ਫੁੱਲ ਅਭਿਨੰਦਨ ਗ੍ਰੰਥ (1982), ਬੇਦੀ ਲਾਲ ਸਿੰਘ ਸਾਹਿਤਕਾਰ ਅਭਿਨੰਦਨ ਗ੍ਰੰਥ (1988), ਸਿਰਜਣਾ ਤੇ ਸਮੀਖਿਆ (1992), ਖਾਲਸਾ ਸਿਰਜਣਾ ਤੇ ਸ਼ਬਦ ਸਭਿਆਚਾਰ (1999), The Sikhs in the New Century (2001), Problematics of Indian Immigrants (2010)। ਬੇਦੀ ਜੀ ਦੀਆਂ ਕਈ ਰਚਨਾਵਾਂ ਯੂਨੀਵਰਸਿਟੀ ਪਾਠਕ੍ਰਮ ਵਿੱਚ ਸ਼ਾਮਲ ਹਨ। ਉਨ੍ਹਾਂ ਨੇ 25 ਸਾਲ ਤੋਂ ਵੱਧ ਅਧਿਆਪਨ ਕੀਤਾ ਅਤੇ ਕਈ ਪੁਰਸਕਾਰ ਤੇ ਸਨਮਾਨ ਪ੍ਰਾਪਤ ਕੀਤੇ। ਬੇਦੀ ਸਾਹਿਬ 20210 ਵਿੱਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

**ਡਾ. ਹਰਭਜਨ ਸਿੰਘ ਭਾਟੀਆ** (1955)

ਡਾ. ਹਰਭਜਨ ਸਿੰਘ ਭਾਟੀਆ (ਜਨਮ : 22 ਮਈ 1955, ਭੰਭਿੜਾਂ) ਪੰਜਾਬੀ ਸਾਹਿਤ ਅਲੋਚਨਾ ਅਤੇ ਖੋਜ ਦੇ ਖੇਤਰ ਵਿਚ ਪ੍ਰਤਿਭਾਸ਼ਾਲੀ ਵਿਦਵਾਨ ਹਨ। ਉਹ ਸ. ਬਲਵੰਤ ਸਿੰਘ ਤੇ ਸ੍ਰੀਮਤੀ ਜੁਗਿੰਦਰ ਕੌਰ ਦੇ ਪੁੱਤਰ ਹਨ ਅਤੇ ਅੰਮ੍ਰਿਤਸਰ ਵਿਚ ਨਿਵਾਸ ਕਰਦੇ ਹਨ। ਉਨ੍ਹਾਂ ਨੇ ਪੰਜਾਬੀ ਵਿਚ ਐਮ.ਏ., ਪੀਐੱਚ.ਡੀ. ਅਤੇ ਫ਼ਾਰਸੀ-ਉਰਦੂ ਵਿਚ ਡਿਪਲੋਮਾ ਕੀਤਾ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਪੰਜਾਬੀ ਅਲੋਚਨਾ ਸਿਧਾਂਤ ਅਤੇ ਵਿਚਾਰ, ਮੌਲਾ ਬਖ਼ਸ਼ ਕੁਸ਼ਤਾ : ਜੀਵਨ ਅਤੇ ਰਚਨਾ, ਪੰਜਾਬੀ ਗਲਪ : ਸੰਵਾਦ ਅਤੇ ਸਮੀਖਿਆ, ਪੰਜਾਬੀ ਸਾਹਿਤ ਅਲੋਚਨਾ ਦਾ ਇਤਿਹਾਸ, ਚਿੰਤਨ-ਪੁਨਰਚਿੰਤਨ, ਵੀਹਵੀਂ ਸਦੀ ਪੰਜਾਬੀ ਅਲੋਚਨਾ ਦਾ ਸਰੂਪ, ਡਾ. ਰਵਿੰਦਰ ਸਿੰਘ ਰਵੀ ਦਾ ਚਿੰਤਨ ਸ਼ਾਸਤਰ, ਡਾ ਮੋਹਨ ਸਿੰਘ ਦੀਵਾਨਾ ਆਦਿ ਸ਼ਾਮਲ ਹਨ। ਡਾ. ਭਾਟੀਆ ਨੇ ਅਲੋਚਕ ਅਤੇ ਖੋਜਾਰਥੀ ਦੇ ਰੂਪ ਵਿਚ ਨਵੇਂ ਮਿਆਰ ਕਾਇਮ ਕੀਤੇ ਹਨ। ਉਹ ਅਧਿਐਨ ਅਤੇ ਚਿੰਤਨ ਨੂੰ ਆਪਣੀ ਜੀਵਨ-ਯਾਤਰਾ ਦਾ ਅਟੁਟ ਅੰਗ ਮੰਨਦੇ ਹਨ। ਨਿਰਾਸਾ ਦੇ ਪਲਾਂ ਵਿੱਚ ਵੀ ਉਹ ਆਸ਼ਾਵਾਦੀ ਰਵੱਈਏ ਅਤੇ ਉੱਚਤ ਜੀਵਨ-ਮੂਲਾਂ ਦੀ ਪਾਲਣਾ ਕਰਦੇ ਹਨ। ਉਨ੍ਹਾਂ ਦੀ ਅਲੋਚਨਾ-ਦ੍ਰਿਸ਼ਟੀ ਤੇ ਖੋਜੀ ਦ੍ਰਿਸ਼ਟੀ ਨੇ ਪੰਜਾਬੀ ਸਾਹਿਤਕ ਖੋਜ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

**ਜਸਬੀਰ ਸਿੰਘ ਜੱਸ** (1955)

ਜਸਬੀਰ ਸਿੰਘ ਜੱਸ, ਜਨਮ 1 ਜਨਵਰੀ 1955, ਅਬੂਸੈਦ (ਅੰਮ੍ਰਿਤਸਰ), ਬਾਲ ਸਾਹਿਤ ਅਤੇ ਨੈਤਿਕ ਉਚਤੇਸ਼ਨਾ ਵਾਲਾ ਲੇਖਕ ਹੈ। ਉਹ ਐਮ.ਏ. (ਪੰਜਾਬੀ), ਐਮ.ਫਿਲ. ਯੋਗਤਾ ਵਾਲਾ ਹੋਣ ਦੇ ਨਾਲ ਬਾਲ ਕਵਿਤਾ, ਕਹਾਣੀ ਅਤੇ ਨੈਤਿਕ ਗ੍ਰੰਥਾਂ ਰਾਹੀਂ ਪ੍ਰਸਿੱਧ ਹੋਇਆ। ਉਸ ਦੀਆਂ ਮਹੱਤਵਪੂਰਨ ਕਿਤਾਬਾਂ ਵਿੱਚ ਖਾਲਸੇ ਤੋਂ ਆਪਾ ਵਾਰ ਕੇ, ਨੂਰ ਨਨਕਾਣੇ ਦਾ, ਮੇਰੇ ਜਜ਼ਬੇ ਮੇਰੇ ਗੀਤ, ਅੰਮੜੀ ਦੇ ਬੋਲ ਆਦਿ ਸ਼ਾਮਲ ਹਨ। ਉਸ ਨੂੰ ਐਨ.ਸੀ.ਈ.ਆਰ.ਟੀ. ਰਾਸ਼ਟਰੀ ਐਵਾਰਡ, ਬਾਲ-ਕਲਾ ਸੰਗਮ ਪੁਰਸਕਾਰ ਅਤੇ ਪੰਜਾਬ



ਡਾ. ਜਸਬੀਰ ਸਿੰਘ ਸਰਨਾ

ਸਟੇਟ ਅਵਾਰਡ ਮਿਲੇ। ਜੱਸ ਬਾਲ ਸਾਹਿਤ ਦਾ ਪ੍ਰੇਰਕ ਅਤੇ ਹਰਮਨ ਪਿਆਰਾ ਮਿੱਤਰ ਮੰਨਿਆ ਜਾਂਦਾ ਹੈ।

**ਭਾਈ ਹਰਮਿੰਦਰ ਸਿੰਘ ਸੰਧੂ** (1957-1990)

ਭਾਈ ਹਰਮਿੰਦਰ ਸਿੰਘ ਸੰਧੂ ਅਧੁਨਿਕ ਸਿੱਖ ਇਤਿਹਾਸ ਦਾ ਇਕ ਪ੍ਰਤਿਬੱਧ ਅਤੇ ਦੂਰਦਰਸ਼ੀ ਆਗੂ ਸੀ। 10 ਸਤੰਬਰ 1957 ਨੂੰ ਅੰਮ੍ਰਿਤਸਰ ਵਿੱਚ ਜਨਮੇ ਸੰਧੂ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਮ.ਏ. (ਅੰਗ੍ਰੇਜ਼ੀ) ਦੌਰਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚ ਸ਼ਾਮਲ ਹੋ ਕੇ ਜਨਰਲ ਸਕੱਤਰ ਵਜੋਂ ਸੇਵਾ ਨਿਭਾਈ। 1979 ਵਿੱਚ ਫੈਡਰੇਸ਼ਨ ਦੇ ਜਨਰਲ ਸਕੱਤਰ ਵਜੋਂ ਭਾਈ ਅਮਰੀਕ ਸਿੰਘ ਨਾਲ ਮਿਲ ਕੇ ਪੰਥਕ ਲਹਿਰ ਨੂੰ ਨਵੀਂ ਦਿਸ਼ਾ ਦਿੱਤੀ। ਸੰਧੂ ਨੇ ਕਈ ਸਾਲ ਜੇਲ੍ਹਾਂ ਵਿੱਚ ਬਿਤਾਏ ਅਤੇ ਇਥੇ ਹੀ ਐਮ.ਏ. (ਹਿਸਟਰੀ) ਕਰਕੇ ਸੋਨ ਤਗਮਾ ਹਾਸਲ ਕੀਤਾ। ਉਸਦੇ ਲੇਖ ਸ਼ਮਸ਼ੀਰ-ਦਸਤ ਮਾਸਿਕ ਵਿੱਚ ਛਪਦੇ ਰਹੇ, ਜਦਕਿ ਉਸਦੀ ਸਹਿ-ਲੇਖਕ ਪੁਸਤਕ 'ਖਾਲਸਾ ਪੰਥ ਅਤੇ ਯੁੱਧ ਨੀਤੀ' (1982-83) ਪ੍ਰਸਿੱਧ ਹੋਈ। 24 ਜਨਵਰੀ 1990 ਨੂੰ ਸੰਧੂ ਨੂੰ ਪੰਥ-ਦੋਖੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਕੇ ਆਪਣੇ ਜੀਵਨ ਦਾ ਆਖਰੀ ਸਾਹ ਲਿਆ।

**ਡਾ. ਪਰਮਜੀਤ ਸਿੰਘ ਢੀਂਗਰਾ** (1958)

25 ਫਰਵਰੀ 1958 ਨੂੰ ਅੰਮ੍ਰਿਤਸਰ ਵਿਖੇ ਜਨਮੇ। ਐਮ.ਏ. (ਪੰਜਾਬੀ), ਐਮ.ਫਿਲ, ਪੀਐਚ.ਡੀ. (ਭਾਸ਼ਾ ਵਿਗਿਆਨ) ਕਰਕੇ ਪੰਜਾਬ ਯੂਨੀਵਰਸਿਟੀ ਰਿਜ਼ਨਲ ਸੈਂਟਰ ਮੁਕਤਸਰ ਅਤੇ ਕਾਉਣੀ ਦੇ ਡਾਇਰੈਕਟਰ ਵਜੋਂ ਕਾਰਜਸ਼ੀਲ ਹਨ। ਉਨ੍ਹਾਂ ਦੀਆਂ ਰਚਨਾਵਾਂ 'ਨਾਵਲੀ ਭਾਸ਼ਾ-ਸੰਚਾਰ ਅਤੇ ਵਿਹਾਰ', 'ਭਾਸ਼ਾ ਸਿਧਾਂਤ ਤੇ ਸਰੋਕਾਰ' ਅਤੇ '1857 ਦੇ ਬਾਗ਼ੀ ਸਿੱਖ' ਆਦਿ ਵਿਚ ਲੇਖਨ ਤੇ ਅਨੁਵਾਦਕਾਰੀ ਦਾ ਸਾਂਝਾ ਸੰਯੋਗ ਦਿੱਸਦਾ ਹੈ।

**ਡਾ. ਮਹਿਲ ਸਿੰਘ** (1958)

ਡਾ. ਮਹਿਲ ਸਿੰਘ ਪਹਿਲਾਂ ਪ੍ਰਿੰਸੀਪਲ, ਖਾਲਸਾ ਕਾਲਜ ਅੰਮ੍ਰਿਤਸਰ ਰਹੇ ਅਤੇ ਉਸ ਤੋਂ ਬਾਅਦ ਖਾਲਸਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵਜੋਂ ਸੇਵਾਵਾਂ ਨਿਭਾ ਰਹੇ ਹਨ। ਉਹ ਉੱਚ ਸੰਸਕਾਰਾਂ ਅਤੇ ਆਦਰਸ਼ਵਾਦੀ ਅਧਿਆਪਕ ਪਰੰਪਰਾ ਦੇ ਧਾਰਕ ਹਨ। ਉਨ੍ਹਾਂ ਨੇ ਐਮ.ਏ. (ਪੰਜਾਬੀ) ਅਤੇ ਪੀਐੱਚ.ਡੀ. ਕੀਤੀ। ਉਨ੍ਹਾਂ ਦੀਆਂ ਮੁੱਖ ਰਚਨਾਵਾਂ ਵਿੱਚ ਪੰਜਾਬੀ ਨਾਵਲ ਦਾ ਸਮਾਜ-ਇਤਿਹਾਸਕ ਅਧਿਐਨ, ਮੁੱਢਲੇ ਪੰਜਾਬੀ ਨਾਵਲ ਦਾ ਮੁਹਾਂਦਰਾ, ਅਤੇ ਸੰਤ ਬਾਬਾ ਤਾਰਾ ਸਿੰਘ ਜੀ ਦੀ ਜੀਵਨੀ ਆਦਿ ਹਨ। ਉਨ੍ਹਾਂ ਦੇ ਆਚਰਨ ਵਿੱਚ ਜ਼ਬਤ, ਨਿਸ਼ਠਾ ਤੇ ਆਦਰਸ਼ ਨਿਸ਼ਾਨੀ ਹੈ।

**ਵਰਿੰਦਰ ਸਿੰਘ ਵਾਲਿਆ** (1959)

ਵਰਿੰਦਰ ਸਿੰਘ ਵਾਲਿਆ (ਜਨਮ: 4 ਨਵੰਬਰ 1959, ਅੰਮ੍ਰਿਤਸਰ) ਪੰਜਾਬੀ ਪੱਤਰਕਾਰਤਾ ਅਤੇ ਸਾਹਿਤ ਦੇ ਮਸ਼ਹੂਰ ਨਾਂ ਹਨ। ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਰਹੇ ਵਾਲਿਆ ਨੇ 1980 ਵਿੱਚ ਪੁਲਾਂਘ ਮਾਸਿਕ ਦਾ ਸੰਪਾਦਨ ਕੀਤਾ ਅਤੇ ਕਈ ਸਾਲ ਲੋਕ ਲਿਖਾਰੀ ਸਭਾ ਅੰਮ੍ਰਿਤਸਰ ਦੇ ਸਕੱਤਰ ਰਹੇ। ਉਹ 2009-2014 ਵਿੱਚ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਅਤੇ ਅੱਜਕਲ੍ਹ ਪੰਜਾਬੀ ਜਾਗਰਨ ਦੇ ਐਡੀਟਰ ਹਨ। ਉਨ੍ਹਾਂ ਦੀਆਂ ਪ੍ਰਮੁੱਖ ਕਿਤਾਬਾਂ ਵਿੱਚ ਖ਼ਬਰਨਾਮਾ (1983), ਰੁੱਖਾਂ ਦੀ ਦਾਸਤਾਨ (2007), ਅਜੋਕੇ ਸਿੱਖ ਸਰੋਕਾਰ (2013), ਖਬਰਾਂ ਦੇ ਆਰ-ਪਾਰ (2009), ਹਰਫ਼ਾਂ ਦੀ ਲੌਅ (2014), ਅੰਮ੍ਰਿਤਸਰ ਬਾਰੇ ਖੋਜ ਭਰਪੂਰ ਅੰਗਰੇਜ਼ੀ ਦੀ ਕਿਤਾਬ ਆਦਿ ਸ਼ਾਮਲ ਹਨ। ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਨੂੰ 2014 ਵਿੱਚ ਸ਼੍ਰੋਮਣੀ ਸਾਹਿਤਕ ਪੱਤਰਕਾਰੀ ਐਵਾਰਡ ਨਾਲ ਨਵਾਜਿਆ ਗਿਆ।

(ਚਲਦਾ)

# ਹਰਿਆਣਾ 'ਚ ਪੰਜਾਬੀ ਭਾਸ਼ਾ ਦੀ ਹਾਲਤ



ਜਗਤਾਰ ਸਮਾਲਸਰ

ਹਰਿਆਣਾ ਵਿਚ ਅੱਜ ਪੰਜਾਬੀਆਂ ਦੀ ਗਿਣਤੀ ਕੁੱਲ ਆਬਾਦੀ ਦੇ ਪੰਜਵੇ ਹਿੱਸੇ ਤੱਕ ਪਹੁੰਚ ਗਈ ਹੈ ਅਤੇ ਇੱਥੋਂ ਦੇ ਪੰਜਾਬੀ ਭਾਈਚਾਰੇ ਨੇ ਰਾਜਨੀਤਕ, ਸੱਭਿਆਚਾਰਕ ਅਤੇ ਸਮਾਜਿਕ ਖੇਤਰ ਵਿਚ ਅਹਿਮ ਯੋਗਦਾਨ ਪਾ ਕੇ ਸੂਬੇ ਨੂੰ ਤਰੱਕੀ ਦੀਆਂ ਰਾਹਾਂ 'ਤੇ ਤੋਰਿਆ ਹੈ ਪਰ ਇਸ ਸਾਰੇ ਯੋਗਦਾਨ ਬਦਲੇ ਸਮੇਂ ਦੀਆਂ ਸਰਕਾਰਾਂ ਵੱਲੋਂ ਇਕ ਰਸਮੀ ਐਲਾਨ ਕਰਨਾ ਹੀ ਕਾਫ਼ੀ ਨਹੀਂ ਹੈ। ਹਰਿਆਣਾ ਦੀ ਤਤਕਾਲੀ ਹੁੱਡਾ ਸਰਕਾਰ ਨੇ ਭਾਵੇਂ 27 ਜਨਵਰੀ 2010 ਨੂੰ ਰਸਮੀ ਤੌਰ 'ਤੇ ਸੂਬੇ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਮਾਨਤਾ ਤਾਂ ਦੇ ਦਿੱਤੀ ਸੀ ਪਰ ਪੰਜਾਬੀ ਨੂੰ ਸੂਬੇ ਵਿਚ ਸੰਜੀਦਗੀ ਨਾਲ ਲਾਗੂ ਕਰਨ ਲਈ ਕੋਈ ਠੋਸ ਉਪਰਾਲਾ ਨਹੀਂ ਕੀਤਾ ਗਿਆ ਜਿਸ ਕਾਰਨ ਹੁੱਡਾ ਸਰਕਾਰ ਦੇ ਦਾਅਵੇ ਸਿਰਫ਼ ਕਾਗਜ਼ਾਂ ਤੱਕ ਸੀਮਤ ਹੋ ਕੇ ਰਹਿ ਗਏ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਪਣੀ ਮਾਂ-ਬੋਲੀ ਨੂੰ ਹਰਿਆਣਾ ਵਿਚ ਬਣਦਾ ਮਾਣ-ਸਨਮਾਨ ਦਿਵਾਉਣ ਲਈ ਸੂਬੇ ਦਾ ਪੰਜਾਬੀ ਭਾਈਚਾਰਾ ਪਿਛਲੇ ਕਰੀਬ 6 ਦਹਾਕਿਆਂ ਤੋਂ ਸੰਤਾਪ ਹੰਢਾ ਰਿਹਾ ਹੈ ਅਤੇ ਮੌਜੂਦਾ ਸਰਕਾਰ ਵੱਲੋਂ ਹੁਣ ਵੀ ਪੰਜਾਬੀ ਭਾਸ਼ਾ ਨੂੰ ਅਮਲੀ ਰੂਪ ਵਿਚ ਲਾਗੂ ਨਾ ਕਰਨਾ ਮੰਦਭਾਗੀ ਗੱਲ ਜਾਪਦੀ ਹੈ।

ਹਰਿਆਣਾ ਵਿਚ ਅੱਜ ਪੰਜਾਬੀਆਂ ਦੀ ਗਿਣਤੀ ਕੁੱਲ ਆਬਾਦੀ ਦੇ ਪੰਜਵੇ ਹਿੱਸੇ ਤੱਕ ਪਹੁੰਚ ਗਈ ਹੈ ਅਤੇ ਇੱਥੋਂ ਦੇ ਪੰਜਾਬੀ ਭਾਈਚਾਰੇ ਨੇ ਰਾਜਨੀਤਕ, ਸੱਭਿਆਚਾਰਕ ਅਤੇ ਸਮਾਜਿਕ ਖੇਤਰ ਵਿਚ ਅਹਿਮ ਯੋਗਦਾਨ ਪਾ ਕੇ ਸੂਬੇ ਨੂੰ ਤਰੱਕੀ ਦੀਆਂ ਰਾਹਾਂ 'ਤੇ ਤੋਰਿਆ ਹੈ ਪਰ ਇਸ ਸਾਰੇ ਯੋਗਦਾਨ ਬਦਲੇ ਸਮੇਂ ਦੀਆਂ ਸਰਕਾਰਾਂ ਵੱਲੋਂ ਇਕ ਰਸਮੀ ਐਲਾਨ ਕਰਨਾ ਹੀ ਕਾਫ਼ੀ ਨਹੀਂ ਹੈ। ਹੁੱਡਾ ਸਰਕਾਰ ਵੱਲੋਂ ਹਰਿਆਣਾ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਸਮੇਂ ਇਹ ਐਲਾਨ ਵੀ ਕੀਤਾ ਗਿਆ ਸੀ ਕਿ ਹੁਣ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਵਿਚ ਪੰਜਾਬੀ ਭਾਸ਼ਾ ਵਿਚ ਚਿੱਠੀ-ਪੱਤਰ ਕੀਤਾ ਜਾ ਸਕਦਾ ਹੈ, ਇੱਥੋਂ ਤੱਕ ਕਿ ਹਰਿਆਣਾ ਵਿਧਾਨ ਸਭਾ ਵਿਚ ਵੀ ਸਵਾਲ-ਜਵਾਬ ਪੰਜਾਬੀ ਵਿਚ ਕੀਤੇ ਜਾ ਸਕਦੇ ਹਨ ਪਰ ਇੰਜ ਨਹੀਂ ਹੋ ਸਕਿਆ। ਹਰਿਆਣਾ ਵਿਚ ਸਮੇਂ-ਸਮੇਂ 'ਤੇ ਸੱਤਾ ਵਿਚ ਆਈਆਂ ਪਾਰਟੀਆਂ ਦੀਆਂ ਗ਼ਲਤ ਨੀਤੀਆਂ ਕਾਰਨ ਅੱਜ ਪੰਜਾਬੀ ਪਰਿਵਾਰਾਂ ਦੇ ਬੱਚੇ ਵੀ ਆਪਣੀ ਮਾਂ-ਬੋਲੀ ਤੋਂ ਦੂਰ ਹੁੰਦੇ ਜਾ ਰਹੇ ਹਨ।

ਮੰਨਿਆ ਕਿ ਅੱਜ ਹਰਿਆਣਾ ਵਿਚ ਪੰਜਾਬੀ ਪੜ੍ਹਨ-ਲਿਖਣ ਵਾਲੇ ਲੋਕ ਮੌਜੂਦ ਹਨ ਪਰ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਨਜ਼ਰ ਨਹੀਂ ਆ ਰਿਹਾ ਹੈ। ਸਮੇਂ ਦੀਆਂ ਸਰਕਾਰਾਂ ਨੂੰ ਚਾਹੀਦਾ ਇਹ ਸੀ ਕਿ ਹਰ ਪ੍ਰਾਈਵੇਟ ਅਤੇ ਸਰਕਾਰੀ ਸਕੂਲ ਵਿਚ ਦੂਜੀ ਜਮਾਤ ਤੋਂ ਹੀ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਨ ਅਤੇ ਪੜ੍ਹਾਉਣ ਦਾ ਬੰਦੋਬਸਤ ਕੀਤਾ ਜਾਂਦਾ ਤਾਂ ਕਿ ਪੰਜਾਬੀ ਪਰਿਵਾਰਾਂ ਦੇ ਬੱਚੇ ਆਪਣੀ ਮਾਂ-ਬੋਲੀ ਨਾਲ ਜੁੜ ਸਕਦੇ ਕਿਉਂਕਿ ਕਿਸੇ ਵੀ ਰੁੱਖ ਦੀ ਬਿਨਾਂ ਸਾਂਭ-ਸੰਭਾਲ ਕੀਤਿਆਂ ਉਸ ਤੋਂ ਫਲ ਦੀ ਉਮੀਦ ਕਰਨਾ ਸਹੀ ਨਹੀਂ ਹੈ। ਸਕੂਲਾਂ ਵਿਚ ਪੰਜਾਬੀ ਪੜ੍ਹਨ ਵਾਲੇ ਬੱਚਿਆਂ ਲਈ ਸਰਕਾਰ ਵੱਲੋਂ ਕੋਈ ਅਜਿਹੀਆਂ ਸ਼ਰਤਾਂ ਲਾਗੂ ਨਹੀਂ ਕਰਨੀਆਂ ਚਾਹੀਦੀਆਂ ਜਿਨ੍ਹਾਂ ਨਾਲ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਰੁਕਾਵਟ ਪਵੇ। ਸਾਰੇ ਵਿਭਾਗਾਂ ਵਿਚ ਪਹਿਲਾਂ ਪੰਜਾਬੀ ਪੜ੍ਹਨ ਤੇ ਲਿਖਣ ਵਾਲੇ ਮੁਲਾਜ਼ਮਾਂ ਦੀ ਭਰਤੀ ਕਰਨੀ ਅਤਿ-ਜ਼ਰੂਰੀ ਹੈ ਤਾਂ ਕਿ ਪੰਜਾਬੀ ਵਿਚ ਆਈਆਂ ਹੋਈਆਂ ਸ਼ਿਕਾਇਤਾਂ, ਮੰਗ ਪੱਤਰ, ਚਿੱਠੀਆਂ ਆਦਿ ਰੱਦੀ ਦੀ ਟੋਕਰੀ ਵਿਚ ਨਾ ਜਾ ਸਕਣ।


ਸੂਬੇ ਵਿਚ ਪਿਛਲੇ ਲੰਬੇ ਸਮੇਂ ਤੋਂ ਸਰਕਾਰ ਨੇ ਓਟੀ ਦਾ ਕੋਰਸ ਹੀ ਬੰਦ ਕਰ ਦਿੱਤਾ ਹੈ ਜੋ ਕਿ ਗਿਆਨੀ ਤੋਂ ਬਾਅਦ ਪੰਜਾਬੀ ਅਧਿਆਪਕ ਲੱਗਣ ਲਈ ਜ਼ਰੂਰੀ ਸੀ। ਅੱਜ ਵੀ ਅਨੇਕ ਗਿਆਨੀ ਪਾਸ ਵਿਦਿਆਰਥੀ ਓਟੀ ਕੋਰਸ ਬੰਦ ਹੋਣ ਕਾਰਨ ਪੰਜਾਬੀ ਅਧਿਆਪਕ ਬਣਨ ਤੋਂ ਵਾਂਝੇ ਹਨ। ਪੰਜਾਬੀ ਅਧਿਆਪਕਾਂ ਦੀ ਭਰਤੀ ਸੂਬੇ ਵਿਚ ਲੰਬੇ ਸਮੇਂ ਤੋਂ ਨਹੀਂ ਹੋਈ ਹੈ। ਮੌਜੂਦਾ ਸਰਕਾਰ ਵੱਲੋਂ ਹਰਿਆਣਾ ਵਿਚ ਪੰਜਾਬੀ ਸਾਹਿਤ ਅਕਾਦਮੀ ਦਾ ਵੀ ਰਲੇਵਾਂ ਕਰ ਦਿੱਤਾ ਗਿਆ ਹੈ ਜਿਸ ਕਾਰਨ ਸੂਬੇ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਵਿਸਥਾਰ ਵਿਚ ਅੜਿੱਕਾ ਪਿਆ ਹੈ।

ਹਰਿਆਣਾ ਦੇ ਪੰਜਾਬੀ ਬਹੁਤਾਤ ਵਾਲੇ ਹਲਕਿਆਂ ਵਿਚ ਕਾਲਜਾਂ ਅਤੇ ਯੂਨੀਵਰਸਿਟੀ ਵਿਚ ਪੰਜਾਬੀ ਵਿਭਾਗ ਸਥਾਪਤ ਕਰਨੇ ਵੀ ਅਤਿ ਜ਼ਰੂਰੀ ਹਨ। ਹਰਿਆਣਾ ਵਿਚ ਪੰਜਾਬੀਅਤ ਦੇ ਨਾਂ 'ਤੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਵਾਲੇ ਅਨੇਕ ਸੰਗਠਨ ਅਤੇ ਸੰਸਥਾਵਾਂ ਹੋਂਦ ਵਿਚ ਆਈਆਂ ਹਨ ਪਰ ਇਨ੍ਹਾਂ ਵਿੱਚੋਂ ਬਹੁਤੇ ਲੋਕਾਂ ਦਾ ਮਿਸ਼ਨ ਪੰਜਾਬੀ ਬੋਲੀ ਦੇ ਨਾਂ 'ਤੇ ਆਪਣੇ ਸਵਾਰਥਾਂ ਦੀ ਪੂਰਤੀ ਕਰਨੀ ਹੈ।

ਹਰਿਆਣਾ ਸਾਹਿਤ ਅਤੇ ਸੰਸਕ੍ਰਿਤੀ ਅਕਾਦਮੀ ਪੰਜਾਬੀ ਵੱਲੋਂ ਪਿਛਲੇ ਦਿਨੀਂ ਇਕ ਮੀਟਿੰਗ ਦਾ ਆਯੋਜਨ ਕਰ ਕੇ ਹਰਿਆਣਾ ਵਿਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਉੱਨਤੀ ਲਈ ਇਸ ਸਾਲ ਨਵੰਬਰ ਮਹੀਨੇ ਵਿਚ ਤਿੰਨ ਰੋਜ਼ਾ ਕੌਮੀ ਪੰਜਾਬੀ ਕਾਨਫਰੰਸ ਕਰਵਾਉਣ ਦਾ ਫ਼ੈਸਲਾ ਲਿਆ ਗਿਆ ਹੈ। ਇਸ ਦੇ ਨਾਲ-ਨਾਲ ਸੂਬੇ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਪੂਰੇ ਹਰਿਆਣਾ ਨੂੰ ਸੱਤ ਜ਼ੋਨਾਂ ਵਿਚ ਵੰਡ ਕੇ ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ ਕਮੇਟੀਆਂ ਸਥਾਪਤ ਕਰਨ ਦਾ ਫ਼ੈਸਲਾ ਵੀ ਅਕਾਦਮੀ ਵੱਲੋਂ ਲਿਆ ਗਿਆ ਹੈ ਜਿਸ ਦਾ ਮਕਸਦ ਸਕੂਲਾਂ, ਕਾਲਜਾਂ ਤੱਕ ਨਾ ਪਹੁੰਚ ਸਕਣ ਵਾਲੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਘਰਾਂ ਵਿਚ ਹੀ ਪੰਜਾਬੀ ਭਾਸ਼ਾ ਵਿਚ ਸਿੱਖਿਅਤ ਕਰਨਾ ਹੋਵੇਗਾ, ਇਹ ਬਹੁਤ ਹੀ ਸਲਾਹੁਣਯੋਗ ਹੈ।

ਸਮੇਂ-ਸਮੇਂ 'ਤੇ ਅਜਿਹੇ ਉਪਰਾਲੇ ਕਰਨੇ ਅਤਿ ਜ਼ਰੂਰੀ ਹਨ ਤਾਂ ਜੋ ਸੂਬੇ ਵਿਚ ਪੰਜਾਬੀ ਭਾਸ਼ਾ ਦਾ ਨਿਰੰਤਰ ਵਿਕਾਸ ਹੁੰਦਾ ਰਹੇ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਆਪਸੀ ਫੁੱਟ ਤੋਂ ਉੱਭਰ ਕੇ ਸੂਬੇ ਵਿਚ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪਸਾਰ ਲਈ ਯੋਗ ਯਤਨ ਜ਼ਰੂਰ ਕਰਨੇ ਚਾਹੀਦੇ ਹਨ ਤਾਂ ਜੋ ਹਰਿਆਣਾ ਦੇ ਪੰਜਾਬੀ ਭਾਈਚਾਰੇ ਦੀਆਂ ਉਮੀਦਾਂ ਪੂਰੀਆਂ ਹੋ ਸਕਣ। ਅੱਜ ਜ਼ਰੂਰਤ ਹੈ ਪੰਜਾਬੀ ਮਾਂ-ਬੋਲੀ ਨੂੰ ਪਿਆਰ ਕਰਨ ਵਾਲੇ ਸੰਗਠਨਾਂ ਅਤੇ ਆਪਣੀ ਭਾਸ਼ਾ ਨੂੰ ਸੂਬੇ ਵਿਚ ਸਹੀ ਮਾਅਨਿਆਂ ਵਿਚ ਦੂਜੀ ਭਾਸ਼ਾ ਦਾ ਦਰਜਾ ਦਿਵਾਉਣ ਦੀ ਚਾਹਤ ਰੱਖਣ ਵਾਲੇ ਪੰਜਾਬੀਆਂ ਨੂੰ ਬਿਨਾਂ ਕਿਸੇ ਲਾਲਚ, ਸਵਾਰਥ ਦੇ ਇਕ ਮੰਚ 'ਤੇ ਇਕੱਠੇ ਹੋ ਕੇ ਅਜਿਹਾ ਏਜੰਡਾ ਤਿਆਰ ਕਰਨ ਦੀ ਜਿਸ ਨਾਲ ਸਵਾਰਥੀ ਲੋਕਾਂ ਤੋਂ ਵੀ ਬਚਿਆ ਜਾ ਸਕੇ ਤੇ ਪੰਜਾਬੀ ਨੂੰ ਹਰਿਆਣਾ ਵਿਚ ਅਮਲੀ ਰੂਪ ਵਿਚ ਦੂਜੀ ਭਾਸ਼ਾ ਵਜੋਂ ਹਕੀਕੀ ਤੌਰ 'ਤੇ ਮਾਨਤਾ ਵੀ ਦਿਵਾਈ ਜਾ ਸਕੇ। ਪੰਜਾਬੀ ਪਰਿਵਾਰਾਂ ਦਾ ਵੀ ਫ਼ਰਜ਼ ਹੈ ਕਿ ਆਪਣੇ ਘਰਾਂ ਅੰਦਰ ਪੰਜਾਬੀ ਦੀਆਂ ਅਖ਼ਬਾਰਾਂ ਅਤੇ ਮੈਗਜ਼ੀਨ ਜ਼ਰੂਰ ਲਗਵਾਏ ਜਾਣ ਤਾਂ ਕਿ ਸਾਡਾ ਭਵਿੱਖ ਆਪਣੀ ਮਾਂ-ਬੋਲੀ ਨਾਲ ਹਕੀਕੀ ਤੌਰ 'ਤੇ ਜੁੜਿਆ ਰਹਿ ਸਕੇ।

# ਬੁਢਾਪਾ ਰੋਕੋ ਮਨ ਦੀ ਸ਼ਕਤੀ ਨਾਲ



ਜਿਸ ਤਰ੍ਹਾਂ ਦਾ ਮਨ, ਉਸ ਤਰ੍ਹਾਂ ਦਾ ਤਨ ਵੀ ਹੁੰਦਾ ਹੈ। ਜਦੋਂ ਕੋਈ ਵਿਅਕਤੀ ਬੁੱਢਾ ਨਾ ਹੋਣ ਦਾ ਮਨ ਬਣਾ ਲੈਂਦਾ ਹੈ ਤਾਂ ਉਹ ਲੰਮੇ ਸਮੇਂ ਤੱਕ ਜਵਾਨ ਬਣਿਆ ਰਹਿੰਦਾ ਹੈ ਅਤੇ ਅਖ਼ੀਰ ਤੱਕ ਸਰਗਰਮ ਤੇ ਮਜ਼ਬੂਤ ਵੀ ਬਣਿਆ ਰਹਿੰਦਾ ਹੈ। ਬੁਢਾਪਾ ਤਨ ਦਾ ਨਹੀਂ, ਮਨ ਦਾ ਹੁੰਦਾ ਹੈ। ਮਨ ਜਵਾਨ ਹੋਵੇ ਤਾਂ ਤਨ ਜਵਾਨ ਰਹਿੰਦਾ ਹੈ। ਤੁਸੀਂ ਸਰਗਰਮ ਜੀਵਨ ਬਤੀਤ ਕਰਦੇ ਹੋ ਤਾਂ ਬੁਢਾਪਾ ਤੁਹਾਡੇ ਕੋਲ ਨਹੀਂ ਆਉਂਦਾ। ਹੇਠ ਲਿਖੀਆਂ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖ ਕੇ ਤੁਸੀਂ ਵਧਦੀ ਉਮਰ ਦੇ ਅਹਿਸਾਸ ਤੋਂ ਮੁਕਤ ਹੋ ਕੇ ਅਤਿ ਸਰਗਰਮ ਜੀਵਨ ਬਿਤਾ ਸਕਦੇ ਹੋ।

ਆਪਣੇ ਰੋਜ਼ਮਰ੍ਹਾ ਦੇ ਜੀਵਨ ਨੂੰ ਲਗਾਤਾਰ ਸਰਗਰਮ ਰੱਖੋ ਅਤੇ ਸਮੇਂ 'ਤੇ ਸਭ ਕੰਮ ਪੂਰੇ ਕਰੋ।

ਸਹੀ ਨੀਂਦ ਲਓ। ਜ਼ਿਆਦਾ ਸੌਣਾ ਅਤੇ ਘੱਟ ਸੌਣਾ ਦੋਵੇਂ ਹੀ ਚੰਗੀ ਸਿਹਤ ਦੇ ਦੁਸ਼ਮਣ ਹੁੰਦੇ ਹਨ।

ਸਹੀ ਆਰਾਮ ਕਰੋ। ਥੱਕ ਜਾਣ 'ਤੇ ਅਰਾਮ ਜ਼ਰੂਰੀ ਹੈ ਪਰ ਥਕਾਨ ਵੀ ਜ਼ਰੂਰੀ ਹੈ ਤਾਂ ਕਿ ਆਰਾਮ ਕੀਤਾ ਜਾ ਸਕੇ। ਥਕਾਵਟ ਤੋਂ ਬਿਨਾਂ ਆਰਾਮ ਦਾ ਕੋਈ ਮਤਲਬ ਨਹੀਂ, ਇਸ ਲਈ ਸਰੀਰਕ ਮਿਹਨਤ ਜ਼ਰੂਰੀ ਹੈ।

ਸਰੀਰਕ ਮਿਹਨਤ ਜਾਂ ਕਿਰਿਆਸ਼ੀਲਤਾ ਲਈ ਹੇਠ ਲਿਖੇ ਉਪਾਵਾਂ ਵੱਲ ਧਿਆਨ ਦਿਓ :

(ੳ) ਲਗਾਤਾਰ ਕਸਰਤ ਅਤੇ ਸੈਰ ਕਰੋ।

(ਅ) ਘਰ ਦੀ ਸਾਫ਼-ਸਫ਼ਾਈ ਅਤੇ ਆਪਣੇ ਕੰਮ ਖ਼ੁਦ ਕਰੋ।

(ੲ) ਫੁੱਲ-ਬੂਟੇ ਲਗਾਓ ਅਤੇ ਉਨ੍ਹਾਂ ਦੀ ਦੇਖਭਾਲ ਖ਼ੁਦ ਕਰੋ। ਬਾਗ਼ਬਾਨੀ ਖ਼ੁਦ 'ਚ ਹੀ ਇਕ ਇਲਾਜ ਪ੍ਰਣਾਲੀ ਹੈ।

ਪਾਲਤੂ ਜਾਨਵਰ ਦਾ ਸਪਰਸ਼ ਅਤੇ ਪਿਆਰ ਵੀ ਇਲਾਜ ਹੁੰਦਾ ਹੈ ਕਿਉਂਕਿ ਉਹ ਵਿਅਕਤੀ ਨੂੰ ਨਾ ਸਿਰਫ਼ ਸਰਗਰਮ ਰੱਖਦੇ ਹਨ ਸਗੋਂ ਤਣਾਅ-ਮੁਕਤ ਕਰਨ ਵਿਚ ਵੀ ਸਹਾਇਕ ਹੁੰਦੇ ਹਨ। ਇਸ ਲਈ ਇਸ ਬਾਰੇ ਵੀ ਸੋਚਿਆ ਜਾ ਸਕਦਾ ਹੈ।

ਨੇੜੇ ਆਉਣ-ਜਾਣ ਲਈ ਵਾਹਨ ਦੀ ਵਰਤੋਂ ਕਰਨ ਦੀ ਬਜਾਏ ਪੈਦਲ ਆਓ-ਜਾਓ।

ਆਪਣਾ ਛੋਟਾ-ਮੋਟਾ ਸਾਮਾਨ ਖ਼ੁਦ ਚੁੱਕੋ ਅਤੇ ਪੈਦਲ ਚੱਲ ਕੇ ਘਰ ਆਓ। ਪੌੜੀਆਂ 'ਤੇ ਵਾਰ-ਵਾਰ ਚੜ੍ਹਨ-ਉਤਰਨ ਅਤੇ ਇਧਰ-ਉਧਰ ਆਉਣ-ਜਾਣ ਨੂੰ ਪ੍ਰੇਸ਼ਾਨੀ ਦਾ ਕਾਰਨ ਨਾ ਮੰਨੋ ਸਗੋਂ ਇਸ ਨੂੰ ਕਸਰਤ ਦੇ ਰੂਪ ਵਿਚ ਲਓ।

ਹੱਸਣਾ ਨਾ ਸਿਰਫ਼ ਇਕ ਚੰਗੀ ਕਸਰਤ ਅਤੇ ਰਸਮੀ ਕਿਰਿਆ ਹੈ ਸਗੋਂ ਤਣਾਅ-ਮੁਕਤੀ ਦਾ ਸਾਧਨ ਵੀ ਹੈ। ਖ਼ੂਬ ਠਹਾਕੇ ਲਗਾ ਕੇ ਹੱਸੋ।

ਮਨ ਨੂੰ ਸਾਕਾਰਾਤਮਿਕ ਵਿਚਾਰਾਂ ਨਾਲ ਓਤ-ਪੋਤ ਰੱਖੋ। ਇਸ ਲਈ ਲਗਾਤਾਰ ਪ੍ਰੇਰਨਾਦਾਈ ਸਾਹਿਤ ਪੜ੍ਹੋ।

ਆਤਮ-ਵਿਸ਼ਵਾਸ ਨਾਲ ਭਰਪੂਰ ਰਹੋ। ਮੁਸ਼ਕਿਲ ਹਲਾਤ ਵਿਚ ਆਪਣੇ ਮਨੋਬਲ ਨੂੰ ਉੱਚਾ ਬਣਾਈ ਰੱਖੋ।

ਭਾਵਨਾਤਮਕ ਸੰਤੁਲਨ ਬਣਾਈ ਰੱਖੋ। ਛੋਟੀਆਂ-ਛੋਟੀਆਂ ਗੱਲਾਂ 'ਤੇ ਭਾਵੁਕ ਨਾ ਹੋਵੋ।

ਮਾਨਸਿਕ ਰੂਪ ਨਾਲ ਚੁਸਤ-ਫੁਰਤ ਬਣੇ ਰਹਿਣ ਲਈ ਦਿਮਾਗ਼ੀ ਕਸਰਤ ਕਰਦੇ ਰਹੋ। ਵਰਗ-ਪਹੇਲੀ ਭਰਨ ਜਾਂ ਹਿਸਾਬ ਦੇ ਸਵਾਲ ਕੱਢਣ ਵਿਚ ਵਿਅਕਤੀ ਦਿਮਾਗ਼ੀ ਤੌਰ 'ਤੇ ਜ਼ਿਆਦਾ ਸਰਗਰਮ ਰਹਿੰਦਾ ਹੈ।

**ਸੀਤਾ ਰਾਮ ਗੁਪਤਾ**

ਭੋਜਨ ਦੇ ਸੰਬੰਧ ਵਿਚ ਵਿਸ਼ੇਸ਼ ਤੌਰ 'ਤੇ ਸਾਵਧਾਨ ਰਹੋ। ਫਾਸਟ ਫੂਡ ਤੇ ਜੰਕ ਫੂਡ ਦੀ ਬਜਾਏ ਸਾਦਾ ਤੇ ਕੁਦਰਤੀ ਭੋਜਨ ਹੀ ਖਾਓ। ਭੋਜਨ ਵਿਚ ਤਾਜ਼ਾ ਫਲ-ਸਬਜ਼ੀਆਂ ਦੀ ਮਾਤਰਾ ਜ਼ਿਆਦਾ ਹੋਣੀ ਚਾਹੀਦੀ ਹੈ ਤਾਂ ਕਿ ਸਹੀ ਮਾਤਰਾ ਵਿਚ ਐਂਟੀਆਕਸੀਡੈਂਟ ਮਿਲ ਸਕਣ।

ਵਧਦੀ ਉਮਰ ਦੇ ਅਹਿਸਾਸ ਨੂੰ ਬਦਲ ਕੇ, ਕੁੜੱਤਣ ਮਨੋਭਾਵਾਂ ਅਤੇ ਆਦਤਾਂ ਤੋਂ ਛੁਟਕਾਰਾ ਪਾ ਕੇ ਜੀਵਨ ਵਿਚ ਸਰਗਰਮਤਾ ਅਤੇ ਕਿਰਿਆਸ਼ੀਲਤਾ ਬਣਾਈ ਰੱਖ ਕੇ ਜੀਵਨ ਵਿਚ ਲਚੀਲਾ ਹੋਣ ਦੀ ਵਿਧੀ ਸਿੱਖ ਕੇ ਅਤੇ ਆਪਣੇ ਜੀਵਨ ਨਾਲ ਪ੍ਰੇਮ ਨੂੰ ਜ਼ਿਆਦਾ ਮਹੱਤਵਪੂਰਨ ਤੱਤ ਬਣਾ ਕੇ ਅਸੀਂ ਹਮੇਸ਼ਾ ਜਵਾਨ ਬਣੇ ਰਹਿ ਸਕਦੇ ਹਾਂ।

ਬੁਢਾਪੇ ਤੋਂ ਬਚਣ ਲਈ ਅਤੇ ਚਿਰਾਂ ਤੱਕ ਜਵਾਨ ਬਣੇ ਰਹਿਣ ਲਈ ਮਨ ਵਿਚ ਲਗਾਤਾਰ ਹੇਠ ਲਿਖੀਆਂ ਮਾਨਤਾਵਾਂ ਅਪਣਾਓ :

ਮੈਂ ਇਕਦਮ ਨੌਜਵਾਨ ਹਾਂ ਅਤੇ ਮੇਰੀ ਸਿਹਤ ਬਹੁਤ ਚੰਗੀ ਹੈ।

ਹਰ ਰੋਜ਼ ਹਰ ਤਰ੍ਹਾਂ ਨਾਲ ਮੈਂ ਜ਼ਿਆਦਾ ਸਿਹਤਮੰਦ ਹੋ ਰਿਹਾ ਹਾਂ।

ਨਿਰਭੈਅ ਹੋ ਕੇ ਮੈਂ ਅਤਿ ਸਰਗਰਮ, ਸਾਹਸੀ ਅਤੇ ਅਨੁਸ਼ਾਸਿਤ ਜੀਵਨ ਬਤੀਤ ਕਰ ਰਿਹਾ ਹਾਂ।

ਮੇਰੇ ਸੁਭਾਅ 'ਚ ਲਚੀਲਾਪਨ ਹੈ ਅਤੇ ਮੈਂ ਜੀਵਨ ਵਿਚ ਬਦਲਾਅ ਅਤੇ ਚੁਣੌਤੀਆਂ ਨੂੰ ਸਵੀਕਾਰ ਕਰਦਾ ਹਾਂ। ਮੈਂ ਆਤਮ-ਵਿਸ਼ਵਾਸ ਅਤੇ ਉਤਸ਼ਾਹ ਨਾਲ ਭਰਪੂਰ ਹਾਂ।

ਮੈਂ ਕੁੜੱਤਣ ਭਰੇ ਮਨੋਭਾਵਾਂ ਅਤੇ ਆਦਤਾਂ ਤੋਂ ਮੁਕਤ ਹਾਂ।

ਨਕਾਰਾਤਮਿਕ ਵਿਚਾਰਾਂ ਅਤੇ ਨਕਾਰਾਤਮਿਕ ਸੁਝਾਵਾਂ ਦਾ ਮੇਰੇ ਉੱਪਰ ਅਤੇ ਮੇਰੇ ਮਨ ਦੇ ਕਿਸੇ ਵੀ ਪੱਧਰ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ।

ਪ੍ਰੇਮ, ਦਇਆ ਅਤੇ ਦੇਖਭਾਲ ਮੇਰੇ ਜੀਵਨ ਦੇ ਮਹੱਤਵਪੂਰਨ ਤੱਤ ਹਨ।

ਜੀਵਨ ਮੇਰੇ ਲਈ ਇਕ ਅਮੁੱਲ ਤੋਹਫ਼ਾ ਹੈ ਅਤੇ ਮੈਂ ਪੂਰੀ ਸਾਵਧਾਨੀ ਨਾਲ ਜੀਵਨ ਦਾ ਅਨੰਦ ਲੈਂਦਾ ਹਾਂ।

# ਵਧੇ ਹੋਏ ਕੋਲੈਸਟ੍ਰੋਲ 'ਤੇ ਰੋਕ ਲਗਾਉਣਾ ਹੈ ਅਤਿ ਜ਼ਰੂਰੀ

ਰੁਝੇਵਿਆਂ ਭਰੀ ਜ਼ਿੰਦਗੀ ਅਤੇ ਖ਼ਰਾਬ ਖਾਣ-ਪੀਣ ਦੀ ਵਜ੍ਹਾ ਕਰਕੇ ਸਾਡਾ ਸਰੀਰ ਕਈ ਪ੍ਰੇਸ਼ਾਨੀਆਂ ਦੀ ਲਪੇਟ ਵਿਚ ਆ ਜਾਂਦਾ ਹੈ। ਕੋਲੈਸਟ ?ਰੋਲ ਦਾ ਵਧਣਾ ਵੀ ਇਸ ਵਿਚ ਸ਼ਾਮਿਲ ਹੈ। ਕੋਲੈਸਟ ?ਰੋਲ ਦੇ ਪੱਧਰ ਵਿਚ ਗੜਬੜੀ ਹੋਣ ਨਾਲ ਦਿਲ ਦੇ ਰੋਗ ਤੇ ਬਲੱਡ ਪ੍ਰੈਸ਼ਰ ਵਰਗੀਆਂ ਕਈ ਸਮੱਸਿਆਵਾਂ ਹੋ ਸਕਦੀਆਂ ਹਨ। ਜੇਕਰ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਕੁਝ ਬਦਲਾਅ ਕੀਤੇ ਜਾਣ ਤੇ ਕੋਲੈਸਟ ?ਰੋਲ ਘੱਟ ਕਰਨ ਦੇ ਕੁਝ ਘਰੇਲੂ ਉਪਾਅ ਵਰਤੋਂ ਵਿਚ ਲਿਆਂਦੇ ਜਾਣ ਤਾਂ ਇਸ ਸਮੱਸਿਆ ਤੋਂ ਕਾਫ਼ੀ ਹੱਦ ਤੱਕ ਬਚਿਆ ਜਾ ਸਕਦਾ ਹੈ। ਖਾਣ-ਪੀਣ ਵਿਚ ਕੋਈ ਤਬਦੀਲੀ ਜਾਂ ਦਵਾਈ ਨੂੰ ਘਟਾਉਣ-ਵਧਾਉਣ ਦੇ ਸੰਬੰਧ ਵਿਚ ਕੋਈ ਵੀ ਗੱਲ ਹੋਵੇ ਤਾਂ ਡਾਕਟਰ ਨਾਲ ਸਲਾਹ ਜ਼ਰੂਰ ਕਰੋ। ਨਾਲ ਹੀ ਜੇਕਰ ਕਿਸੇ ਵੀ ਬਿਮਾਰੀ ਦੀ ਕੋਈ ਵੀ ਦਵਾਈ ਖਾ ਰਹੇ ਹੋ ਤਾਂ ਬਿਨਾਂ ਡਾਕਟਰ ਤੋਂ ਪੁੱਛੇ ਦਵਾਈ ਬੰਦ ਨਾ ਕਰੋ ਅਤੇ ਨਾ ਹੀ ਦਵਾਈ ਦੀ ਪਾਵਰ ਨੂੰ ਘਟਾਓ ਜਾਂ ਵਧਾਓ। ਅਕਸਰ ਲੋਕਾਂ ਦੇ ਦਿਮਾਗ਼ ਵਿਚ ਇਹ ਸਵਾਲ ਆਉਂਦਾ ਹੈ ਕਿ ਕੋਲੈਸਟ੍ਰੋਲ ਕੀ ਹੈ? ਦਰਅਸਲ, ਸਰੀਰ ਦੀ ਹਰੇਕ ਕੋਸ਼ਿਕਾ ਵਿਚ ਪਾਏ ਜਾਣ ਵਾਲੇ ਮੋਮ ਵਰਗੇ ਫੈਟੀ ਪਦਾਰਥ ਨੂੰ ਕੋਲੈਸਟ੍ਰੋਲ ਕਹਿੰਦੇ ਹਨ। ਕੋਲੈਸਟ੍ਰੋਲ ਸਰੀਰ ਵਿਚ ਹਾਰਮੋਨ, ਵਿਟਾਮਿਨ-ਡੀ ਤੇ ਹੋਰ ਤਰ੍ਹਾਂ ਦੇ ਪਦਾਰਥ ਦਾ ਨਿਰਮਾਣ ਕਰਨ ਵਿਚ ਮਦਦ ਕਰਦਾ ਹੈ, ਜਿਸ ਨਾਲ ਭੋਜਨ ਨੂੰ ਹਜ਼ਮ ਹੋਣਾ ਸੌਖਾ ਹੋ ਜਾਂਦਾ ਹੈ। ਖ਼ੂਨ ਵਿਚ ਜ਼ਿਆਦਾ ਕੋਲੈਸਟ੍ਰੋਲ ਹੋਣ 'ਤੇ ਧਮਣੀਆਂ ਨਾਲ ਸੰਬੰਧਿਤ ਬਿਮਾਰੀਆਂ ਦਾ ਖ਼ਤਰਾ ਵਧ ਜਾਂਦਾ ਹੈ।



**ਕੋਲੈਸਟ੍ਰੋਲ ਵਧਣ ਦੇ ਕਾਰਨ :** ਹਾਈ ਕੋਲੈਸਟ੍ਰੋਲ ਦਾ ਸਭ ਤੋਂ ਆਮ ਕਾਰਨ ਲਾਪ੍ਰਵਾਹ ਅਤੇ ਖ਼ਰਾਬ ਜੀਵਨਸ਼ੈਲੀ ਹੈ। ਕੋਲੈਸਟ੍ਰੋਲ ਵਧਣ ਦੇ ਇਸ ਤੋਂ ਇਲਾਵਾ ਵੀ ਕਈ ਕਾਰਨ ਹੋ ਸਕਦੇ ਹਨ ਜਿਨ੍ਹਾਂ ਵਿਚੋਂ ਕੁਝ ਮੁੱਖ ਕਾਰਨ ਇਸ ਤਰ੍ਹਾਂ ਹਨ :

**ਖ਼ਰਾਬ ਖਾਣਪੀਣ :** ਇਸ ਤਰ੍ਹਾਂ ਦੀਆਂ ਖਾਣ ਵਾਲੀਆਂ ਚੀਜ਼ਾਂ ਦੀ ਵਰਤੋਂ ਕਰਨਾ, ਜਿਸ ਵਿਚ ਚਰਬੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜਿਵੇਂ ਮਾਸ, ਤਲੀਆਂ ਹੋਈਆਂ ਖਾਣ ਵਾਲੀਆਂ ਚੀਜ਼ਾਂ, ਡੇਅਰੀ ਪਦਾਰਥ ਤੇ ਚਾਕਲੇਟ ਆਦਿ। ਚਰਬੀ ਵਾਲੇ ਇਨ੍ਹਾਂ ਪਦਾਰਥਾਂ ਦੇ ਖਾਣ ਨਾਲ ਐਲ.ਡੀ.ਐਲ. (ਖਰਾਬ) ਕੋਲੈਸਟ੍ਰੋਲ ਵਧ ਸਕਦਾ ਹੈ।

**ਜ਼ਿਆਦਾ ਵਜ਼ਨ :** ਬਹੁਤ ਜ਼ਿਆਦਾ ਵਜ਼ਨ ਵੀ ਹਾਈ ਕੋਲੈਸਟ੍ਰੋਲ ਦੇ ਕਾਰਨਾਂ ਵਿਚੋਂ ਇਕ ਹੈ। ਇਸ ਤਰ੍ਹਾਂ ਵਜ਼ਨ ਨੂੰ ਘੱਟ ਕਰਨ ਨਾਲ ਵਧੇ ਹੋਏ ਕੋਲੈਸਟ੍ਰੋਲ ਦੇ ਪੱਧਰ ਨੂੰ ਘੱਟ ਕਰਨ ਵਿਚ ਮਦਦ ਮਿਲ ਸਕਦੀ ਹੈ।

**ਸਰੀਰਕ ਸਰਗਰਮੀਆਂ ਦੀ ਘਾਟ :** ਰੋਜ਼ਮਰ੍ਹਾ ਦੀ ਜੀਵਨਸ਼ੈਲੀ ਵਿਚ ਸਰੀਰਕ ਸਰਗਰਮੀਆਂ, ਯੋਗ ਅਤੇ ਕਸਰਤ ਦੀ ਘਾਟ ਨਾਲ ਵੀ ਕੋਲੈਸਟ ?ਰੋਲ ਵਧਦਾ ਹੈ। ਇਸ ਤਰ੍ਹਾਂ ਦੀ ਜੀਵਨਸ਼ੈਲੀ ਐਚ.ਡੀ.ਐਲ. ਕੋਲੈਸਟ੍ਰੋਲ (ਚੰਗੇ ਕੋਲੈਸਟ ?ਰੋਲ) ਨੂੰ ਘੱਟ ਕਰਦੀ ਹੈ। ਲਗਾਤਾਰ ਕਸਰਤ ਕਰਨ ਨਾਲ ਸਰੀਰ ਵਿਚ ਐਲ.ਡੀ.ਐਲ. ਕੋਲੈਸਟ੍ਰੋਲ ਦਾ ਪੱਧਰ ਘੱਟ ਅਤੇ ਐਚ.ਡੀ.ਐਲ. ਕੋਲੈਸਟ ?ਰੋਲ ਦਾ ਪੱਧਰ ਜ਼ਿਆਦਾ ਹੁੰਦਾ ਹੈ।

**.ਗੈਰ-ਜ਼ਰੂਰੀ ਕਾਰਨ :** ਜਮਾਂਦਰੂ ਕਾਰਨਾਂ ਕਰਕੇ ਵੀ ਲੋਕਾਂ ਨੂੰ ਹਾਈ ਕੋਲੈਸਟ੍ਰੋਲ ਦੀ ਸਮੱਸਿਆ ਹੁੰਦੀ ਹੈ। ਵਿਰਾਸਤ ਵਿਚੋਂ ਮਿਲੇ ਹਾਈ ਕੋਲੈਸਟ ?ਰੋਲ ਦਾ ਵੀ ਇਕ ਕਾਰਨ ਹੈ।

**ਕੋਲੈਸਟ੍ਰੋਲ ਵਧਣ ਦੇ ਲੱਛਣ :** ਆਮ ਤੌਰ 'ਤੇ ਕੋਲੈਸਟ੍ਰੋਲ ਵਧਣ ਦੇ ਕਿਸੇ ਤਰ੍ਹਾਂ ਦੇ ਕੋਈ ਖ਼ਾਸ ਲੱਛਣ ਨਹੀਂ ਹੁੰਦੇ ਹਨ। ਸਰੀਰ ਵਿਚ ਕੋਲੈਸਟ ?ਰੋਲ ਦੀ ਮਾਤਰਾ ਕਿੰਨੀ ਹੈ, ਇਹ ਕੋਲੈਸਟ੍ਰੋਲ ਟੈਸਟ ਤੋਂ ਹੀ ਸਪੱਸ਼ਟ ਹੋ ਸਕਦੀ ਹੈ। ਹਾਂ, ਜੇਕਰ ਕਿਸੇ ਨੂੰ ਲੰਮੇ ਸਮੇਂ ਤੱਕ ਹਾਈ ਕੋਲੈਸਟ੍ਰੋਲ ਦੀ ਸਮੱਸਿਆ ਹੈ ਤਾਂ ਉਸ ਨੂੰ ਦਿਲ

**ਡਾ. ਰੂਪ ਕੁਮਾਰ ਬੈਨਰਜੀ**

ਦਾ ਰੋਗ ਜਿਵੇਂ ਸੀਨੇ ਵਿਚ ਦਰਦ, ਦਿਲ ਦਾ ਦੌਰਾ ਅਤੇ ਸਟ੍ਰੋਕ ਹੋਣ ਦਾ ਜੋਖ਼ਮ ਜ਼ਿਆਦਾ ਹੋ ਸਕਦਾ ਹੈ। ਕੁਝ ਮਾਮਲਿਆਂ ਬਾਰੇ ਪਤਾ ਹੁੰਦਾ ਹੈ। ਇਹੀ ਕਾਰਨ ਹੈ ਕਿ ਸਮੇਂ-ਸਮੇਂ 'ਤੇ ਕੋਲੈਸਟ੍ਰੋਲ ਟੈਸਟ ਲਈ ਖ਼ੂਨ ਟੈਸਟ ਕਰਾਉਣ ਦੀ ਸਲਾਹ ਦਿੱਤੀ ਜਾਂਦੀ ਹੈ।


**ਕੋਲੈਸਟ੍ਰੋਲ ਵਿਚ ਕੀ ਖਾਣਾ ਚਾਹੀਦਾ ਹੈ ਅਤੇ ਕੀ ਨਹੀਂ ਖਾਣਾ ਚਾਹੀਦਾ**

ਚਾਹੇ ਕੋਲੈਸਟ੍ਰੋਲ ਨੂੰ ਕੰਟਰੋਲ ਵਿਚ ਰੱਖਣਾ ਹੋਵੇ ਜਾਂ ਫਿਰ ਵਧੇ ਹੋਏ ਕੋਲੈਸਟ੍ਰੋਲ ਨੂੰ ਘੱਟ ਕਰਨਾ ਹੋਵੇ, ਦੋਵਾਂ ਹੀ ਹਾਲਤਾਂ ਵਿਚ ਸਹੀ ਅਤੇ ਪੌਸ਼ਟਿਕ ਭੋਜਨ ਅਹਿਮ ਭੂਮਿਕਾ ਨਿਭਾਉਂਦਾ ਹੈ।

**ਫਾਈਬਰ ਵਾਲੇ ਭੋਜਨ ਦੀ ਵਰਤੋਂ :** ਘੁਲਣਸ਼ੀਲ ਫਾਈਬਰ ਵਾਲੇ ਖਾਣ ਵਾਲੇ ਪਦਾਰਥਾਂ ਦੀ ਵਰਤੋਂ ਕਰਨ ਨਾਲ ਕੋਲੈਸਟ੍ਰੋਲ ਨੂੰ ਘੱਟ ਕੀਤਾ ਜਾ ਸਕਦਾ ਹੈ। ਇਹ ਕੋਲੈਸਟ੍ਰੋਲ ਨੂੰ ਅਵਸ਼ੋਸ਼ਿਸਤ ਹੋਣ ਤੋਂ ਰੋਕਦੇ ਹਨ। ਕੋਲੈਸਟ੍ਰੋਲ ਘੱਟ ਕਰਨ ਵਿਚ ਫਾਈਬਰ ਵਿਚ ਸਾਬਤ ਅਨਾਜ, ਦਲੀਆ ਅਤੇ ਜਈ ਮਦਦ ਕਰ ਸਕਦੇ ਹਨ। ਇਨ੍ਹਾਂ ਤੋਂ ਇਲਾਵਾ ਫਲਾਂ ਵਿਚ ਸੇਬ, ਕੇਲਾ, ਸੰਤਰਾ, ਨਾਸ਼ਪਾਤੀ ਅਤੇ ਸੁੱਕੇ ਬੇਰ ਦੀ ਵਰਤੋਂ ਕਰਕੇ ਕੋਲੈਸਟ ?ਰੋਲ ਦੇ ਪੱਧਰ ਨੂੰ ਵਧਣ ਤੋਂ ਰੋਕਿਆ ਜਾ ਸਕਦਾ ਹੈ। ਕੋਲੈਸਟ੍ਰੋਲ ਨੂੰ ਕੰਟਰੋਲ ਕਰਨ ਵਿਚ ਕਿਡਨੀ ਬੀਨਸ, ਦਾਲ, ਛੋਲੇ, ਕਾਲੇ ਮਟਰ ਅਤੇ ਲਿਮਾ ਬੀਨਸ ਵੀ ਸੀਮਤ ਮਾਤਰਾ ਵਿਚ ਲੈਣ ਨਾਲ ਲਾਭ ਮਿਲ ਸਕਦਾ ਹੈ।

**ਮੌਸਮੀ ਸਬਜ਼ੀਆਂ ਅਤੇ ਫਲਾਂ ਦੀ ਕਰੋ ਵਰਤੋਂ :** ਫਲਾਂ ਦੇ ਨਾਲ ਹੀ ਸਬਜ਼ੀਆਂ ਵੀ ਕੋਲੈਸਟ੍ਰੋਲ ਨੂੰ ਕੰਟਰੋਲ ਕਰਨ ਵਿਚ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ। ਇਹ ਸਰੀਰ ਵਿਚ ਕੋਲੈਸਟ ?ਰੋਲ ਨੂੰ ਘੱਟ ਕਰਨ ਵਿਚ ਮਦਦ ਕਰ ਸਕਦੀਆਂ ਹਨ।

ਓਮੇਗਾ-3 : ਫੈਟੀ ਐਸਿਡ ਵਾਲੇ ਖਾਣ ਵਾਲੇ ਪਦਾਰਥਾਂ ਦੀ ਵਿਸ਼ੇਸ਼ ਤੌਰ 'ਤੇ ਵਰਤੋਂ ਕਰੋ। ਓਮੇਗਾ-3 ਫੈਟੀ ਐਸਿਡ ਹਾਨੀਕਾਰਕ (ਐਲ.ਡੀ.ਐਲ.) ਕੋਲੈਸਟ ?ਰੋਲ ਦੇ ਪੱਧਰ ਨੂੰ ਘੱਟ ਕਰਨ ਦੇ ਨਾਲ ਹੀ ਐਚ.ਡੀ.ਐਲ. ਕੋਲੈਸਟ ?ਰੋਲ (ਚੰਗੇ ਕੋਲੈਸਟ ?ਰੋਲ) ਦੇ ਪੱਧਰ ਨੂੰ ਵਧਾਉਣ ਵਿਚ ਮਦਦ ਕਰ ਸਕਦਾ ਹੈ। ਓਮੇਗਾ-3 ਫੈਟੀ ਐਸਿਡ ਲਈ ਮੱਛੀ, ਮੱਛੀ ਦੇ ਤੇਲ, ਚੀਆ ਸੀਡਜ਼, ਅਲਸੀ ਦਾ ਤੇਲ, ਅਖਰੋਟ, ਕਨੋਲਾ ਤੇਲ, ਸੋਇਆ ਤੇਲ, ਸੋਇਆਬੀਨ ਅਤੇ ਟੋਫੂ ਚੰਗੇ ਸਰੋਤ ਹੋ ਸਕਦੇ ਹਨ।



**ਕੋਲੈਸਟ੍ਰੋਲ ਵਧਾਉਣ ਵਾਲੇ ਖਾਣ ਵਾਲੇ ਪਦਾਰਥਾਂ ਤੋਂ ਬਚੋ :** ਇਕ ਦਿਨ ਵਿਚ ਕੋਲੈਸਟ੍ਰੋਲ ਦਾ ਪੱਧਰ 200 ਮਿਲੀਗ੍ਰਾਮ ਤੋਂ ਘੱਟ ਹੋਣਾ ਚਾਹੀਦਾ ਹੈ। ਮਾਸ ਵਿਚ ਕੋਲੈਸਟ੍ਰੋਲ ਦੀ ਮਾਤਰਾ ਜ਼ਿਆਦਾ ਪਾਈ ਜਾਂਦੀ ਹੈ। ਇਸ ਤੋਂ ਇਲਾਵਾ ਅੰਡੇ ਦੀ ਜਰਦੀ, ਝੀਂਗਾ ਮੱਛੀ ਅਤੇ ਡੇਅਰੀ ਉਤਪਾਦਾਂ ਵਿਚ ਕੋਲੈਸਟ੍ਰੋਲ ਜ਼ਿਆਦਾ ਹੋ ਸਕਦਾ ਹੈ। ਇਸ ਲਈ ਇਨ੍ਹਾਂ ਦੀ ਵਰਤੋਂ ਸੀਮਤ ਮਾਤਰਾ ਵਿਚ ਕਰਨੀ ਚਾਹੀਦੀ ਹੈ।

**ਅਲਕੋਹਲ ਦੀ ਵਰਤੋਂ ਨਾ ਕਰੋ :** ਅਲਕੋਹਲ ਦੀ ਵਰਤੋਂ ਸਰੀਰ ਵਿਚ ਵਾਧੂ ਕੈਲੋਰੀ ਵਧਾ ਸਕਦੀ ਹੈ। ਇਸ ਦੀ ਵਜ੍ਹਾ ਕਰਕੇ ਵਜ਼ਨ ਵਧਦਾ ਹੈ ਅਤੇ ਵਜ਼ਨ ਵਧਣ 'ਤੇ ਐਲ.ਡੀ.ਐਲ. ਦਾ ਪੱਧਰ ਵੀ ਵਧਣ ਲਗਦਾ ਹੈ। ਨਾਲ ਹੀ ਵਧਦਾ ਵਜ਼ਨ ਚੰਗੇ (ਐਚ.ਡੀ.ਐਲ.) ਕੋਲੈਸਟ੍ਰੋਲ ਦੇ ਪੱਧਰ ਨੂੰ ਘੱਟ ਕਰ ਸਕਦਾ ਹੈ। ਅਲਕੋਹਲ ਦੀ ਵਰਤੋਂ ਕੋਲੈਸਟ੍ਰੋਲ ਦੇ ਨਾਲ ਹੀ ਦਿਲ ਨਾਲ ਸੰਬੰਧਿਤ ਬਿਮਾਰੀਆਂ ਦਾ ਖ਼ਤਰਾ ਵੀ ਵਧਾ ਸਕਦੀ ਹੈ।

**ਨਮਕ ਦੀ ਮਾਤਰਾ ਸੀਮਤ ਕਰੋ :** ਨਮਕ ਭਾਵ ਸੋਡੀਅਮ ਦੀ ਮਾਤਰਾ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਕ ਦਿਨ ਵਿਚ 2300 ਮਿਲੀਗ੍ਰਾਮ (ਲਗਭਗ 1 ਚਮਚ) ਨਮਕ ਤੋਂ ਜ਼ਿਆਦਾ ਨਹੀਂ ਖਾਣਾ ਚਾਹੀਦਾ। ਨਮਕ ਸੀਮਤ ਕਰਨ ਨਾਲ ਕੋਲੈਸਟ੍ਰੋਲ ਘੱਟ ਨਹੀਂ ਹੋਵੇਗਾ, ਪਰ ਇਹ ਬਲੱਡ ਪ੍ਰੈਸ਼ਰ ਨੂੰ ਘੱਟ ਕਰਕੇ ਦਿਲ ਰੋਗਾਂ ਦੇ ਜੋਖ਼ਮ ਨੂੰ ਘੱਟ ਕਰ ਸਕਦਾ ਹੈ।

**ਕੋਲੈਸਟ੍ਰੋਲ ਤੋਂ ਬਚਾਅ**

**ਵਜ਼ਨ ਨੂੰ ਕੰਟਰੋਲ ਕਰੋ :** ਕੋਲੈਸਟ ?ਰੋਲ ਦੀ ਸਮੱਸਿਆ ਤੋਂ ਬਚਣ ਲਈ ਵਧਦੇ ਹੋਏ ਵਜ਼ਨ ਨੂੰ ਕੰਟਰੋਲ ਕਰਨਾ ਜ਼ਰੂਰੀ ਹੁੰਦਾ ਹੈ ਕਿਉਂਕਿ ਮੋਟਾਪਾ ਕੋਲੈਸਟ੍ਰੋਲ ਵਧਣ ਦੇ ਲੱਛਣਾਂ ਵਿਚੋਂ ਇਕ ਹੋ ਸਕਦਾ ਹੈ। ਇਸ ਤੋਂ ਬਚਣ ਲਈ ਵਾਧੂ ਚਰਬੀ ਵਾਲੇ ਖਾਣ ਵਾਲੇ ਪਾਦਰਥਾਂ ਦੀ ਵਰਤੋਂ ਸੀਮਤ ਕਰਨੀ ਚਾਹੀਦੀ ਹੈ।

**ਕਸਰਤ ਅਤੇ ਯੋਗ :** ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਯੋਗ ਅਤੇ ਕਸਰਤ ਦੇ ਨਾਲ ਹੀ ਸਰੀਰਕ ਸਰਗਰਮੀਆਂ ਵੱਲ ਵੀ ਧਿਆਨ ਦੇਣਾ ਵੀ ਜ਼ਰੂਰੀ ਹੁੰਦਾ ਹੈ। ਇਹ ਨਾ ਸਿਰਫ਼ ਮੋਟਾਪੇ ਨੂੰ ਘੱਟ ਕਰਨਗੀਆਂ ਸਗੋਂ ਕੋਲੈਸਟ ?ਰੋਲ ਨੂੰ ਕੰਟਰੋਲ ਕਰਨ ਦੇ ਨਾਲ ਹੀ ਇਸ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਵੀ ਦੂਰ ਕਰਨ ਵਿਚ ਮਦਦ ਕਰ ਸਕਦੀਆਂ ਹਨ।

# ਮੇਲਾ ਤਾਂ ਛਪਾਰ ਲੱਗਦਾ...



ਜਗਜੀਤ ਸਿੰਘ ਲੋਹਟਬੱਦੀ

ਸਤੰਬਰ ਦਾ ਮਹੀਨਾ ਆਚੜਿਐ, ਪੰਜਾਬ ਨੂੰ ਛਪਾਰ ਦੇ ਮੇਲੇ ਦਾ ਚਾਅ ਚੜਿਐ। ਮਰਹੂਮ ਸ਼੍ਰੋਮਣੀ ਕਵੀ ਸ਼ਰਫ਼ਜ਼ਲ ਦੀਨ ਲੋਹਟਬੱਦੀ ਦੇ ਫ਼ਰਜੰਦ ਨੇਕ ਨੇ ਤੂੰਬੇਦੀ ਤਾਰ ਕੱਸੀਐ ਅਤੇ ਨਵਜੋਤ ਜਰਗ ਨੇ ਸਾਰੰਗੀ ਦੀਆਂ। ਗੁਲਜ਼ਾਰ ਦੇ ਅਲਗੋਜ਼ਿਆਂ ’ਤੇ ਲੋਗੜੀ ਦੇ ਰੰਗ ਬਰੰਗੇ ਫੁੱਲ ਨੱਚਣ ਲੱਗੇ ਨੇਗ ਮੰਡੇਰ ਭਰਾ ਢੋਲ’ਤੇ ਡਗਾਲਾਉਣ ਨੂੰ ਤਿਆਰ ਨੇ! ਛਪਾਰ ਦਾ ਆਲ਼ਾ ਦੁਆਲਾ ਮਹਿਕਣ ਲੱਗਿਐ ਤੇ ਉਡੀਕਣ ਲੱਗਿਆ, ਮੇਲੇ ਵਾਲੇ ਮੇਲੀਆਂ ਨੂੰ। ਕੋਈ ਵਿਰਲਾ ਘਰ ਹੀ ਹੋਵੇਗਾ, ਜਿੱਥੇ ਬਰੂਹਾਂ ’ਤੇ ‘ਜੀ ਆਇਆਂ’ ਨਾ ਲਿਖਿਆ ਹੋਵੇ। ਪਹਿਲੀ ਗੁੱਗਾ ਨੌਮੀ ਤੋਂ ਗੁੱਗੇ ਪੀਰ ਦੀਆਂ ਭੇਟਾਂ ਗਾ ਗਾ ਭਗਤਾਂ ਨੇ ਪਿੰਡਾਂ ਵਿਚ ਅਲਖ ਜਗਾਈ ਐ। ਮੇਲੇ ਵਿਚ 5 ਸਤੰਬਰ ਤੋਂ 9 ਸਤੰਬਰ ਤੱਕ ਪੰਜਾਬ ਦੇ ਸੱਭਿਆਚਾਰ, ਵਿਰਸੇ, ਰਾਜਨੀਤੀ ਅਤੇ ਧਰਮ ਦੀਆਂ ਗੂੰਜਾਂ ਪੈਣਗੀਆਂ।

ਛਪਾਰ ਦਾ ਮੇਲਾ ਪੰਜਾਬ ਦਾਸ ਭਰ ਤੋਂ ਵੱਡਾ ਅਤੇ ਵਿਲੱਖਣ ਮੇਲਾ ਕਹਾਉਂਦੈ। ਭਾਦੋਂ ਮਹੀਨੇ ਦੀ ਚਾਨਣੀ ਚੌਂਦੇ ਨੂੰ ਗੁੱਗਾ ਪੀਰ ਦੀ ਮਾੜੀ ’ਤੇ ਲਗਦੇ ਇਸ ਮੇਲੇ ਦਾ ਇਤਿਹਾਸ ਪੁਰਾਣੈ। ਤਕਰੀਬਨ 150 ਸਾਲ ਹੋ ਚੁੱਕੇ ਨੇ ਮੇਲਾ ਲਗਦਿਆਂ। 1890 ਈ. ਵਿਚ ਬਣੀ ਇਸ ਮਾੜੀ ’ਤੇਪਹੁੰਚ ਅੱਜ ਵੀ ਸ਼ਰਧਾਲੂ ਮੱਥਾ ਟੇਕਦੇ ਨੇ। ਇਸਦੇ ਵਿਸ਼ਾਲ ਗੁੰਬਦ ਵਿਚਲੇ ਕੰਧ ਚਿੱਤਰਾਂ ਵਿਚ ਸਾਡੇ ਸੱਭਿਆਚਾਰ ਦੀਆਂ ਅਨਮੋਲ ਨਿਸ਼ਾਨੀਆਂ ਉੱਕਰੀਆਂ ਹੋਈਆਂ ਨੇ। ਲੁਧਿਆਣਾ ਸ਼ਹਿਰ ਤੋਂ 28 ਕਿਲੋਮੀਟਰ ਅਤੇ ਮੰਡੀ ਅਹਿਮਦਗੜ੍ਹ ਤੋਂ 2 ਕਿਲੋਮੀਟਰ ਪੱਛਮ ਵੱਲ ਪਿੰਡ ਲਤਾਲਾ, ਰਛੀਨ, ਮਹੇਰਨਾ, ਦਹਿਲੀਜ਼ ਅਤੇ ਰਸੂਲਪੁਰ ਦੇ ਸੰਗਮ ਤੇ ਬਣੀ ਇਹ ਵਿਸ਼ਾਲ ਇਬਾਦਤਗਾਹ ਦੂਰੋਂ ਨਜ਼ਰ ਆਉਂਦੀ ਐ ਤੇ ਪੰਜਾਬੀਆਂ ਦੇ ਸਦੀਆਂ ਪੁਰਾਣੇ ਸਾਂਝੀਵਾਲਤਾ ਦੇ ਸੁਨੇਹੇ ਦੀ ਚਸ਼ਮਦੀਦ ਗਵਾਹ ਹੈ।

ਪੰਜਾਬ ਮੇਲਿਆਂ ਦਾ ਦੇਸ਼ ਐ। ‘ਮੇਲਾ’ ਸੰਸਕ੍ਰਿਤ ਦਾ ਸ਼ਬਦ ਹੈ ਜਿਸਦਾ ਅਰਥ ਹੈ- ਇਕੱਠ। ਰਿਸ਼ੀਆਂ ਮੁਨੀਆਂ, ਪੀਰਾਂ ਫ਼ਕੀਰਾਂ ਦੀ ਇਸ ਧਰਤੀ ’ਤੇ ਖ਼ੁਸ਼ੀਆਂ ਖੇੜਿਆਂ ਦੇ ਅਨੇਕਾਂ ਮੇਲੇ ਲਗਦੇ ਹਨ। ਮੇਲ-ਜੋਲ ਤਾਂ ਪੰਜਾਬੀਆਂ ਦੇ ਖ਼ੂਨ ਵਿਚ ਵਸਿਆ ਹੋਇਐ, ਜਿੱਥੇ ਉਹ ਆਪਣੇਪੁਰਾਤਨ ਸੱਭਿਆਚਾਰ ਦੇ ਅਮੀਰ ਅਤੇ ਰੰਗਲੇ ਵਿਰਸੇ ਦੀ ਯਾਦ ਨੂੰ ਤਰੋ-ਤਾਜ਼ਾ ਕਰਦੇ ਨੇ। ਉੱਘੇ ਲੋਕ-ਧਾਰਾ ਚਿੰਤਕ ਸੁਖਦੇਵ ਮਾਦਪੁਰੀ ਦਾ ਕਥਨ ਹੈ: ਇਹ ਉਹ ਅਖਾੜੇ ਹਨ, ਜਿੱਥੇ ਪੰਜਾਬੀ ਆਪਣੀ ਕਠੋਰ ਤੇ ਹੱਡ ਭੰਨਵੀਂ ਜ਼ਿੰਦਗੀ ਨੂੰ ਭੁੱਲ ਕੇ ਖਿੜਵੇਂ ਰੌਂ ਵਿਚ ਪ੍ਰਗਟ ਹੁੰਦੇ ਹਨ। ਇਹ ਲੋਕ ਮਾਨਸਿਕਤਾ ਦਾ ਆਪ ਮੁਹਾਰਾ ਪ੍ਰਵਾਹ ਹਨ, ਜਿੱਥੇ ਪੰਜਾਬ ਦੀ ਨੱਚਦੀ ਗਾਉਂਦੀ ਸੰਸਕ੍ਰਿਤੀ ਸਾਫ਼ ਨਜ਼ਰ ਆਉਂਦੀ ਹੈ।

ਸ਼ਰਧਾਲੂ ਮਾੜੀ ’ਤੇ ਆਕੇ ਆਪਣੇ ਪਰਿਵਾਰ ਤੇ ਪਸ਼ੂਆਂ ਦੀ ਸੁੱਖ ਮੰਗਦੇ ਹਨ। ਇਥੇ ਪਤਾਸਿਆਂ, ਸੇਵੀਆਂ ਤੇ ਖਿੱਲਾਂ ਦਾ ਪ੍ਰਸ਼ਾਦ ਗੁੱਗੇ ਨੂੰ ਭੇਟ ਕੀਤਾ ਜਾਂਦਾ ਹੈ। ਮੇਲੇ ਦਾ ਪਹਿਲਾ ਅਤੇ ਪੰਜਵਾਂ ਦਿਨ ਔਰਤਾਂ ਲਈ ਰਾਖਵਾਂ ਰੱਖਿਆ ਜਾਂਦਾ ਹੈ। ਮੱਧ ਵਾਲੇ ਦਿਨ ਮੇਲਾ ਸਿਖਰ ’ਤੇ ਪਹੁੰਚ ਜਾਂਦਾ ਹੈ, ਜਿੱਥੇ ਰਾਜਨੀਤਕ ਕਾਨਫ਼ਰੰਸਾਂ ਆਪਣੇ ਅਗਲੇਰੇ ਕਦਮਾਂ ਦਾ ਮੁੱਢ ਬੰਨ੍ਹਦੀਆਂ ਹਨ।

ਵੱਡੇ ਮੇਲੇ ਤੋਂ ਇਕ ਮਹੀਨੇ ਬਾਅਦ ਛੋਟਾ ਮੇਲਾ ਵੀ ਸਜਾਇਆ ਜਾਂਦਾ ਹੈ। ਇਸਦਾ ਕਥਾਨਕ ਇਹ ਹੈ ਕਿ ਵੀਹਵੀਂ ਸਦੀ ਦੇ ਸ਼ੁਰੂ ਵਿਚ ਰਾਜੇ ਨੇ ਕੁੱਝ ਕਿਸਾਨਾਂ ਦੀ ਸ਼ਿਕਾਇਤ ’ਤੇ ਮੇਲੇ ’ਤੇ ਪਾਬੰਦੀ ਲਗਾ ਦਿੱਤੀ। ਰਾਜੇ ਨੇ ਇਸ ਮੇਲੇ ਨੂੰ ਫਿਰ ਤੋਂ ਲਗਾਉਣ ਦੀ ਆਗਿਆ ਦਿੱਤੀ ਅਤੇ ਇਸੇ ਸਥਾਨ ’ਤੇ ਛੋਟਾ ਮੇਲਾ ਵੀ ਸ਼ੁਰੂ ਕਰਵਾਇਆ। ਮੇਲੇ ਦੇ ਦਿਨਾਂ ਵਿਚ ਇੱਥੇ ਮੋਢੇ ਨਾਲ ਮੋਢਾ ਖਹਿੰਦੈ, ਪਰ ਮੇਲੇ ਦੀ ਸਮਾਪਤੀ ਪਿੱਛੋਂ ਇੰਨਾ ਵੱਡਾ ਮੈਦਾਨ ਦੇਖ ਕੇ ਯਕੀਨ ਨਹੀਂ ਹੁੰਦਾ ਕਿ ਇੱਥੇ ਕਦੇ ਇੱਡਾ ਵੱਡਾ ਮੇਲਾ ਭਰਿਆ ਸੀ।

ਛਪਾਰ ਦਾ ਮੇਲਾ ਸਾਡੇ ਸੱਭਿਆਚਾਰ ਕਵਿ ਹਾਰਾਂ ਦਾ ਸੁੰਦਰ ਗੁਲਦਸਤਾ ਹੈ। ਗੁੱਗਾ ਪੀਰ ਨੂੰ ਪੰਜਾਬ ਤੋਂ ਇਲਾਵਾ ਹਰਿਆਣਾ, ਹਿਮਾਚਲ, ਉੱਤਰੀ ਰਾਜਸਥਾਨ, ਜੰਮੂ ਅਤੇ ਗੁਜਰਾਤ ਵਿਚ ਵੀ ਪੂਜਣ ਯੋਗ ਸਥਾਨ ਹਾਸਲ ਹੈ। ਪਰ ਜੋ ਪ੍ਰਸਿੱਧੀ ਇਸ ਨੂੰ ਪੰਜਾਬ ਵਿਚ ਮਿਲੀ ਹੈ, ਉਹ ਅਦਭੁੱਤ ਹੈ। ਮੇਲੇ ਤੋਂ ਕਈ ਕਈ ਦਿਨ ਪਹਿਲਾਂ ਘਰਾਂ ਵਿਚ ਮਹਿਮਾਨ ਨਿਵਾਜ਼ੀ ਲਈ ਤਿਆਰੀਆਂ ਹੋਣ ਲੱਗ ਜਾਂਦੀਆਂ ਨੇ। ਸਕੂਲਾਂ, ਕਾਲਜਾਂ ਤੇ ਹੋਰ ਸੰਸਥਾਨਾਂ ਵਿਚ ਛੁੱਟੀ ਵਾਲਾ ਮਾਹੌਲ ਬਣ ਜਾਂਦੈ। ਸਾਰੇ ਰਾਹ ਮੇਲਾ ਛਪਾਰ ਵੱਲ ਜਾਂਦੇ ਲਗਦੇ ਨੇ। ਪੈਦਲ, ਸਾਈਕਲ, ਕਾਰਾਂ, ਟਰੈਕਟਰ, ਘੋੜੇ, ਊਠ ਮੇਲੇ ਨੂੰ ਅਹੁਲਦੇ ਨੇ। ਗੱਭਰੂਆਂ ਦੀਆਂ ਢਾਣੀਆਂ ਧੂਹਵੇਂ ਚਾਦਰੇ ਪਾ, ਗਲੀਂ ਕੈਂਠੇ ਸਜਾ ਤੇ ਮਾਵੇ ਵਾਲੀਆਂ ਪੱਗਾਂ ਬੰਨ੍ਹ ਕੇ ਬੋਲੀਆਂ ਪਾਉਂਦੇ ਮੇਲੇ ਵਿਚ ਪਹੁੰਚਦੇ ਹਨ। ਚੰਡੋਲ, ਪੰਘੂੜੇ, ਸਰਕਸਾਂ ਰੰਗ ਬੰਨ੍ਹਦੇ ਨੇ। ਰਾਜਨੀਤਕ ਪਾਰਟੀਆਂ ਮੇਲੇ ਦੇ ਇਕੱਠ ’ਚੋਂ ਆਪਣੀਆਂ ਵੋਟਾਂ ਭਾਲਦੀਆਂ ਨੇ। ਜਲੇਬੀਆਂ, ਪਕੌੜੇ, ਖਜਲਾ ਅਤੇ ਖਿਡੌਣਿਆਂ ਦੀਆਂ ਦੁਕਾਨਾਂ ’ਤੇ ਭੀੜ ਲੱਗੀ ਹੁੰਦੀਆ। ਚਾਰੇ ਪਾਸੇ ਹੁਲਾਸ ਦਾ ਮਾਹੌਲ ਨਜ਼ਰੀਂ ਪੈਂਦੈ।

ਜਿਉਂ ਜਿਉਂ ਦਿਨ ਢਲਦੈ, ਮੇਲੇ ਨੂੰ ਰੂਪ ਚੜ੍ਹਦੈ। ਪਹਿਲਵਾਨਾਂ ਦੇ ਅਖਾੜੇ, ਛਿੰਝਾਂ ਤਕੜੇ ਜੁੱਸਿਆਂ ਨੂੰ ਲਲਕਾਰਦੇ ਹਨ। ਚੌੜੀਆਂ ਛਾਤੀਆਂ ’ਤੇ ਲਿਸ਼ ਲਿਸ਼ ਕਰਦੇ ਸਰੀਰ ਦੇਖਕੇ ਚੋਬਰਾਂ ਦੇ ਮੂੰਹੋਂ ‘ਵਾਹ ਬਈ ਵਾਹ’ ਮੱਲੋ-ਮੱਲੀ ਨਿੱਕਲ ਜਾਂਦੀ ਐ। ਨਸ਼ਿਆਂ ਵਲੋਂ ਧਿਆਨ ਹਟਾ ਕੇ ਜਵਾਨਾਂ ਨੂੰ ਸੁਚੱਜੇ ਰਾਹ ਤੋਰਨ ਦਾ ਇਕ ਜ਼ਰ੍ਹੀਆ ਬਣਦੈ। ਟਿਕੀ ਰਾਤ ਨੂੰ ਗੱਭਰੂਆਂ ਦੀਆਂ ਟੋਲੀਆਂ ਬੋਲੀਆਂ ਅਤੇ ਮਲਵਈ ਗਿੱਧੇ ਨਾਲ ਧਮੱਚੜ ਪੱਟਦੀਆਂ ਨੇ ਤਾਂ ਇਉਂ ਲੱਗਦੈ ਜਿਵੇਂ ਸਮਾਂ ਬੰਨ੍ਹ ਲਿਆ ਹੋਵੇ। ਅਰਾਧਨਾ ਤੋਂ ਮਗਰੋਂ ਬੋਲੀਆਂ ਟੱਪਿਆਂ ਨਾਲ ਮਾਹੌਲ ਰੰਗੀਨ ਬਣ ਜਾਂਦਾ ਤੇ ਤਾਰਿਆਂ ਦੀਆਂ ਖਿੱਤੀਆਂ ਦੇ ਖਿਸਕਣ ਦਾ ਚਿੱਤ ਚੇਤਾ ਹੀ ਨਹੀਂ ਰਹਿੰਦਾ:

ਸਾਡੇ ਪਿੰਡ ਦੇ ਮੁੰਡੇ ਵੇਖ ਲਓ,  
ਜਿਉਂ ਟਾਹਲੀ ਦੇ ਪਾਵੇ  
ਕੰਨੀਦਾਰ ਮੁੰਡੇ ਬੰਨ੍ਹਦੇ ਚਾਦਰੇ,  
ਪਿੰਜਣੀ ਨਾਲ ਸੁਹਾਵੇ  
ਭੰਗੜਾ ਪਾਉਂਦਿਆਂਦੀ,  
ਸਿਫ਼ਤ ਕਰੀ ਨਾ ਜਾਵੇ।

ਰਾਤਾਂ ਨੂੰ ਇਸਤਰੀਆਂ ਵਾਲੇ ਲਿਬਾਸ ਪਾ ਕੇ ਜਦੋਂ ਨਚਾਰ ਪੈਲਾਂ ਪਾਉਂਦੇ ਨੇ ਤਾਂ ਪੰਜਾਬੀਆਂ ਦੇ ਬੁੱਲ੍ਹਾਂ ਤੇ ਹਾਸਾ ਠਣ ਕਦੈ। ਗਮੰਤਰੀਆਂ ਦੀਆਂ ਢੱਡ ਸਾਰੰਗੀਆਂ ਮੇਲੇ ਦੇ ਰੂਪ ਨੂੰ ਹੋਰ ਨਿਖਾਰਦੀਆਂ ਹਨ। ਕਿੱਸੇ ਹੀਰ ਰਾਂਝਾ, ਪੂਰਨ ਭਗਤ, ਇੰਦਰਬੇਗੋ, ਰਾਜਾ ਰਸਾਲੂ, ਸੁੱਚੇ ਸੂਰਮੇ ਜਿੱਥੇ ਜੋਸ਼ ਨਾਲ ਭਰ ਦਿੰਦੇ ਹਨ, ਉੱਥੇ ਨਵੀਂ ਪੀੜ੍ਹੀ ਨੂੰ ਆਪਣੇ ਅਲੋਪ ਹੋ ਰਹੇ ਕੀਮਤੀ ਵਿਰਸੇ ਅਤੇ ਸੱਭਿਆਚਾਰ ਨਾਲ ਵੀ ਜੋੜਦੇ ਨੇ।

ਪੰਜ ਦਿਨ ਲੱਗਣ ਵਾਲੇ ਮੇਲਾ ਛਪਾਰ ਵਿਚ ਪੰਜਾਬ ਨੱਚਦਾ ਗਾਉਂਦਾ ਨਜ਼ਰ ਆਉਂਦੈ ,ਜਿਵੇਂ ਕੁਦਰਤ ਨੇ ਪੰਜਾਬੀਆਂ ਨੂੰ ਖੁੱਲ੍ਹੇ ਦਿਲ ਨਾਲ ਨਿਵਾਜ਼ ਕੇ ਆਪਣੀ ਵਿਸ਼ਾਲਤਾ ਦਾ ਹੀ ਅਹਿਸਾਸ ਕਰਾਇਆ ਹੁੰਦਾ ਹੈ। ਇੱਥੇ ਅਸਮਾਨੀਂ ਪੀਂਘ ਦੇ ਸੱਤੇ ਰੰਗ ਉੱਘੜਦੇ ਨੇ, ਜਿੱਥੇ ਵੀਰਾਂ, ਯੋਧਿਆਂ ਦੀਆਂ ਵਾਰਾਂ ਗਾ ਕੇ ਨਮਨ ਕੀਤਾ ਜਾਂਦੈ, ਉੱਥੇ ਇਸ਼ਕ ਹਕੀਕੀ ਅਤੇ ਇਸ਼ਕ ਮਿਜਾਜ਼ੀ ਦੇ ਆਦਰਸ਼ਾਂ ਨੂੰ ਵੀ ਚੇਤਿਆਂ ਵਿਚ ਉਭਾਰਿਆ ਜਾਂਦਾ ਹੈ। ਮੇਲੇ ਤਾਂ ਜੱਗ ਜਿਊਂਦਿਆਂ ਦੇ ਹੀ ਹੁੰਦੇ ਨੇ। ਸ਼ਾਲਾ! ਇਹ ਖ਼ੁਸ਼ੀਆਂ ਚਿਰ ਸਦੀਵੀ ਰਹਿਣ:

ਮੇਲਿਆਂ ’ਚੋਂ ਮੇਲਾ, ਮੇਲਾਹੈ ਛਪਾਰ ਦਾ  
ਗਾਂਝਿਆਂ ਤੇ ਹੀਰਾਂ ਨੂੰ, ਜੋ ’ਵਾਜ਼ਾਂ ਮਾਰਦਾ।






# ਵਿਆਹ-ਸ਼ਾਦੀ ਦੇ ਬਦਲਦੇ ਅਰਥ



ਸਾਡੇ ਸਮਾਜ ਵਿੱਚ ਵਿਆਹ-ਸ਼ਾਦੀ ਸਬੰਧੀ ਕੁਝ ਟੇਢੇ ਕਥਨ ਪ੍ਰਚੱਲਿਤ ਹਨ। ਸ਼ੇਕਸਪੀਅਰ ਨੇ ਕਿਹਾ ਸੀ, 'ਸ਼ਾਦੀ ਸ਼ੁਦਾ ਮਨੁੱਖ ਆਪਣੇ ਆਪ ਨੂੰ ਬਰਬਾਦ ਕਰ ਲੈਂਦਾ ਹੈ।' ਚੰਗੀ ਸ਼ਾਦੀ 'ਬੋਲ਼ੇ' ਪਤੀ ਅਤੇ 'ਅੰਨ੍ਹੀ' ਪਤਨੀ ਵਿਚਕਾਰ ਹੀ ਸੰਭਵ ਹੈ। ਫਰਾਂਸੀਸੀ ਕਹਾਵਤ ਹੈ- ਮੁਹੱਬਤ 'ਸ਼ਾਦੀ ਦਾ ਸਵੇਰਾ' ਹੈ ਅਤੇ ਸ਼ਾਦੀ 'ਮੁਹੱਬਤ ਦਾ ਸੂਰਜ ਛਿਪਣਾ ਹੈ।' ਇਹ ਵੀ ਕਿਹਾ ਜਾਂਦਾ ਹੈ ਕਿ ਵਿਆਹ ਤੋਂ ਬਾਅਦ ਮਨੁੱਖ ਸੱਤ ਸਾਲ ਹੋਰ ਪਹਿਲਾਂ ਬੁੱਢਾ ਹੋਇਆ ਮਹਿਸੂਸ ਕਰਦਾ ਹੈ। ਵਿਆਹ ਨੂੰ ਢਕੀ ਤਸ਼ਤਰੀ ਵੀ ਕਿਹਾ ਜਾਂਦਾ ਹੈ। ਵਿਆਹ ਇੱਕ ਅਜਿਹਾ ਜੂਆ ਹੈ ਜਿਸ ਵਿੱਚ ਮਰਦ ਆਪਣੀ ਆਜ਼ਾਦੀ ਦਾ ਦਾਅ ਖੇਡਦਾ ਹੈ ਅਤੇ ਔਰਤ ਆਪਣੀ ਖ਼ੁਸ਼ੀ ਨੂੰ ਦਾਅ 'ਤੇ ਲਾਉਂਦੀ ਹੈ। ਵਿਆਹ ਦੇ ਸੰਜੋਗ ਧੁਰ-ਦਰਗਾਹ ਤੋਂ ਲਿਖੇ ਹੁੰਦੇ ਹਨ। ਪੰਜਾਬੀ ਵਿੱਚ ਸੁਣਿਆ ਹੈ-ਢੋਲ ਵੱਜੇ ਘਰ ਲੁੱਟਿਓ ਲੋਕੀਂ ਕਹਿਣ ਵਿਆਹ।

ਸਮਾਂ ਤਾਂ ਆਪਣੇ ਨਿਰੰਤਰ ਵਹਿਣ ਵਿੱਚ ਵਹੀ ਜਾਂਦਾ ਹੈ, ਪ੍ਰੰਤੂ ਜਦੋਂ ਹਾਲਾਤ ਬਦਲਦੇ ਹਨ ਤਾਂ ਕਹਿ ਦਿੰਦੇ ਹਾਂ ਕਿ ਸਮਾਂ ਬਦਲ ਗਿਆ ਹੈ। ਅਸਲ ਵਿੱਚ ਸਮਾਂ ਤਾਂ ਕੇਵਲ ਗਵਾਹ ਹੁੰਦਾ ਹੈ। ਵਿਆਹ-ਸ਼ਾਦੀ ਮਨੁੱਖ ਅਤੇ ਪਰਿਵਾਰ ਦੇ ਜੀਵਨ ਦੀ ਇੱਕ ਬਹੁਤ ਹੀ ਅਹਿਮ ਘਟਨਾ ਹੁੰਦੀ ਹੈ। ਇਸ ਦੀ ਗਵਾਹੀ ਵਿਆਹ ਨੂੰ 'ਸ਼ਾਦੀ' ਕਹੇ ਜਾਣ ਤੋਂ ਪਤਾ ਲੱਗਦਾ ਹੈ। ਸ਼ਾਦੀ ਨੂੰ ਪਰਿਵਾਰ ਵਿੱਚ 'ਖ਼ੁਸ਼ੀ' ਦੇ ਸਮਾਨ ਮੰਨਿਆ ਜਾਂਦਾ ਹੈ। ਅੱਜ 21ਵੀਂ ਸਦੀ ਦੀ ਪਹਿਲੀ ਚੁਥਾਈ ਦੇ ਆਖ਼ਰ ਤੱਕ ਆਉਂਦਿਆਂ ਰਵਾਇਤੀ ਵਿਆਹ ਦੇ ਅਰਥ ਇਨਕਲਾਬੀ ਤਬਦੀਲੀ ਤੱਕ ਪਹੁੰਚ ਗਏ ਹਨ। ਇਨਕਲਾਬੀ ਇਸ ਕਰ ਕੇ ਕਿਉਂਕਿ ਪੁਰਾਤਨ ਵਿਚਾਰ ਹੁਣ ਮੌਜੂਦਾ ਸਮੇਂ ਦੀਆਂ ਸਥਿਤੀਆਂ ਦੇ ਅਨੁਕੂਲ ਨਹੀਂ ਹੋ ਰਹੇ। ਪੁਰਾਣੇ ਵਿਚਾਰਾਂ ਦਾ ਨਵੀਆਂ ਹਾਲਤਾਂ ਨਾਲ ਟਕਰਾਅ ਦੇਖਣ ਨੂੰ ਹੁਣ ਸਹਿਜੇ ਮਿਲ ਜਾਂਦਾ ਹੈ ਜਦੋਂ ਆਂਢ-ਗੁਆਂਢ, ਰਿਸ਼ਤੇਦਾਰੀ ਅਤੇ ਕੋਰਟ ਕਚਹਿਰੀਆਂ ਵਿੱਚ ਵਿਆਹ ਸ਼ਾਦੀ ਦੇ ਮਾਮਲਿਆਂ ਦੀ ਵਧੀ ਹੋਈ ਗਿਣਤੀ ਦੇਖਦੇ ਹਾਂ।

ਲਗਭਗ 25 ਵਰ੍ਹੇ ਪਹਿਲਾਂ ਤੱਕ ਸਾਡੇ ਸਮਾਜ ਵਿੱਚ ਮਰਦਾਂ ਦਾ ਭਾਰੂਪਣ ਸੁਭਾਵਿਕ ਸੀ, ਪ੍ਰੰਤੂ ਔਰਤਾਂ ਵਿੱਚ ਸਿੱਖਿਆ ਅਤੇ ਸਮਾਜਿਕ ਜਾਗਰੂਕਤਾ ਦੇ ਮਾਹੌਲ ਨੇ ਇਹ ਸਮੀਕਰਨ ਬਦਲ ਦਿੱਤਾ ਹੈ। ਕਦੇ ਸਮਾਂ ਸੀ ਜਦੋਂ ਮਾਂ-ਬਾਪ ਬਿਨਾਂ ਧੀ ਨੂੰ ਦਿਖਾਇਆਂ ਹੀ ਮੁੰਡਾ ਲੱਭ ਲੈਂਦੇ ਸਨ। ਹੁਣ ਤਾਂ ਇਹ ਮੁੱਦਾ ਦੇਖਣ ਦੀ ਗੱਲ ਛੱਡੋ ਪਰਖਣ ਦੀ ਨੌਬਤ ਤੱਕ ਆ ਗਿਆ ਹੈ। ਜਿਸ ਉਮਰ ਨੂੰ 50 ਵਰ੍ਹੇ ਪਹਿਲਾਂ ਬੁੱਢੀ ਉਮਰੇ ਵਿਆਹ ਦੀ ਸੰਗਿਆ ਦਿੱਤੀ ਜਾਂਦੀ ਸੀ, ਅੱਜ ਸ਼ਾਦੀ ਦੀ ਉਮਰ 30 ਵਰ੍ਹਿਆਂ ਤੋਂ ਅਕਸਰ ਟੱਪੀ ਮਿਲਦੀ ਹੈ। ਰਵਾਇਤ ਅਨੁਸਾਰ ਲੜਕੀ ਨੂੰ ਵਿਆਹ ਵੇਲੇ ਸਹਿਣ ਕਰਨ ਲਈ ਸਿੱਖਿਆ ਦਿੱਤੀ ਜਾਂਦੀ ਸੀ, ਪ੍ਰੰਤੂ ਅੱਜ ਇਹ ਅਰਥਹੀਣ ਹੋ ਗਈ ਹੈ। ਅਜਿਹਾ ਮਰਦ-ਔਰਤ ਦੀ ਸਮਾਨਤਾ ਵਿੱਚ ਵਾਧੇ ਕਾਰਨ ਸੰਭਵ ਹੋਇਆ ਹੈ।

ਜੇ ਔਰਤ ਨੌਕਰੀ ਨਹੀਂ ਕਰਦੀ ਤਾਂ ਔਰਤ ਦੀ ਘਰ ਦੀ ਮੁਸ਼ੱਕਤ ਦਾ ਕੋਈ ਮੁੱਲ ਨਹੀਂ ਪਾਉਂਦਾ ਜਦੋਂ ਕਿ ਉਸ ਦੀ ਘਰੇਲੂ ਕਿਰਤ ਵੀ ਘਰ-ਬਾਰ ਵਿੱਚ ਪੂਰਾ ਹਿੱਸਾ ਪਾਉਂਦੀ ਹੈ। ਜੇ ਔਰਤ ਵੀ ਨੌਕਰੀ ਪੇਸ਼ਾ ਹੋਵੇ ਫਿਰ ਤਾਂ ਹੋਰ ਵੀ ਅਸੰਤੁਲਨ ਬਣ ਜਾਂਦਾ ਹੈ। ਸਿਆਣਾ ਮਰਦ ਹੀ ਇਸ ਅਸਾਵੇਂਪਣ ਨੂੰ ਆਪਣੇ ਯੋਗਦਾਨ ਨਾਲ ਸਮਤੋਲ ਵਿੱਚ ਲਿਆਉਂਦਾ ਹੈ ਨਹੀਂ ਤਾਂ ਫਿਰ ਘਰ ਦੀ ਕਿਸ਼ਤੀ ਡਗਮਗਾਉਣ ਲੱਗਦੀ ਹੈ। ਇੱਕ ਧਿਰ ਉੱਤੇ ਪਿਆ ਵਾਧੂ ਬੋਝ ਉਸ ਦੀ ਸਿਹਤ ਦੇ ਖਿਲਵਾੜ ਦੇ ਰੂਪ ਵਿੱਚ ਘਰ ਨੂੰ ਚੁਕਾਉਣਾ ਪਵੇਗਾ। ਅੱਜ ਦੀ ਔਰਤ ਇਸ ਮਾਮਲੇ ਵਿੱਚ ਖੁੱਲ੍ਹ ਕੇ ਗੱਲ ਕਰਨ ਲੱਗੀ ਹੈ।

ਬੱਚੇ ਦਾ ਜਨਮ ਅਤੇ ਦੇਖਭਾਲ, ਇਹ ਵਰਤਾਰਾ ਕੁਦਰਤੀ ਤੌਰ 'ਤੇ ਔਰਤ ਦੇ ਹਿੱਸੇ ਆਇਆ ਹੈ। ਭਾਵੇਂ ਕੁਦਰਤ ਨੇ ਉਸ ਨੂੰ ਲੋੜੀਂਦੀ ਸ਼ਕਤੀ ਦਿੱਤੀ ਹੋਵੇਗੀ, ਪਰ ਤਾਂ ਵੀ ਮਰਦ ਦਾ ਪਲੜਾ ਹੌਲਾ ਹੈ। ਬੱਚਿਆਂ ਖਾਤਰ ਔਰਤ ਨੂੰ ਹੀ ਆਪਣੀ ਨੌਕਰੀ ਦੀ ਕੁਰਬਾਨੀ ਕਰਨੀ ਪੈਂਦੀ ਹੈ। ਔਰਤ ਲਈ ਇਹ ਹੋਰ ਵੀ ਜਜ਼ਬਾਤੀ ਘਾਟਾ ਸਿੱਧ ਹੁੰਦਾ ਹੈ। ਉਹ ਸੋਚਣ ਲਈ ਮਜਬੂਰ ਹੁੰਦੀ ਹੈ ਕਿ ਆਖਿਰ ਉਸ ਨੇ ਸ਼ਾਦੀ ਵਿੱਚੋਂ ਕੀ ਖੱਟਿਆ? ਉਹ ਤਾਂ ਸ਼ਾਦੀ ਦਾ ਜਜ਼ਬਾਤੀ ਅਤੇ ਜਿਸਮਾਨੀ ਬੋਝ ਚੁੱਕੀ ਫਿਰਦੀ ਹੈ। ਇਹ ਪੱਖ ਵੀ ਹੁਣ ਔਰਤਾਂ ਨੂੰ ਪਰੇਸ਼ਾਨ ਕਰਨ ਲੱਗਿਆ ਹੈ ਜਿਹੜਾ ਸ਼ਾਦੀ ਦੇ ਅਰਥ ਬਦਲਣ ਵਿੱਚ ਵੱਡਾ ਹਿੱਸਾ ਪਾ ਰਿਹਾ ਹੈ। ਨੀਂਦ ਦੀ ਕੁਰਬਾਨੀ ਅਤੇ ਬੱਚੇ ਦੀ ਦੇਖਭਾਲ ਔਰਤ ਦੇ ਹਿੱਸੇ ਹੀ ਆਉਂਦੀ ਹੈ। ਵਿਆਹ ਤੋਂ ਬਾਅਦ ਪਤਾ ਲੱਗਦਾ ਹੈ ਕਿ ਇਸ ਦੀ ਹੇਠਲੀ ਸਤਵਾ ਵਿੱਚ ਕਿੰਨੀ ਕੁ ਸਾਂਝ ਛਿਪੀ ਹੋਈ ਹੈ।

ਔਰਤਾਂ ਦਾ ਪੜ੍ਹੇ ਲਿਖੇ ਹੋਣਾ ਅਤੇ ਪਹਿਲਾਂ ਨਾਲੋਂ ਕਿਤੇ ਵੱਧ ਆਰਥਿਕ ਤੌਰ 'ਤੇ ਸਵੈ-ਨਿਰਭਰ ਹੋਣ ਕਾਰਨ ਉਨ੍ਹਾਂ ਨੂੰ ਸੁਰੱਖਿਆ, ਘਰ ਅਤੇ ਸਮਾਜਿਕ ਪ੍ਰਵਾਨਗੀ ਲਈ ਸ਼ਾਦੀ ਦੀ ਲੋੜ ਮਹਿਸੂਸ ਨਹੀਂ ਹੁੰਦੀ। ਇਸ ਬਦਲਾਅ ਨੇ ਰਵਾਇਤੀ ਵਿਆਹ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ ਕਿ ਜਿਹੜਾ ਔਰਤਾਂ ਦੀ ਚੋਣ ਅਨੁਸਾਰ ਨਹੀਂ ਹੁੰਦਾ ਸੀ। ਹੁਣ ਉਨ੍ਹਾਂ ਕੋਲ ਚੋਣ ਦੀ ਖੁੱਲ੍ਹ ਹੈ। ਜੇ ਉਨ੍ਹਾਂ ਨੂੰ ਉਨ੍ਹਾਂ ਦੀ ਇੱਛਾ ਅਨੁਸਾਰ ਆਜ਼ਾਦੀ ਅਤੇ ਮਾਣ ਆਦਰ ਨਹੀਂ ਮਿਲਦਾ ਲੱਗਦਾ ਤਾਂ ਬਹੁਤ ਸਾਰੀਆਂ ਵਿਆਹ ਨੂੰ ਪਿੱਛੇ ਪਾ ਰਹੀਆਂ ਹਨ ਜਾਂ ਇਸ ਤੋਂ ਖਹਿੜਾ ਹੀ ਛੁਡਾ ਰਹੀਆਂ ਹਨ।



ਤਲਾਕ ਦੇਣਾ ਹੁਣ ਬੋਝਲ ਨਹੀਂ ਲੱਗਦਾ। ਖ਼ੁਸ਼ ਰਹਿਣਾ ਔਖਾ ਹੈ-ਪਹਿਲੀਆਂ ਪੀੜ੍ਹੀਆਂ ਦੀਆਂ ਔਰਤਾਂ ਲਈ ਤਲਾਕ ਦਾ ਮਤਲਬ ਅਸਫਲ ਹੋਣਾ ਸੀ। ਇਹ ਜ਼ਿੰਦਗੀ ਵਿੱਚ ਫੇਲ੍ਹ ਹੋਣ ਦੇ ਬਰਾਬਰ ਸੀ। ਇੱਕ ਧੱਬਾ ਜਾਂ ਇੱਥੋਂ ਤੱਕ ਕਿ ਕਲੰਕ ਸਮਝਿਆ ਜਾਂਦਾ ਸੀ, ਪ੍ਰੰਤੂ ਹੁਣ ਇਹ ਚੋਭ ਖੁੰਢੀ ਹੋ ਰਹੀ ਹੈ। ਹੁਣ ਔਰਤਾਂ ਆਪਣੀ ਮਾਨਸਿਕ ਸਿਹਤ, ਸੁਰੱਖਿਆ ਅਤੇ ਆਪਣੀ ਦਿੱਖ ਨੂੰ ਪਹਿਲ ਦੇ ਰਹੀਆਂ ਹਨ। ਉਨ੍ਹਾਂ ਨੂੰ ਹੁਣ ਅਹਿਸਾਸ ਹੋ ਗਿਆ ਹੈ ਕਿ ਮਜਬੂਰੀ ਨਾਲ ਵਿਆਹ ਹੰਢਾ ਕੇ ਤੁਹਾਨੂੰ ਕੋਈ ਚੰਗਾ ਨਹੀਂ ਬਣਾ ਦਿੰਦਾ, ਇਹ ਤਾਂ ਕੇਵਲ ਚੁੱਪ ਰਹਿਣ ਲਈ ਮਜਬੂਰ ਕਰਦਾ ਹੈ। ਚੁੱਪ ਰਹਿਣਾ ਵੀ ਕੋਈ ਚੰਗਾ ਗੁਣ ਨਹੀਂ। ਮੁਰਦਾ ਸ਼ਾਂਤੀ ਨਾਲ ਭਰ ਜਾਣਾ ਬਹਾਦਰੀ ਨਹੀਂ ਹੈ। ਤਲਾਕ ਦੀ ਸਥਿਤੀ ਵਿੱਚ ਜ਼ਿਆਦਾ ਜ਼ਿੰਮੇਵਾਰੀ ਔਰਤ ਉੱਤੇ ਹੀ ਸੁੱਟੀ ਜਾਂਦੀ ਸੀ। ਮਰਦਾਂ ਉੱਤੇ ਇਸ ਦਾ ਘੱਟ ਦਬਾਅ ਮੰਨਿਆ ਜਾਂਦਾ ਹੈ। ਵਿਆਹ ਉਪਰੰਤ ਤਲਾਕ ਦਾ ਇਹ ਅਲਿਖਤੀ ਸੰਵਿਧਾਨ ਹੁਣ ਬਦਲ ਰਿਹਾ ਹੈ। ਜ਼ਿਆਦਾਤਰ ਸਥਿਤੀਆਂ ਵਿੱਚ ਤਲਾਕ ਦਾ ਕਾਰਨ ਇੱਕ ਧਿਰ ਨਹੀਂ ਮੰਨੀ ਜਾ ਸਕਦੀ।

ਵਿਆਹ ਵੇਲੇ ਕੁੜੀਆਂ ਨੂੰ ਇਹ ਹੀ ਸਿਖਾ ਕੇ ਭੇਜਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਕਿ ਸਹੁਰੇ ਘਰ ਅਧੀਨਗੀ ਹੀ ਚੰਗੀ ਹੁੰਦੀ ਹੈ। ਹੌਲੀ ਹੌਲੀ ਪੈਰ ਲੱਗ ਜਾਂਦੇ ਹਨ। ਮਰਦ ਅਤੇ ਔਰਤ ਵਿੱਚ ਸਮਾਨਤਾ ਦੇ ਅਹਿਸਾਸ ਨੇ ਹੁਣ ਇਸ ਮਿੱਥ ਨੂੰ ਵੀ ਤੋੜਨ ਦਾ ਕੰਮ ਕੀਤਾ ਹੈ। ਮਰਦ ਪ੍ਰਧਾਨ ਸਮਾਜ ਵਿੱਚ ਔਰਤਾਂ ਸੱਭਿਆਚਾਰਕ ਬੋਝ ਨੂੰ ਝੱਲਦੀਆਂ ਸਨ, ਹੁਣ ਇਹ ਅਸਹਿ ਹੈ। ਹੁਣ ਔਰਤਾਂ ਵਿਆਹ ਵਿੱਚ ਬਰਾਬਰਤਾ, ਸ਼ਾਨ ਅਤੇ ਸਹੀ ਸਾਂਝੀਦਾਰੀ ਦੀ ਮੰਗ ਕਰਨ ਲੱਗੀਆਂ ਹਨ। ਜੇ ਨਹੀਂ ਤਾਂ ਇਸ ਵਿਆਹ ਤੋਂ ਦੂਰ ਜਾਣਾ ਫੇਲ੍ਹ ਹੋਣਾ ਨਹੀਂ ਸਗੋਂ ਸਪੱਸ਼ਟ ਹੋਣਾ ਹੈ।

ਜੇ ਤੱਤਸਾਰ ਵਿੱਚ ਕਹਿਣਾ ਹੋਵੇ ਤਾਂ ਹੁਣ ਮੰਨਣਾ ਪਵੇਗਾ ਕਿ ਵਿਆਹ ਕੇਵਲ ਪਰੰਪਰਾ ਜਾਂ ਰਵਾਇਤ ਨਿਭਾਉਣ ਲਈ ਨਹੀਂ ਬਲਕਿ ਮਰਦ-ਔਰਤ ਵਿੱਚ ਬਰਾਬਰ ਦੀ ਹਿੱਸੇਦਾਰੀ ਹੈ। ਕੰਮ-ਕਾਜ ਅਤੇ ਜ਼ਿੰਮੇਵਾਰੀਆਂ ਵਿੱਚ ਸਮਾਨਤਾ ਝਲਕਣ ਲੱਗੀ ਹੈ। ਵਿਆਹ ਨਿੱਜੀ ਵਿਕਾਸ ਵਿੱਚ ਅੜਿੱਕਾ ਨਹੀਂ ਬਣਨਾ ਚਾਹੀਦਾ। ਜੇ ਭਾਵਨਾਵਾਂ ਦੀ ਪੂਰਤੀ ਨਹੀਂ ਹੁੰਦੀ ਤਾਂ ਤਲਾਕ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ। ਇਨ੍ਹਾਂ ਸ਼ਰਤਾਂ ਦੀ ਪੂਰਤੀ ਸਹਿਜੇ ਨਾ ਹੋਣ ਕਾਰਨ ਵਿਆਹ ਦੀ ਔਸਤ ਉਮਰ ਵਧ ਗਈ ਹੈ। ਵਿਆਹ ਹੁਣ ਸਮਾਜਿਕ ਬੰਨ੍ਹਣ ਵੀ ਨਹੀਂ, ਮਨ ਦੀ ਮੌਜ ਹੈ। ਇੱਕ-ਦੂਜੇ ਪ੍ਰਤੀ ਜਜ਼ਬਾਤੀ ਸੂਝ ਜ਼ਰੂਰੀ ਹੈ। ਇੱਕ ਦੂਜੇ ਪ੍ਰਤੀ ਸੰਵੇਦਨਸ਼ੀਲਤਾ ਭਾਵ ਜਜ਼ਬਾਤੀ ਸੂਝ ਦਾ ਹੋਣਾ ਵਿਆਹ ਦੀ ਸਫਲਤਾ ਲਈ ਜ਼ਰੂਰੀ ਹੈ। ਵਿਆਹ ਨਿੱਜੀ ਵਿਕਾਸ ਵਿੱਚ ਅੜਿੱਕਾ ਨਹੀਂ ਬਣਨਾ ਚਾਹੀਦਾ।

ਹੁਣ ਵਿਆਹ ਦੀ ਕਾਹਲ ਨਹੀਂ ਹੈ। ਸਗੋਂ ਸਿੱਖਿਆ, ਕਰੀਅਰ ਅਤੇ ਨਿੱਜੀ ਵਿਕਾਸ ਵੱਧ ਅਹਿਮ ਹਨ। ਕਿਤੇ ਕਿਤੇ ਤਾਂ ਇਹ ਧਾਰਨਾ ਵੀ ਬਣਦੀ ਦੇਖੀ ਜਾ ਰਹੀ ਹੈ ਕਿ 'ਵਿਆਹ ਇੱਕ ਕੈਦ ਹੈ।' ਇੱਕ ਬਦਲ ਵਜੋਂ ਬਿਨਾਂ ਵਿਆਹ ਤੋਂ ਇਕੱਠੇ ਰਹਿਣ ਦਾ ਢੰਗ ਵੀ ਅਪਣਾਇਆ ਜਾ ਰਿਹਾ ਹੈ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

# ਹੜ



ਹਰਭਜਨ ਸਿੰਘ ਭਜੀ

ਸਾਰਾ ਪੰਜਾਬ ਪਾਣੀ ਵਿਚ ਡੁੱਬਿਆ
ਐਨਾ ਵੱਡਾ ਹੜ ਹੈ ਆਇਆ
ਪਰ ਕਿਸੇ ਨੇ ਆ ਕੇ ਖ਼ਬਰ ਲਈ ਨਾ
ਜਿਵੇਂ ਇਹ ਹੋਵੇ ਕੋਈ ਦੇਸ ਪਰਾਇਆ।

ਜਦ ਭੀ ਕਿਤੇ ਪਈ ਹੈ ਬਿਪਤਾ,
ਸਿੱਖ ਹੁੰਦੇ ਨੇ ਸਭ ਤੋਂ ਅੱਗੇ
ਬਾਰਡਰ 'ਤੇ ਭੀ ਜਦ ਚਲਦੀ ਗੋਲੀ
ਉਹ ਸਭ ਤੋਂ ਪਹਿਲਾਂ ਇਨ੍ਹਾਂ ਦੇ ਲੱਗੇ।

ਜਦ ਅੱਜ ਇਨ੍ਹਾਂ ਨੂੰ ਲੋੜ ਪਈ ਤਾਂ
ਕੋਈ ਮੰਦਰ, ਮਸਜਿਦ ਵਾਲਾ ਨਹੀਂ ਆਇਆ
ਪੰਜਾਬ ਬਣ ਰਹੇ ਥਾਂ-ਥਾਂ 'ਤੇ ਗਿਰਜੇ
ਉਨ੍ਹਾਂ ਭੀ ਨਹੀਂ ਕੋਈ ਹਿੱਸਾ ਪਾਇਆ।

ਲੋਕਾਂ ਦੇ ਘਰ ਡੁੱਬ ਗਏ ਪਾਣੀ 'ਚ
ਨਾਲ ਹੀ ਸਾਰਾ ਸਮਾਨ
ਕਈ ਵਿਚਾਰੇ ਤੇ ਗੁਆ ਕੇ ਬੈਠੇ,
ਇਨ੍ਹਾਂ ਹੜ੍ਹਾਂ ਦੇ ਵਿਚ ਜਾਨ।

ਪਸ਼ੂ ਮਰ ਗਏ ਖੜ੍ਹੇ ਕਿਲਿਆਂ 'ਤੇ
ਖੇਤਾਂ ਦੇ ਵਿਚ ਡੁੱਬੀਆਂ ਫਸਲਾਂ
ਪਰ ਇਕ ਚੀਜ਼ ਪਾਣੀ ਮਾਰ ਨਹੀਂ ਸਕਿਆ
ਉਹ ਹੈ ਸਿੱਖੀ ਦੀਆਂ ਨਸਲਾਂ।

ਜਟ ਇਸੇ ਮਿਟੀ ਵਿਚੋਂ ਜੰਮਿਆ
ਹੋਰ ਉਨ੍ਹਾਂ ਕਿਥੇ ਹੈ ਜਾਣਾ
ਘੁਲਣਗੇ ਫੇਰ ਉਹ ਨਾਲ ਮਿਟੀ ਦੇ
ਮੰਨ ਲਿਆ ਉਨ੍ਹਾਂ ਰੱਬ ਦਾ ਭਾਣਾ।

ਜਦੋਂ ਕਿਸੇ ਸਰਕਾਰ ਨੇ ਆ ਕੇ
ਨਹੀਂ ਲਈ ਕੋਈ ਇਨ੍ਹਾਂ ਦੀ ਸਾਰ
ਫੇਰ ਭੀ ਦਸਮੇਸ਼ ਦੇ ਪੁੱਤਾਂ
ਨਹੀਂ ਮੰਨੀ ਪਾਣੀ ਤੋਂ ਹਾਰ।

ਇੱਕਠੇ ਹੋ ਕੇ ਸਭ ਪੰਜਾਬੀ
ਖੜ੍ਹ ਗਏ ਹਿੱਕਾਂ ਡਾਹਕੇ
ਬੰਨ੍ਹ ਕਿਤੇ ਇਨ੍ਹਾਂ ਬੰਨੇ ਉਹੋ
ਜੋ ਪਾਣੀ ਲੰਘਿਆ ਸੀ ਢਾਹ ਕੇ

ਕਹਿ ਕੇ ਕੋਈ ਮੋੜ ਨਹੀਂ ਸਕਦਾ
ਵਗਦੇ ਪਾਣੀਆਂ ਦਾ ਰੁਖ
ਉਹ ਭੀ ਇਨ੍ਹਾਂ ਮੋੜ ਦਿਖਾਇਆ
ਭਾਵੇਂ ਸਹੇ ਕਈ ਦੁੱਖ।

ਲੋਕੀਂ ਦੂਰੋਂ ਦੂਰੋਂ ਆ ਰਹੇ
ਲੱਦ ਪਸ਼ੂਆਂ ਲਈ ਚਾਰਾ
ਅੱਜ ਮੈਨੂੰ ਇੱਕਠਾ ਹੋਇਆ ਦਿਸਦਾ
ਮੇਰਾ ਪੰਜਾਬ ਹੈ ਸਾਰਾ।

ਥਾਂ ਥਾਂ 'ਤੇ ਨੇ ਲੰਗਰ ਲੱਗੇ
ਨਹੀਂ ਭੁੱਖਾ ਕੋਈ ਮਰਦਾ
ਹਰ ਕੋਈ ਹੈ ਪਾ ਰਿਹਾ ਹਿੱਸਾ
ਜਿੰਨਾ ਕਿਸੇ ਤੋਂ ਸਰਦਾ।

ਮੋਢਿਆਂ ਤੱਕ ਡੁੱਬੇ ਪਾਣੀਆਂ ਵਿਚ
ਮੈਂ ਦੇਖੇ ਨੇ ਟਰੈਕਟਰ ਚਲਦੇ
ਜਾਨ ਨੂੰ ਰਖ ਤਲੀ ਦੇ ਉਤੇ
ਉਹ ਰਾਸ਼ਨ ਪਾਣੀ ਘੱਲਦੇ।

ਕਿਸ ਵੀਰਾਂ ਬਾਹਰ ਤੋਂ,
ਇਹੋ ਜਿਹੇ ਵਾਹਨ ਨੇ ਘਲੇ
ਜੋ ਕਦੀ ਭੀ ਡੁੱਬ ਨਹੀਂ ਸਕਦੇ
ਤੇ ਡੂੰਘੇ ਪਾਣੀਆਂ 'ਚ ਚਲੇ।

ਅੰਬਾਨੀ ਦੇ ਘਰ ਜੁਆਕ ਜੰਮੇ ਤਾਂ
ਇਹ ਪਹੁੰਚ ਜਾਂਦਾ ਦੇਣ ਲਈ ਵਧਾਈਆਂ
ਪਰ ਅੱਜ ਇਸ ਨੂੰ ਨਹੀਂ ਦਿਸ ਰਿਹਾ
ਰੋਂਦੇ ਬੱਚੇ ਤੇ ਕੀਰਨੇ ਪਾਉਂਦੇ ਮਾਪਿਆਂ।

ਅਫ਼ਗਾਨਿਸਤਾਨ 'ਚ ਆਏ ਭੂਚਾਲ ਦਾ ਤਾਂ
ਸਾਡੇ ਸਾਹਿਬ ਨੂੰ ਹੈ ਬਹੁਤਾ ਫਿਕਰ
ਪਰ ਪੰਜਾਬ ਦੇ ਹੜ੍ਹਾਂ ਦਾ
ਹਾਲੇ ਤਾਂਈਂ ਨਹੀਂ ਕੀਤਾ ਕਿਸੇ ਜ਼ਿਕਰ।

ਕਿਹੜੇ ਮੂੰਹ ਨਾਲ ਗੱਲ ਕਰਨ ਇਹ
ਇਹ ਇਨ੍ਹਾਂ ਦਾ ਹੀ ਕੀਤਾ ਕਾਰਾ
ਅਮਰੀਕਨ ਰਾਸ਼ਟਰਪਤੀ ਨੇ ਭੀ ਕਹਿ ਦਿੱਤਾ
ਹੁਣ ਤਾਂ ਜਾਣਦਾ ਹੈ ਜਗ ਸਾਰਾ।

ਗੌਰਮਿੰਟ ਚਹੁੰਦੀ ਸੀ ਜੱਟਾਂ ਦੀਆਂ ਜ਼ਮੀਨਾਂ
ਪਰ ਜੱਟਾਂ ਆਪਣਾ ਹੱਕ ਨਹੀਂ ਛੱਡਿਆ
ਉਨ੍ਹਾਂ ਨੂੰ ਜ਼ਮੀਨਾਂ ਤੋਂ ਬੇਦਖਲ ਕਰਨ ਦਾ
ਸਰਕਾਰ ਨੇ ਇਹ ਨਵਾਂ ਢੰਗ ਕੱਢਿਆ।

ਬਣਾ ਕੇ ਵਾਰਿਸ਼ ਦਾ ਬਹਾਨਾ
ਖੋਲ੍ਹ ਦਿੱਤੇ ਡੈਮਾਂ ਦੇ ਦਰ
ਕੋਈ ਨਹੀਂ ਉਨ੍ਹਾਂ ਨੂੰ ਪੁੱਛਣ ਵਾਲਾ
ਨਾ ਹੀ ਉਨ੍ਹਾਂ ਨੂੰ ਕਿਸੇ ਦਾ ਡਰ।

ਕਮਾਇਆ ਸੀ ਜੁ ਹੁਣ ਤਾਈਂ ਜ਼ਿੰਦਗੀ ਵਿਚ
ਉਹ ਸਾਰਾ ਹੀ ਹੜ੍ਹਾਂ 'ਚ ਬਹਿ ਗਿਆ
ਬੱਸ ਬੈਂਕਾਂ ਤੇ ਸ਼ਾਹੂਕਾਰਾਂ ਦਾ ਕਰਜ਼ਾ
ਉਹ ਹੀ ਜੱਟਾਂ ਦੇ ਪੱਲੇ ਰਹਿ ਗਿਆ

ਹੁਣ ਕਰਜ਼ੇ ਵਿਚ ਡੁੱਬਿਆ ਹੋਇਆ ਜੱਟ
ਵੇਚੇਗਾ ਜ਼ਮੀਨਾਂ ਸਸਤੇ ਭਾਅ।
ਇਸੇ ਬਹਾਨੇ ਅਡਾਨੀ ਤੇ ਅੰਬਾਨੀ
ਵੜ ਜਾਣਗੇ ਪਿੰਡਾਂ 'ਚ ਆ।

ਆਉਣ ਵਾਲੇ ਸਮੇਂ ਦੇ ਅੰਦਰ
ਕਈ ਆਉਣਗੇ ਕਾਰ ਸੇਵਾ ਵਾਲੇ ਬਾਬੇ
ਭਾਵੇਂ ਪਹੁੰਚੇ ਨਾ ਜੱਟਾਂ ਤਾਈਂ ਧੇਲਾ
ਪਰ ਉਹ ਲੈ ਜਾਣਗੇ ਨੋਟਾਂ ਨਾਲ ਭਰ ਸ਼ਾਬੇ।

ਆਓ ਆਪਾਂ ਸਭ ਇੱਕਠੇ ਹੋ ਕੇ
ਆਪਣੇ ਭਰਾਵਾਂ ਦਾ ਦੁੱਖ ਵੰਡਾਈਏ
ਜਿਨ੍ਹਾਂ ਭੀ ਕਿਸੇ ਕੋਲੋਂ ਹੋ ਸਕਦਾ
ਉਨ੍ਹਾਂ ਦੀ ਮਦਦ 'ਚ ਹਿੱਸਾ ਪਾਈਏ।

ਹਰ ਇਕ ਗੁਰਦੁਆਰਾ ਅਮਰੀਕਾ ਦਾ
ਘਲ ਸਕਦਾ ਹੈ ਵੀਹ ਪੱਚੀ ਹਜ਼ਾਰ
ਸਾਰੇ ਜੇ ਰਲਕੇ ਮਾਰਨ ਹੰਭਲਾ
ਵੰਡ ਸਕਦੇ ਨੇ ਆਪਣੇ ਵੀਰਾਂ ਦਾ ਭਾਰ।

ਖਾਲਸਾ ਏਡ ਤੇ ਯੂਨਾਈਟਿਡ ਸਿੱਖ ਤੇ
ਆਪਾਂ ਕਰ ਸਕਦੇ ਹਾਂ ਇਤਬਾਰ
ਉਹ ਹਮੇਸ਼ਾ ਅੱਗੇ ਹੋ ਕੇ ਕਰਦੇ ਸੇਵਾ
ਆਪਾ ਦੇਖ ਚੁੱਕੇ ਹਾਂ ਕਈ ਬਾਰ

ਅੱਜ ਜਿਥੇ ਕਿਤੇ ਵੀ ਬੈਠਾ ਪੰਜਾਬੀ
ਉਹ ਮਹਿਸੂਸ ਕਰ ਰਿਹਾ ਪੰਜਾਬ ਦਾ ਦੁਖ
ਭਜੀ ਭਾਰਤ ਪਛਤਾਵੇਗਾ ਉਸ ਦਿਨ
ਜਦੋਂ ਪੰਜਾਬ ਨੇ ਮੋੜ ਲਿਆ ਆਪਣਾ ਮੁੱਖ।

## ਗ਼ਜ਼ਲ

ਮੇਰੇ ਖਿਆਲਾਂ 'ਚੋਂ ਹੀ ਉਹ, ਸੁਪਨੇ ਚੁਰਾ ਗਏ।
ਰਹਿੰਦੀ ਖੂੰਹਦੀ ਹਸਤੀ, ਮੇਰੀ ਮਿਟਾ ਗਏ।

ਮੇਰੇ ਹੀ ਕਾਤਲ ਬਣ ਗਏ, ਮਕਤੂਲ ਹਨ ਏਥੇ
ਮੇਰੇ ਹੀ ਸਿਦਕ ਇਖ਼ਲਾਕ ਨੂੰ, ਸੂਲੀ ਚੜ੍ਹਾ ਗਏ।

ਵੰਡ ਦੇ ਪਏ ਹਨ ਜ਼ਹਿਰ ਮੇਰੇ ਹੀ ਸ਼ਹਿਰ ਵਿਚ
ਚੁੱਕਿਆਂ ਦੀ ਅੱਗ ਬੁਝਾ ਕਿ ਉਹ, ਸਿਵਿਆਂ ਦੀ ਜਲਾ ਗਏ।

ਖੇਤਾਂ ਦੇ ਰਾਖੇ ਖੇਡ ਛੱਡ, ਸੜਕਾਂ 'ਤੇ ਜਦ ਆਏ।
ਭੱਜ ਗਏ ਉਹ ਸਾਰੇ ਜੇਹੜੇ ਸਨ, ਸਰਕਾਰਾਂ ਹੀ ਖਾ ਗਏ।

ਹਮਰਾਜ਼ ਮੇਰਾ ਖੋਲ ਗਿਆ ਉਹ ਪਰਦਾ ਹੀ ਮੇਰਾ
ਮੈਂ ਸੋਚਦਾ ਹੀ ਰਹਿ ਗਿਆ ਕਿਉਂ ਦਗਾ ਕਮਾ ਗਏ

ਮੋਢੇ ਪਾਉਂਦੇ ਕੌਮ ਦੇ ਜੋ ਕੁਰਸੀ ਦੇ ਲਈ
ਕੁਛ ਐਸੇ ਵੀ ਹਨ ਸੂਰਮੇ, ਜੁ ਜਾਨਾ ਗਵਾ ਗਏ।

ਹਵਾ ਦੇ ਵਿਚ ਜੁ ਤੀਰ ਐਵੇਂ ਚਲਾਉਂਦੇ ਨੇ।
ਆਖ਼ਰ ਉਹ ਆਪਣਾ ਭਰੋਸਾ ਸਦਾ ਲਈ ਗੁਆ ਗਏ।

ਇਸ ਟਲਿਸਮੀ ਦੁਨੀਆਂ ਵਿਚ ਸਾਵਧਾਨ ਰਹਿਣਾ ਹੈ
ਉਹ ਬੜਿਆਂ ਬੜਿਆਂ ਨੂੰ ਹਨ ਮਿੱਟੀ 'ਚ ਮਿਲਾ ਗਏ।

ਕਿਉਂ ਉਦਾਸ ਬੈਠਾ ਹੈ 'ਹਜ਼ੂਰ' ਇਹ ਸਭ ਕੁਛ ਦੇਖ ਕਰ
ਉਨ੍ਹਾਂ ਦੇ ਕੀਤੇ ਕੁਕਰਮ ਹੀ, ਮੂੰਹ ਕਾਲਾ ਕਰਾ ਗਏ।



ਹਜ਼ੂਰਾ ਸਿੰਘ (ਰਿਟਾ. ਪ੍ਰਿੰਸੀਪਲ)
ਕੋਠੀ ਨੰ. 2426, ਸਾਊਥ ਵਾਸਕੋ ਰੋਡ
ਕੰਵਨ ਵੇ ਲਿਵਰਮੋਰ
925-660-5977

## ਕੁਦਰਤ ਕਹਿਰਵਾਨ

ਵਹਿਣ ਕੁਦਰਤੀ ਪਾਣੀ ਦੇ ਰੋਕ ਲਏ ਨੇ
ਛੱਡ ਸਿਆਣਪਾਂ ਬਿਰਤੀ ਨਾਦਾਨ ਹੋਈ।
ਰੇਤਾ ਵੇਚ ਦਰਿਆਵਾਂ ਦਾ 'ਸ਼ਾਹ' ਹੋਏ
ਨਵੇਂ ਬਣੇ 'ਅਮੀਰਾਂ' ਵਿਚ ਸ਼ਾਨ ਹੋਈ।
ਮਿੱਤਰ ਕੀੜੇ ਵੀ ਅੱਗ ਲਾ ਸਾੜਦੇ ਹਾਂ
ਭੁੱਲੀ ਤੁਕ ਜੀਅ ਦਇਆ ਪ੍ਰਵਾਨ ਹੋਈ।
ਕਈ 'ਵਿਰਾਸਤੀ' ਵਰਤੋਂ-ਵਿਹਾਰ ਛੱਡੇ
ਲਿਸ਼ਕ-ਪੁਸ਼ਕ ਦੀ ਭੁੱਖ ਬਲਵਾਨ ਹੋਈ।
ਪੌਣ ਪਾਣੀ ਤੇ ਧਰਤੀ ਪਲੀਤ ਕਰ ਲਏ
ਬਹੁਗਿਣਤੀ 'ਲੋਕਾਈ' ਬੇਈਮਾਨ ਹੋਈ।
ਸਹਿ ਬਹੁਤ ਮਨਮਰਜ਼ੀਆਂ ਸਾਡੀਆਂ ਨੂੰ
ਕੁਦਰਤ ਅੱਕ ਕੇ ਹੁਣ ਕਹਿਰਵਾਨ ਹੋਈ!



-ਤਰਲੋਚਨ ਸਿੰਘ ਦੁਪਾਲ ਪੁਰ
78146-92724

## ਕੁਦਰਤ ਨਾਲ ਛੇੜ-ਛਾੜ

ਡੈਮ ਟੁੱਟੇ, ਪਾਣੀ ਨੇ ਜ਼ੋਰ ਪਾਇਆ,
ਕਿੰਨਾਂ ਵਰਤੇ ਕੁਦਰਤੀ ਕਹਿਰ ਵੇਖੋ।

ਪਸ਼ੂ, ਡੰਗਰ, ਘਰ, ਬੰਦੇ ਰੁੜ ਚੱਲੇ,
ਬਚਿਆ ਕੋਈ ਨਈਂ ਪਿੰਡ ਸ਼ਹਿਰ ਵੇਖੋ।

ਕਾਮੇਂ, ਕਿਸਾਨ ਦੁਹੱਥੜਾਂ ਮਾਰ ਰੋਂਦੇ,
ਰੁੜ ਗਈ ਜਿਹਨਾਂ ਦੀ ਠਹਿਰ ਵੇਖੋ।

ਰਾਹ ਸੜਕਾਂ ਸਭ ਹਨ ਇੱਕ ਹੋਈਆਂ,
ਬਣੇ ਫਿਰਦੇ ਨੇ ਹੁਣ ਨਹਿਰ ਵੇਖੋ।

ਮਿੱਟੀ ਹੜ੍ਹੀ, ਫਸਲਾਂ ਹੋਣੀਆਂ ਨਈਂ,
ਭਰੇ ਜਾਣਗੇ ਟੋਏ ਕਦ ਫੇਰ ਵੇਖੋ।

ਦੋਸ਼ ਦੇਣ ਕਿਉਂ ਲੋਕ ਸਰਕਾਰ ਤਾਂਈ,
ਕਸੂਰ ਆਪਣੇ ਕਰਕੇ ਢੇਰ ਵੇਖੋ।

ਕੁਦਰਤ ਨਾਲ ਕਰੇ ਛੇੜ ਛਾੜ ਬੰਦਾ,
ਆਪਣੇ ਹੱਥੀਂ ਬੀਜਦਾ ਜ਼ਹਿਰ ਵੇਖੋ।

'ਹਰਪ੍ਰੀਤ' ਤਾੜੀ ਹੈ ਵੱਜਦੀ ਦੋਵੇਂ ਹੱਥੀਂ ,
ਇੱਕ ਹੱਥ ਨਾ ਕਰਦਾ ਵੈਰ ਵੇਖੋ।

ਹਰਪ੍ਰੀਤ ਪੱਤੋ
94658-21417

## ਹੋਕਾ

ਬਹੁਤੇ ਨੇ ਅਫਸਾਨਾ ਲਿਖਣੇ ਵਾਲੇ ਨੱਕ ਦੇ ਕੋਕੇ 'ਤੇ
ਵਿਰਲੀ ਹੀ ਕੋਈ ਨਿਗ੍ਹਾ ਠਹਿਰਦੀ, ਦਾੜੀ ਰੱਬੇ ਟੋਕੇ 'ਤੇ

ਮਾਰ ਹੇਠ ਅਉਂਦੇ ਨੇ ਕਿਰਤੀ, ਲੁੱਟ ਹੈ ਧੰਨ ਕੁਬੇਰਾਂ ਦੀ
ਸਰਦਾ ਨਹੀਂ ਅਣਗੌਲੇ ਕਰਕੇ, ਸਰਦਾ ਛਾਤੀ ਠੋਕੇ 'ਤੇ

ਪੰਜ ਦਰਿਆਵਾਂ ਵਾਲੇ ਦੇਖੋ, ਸਾਵਣ ਆਇਆਂ ਡੁੱਬ ਜਾਂਦੇ
ਬੂੰਦ ਬੂੰਦ ਲਈ ਤਰਸ ਜਾਂਦੇ ਨੇ, ਮਾਰ ਪੈਂਦੀ ਹੈ ਸੋਕੇ 'ਤੇ

ਅੰਬਾਨੀ ਅਤੇ ਅਡਾਨੀ ਨੇ ਹੀ, ਮੱਖਣ ਲਹੁੰਦੇ ਰਹਿਣਾ ਹੈ
ਰਹਿਣਾ ਜੇ ਪੰਜਾਬ ਮੁਨੱਸਰ, ਕੇਂਦਰ ਦੇ ਹੀ ਡੋਕੇ 'ਤੇ

ਹੋਰ ਨਹੀਂ ਪੰਜਾਬੀ ਪੁੱਛਣ, ਇੱਕ ਸਵਾਲ ਤਾਂ ਆਪੇ ਤੋਂ
ਕਦ ਤਕ ਲੁੱਟੀ ਜਾਵਣਗੇ ਭਲਾ, ਬਿੱਪਰ ਵਾਅਦੇ ਫੋਕੇ 'ਤੇ

ਸਿੱਧੀ ਉਂਗਲੇ ਘਿਉ ਨਾ ਨਿਕਲੇ, ਟੇਢੀ ਕਰਨੀ ਪੈਂਦੀ ਹੈ
ਕਾਰਗਰ ਹਥਿਆਰ ਉਹੀ ਹੈ, ਕੰਮ ਆਵੇ ਜੋ ਮੌਕੇ 'ਤੇ

ਮੱਥੇ ਦੀਆਂ ਲਕੀਰਾਂ ਨੂੰ ਹੀ, ਰੋ ਕੇ ਪੂਰੀ ਪੈਣੀ ਨਾ
ਪੂਰੀ ਤਾਂ ਪੈਣੀ ਸਰਦਾਰੋ, ਹਿੰਮਤ ਸਾਰੀ ਝੋਕੇ 'ਤੇ

ਗਲੋਂ ਗੁਲਾਮੀ ਲਹੁਣ ਲਈ ਸਿੰਘੋ, ਕੱਠੇ ਹੋਣਾ ਪੈਣਾ ਹੈ
ਦਿੱਲੀ ਵਾਲੇ ਰੁਕਣੇ ਨਾ ਉਂਝ, ਰੁਕਣੇ ਨੇ ਉਹ ਰੋਕੇ 'ਤੇ

ਭੋਗੀ ਸਭਿਆਚਾਰ ਦਾ ਬੰਦਾ, ਸੌਖਾ ਨਹੀਂ ਕਿ ਜਾਗ ਪਏ
ਜਿੰਨੇ ਜਾਗਣ ਓਹੀ ਗਨੀਮਤ, 'ਢੇਸੀ' ਤੇਰੇ ਹੋਕੇ 'ਤੇ।

- ਕੁਲਵੰਤ ਸਿੰਘ ਢੇਸੀ

## ਗ਼ਜ਼ਲ

ਵਾਅਦਾ ਕਰਕੇ ਮਿਲਣੇ ਦਾ ਟੁਰ ਪਰਦੇਸ ਗਿਉਂ,
ਯਾਰਾ ਤੇਰੇ ਆਉਣ ਦੀ, ਆਸ ਲਗਾਈ ਬੈਠੇ ਹਾਂ।

ਨਾ ਦਿਨੇ ਚੈਨ ਆਵੇ ਰਾਤਾਂ ਨੂੰ ਦਿਲ ਘਬਰਾਵੇ,
ਬਿਰਹਾ ਦੀਆਂ ਪੀੜਾਂ ਨੂੰ, ਮੀਤ ਬਣਾਈ ਬੈਠੇ ਹਾਂ।

ਲੰਘ ਚੱਲੀਆਂ 'ਕੱਲਿਆਂ ਵੇ ਰਾਤਾਂ ਚਾਨਣੀਆਂ,
ਤੇਰੇ ਬਾਝੋਂ ਉਏ ਯਾਰਾ, ਜਹਨਮ ਹੰਢਾਈ ਬੈਠੇ ਹਾਂ।

ਮਨ ਤੰਤੜੀ ਦਾ ਡੋਲੇ ਤਨ ਖਾਂਦਾ ਹੈ ਹਿਚਕੋਲੇ,
ਇੱਕ ਚੜ੍ਹੇ ਇੱਕ ਉੱਤਰੇ,ਮਨ-ਰੇਲ ਬਣਾਈ ਬੈਠੇ ਹਾਂ।

ਨਿਕੰਮੀਆਂ ਸਰਕਾਰਾਂ ਵਾਂਗੂੰ ਦਿਲ ਨੂੰ ਝਾਂਸੇ ਲਾ ਕੇ,
ਜੀਣ ਦਾ ਹੱਜ ਨਹੀਂ, ਬੱਸ ਵਕਤ ਟਪਾਈ ਬੈਠੇ ਹਾਂ।

ਯਾਦ ਤੇਰੀ ਦੇ ਵਿੱਚ ਸਾਹਾਂ ਦੀ ਹਰਕਤ ਹੈ ਚੱਲਦੀ,
ਮੱਕੜ ਜਾਲ਼ ਪਾਏ ਆਸਾਂ, ਜਿੰਦ ਘੋਲ ਘੁਮਾਈ ਬੈਠੇ ਹਾਂ।

ਸੇਵਾ ਸਿੰਘ "ਨੂਰਪੁਰੀ"

## ਸੰਸਕਾਰੀ ਮਨੁੱਖ...

ਕਹਿ ਗਏ ਸਿਆਣੇ, ਮਾਂ ਪਰ ਪੂਤ ,
ਪਿਤਾ ਪਰ ਘੋੜਾ,
ਬਹੁਤਾ ਨਹੀਂ ਤਾਂ ਥੋੜ੍ਹਾ ਥੋੜ੍ਹਾ ਵੇ।
ਆਦਤਾਂ ਮਿਲਦੀਆਂ ਪੁਰਖਿਆਂ ਤੋਂ,
ਔਗੁਣ ਜੇ ਮਿਲੇ,
ਕਹਿਣ ਕੀ ਮਾਰਿਆ ਲੋਹੜਾ ਵੇ।

ਪਰਉਪਕਾਰੀ ਮਨੁੱਖ ਵੀ ਚੁਣੋ
ਅਜਿਹੇ ਸ਼ਖਸ ਨੂੰ,
ਜਿਹੜਾ ਉਸ ਦੇ ਨਾਮ ਨੂੰ ਚਾਰ ਚੰਨ ਲਾਵੇ।
ਉਮੀਦ ਮੁਤਾਬਕ ਜਾਵੇ ਸਿੱਧੇ ਰਾਹ ਤੇ,
ਬੁਰਾਈਆਂ ਦੇ ਕਦੀ ਉਲਾਂਭੇ ਨਾ ਲਿਆਵੇ।

ਪੁੱਤ ਜੇ ਕਿਸੇ ਦਾ ਮਾੜਾ ਨਿਕਲੇ,
ਖਾਨਦਾਨੀ ਵੱਲ ਹੁੰਦੇ ਇਸ਼ਾਰੇ।
ਸੁਧਾਰ ਵੱਲ ਮੁੜ ਬੰਦਿਆ,
ਕਦੀ ਤਾਂ ਬੇੜੀ ਲੱਗੂ ਕਿਨਾਰੇ।

ਖੁਸ਼ੀਆਂ ਵੰਡੋ, ਖੁਸ਼ੀਆਂ ਪਾਓ,
ਹਸੰਦਿਆ ਖੇਲੰਦਿਆ ਜੀਵਨ ਲੰਘਾਓ।
ਹਿਸਾਬ ਕਿਤਾਬ ਪਰਵਰਦਗਾਰ ਕੋਲ,
ਆਪਣੇ ਚੰਗੇ ਲੇਖ ਲਿਖਾਓ।



ਅਮਰਜੀਤ ਸਿੰਘ ਤੂਰ
9878469639

## ਰਿਸ਼ਤਿਆਂ ਦਾ ਬਾਗ

ਬਾਗ਼ ਰਿਸ਼ਤਿਆਂ ਦਾ ਸਾਂਭਣਾ ਏ ਬੜਾ ਔਖਾ,
ਮੁੜ-ਮੁੜ ਕੱਟਣਾ ਵੱਢਣਾ ਸ਼ਿੰਗਾਰਨਾ ਪੈਂਦਾ।
ਲਹੂ ਦਾ ਦੇ ਪਾਣੀ, ਸੱਧਰਾਂ ਦੀ ਖਾਦ ਪਾ ਕੇ,
ਰੀਝਾਂ ਮਾਰ ਕੇ ਝੱਟ ਗੁਜ਼ਾਰਨਾ ਪੈਂਦਾ।
ਖਿੜੀ ਰਹੇ ਫੁਲਵਾੜੀ ਇਸ ਬਾਗ ਵਾਲੀ,
ਕਦੇ ਤਾੜਨਾ,ਕਦੇ ਨਿਹਾਰਨਾ ਪੈਂਦਾ।
ਫੁੱਲ ਤੋੜੇ ਨਾ ਟਾਹਣੀ ਦੇ ਨਾਲੋਂ ਕੋਈ,
ਵਾੜ ਚੌਕਸੀ ਵਾਲਾ ਉਸਾਰਨਾ ਪੈਂਦਾ।
ਮੋਹ ਦੇ ਧਾਗੇ ਵੀ ਰੇਸ਼ਮੀ ਤੰਦਾਂ ਨੇ,
ਪੱਟ ਰੇਸ਼ਮ ਦਾ ਕੱਤਣਾ,ਸਵਾਰਨਾ ਪੈਂਦਾ।
ਨਾਜ਼ੁਕ ਤਿਤਲੀਆਂ ਜਿਹੀਆਂ ਆਸਾਂ ਨੂੰ,
ਰੀਝਾਂ, ਚਾਵਾਂ ਨਾਲ ਕੋਲ ਬਹਾਲਣਾ ਪੈਂਦਾ।
ਤਲੀਓਂ ਚੋਗ ਚੁਗਦੇ, ਉੱਡ ਜਾਣ ਪੰਛੀ,
ਕਰਕੇ ਜਿਗਰ ਵੱਡਾ ਵਕਤ ਗੁਜ਼ਾਰਨਾ ਪੈਂਦਾ।



ਸਤਨਾਮ ਕੌਰ ਤੁਗਲਵਾਲਾ



# ਡਰ ਬਨਾਮ ਹਿੰਮਤ



ਵਿਜੈ ਗਰਗ
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110

ਡਰ ਕੀ ਹੈ ? ਇਹ ਕਹਿਣਾ ਬਹੁਤ ਮੁਸ਼ਕਲ ਹੈ। ਸਵਾਲ ਇਹ ਹੈ ਕਿ ਡਰ ਮੌਜੂਦ ਹੈ ਜਾਂ ਨਹੀਂ, ਕਿਉਂਕਿ ਡਰ ਮੌਜੂਦ ਨਹੀਂ ਹੈ। ਇਸਦਾ ਕੋਈ ਠੋਸ ਰੂਪ ਨਹੀਂ ਹੈ। ਇਹ ਸਿਰਫ਼ ਮੌਜੂਦ ਹੈ। ਅੰਗਰੇਜ਼ੀ ਵਿੱਚ, ਡਰ 'ਅਮੂਰਤ' ਹੈ। ਇਸਦਾ ਅਰਥ ਹੈ ਕਿ ਇਸਨੂੰ ਛੂਹਿਆ ਨਹੀਂ ਜਾ ਸਕਦਾ। ਪਰ ਇਹ ਦਿਲਚਸਪ ਹੈ ਕਿ ਡਰ ਉਦੋਂ ਵੀ ਮੌਜੂਦ ਹੁੰਦਾ ਹੈ ਜਦੋਂ ਇਹ ਮੌਜੂਦ ਨਹੀਂ ਹੁੰਦਾ। ਇਹ ਇੱਕ ਵਿਅਕਤੀ ਨੂੰ ਡਰਾਉਂਦਾ ਹੈ। ਜਿਸਨੂੰ ਇੱਕ ਵਿਅਕਤੀ ਡਰ ਕਹਿੰਦਾ ਹੈ, ਦੂਜਾ ਵਿਅਕਤੀ ਇਸਦਾ ਆਨੰਦ ਮਾਣਦਾ ਹੈ! ਆਮ ਤੌਰ 'ਤੇ ਬਹੁਤ ਸਾਰੇ ਲੋਕ ਕੀੜਿਆਂ ਤੋਂ ਡਰਦੇ ਹਨ। ਉਹ ਸੱਪ ਦਾ ਨਾਮ ਸੁਣਦੇ ਹੀ ਮੌਤ ਤੱਕ ਡਰ ਜਾਂਦੇ ਹਨ। ਹਨੇਰੇ ਵਿੱਚ, ਉਹ ਰੱਸੀ ਨੂੰ ਸੱਪ ਸਮਝ ਲੈਂਦੇ ਹਨ ਅਤੇ ਭੱਜ ਜਾਂਦੇ ਹਨ ਜਾਂ ਚੀਕਦੇ ਹਨ। ਉਸੇ ਸਮੇਂ, ਸੱਪ ਦਾ ਮਾਹਰ ਉਨ੍ਹਾਂ ਨਾਲ ਖੇਡ ਰਿਹਾ ਜਾਪਦਾ ਹੈ। ਸੱਪ ਦੇ ਮਾਹਰ ਦੇ ਬੱਚੇ ਸੱਪਾਂ ਨਾਲ ਖੇਡਦੇ ਹਨ! ਚਿੰਤਕਾਂ ਦਾ ਮੰਨਣਾ ਹੈ ਕਿ ਜੋ ਕਿਸੇ ਵਿਅਕਤੀ ਦੇ ਮਾਨਸਿਕ, ਅਧਿਆਤਮਿਕ ਜਾਂ ਸਰੀਰਕ ਨੁਕਸਾਨ ਦੇ ਵਿਰੁੱਧ ਖੜ੍ਹਾ ਹੁੰਦਾ ਹੈ ਉਹ ਮਨ ਦੀ ਉਹ ਸਥਿਤੀ ਹੁੰਦੀ ਹੈ ਜੋ ਡਰ ਤੋਂ ਬਾਅਦ ਆਉਂਦੀ ਹੈ। ਅਜ਼ੀਜ਼ਾਂ ਦੇ ਨੁਕਸਾਨ ਦੇ ਵਿਰੁੱਧ ਜੋ ਖੜ੍ਹਾ ਹੁੰਦਾ ਹੈ ਉਹ ਵੀ ਉਹੀ ਹੁੰਦਾ ਹੈ। ਸਭ ਤੋਂ ਵੱਡਾ ਡਰ ਮੌਤ ਦੇ ਕਾਰਨ ਦੇ ਵਿਰੁੱਧ ਹੁੰਦਾ ਹੈ। ਡਰ ਹਰ ਸਥਿਤੀ ਵਿੱਚ ਮੌਜੂਦ ਹੁੰਦਾ ਹੈ। ਇਹ ਹਮੇਸ਼ਾ ਬਦਕਿਸਮਤੀ ਵਿੱਚ ਹੁੰਦਾ ਹੈ। ਡਰ ਦੀ ਮੌਜੂਦਗੀ ਮੁਸ਼ਕਲ ਹਾਲਾਤਾਂ ਵਿੱਚ ਮਹਿਸੂਸ ਕੀਤੀ ਜਾ ਸਕਦੀ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਕੋਈ ਡਰ ਨਹੀਂ ਹੈ, ਤਾਂ ਇਹ ਹਿੰਮਤ ਦੇ ਰੂਪ ਵਿੱਚ ਖੜ੍ਹਾ ਹੁੰਦਾ ਹੈ। ਫਿਰ ਸਵਾਲ ਉੱਠਦਾ ਹੈ ਕਿ ਕੀ 'ਡਰ' 'ਹਿੰਮਤ' ਹੈ ? ਇੱਕ ਨਿਡਰ ਜਾਂ ਬਹਾਦਰ ਵਿਅਕਤੀ ਨੂੰ ਦਲੇਰ ਕਿਹਾ ਜਾਂਦਾ ਹੈ। ਉਸ ਵਿੱਚ ਕੋਈ ਡਰ ਨਹੀਂ ਹੁੰਦਾ, ਇਸੇ ਲਈ ਉਸਨੂੰ ਦਲੇਰ ਕਿਹਾ ਜਾਂਦਾ ਹੈ। ਫਿਰ ਅਜਿਹਾ ਕਿਉਂ ਹੈ ਕਿ ਡਰ ਨਾਲ ਭਰਿਆ ਵਿਅਕਤੀ ਸੰਕਟ ਦੀ ਘੜੀ ਵਿੱਚ ਮੌਤ ਤੱਕ ਸੰਘਰਸ਼ ਕਰਦਾ ਹੈ! ਦਰਅਸਲ, ਉਸਦਾ ਸੰਘਰਸ਼ ਉਸਦੀ ਹਿੰਮਤ ਦਾ ਨਤੀਜਾ ਹੈ। ਹਿੰਮਤ ਉਸਦੇ ਡਰ ਦੇ ਪਰਿਵਰਤਨ ਦਾ ਨਤੀਜਾ ਹੈ। ਜਦੋਂ ਬਚਣ ਦਾ ਕੋਈ ਰਸਤਾ ਨਹੀਂ ਹੁੰਦਾ, ਤਾਂ ਮੁਸ਼ਕਲ ਹਾਲਾਤਾਂ ਵਿੱਚ, ਵਿਅਕਤੀ ਦੇ ਮੂੰਹੋਂ ਇਹ ਸ਼ਬਦ ਨਿਕਲਦੇ ਹਨ – 'ਹੁਣ ਇਹ ਹੋਵੇਗਾ'। ਅਸੀਂ ਦੇਖਾਂਗੇ।' ਉਸਦੇ ਸ਼ਬਦ ਡਰ ਦੇ ਹਿੰਮਤ ਵਿੱਚ ਬਦਲਣ ਦੀ ਇੱਕ ਉਦਾਹਰਣ ਹਨ। 'ਡਰ' ਅਤੇ 'ਹਿੰਮਤ' ਨੂੰ ਇੱਕੋ ਸਿੱਕੇ ਦੇ ਦੋ ਪਹਿਲੂ ਮੰਨਿਆ ਜਾ ਸਕਦਾ ਹੈ। ਜ਼ਿੰਦਗੀ ਦੀਆਂ ਮੁਸ਼ਕਲ ਸਥਿਤੀਆਂ ਵਿੱਚ, ਕਿਸਮਤ ਇੱਕ ਅਦਿੱਖ ਸਿੱਕਾ ਉਛਾਲਦੀ ਹੈ ਜੋ ਵਿਅਕਤੀ ਦੇ ਸੁਭਾਅ ਦੇ ਅਨੁਸਾਰ 'ਸਿਰ' ਜਾਂ 'ਪੂਛਾਂ' 'ਤੇ ਉਤਰਦੀ ਹੈ। ਫਿਰ ਉਹ ਵਿਅਕਤੀ ਜਾਂ ਤਾਂ ਡਰ ਨਾਲ ਭੱਜ ਜਾਂਦਾ ਹੈ ਜਾਂ ਲੜਾਈ ਲਈ ਹਿੰਮਤ ਨਾਲ ਖੜ੍ਹਾ ਹੋ ਜਾਂਦਾ ਹੈ। ਸਵਾਲ ਇਹ ਹੈ ਕਿ ਕੀ ਡਰ ਅਤੇ ਹਿੰਮਤ ਇੱਕੋ ਸਮੇਂ ਇੱਕ ਵਿਅਕਤੀ ਦੇ ਅੰਦਰ ਮੌਜੂਦ ਹੋ ਸਕਦੇ ਹਨ? ਅਕਸਰ ਡਰਪੋਕ ਲੋਕ ਹਿੰਮਤ ਨਹੀਂ ਜੁਟਾ ਪਾਉਂਦੇ ਅਤੇ ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਹਿੰਮਤ ਵਾਲੇ ਲੋਕ ਵੀ ਡਰਪੋਕ ਹੋ ਜਾਂਦੇ ਹਨ। 'ਭੈ ਬਿਨ ਪ੍ਰੀਤ ਨਾ ਹੋਤ ਗੋਸਾਈਂ'। ਇਸ ਵਿੱਚ ਛੁਪਿਆ ਅਰਥ ਡੂੰਘਾ ਹੈ। ਮਾਹਿਰਾਂ ਨੇ ਇਸਦੀ ਵਿਆਖਿਆ ਕੀਤੀ ਹੈ। ਇਸਦਾ ਅਰਥ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਕਿ ਇਹ ਡਰ ਹੈ ਜੋ ਪਿਆਰ ਲਈ ਹਿੰਮਤ ਵਜੋਂ ਖੜ੍ਹਾ ਹੁੰਦਾ ਹੈ ਅਤੇ ਪਿਆਰ ਵਰਗੇ ਦਲੇਰਾਨਾ ਕੰਮ ਕਰਨ ਦੇ ਯੋਗ ਹੁੰਦਾ ਹੈ। ਡਰ ਕਦੋਂ ਹਿੰਮਤ ਵਿੱਚ ਬਦਲੇਗਾ ? ਇਹ ਇੱਕ ਤਰਲ ਦੇ ਭਾਫ਼ ਵਿੱਚ ਬਦਲਣ ਵਾਂਗ ਹੈ। ਵੱਖ-ਵੱਖ ਤਰਲ ਪਦਾਰਥਾਂ ਦੇ ਭਾਫ਼ੀਕਰਨ ਦਾ ਤਾਪਮਾਨ ਵੱਖਰਾ ਹੁੰਦਾ ਹੈ। ਇਸ ਲਈ, ਕਈ ਵਾਰ ਡਰਪੋਕ ਵਿਅਕਤੀ ਮੁਸ਼ਕਲ ਹਾਲਾਤਾਂ ਵਿੱਚ ਤੁਰੰਤ ਅਦੁੱਤੀ ਹਿੰਮਤ ਦਿਖਾਉਂਦਾ ਹੈ। ਅਤੇ ਕੋਈ ਹੋਰ, ਡਰਿਆ ਹੋਇਆ, ਮੌਤ ਤੱਕ ਚੀਕਦਾ ਰਹਿੰਦਾ ਹੈ। ਅਜਿਹੇ ਵਿਅਕਤੀ ਦਾ ਸੰਘਰਸ਼ ਸਰੀਰਕ ਪੱਧਰ 'ਤੇ ਹੁੰਦਾ ਹੈ, ਜਦੋਂ ਕਿ ਉਸਦੀ ਦਲੇਰਾਨਾ ਚੇਤਨਾ ਜ਼ੀਰੋ ਰਹਿੰਦੀ ਹੈ। ਆਮ ਤੌਰ 'ਤੇ ਮਸ਼ਹੂਰ ਫਿਲਮਾਂ ਵਿੱਚ, ਖਲਨਾਇਕ ਸਾਜ਼ਿਸ਼ ਰਚ ਕੇ ਦਲੇਰ ਕਿਰਦਾਰ ਨੂੰ ਡਰਾਉਣ ਦੀ ਕੋਸ਼ਿਸ਼ ਕਰਦਾ ਹੈ। ਕਈ ਵਾਰ, ਉਹ ਨਾਇਕ ਜਿਸਨੇ ਕਈ ਬਹਾਦਰਾਂ ਨੂੰ ਹਰਾਇਆ ਹੈ, ਕਹਾਣੀ ਦੀ ਲੋੜ ਅਨੁਸਾਰ ਡਰ ਵਿੱਚ ਆਤਮ ਸਮਰਪਣ ਕਰ ਦਿੰਦਾ ਹੈ। ਉਸਦੀ ਹਿੰਮਤ ਡਰ ਵਿੱਚ ਬਦਲ ਜਾਂਦੀ ਹੈ। ਇਹ ਕਾਰਵਾਈ ਕਿਸੇ ਪਦਾਰਥ ਦੇ ਪਿਘਲਣ ਵਾਲੇ ਬਿੰਦੂ ਵਾਂਗ ਹੈ, ਕਿ ਕੋਈ ਪਦਾਰਥ ਕਿਸ ਦਬਾਅ ਹੇਠ ਪਿਘਲ ਜਾਵੇਗਾ ਅਤੇ ਟੁੱਟ ਜਾਵੇਗਾ। ਵਿਗਿਆਨ ਦੇ ਅਨੁਸਾਰ, ਇਹ ਦਬਾਅ ਵੱਖ-ਵੱਖ ਪਦਾਰਥਾਂ ਲਈ ਵੱਖ-ਵੱਖ ਹੁੰਦਾ ਹੈ। ਹਾਲਾਂਕਿ, ਇਹ ਬਿਲਕੁਲ ਵੀ ਜ਼ਰੂਰੀ ਨਹੀਂ ਹੈ ਕਿ ਕਿਸੇ ਵਿਅਕਤੀ ਦੀ ਹਿੰਮਤ ਡਰ ਵਿੱਚ ਬਦਲ ਜਾਵੇ। ਅੱਜਕੱਲ੍ਹ, ਡਰ ਪ੍ਰਤੀ ਸ਼ਰਧਾ ਦਾ ਯੁੱਗ ਚੱਲ ਰਿਹਾ ਹੈ। ਲੋਕ ਡਰਦੇ ਹਨ। ਡਰ ਦਿਖਾ ਕੇ, ਚਲਾਕ ਬਾਬੇ, ਭੂਤ-ਪ੍ਰੇਤ ਅਤੇ ਧਾਰਮਿਕ ਪ੍ਰਚਾਰਕ ਸ਼ਰਧਾਲੂਆਂ ਦੀ ਭੀੜ ਇਕੱਠੀ ਕਰ ਰਹੇ ਹਨ। ਉਹ ਲੋਕਾਂ ਨੂੰ ਗਰੀਬੀ ਦਾ ਡਰ, ਮੌਤ ਦਾ ਡਰ, ਬੱਚੇ ਨਾ ਹੋਣ ਦਾ ਡਰ, ਕਾਰੋਬਾਰ ਵਿੱਚ ਨੁਕਸਾਨ ਦਾ ਡਰ ਅਤੇ ਹੋਰ ਬਹੁਤ ਸਾਰੇ ਡਰ ਦਿਖਾ ਕੇ ਆਪਣਾ ਸ਼ਰਧਾਲੂ ਬਣਾ ਰਹੇ ਹਨ। ਲੋਕ ਡਰ ਕਾਰਨ ਨਾ ਸਿਰਫ਼ ਵਿਸ਼ਵਾਸ ਵਿੱਚ ਸ਼ਾਮਲ ਹੁੰਦੇ ਹਨ, ਸਗੋਂ ਕੁਝ ਅਖੌਤੀ ਬਾਬਿਆਂ ਅਤੇ ਬੈਰਾਗੀਆਂ ਦੀ ਸ਼ਰਧਾ ਵਿੱਚ ਸਭ ਕੁਝ ਕੁਰਬਾਨ ਕਰਨ ਲਈ ਵੀ ਤਿਆਰ ਹਨ। ਅੰਧਵਿਸ਼ਵਾਸ 'ਤੇ ਅਧਾਰਤ ਲੋਕਾਂ ਦੇ ਵਿਸ਼ਵਾਸਾਂ ਦੇ ਮਜ਼ਬੂਤ ਹੋਣ ਦੇ ਕਈ ਨੁਕਸਾਨ ਸਾਹਮਣੇ ਆ ਰਹੇ ਹਨ। ਡਰ-ਅਧਾਰਤ 'ਡਿਜੀਟਲ ਗ੍ਰਿਫ਼ਤਾਰੀ' ਵਰਤਮਾਨ ਸਮੇਂ ਦਾ ਆਧੁਨਿਕ ਧੋਖਾ ਹੈ। ਇਸਦਾ ਅਰਥ ਹੈ ਕਿ ਲੋਕਾਂ ਨੂੰ ਇਸ ਤਰੀਕੇ ਨਾਲ ਲੁੱਟਣ ਲਈ, ਪਹਿਲਾਂ ਉਨ੍ਹਾਂ ਨੂੰ ਡਰਾਇਆ ਜਾਂਦਾ ਹੈ ਅਤੇ ਫਿਰ ਉਨ੍ਹਾਂ ਤੋਂ ਉਨ੍ਹਾਂ ਦੀ ਇੱਛਾ ਅਨੁਸਾਰ ਕੰਮ ਕਰਵਾਇਆ ਜਾਂਦਾ ਹੈ। ਲੋਕਾਂ ਦਾ ਡਰ ਉਨ੍ਹਾਂ ਨੂੰ ਮੋਬਾਈਲ ਸਕ੍ਰੀਨ ਤੋਂ ਦੂਰ ਨਹੀਂ ਜਾਣ ਦਿੰਦਾ। ਉਹ ਕਈ ਘੰਟਿਆਂ ਜਾਂ ਕਈ ਦਿਨਾਂ ਤੱਕ ਮੋਬਾਈਲ ਦੀ ਕੈਦ ਵਿੱਚ ਰਹਿੰਦੇ ਹਨ। ਬਹੁਤ ਸਾਰੇ ਲੋਕ ਹਰ ਰੋਜ਼ ਇਸਦਾ ਸ਼ਿਕਾਰ ਹੋ ਰਹੇ ਹਨ। ਸਾਵਧਾਨ ਰਹਿਣ ਬਾਰੇ ਜ਼ੋਰਦਾਰ ਪ੍ਰਚਾਰ ਦੇ ਬਾਵਜੂਦ, ਇਨ੍ਹਾਂ ਮਾਮਲਿਆਂ ਵਿੱਚ ਕੋਈ ਕਮੀ ਨਹੀਂ ਆਈ ਹੈ। ਦਰਅਸਲ, ਲੋਕਾਂ ਦਾ ਅੰਦਰੂਨੀ ਡਰ ਉਨ੍ਹਾਂ ਨੂੰ ਸੁਚੇਤ ਨਹੀਂ ਹੋਣ ਦੇ ਰਿਹਾ ਹੈ। ਉਹ ਲਗਾਤਾਰ ਡਰ ਵਿੱਚ ਜੀ ਰਹੇ ਹਨ ਅਤੇ ਠੱਗਾਂ ਦਾ ਹੱਥ ਹੈ। ਡਰ-ਮੁਕਤ ਪਿਆਰ ਨੂੰ ਨਿਰਸਵਾਰਥ ਪਿਆਰ ਮੰਨਿਆ ਜਾਂਦਾ ਹੈ। ਡਰ-ਅਧਾਰਤ ਭਗਤੀ ਨਿਰਸਵਾਰਥ ਭਗਤੀ ਨਹੀਂ ਹੋ ਸਕਦੀ, ਕਿਉਂਕਿ ਨਿਰਸਵਾਰਥ ਭਗਤੀ ਹੀ ਅਸਲ ਭਗਤੀ ਹੈ। ਲੋਕਾਂ ਦੀ ਸੁਚੇਤ ਬੁੱਧੀ ਅਤੇ ਜਾਗ੍ਰਿਤ ਮਾਨਸਿਕ ਸਥਿਤੀ ਨਾਲ ਹੀ ਡਰ ਦੀਆਂ ਦੁਕਾਨਾਂ ਦਾ ਕਾਰੋਬਾਰ ਖਤਮ ਹੋਵੇਗਾ।

# ਸਿੱਖਿਆ 'ਚ ਇਤਿਹਾਸ ਜਾਂ ਰਾਜਨੀਤੀ

ਭਾਰਤ 'ਤੇ ਸ਼ਾਸਨ ਦੌਰਾਨ 1905 'ਚ ਜਦ ਅੰਗਰੇਜ਼ਾਂ ਨੇ ਬੰਗਾਲ ਦੀ ਪਹਿਲੀ ਵੰਡ ਕੀਤੀ ਤਾਂ ਸ਼ਾਇਦ ਹੀ ਕਿਸੇ ਨੇ ਸੋਚਿਆ ਹੋਵੇਗਾ ਕਿ ਉਹੀ ਬੀਜ ਇਕ ਦਿਨ ਪਾਕਿਸਤਾਨ ਦੇ ਰੂਪ 'ਚ ਧਰਤੀ ਦੇ ਨਕਸ਼ੇ 'ਤੇ ਅੰਕਿਤ ਹੋਵੇਗਾ। ਇਹ ਬਸਤੀਵਾਦੀ ਸੱਤਾ ਦੀ 'ਵੰਡੋ ਤੇ ਰਾਜ ਕਰੋ' ਦੀ ਨੀਤੀ ਦਾ ਨਤੀਜਾ ਸੀ। ਇਸ ਨੀਤੀ ਨੇ ਹੌਲੀ-ਹੌਲੀ ਪੂਰੇ ਉਪਮਹਾਦੀਪ ਨੂੰ ਫ਼ ?ਰਕੂ ਆਧਾਰ 'ਤੇ ਵੰਡਣ ਦਾ ਰਾਹ ਤਿਆਰ ਕੀਤਾ।

ਭਾਰਤ 'ਤੇ ਸ਼ਾਸਨ ਦੌਰਾਨ 1905 'ਚ ਜਦ ਅੰਗਰੇਜ਼ਾਂ ਨੇ ਬੰਗਾਲ ਦੀ ਪਹਿਲੀ ਵੰਡ ਕੀਤੀ ਤਾਂ ਸ਼ਾਇਦ ਹੀ ਕਿਸੇ ਨੇ ਸੋਚਿਆ ਹੋਵੇਗਾ ਕਿ ਉਹੀ ਬੀਜ ਇਕ ਦਿਨ ਪਾਕਿਸਤਾਨ ਦੇ ਰੂਪ 'ਚ ਧਰਤੀ ਦੇ ਨਕਸ਼ੇ 'ਤੇ ਅੰਕਿਤ ਹੋਵੇਗਾ। ਇਹ ਬਸਤੀਵਾਦੀ ਸੱਤਾ ਦੀ 'ਵੰਡੋ ਤੇ ਰਾਜ ਕਰੋ' ਦੀ ਨੀਤੀ ਦਾ ਨਤੀਜਾ ਸੀ। ਇਸ ਨੀਤੀ ਨੇ ਹੌਲੀ-ਹੌਲੀ ਪੂਰੇ ਉਪਮਹਾਦੀਪ ਨੂੰ ਫ਼ ?ਰਕੂ ਆਧਾਰ 'ਤੇ ਵੰਡਣ ਦਾ ਰਾਹ ਤਿਆਰ ਕੀਤਾ। ਬਦਕਿਸਮਤੀ ਇਹ ਹੈ ਕਿ 21ਵੀਂ ਸਦੀ 'ਚ ਵੀ ਉਸੇ ਨੀਤੀ ਦਾ ਵੱਖ-ਵੱਖ ਤਰੀਕਿਆਂ ਨਾਲ ਲਾਭ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਐੱਨਸੀਈਆਰਟੀ ਦਾ ਵਿਸ਼ੇਸ਼ ਮਾਡਿਊਲ 'ਵਿਭਾਜਨ ਕੀ ਤ੍ਰਾਸਦੀ' ਇਸੇ ਬਿਰਤੀ ਦੀ ਇਕ ਕੜੀ ਪ੍ਰਤੀਤ ਹੁੰਦੀ ਹੈ। ਇਸ 'ਚ ਜਿਨਾਹ ਤੇ ਮਾਊਂਟਬੇਟਨ ਦੇ ਨਾਲ-ਨਾਲ ਕਾਂਗਰਸ ਨੂੰ ਵੀ ਭਾਰਤ ਵੰਡ ਦੇ ਲਈ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਮਝਣਾ ਮੁਸ਼ਕਲ ਹੈ ਕਿ ਆਖ਼ਰ ਅਜਿਹਾ ਕਿਉਂ ਕੀਤਾ ਗਿਆ ਹੈ ਤੇ ਇਸ ਨਾਲ ਕਿਸ ਨੂੰ ਲਾਭ ਹੋਵੇਗਾ? ਇਹ ਸੱਚ ਹੈ ਕਿ ਵੰਡ ਭਾਰਤੀ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਤ੍ਰਾਸਦੀਆਂ ਵਿਚੋਂ ਇਕ ਸੀ। ਭਾਰਤ ਵੰਡ 'ਚ ਲੱਖਾਂ ਲੋਕ ਮਾਰੇ ਗਏ, ਕਰੋੜਾਂ ਨੂੰ ਆਪਣੇ ਘਰ ਛੱਡਣੇ ਪਏ ਤੇ ਸਮਾਜਿਕ ਤਾਣੇ-ਬਾਣੇ ਨੂੰ ਡੂੰਘੀ ਸੱਟ ਲੱਗੀ। ਇਸੇ ਨਾਲ ਇਹ ਵੀ ਓਨਾ ਹੀ ਸੱਚ ਹੈ ਕਿ ਭਾਰਤ ਦੀ ਬਦਕਿਸਮਤੀ ਵਾਲੀ ਵੰਡ ਦਾ ਕਾਰਨ ਸਿਰਫ਼ ਕੁਝ ਆਗੂਆਂ ਦੇ ਨਿੱਜੀ ਫ਼ੈਸਲੇ ਨਹੀਂ ਸਨ, ਬਲਕਿ ਦਹਾਕਿਆਂ ਤੋਂ ਪੈਦਾ ਹੋ ਰਹੀਆਂ ਬਸਤੀਵਾਦੀ ਨੀਤੀਆਂ, ਫ਼ਿਰਕੂ ਰਾਜਨੀਤੀ ਤੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਵੱਖੋ-ਵੱਖ ਕਿਸਮ ਦੇ ਸਮਾਜਿਕ ਤਣਾਅ ਦਾ ਨਤੀਜਾ ਸੀ। ਅਜਿਹੇ ਮੁਸ਼ਕਲ ਇਤਿਹਾਸਕ ਪ੍ਰਸੰਗਾਂ ਨੂੰ ਖ਼ਤਰਨਾਕ ਢੰਗ ਨਾਲ ਆਸਾਨ ਬਣਾ ਕੇ ਜਿਨਾਹ ਤੇ ਮਾਊਂਟਬੇਟਨ ਦੇ ਨਾਲ ਕਾਂਗਰਸ ਦੇ ਮੱਥੇ 'ਤੇ ਭਾਂਡਾ ਭੰਨਣਾ ਨਾ ਸਿਰਫ਼ ਬੇਇਨਸਾਫ਼ੀ ਹੈ, ਬਲਕਿ ਇਤਿਹਾਸ ਨੂੰ ਅਜੋਕੀ ਰਾਜਨੀਤੀ ਦੇ ਹਿਸਾਬ ਨਾਲ ਮੋੜਨ ਦੀ ਗ਼ਲਤੀ ਵੀ ਹੈ। ਇਸ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਇਤਿਹਾਸ ਉਵੇਂ ਹੀ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਜਿਵੇਂ ਉਸ 'ਚ ਘਟਨਾਵਾਂ ਹੋਈਆਂ ਹਨ। ਇਤਿਹਾਸ ਦਾ ਮਤਲਬ ਹੀ ਹੈ ਕਿ ਅਜਿਹਾ ਹੋਇਆ ਸੀ।

ਇਹ ਇਕ ਅਸਲੀਅਤ ਹੈ ਕਿ ਕਾਂਗਰਸ ਨੇ ਵੰਡ ਦੀ ਮੰਗ ਕਦੀ ਨਹੀਂ ਕੀਤੀ। ਉਸ ਨੇ ਤਾਂ ਵੰਡ ਦਾ ਵਿਰੋਧ ਕੀਤਾ ਸੀ ਤੇ ਉਸ ਨੂੰ ਰੋਕਣ ਲਈ ਬਹੁਤ ਕੋਸ਼ਿਸ਼ਾਂ ਵੀ ਕੀਤੀਆਂ ਸਨ। ਭਾਰਤ ਵੰਡ ਤਾਂ ਮੁਸਲਿਮ ਲੀਗ ਤੇ ਜਿਨਾਹ ਦਾ ਏਜੰਡਾ ਸੀ। ਅੰਗਰੇਜ਼ਾਂ ਨੇ ਵੀ ਇਸ ਨੂੰ ਉਤਸ਼ਾਹ ਦਿੱਤਾ, ਕਿਉਂਕਿ ਉਨ੍ਹਾਂ ਦਾ ਟੀਚਾ ਭਾਰਤ ਨੂੰ ਕਮਜ਼ੋਰ ਕਰ ਕੇ ਇੱਥੇ ਲੰਬੇ ਸਮੇਂ ਤੱਕ ਰਾਜ ਕਰਨਾ ਸੀ। ਇਸ ਤੋਂ ਇਲਾਵਾ ਉਹ ਭਾਰਤ ਦੀ ਵੰਡ ਇਸ ਲਈ ਵੀ ਕਰਨਾ ਚਾਹੁੰਦੇ ਸਨ, ਤਾਂ ਜੋ ਉਸ ਤੋਂ ਵੱਖ ਹੋ ਕੇ ਬਣੇ ਦੇਸ਼ ਭਾਵ ਪਾਕਿਸਤਾਨ 'ਚ ਆਪਣੀ ਮਰਜ਼ੀ ਚਲਾ ਸਕਣ। ਸਾਲ 1909 ਦੀਆਂ ਚੋਣਾਂ 'ਚ ਵੱਖ ਚੋਣ ਖੇਤਰ ਦੀ ਵਿਵਸਥਾ ਹੋਵੇ ਜਾਂ 1932 ਦਾ ਕਮਿਊਨਲ ਐਵਾਰਡ, ਹਰ ਕਦਮ 'ਤੇ ਬ੍ਰਿਟਿਸ਼ ਸ਼ਾਸਨ ਨੇ ਹਿੰਦੂ-ਮੁਸਲਿਮ ਏਕਤਾ ਨੂੰ ਸੱਟ ਮਾਰਨ ਦਾ ਕੰਮ ਕੀਤਾ। ਅੰਗਰੇਜ਼ ਹਿੰਦੂਆਂ ਤੇ ਮੁਸਲਮਾਨਾਂ ਦੇ ਰਿਸ਼ਤਿਆਂ 'ਚ ਪਾੜ ਪਾਉਣ ਦੇ ਕੰਮ ਕਰਦੇ ਹੀ ਰਹਿੰਦੇ ਸਨ, ਤਾਂ ਜੋ ਉਨ੍ਹਾਂ ਨੂੰ ਭਾਰਤ 'ਤੇ ਸ਼ਾਸਨ ਕਰਨ 'ਚ ਆਸਾਨੀ ਹੋਵੇ। ਕਾਂਗਰਸ ਲਗਾਤਾਰ ਰਾਸ਼ਟਰੀ ਏਕਤਾ ਦੀ ਗੱਲ ਕਰਦੀ ਰਹੀ, ਪਰ ਜਦ 1940 ਦੇ ਦਹਾਕੇ 'ਚ ਫ਼ਿਰਕੂ ਤਣਾਅ ਸਿਖਰ 'ਤੇ ਪੁੱਜ ਗਿਆ, ਤਦ ਉਸ ਕੋਲ ਸਮਝੌਤੇ ਤੋਂ ਇਲਾਵਾ ਕੋਈ ਬਦਲ ਬਾਕੀ ਨਹੀਂ ਬਚਿਆ। ਚੰਗਾ ਹੁੰਦਾ ਕਿ ਅੱਜ ਲੋਕ ਉਸ ਸਮੇਂ ਦੇ ਹਾਲਾਤ ਨੂੰ ਸਮਝਣ। ਕਿਹਾ ਵੀ ਜਾਂਦਾ ਹੈ ਕਿ ਦੇਸ਼, ਕਾਲ ਤੇ ਹਾਲਾਤ ਦੇ ਹਿਸਾਬ ਨਾਲ ਦੇਖਣਾ ਚਾਹੀਦਾ ਹੈ।




ਇਸ ਗੱਲ ਨੂੰ ਸਦਾ ਧਿਆਨ 'ਚ ਰੱਖਿਆ ਜਾਵੇ ਤਾਂ ਚੰਗਾ ਹੈ ਕਿ 1946-47 ਦਾ ਭਾਰਤ ਅੱਜ ਦੇ ਜਮਹੂਰੀ ਭਾਰਤ ਤੋਂ ਬਿਲਕੁਲ ਵੱਖ ਸੀ। ਉਸ ਸਮੇਂ 500 ਤੋਂ ਵੱਧ ਰਿਆਸਤਾਂ ਸਨ, ਜਿਨ੍ਹਾਂ ਦੀਆਂ ਆਪੋ-ਆਪਣੀਆਂ ਖਾਹਿਸ਼ਾਂ ਤੇ ਸੋਚ ਸੀ। ਬੰਗਾਲ, ਪੰਜਾਬ ਤੇ ਬਿਹਾਰ 'ਚ ਭਿਆਨਕ ਦੰਗੇ ਭੜਕ ਚੁੱਕੇ ਸਨ। ਫ਼ ?ਰਕੂ ਤਣਾਅ ਏਨਾ ਵਧ ਚੁੱਕਾ ਸੀ ਕਿ ਹਰ ਦਿਨ ਹਜ਼ਾਰਾਂ ਨਿਰਦੋਸ਼ ਲੋਕ ਮਾਰੇ ਜਾ ਰਹੇ ਸਨ। ਇਸ ਕਾਰਨ ਦੇਸ਼ ਦੀ ਸਭ ਤੋਂ ਵੱਡੀ ਸਿਆਸੀ ਸ਼ਕਤੀ ਦੇ ਰੂਪ 'ਚ ਕਾਂਗਰਸ ਦੇ ਸਾਹਮਣੇ ਦੋ ਹੀ ਰਾਹ ਸਨ-ਜਾਂ ਤਾਂ ਵੰਡ ਸਵੀਕਾਰ ਕਰ ਕੇ ਦੇਸ਼ ਨੂੰ ਅੱਗੇ ਵਧਣ ਦੇਵੇ ਜਾਂ ਫਿਰ ਵੰਡ ਰੋਕਣ ਦੀ ਕੋਸ਼ਿਸ਼ 'ਚ ਪੂਰੇ ਉਪ-ਮਹਾਦੀਪ ਨੂੰ ਖ਼ੂਨ-ਖਰਾਬੇ 'ਚ ਧੱਕ ਦੇਵੇ। ਇਤਿਹਾਸ ਗਵਾਹ ਹੈ ਕਿ ਕਾਂਗਰਸ ਨੇ ਪਹਿਲਾ ਰਾਹ ਚੁਣਿਆ ਤੇ ਭਾਰਤ ਨੂੰ ਜਮਹੂਰੀ ਵਿਵਸਥਾ ਦੀ ਮਜ਼ਬੂਤ ਨੀਂਹ ਦਿੱਤੀ। ਇਸ ਨੂੰ ਉਨ੍ਹਾਂ ਲੋਕਾਂ ਨੂੰ ਸਮਝਣਾ ਚਾਹੀਦਾ ਹੈ, ਜੋ ਵੰਡ ਲਈ ਕਾਂਗਰਸ ਨੂੰ ਦੋਸ਼ੀ ਠਹਿਰਾਉਣ ਲਈ ਤਰ੍ਹਾਂ-ਤਰ੍ਹਾਂ ਦੇ ਸੌਖੇ ਤਰਕ ਪੇਸ਼ ਕਰਦੇ ਰਹਿੰਦੇ ਹਨ। ਇਹ ਕਹਿਣਾ ਸੌਖਾ ਹੈ ਕਿ ਕਾਂਗਰਸ ਨੇ ਭਾਰਤ ਵੰਡ ਨੂੰ ਸਵੀਕਾਰ ਕਰ ਕੇ ਗ਼ਲਤੀ ਕੀਤੀ। ਇਸੇ ਤਰ੍ਹਾਂ ਇਹ ਕਹਿਣਾ ਵੀ ਭੁੱਲ ਹੋਵੇਗੀ ਕਿ ਉਸ ਦੌਰ 'ਚ ਆਗੂਆਂ ਦੇ ਸਾਹਮਣੇ ਹੋਰ ਕੋਈ ਬਦਲ ਉਪਲੱਬਧ ਸੀ।

ਮਹਾਤਮਾ ਗਾਂਧੀ ਵਰਗੇ ਆਗੂ ਵੀ ਵੰਡ ਦੇ ਸਖ਼ਤ ਖ਼ ?ਲਾਫ਼ ਸਨ, ਪਰ ਜਦ ਲੱਖਾਂ ਲੋਕਾਂ ਦੀ ਜਾਨ ਦਾਅ 'ਤੇ ਲੱਗੀ ਸੀ, ਤਦ ਸਮਝੌਤੇ ਨੂੰ ਹੀ ਵਿਵਹਾਰਕ ਰਾਹ ਮੰਨਿਆ ਗਿਆ। ਕਾਂਗਰਸ ਦਾ ਟੀਚਾ ਸੱਤਾ ਹਾਸਲ ਕਰਨਾ ਨਹੀਂ, ਬਲਕਿ ਦੇਸ਼ ਨੂੰ ਭਿਆਨਕ ਗ੍ਰਹਿ ਯੁੱਧ ਤੋਂ ਬਚਾਉਣਾ ਸੀ। ਅੱਜ 79 ਸਾਲ ਬਾਅਦ ਸੁਰੱਖਿਅਤ ਮਾਹੌਲ 'ਚ ਬੈਠ ਕੇ ਵੰਡ ਦੇ ਦੌਰ ਦੀਆਂ ਮਜਬੂਰੀਆਂ ਨੂੰ ਨਜ਼ਰਅੰਦਾਜ਼ ਕਰਨਾ ਸੌਖਾ ਹੈ, ਪਰ ਇਹ ਸਮਝਣਾ ਜ਼ਰੂਰੀ ਹੈ ਕਿ ਜੇ ਉਸ ਸਮੇਂ ਕਾਂਗਰਸ ਨੇ ਵੰਡ ਸਵੀਕਾਰ ਨਾ ਕੀਤੀ ਹੁੰਦੀ ਤਾਂ ਸ਼ਾਇਦ ਹਾਲਾਤ ਹੋਰ ਵੀ ਭਿਆਨਕ ਹੁੰਦੇ। ਇਸ ਕਾਰਨ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਕਾਂਗਰਸ ਨੇ ਮੁਸ਼ਕਲ ਪਰ ਜ਼ਰੂਰੀ ਫ਼ੈਸਲਾ ਲਿਆ, ਤਾਂ ਜੋ ਭਾਰਤ ਦਾ ਭਵਿੱਖ ਬਚਾਇਆ ਜਾ ਸਕੇ।

ਐੱਨਸੀਈਆਰਟੀ ਦਾ ਮਾਡਿਊਲ ਇਤਿਹਾਸ ਦੀਆਂ ਪੇਚੀਦਗੀਆਂ ਨੂੰ ਆਸਾਨ ਕਰ ਕੇ ਮੌਜੂਦਾ ਸਮੇਂ ਦੀ ਸਿਆਸਤ ਲਈ ਵਰਤੋਂ ਕਰਨ ਦੀ ਕੋਸ਼ਿਸ਼ ਹੈ। ਇਸ ਨਵੇਂ ਮਾਡਿਊਲ ਨੂੰ ਚਾਹੇ ਕਿਸੇ ਜਮਾਤ 'ਚ ਪਾਠ ਵਜੋਂ ਨਾ ਪੜ੍ਹਾਇਆ ਜਾਵੇ, ਪਰ ਆਖ਼ਰ ਇਸ ਨੂੰ ਪੂਰਕ ਵਿੱਦਿਅਕ ਸਮੱਗਰੀ ਵਜੋਂ ਪੇਸ਼ ਕਰਨ ਤੇ ਉਸ 'ਚ ਵੰਡ ਲਈ ਜਿਨਾਹ ਤੇ ਮਾਊਂਟਬੇਟਨ ਦੇ ਨਾਲ ਕਾਂਗਰਸ ਨੂੰ ਵੀ ਜ਼ਿੰਮੇਵਾਰ ਠਹਿਰਾਉਣ ਦਾ ਕੀ ਮਤਲਬ? ਸੱਤਾ ਚਾਹੇ ਕਿੰਨੀ ਵੀ ਤਾਕਤਵਰ ਕਿਉਂ ਨਾ ਹੋਵੇ, ਇਤਿਹਾਸ ਬਦਲਣ ਦੀ ਕੋਸ਼ਿਸ਼ ਹਮੇਸ਼ਾ ਅਧੂਰੀ ਤੇ ਸ਼ੱਕੀ ਰਹਿੰਦੀ ਹੈ। ਅਸਲ ਇਤਿਹਾਸ ਸਾਨੂੰ ਇਹੀ ਸਿਖਾਉਂਦਾ ਹੈ ਕਿ ਭਾਰਤ ਦੀ ਵੰਡ ਬਸਤੀਵਾਦੀ ਨੀਤੀਆਂ ਤੇ ਜਿਨਾਹ ਦੀ ਫ਼ਿਰਕੂ ਸਿਆਸਤ ਦਾ ਨਤੀਜਾ ਸੀ, ਨਾ ਕਿ ਕਾਂਗਰਸ ਦੀ ਖ਼ਾਹਿਸ਼ ਦਾ। ਇਸ ਲਈ ਇਹ ਜ਼ਰੂਰੀ ਹੈ ਕਿ ਇਤਿਹਾਸ ਨੂੰ ਨਿਆਪੂਰਨ ਤੇ ਸੰਤੁਲਿਤ ਨਜ਼ਰੀਏ ਨਾਲ ਪੜ੍ਹਾਇਆ ਜਾਵੇ। ਵੰਡ ਦੇ ਪੰਨਿਆਂ ਤੋਂ ਸਿੱਖ ਕੇ ਸਾਨੂੰ ਅੱਗੇ ਵਧਣਾ ਚਾਹੀਦਾ ਹੈ, ਨਾ ਕਿ ਉਨ੍ਹਾਂ ਨੂੰ ਅੱਜ ਦੀ ਸਿਆਸਤ ਦਾ ਹਥਿਆਰ ਬਣਾਉਣਾ ਚਾਹੀਦਾ ਹੈ। ਕਾਂਗਰਸ ਨੂੰ ਦੋਸ਼ੀ ਠਹਿਰਾਉਣਾ ਆਸਾਨ ਹੈ, ਪਰ ਸੱਚਾਈ ਇਹੀ ਹੈ ਕਿ ਉਸ ਨੇ ਉਸ ਦੌਰ 'ਚ ਦੇਸ਼ ਦੀ ਏਕਤਾ ਤੇ ਭਵਿੱਖ ਦੀ ਰੱਖਿਆ ਲਈ ਮੁਸ਼ਕਲ ਫ਼ੈਸਲਾ ਲਿਆ। ਇਤਿਹਾਸ ਦਾ ਮੁਲਾਂਕਣ ਉਸੇ ਸਮੇਂ ਦੇ ਹਾਲਾਤ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ, ਨਾ ਕਿ ਅੱਜ ਦੀ ਸਿਆਸੀ ਸਹੂਲਤ ਦੇ ਆਧਾਰ 'ਤੇ।

Dosanjh Family
AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
FREMONT CHEVROLET
CONCORD CHEVROLET

DUBLIN CADILLAC
FREMONT CADILLAC
ACURA OF CONCORD

DUBLIN BUICK GMC
FREMONT BUICK GMC
CONCORD NISSAN

DUBLIN KIA
STEVENS CREEK CHEVROLET
LIVERMORE TOYOTA

DUBLIN NISSAN
STEVENS CREEK CADILLAC
FREMONT FORD

DUBLIN INFINITI
FREMONT HYUNDAI